SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

11ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -11 ISSUE - 23
September 14, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਗੁਰੂ ਅਮਰਦਾਸ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ
'ਪਹਿਲਾਂ ਪੰਗਤ ਤੇ ਫਿਰ ਸੰਗਤ'- ਮਨੁੱਖੀ ਸਮਾਜਿਕ ਬਰਾਬਰੀ ਦਾ ਪ੍ਰਤੀਕ
ਪ੍ਰੋ: ਐਚ. ਐਲ. ਕਪੂਰ ਦਾ ਲੇਖ **(ਦੇਖੋ ਸਫਾ 32 'ਤੇ)**



ਸ੍ਰੀਮਤੀ ਨੀਤਾ ਭੂਸ਼ਣ ਭਾਰਤੀ ਦੂਤਾਵਾਸ ਵਲਿੰਗਟਨ ਵਿਖੇ ਹੋਣਗੇ ਨਵੇਂ ਹਾਈ ਕਮਿਸ਼ਨਰ। **(ਰਿਪੋਰਟ ਦੇਖੋ ਸਫਾ 11 'ਤੇ)**

# ਮਹਾਰਾਣੀ ਐਲਿਜ਼ਾਬੇਥ ਦੇ ਅੰਤਿਮ ਸਸਕਾਰ ਦੀਆਂ ਤਿਆਰੀਆਂ ਆਰੰਭ

**ਲੰਡਨ (ਬਿਊਰੋ)–** ਮਹਾਰਾਣੀ ਐਲਿਜ਼ਾਬੈਥ 11 ਦਾ ਸਸਕਾਰ ਵੈਸਟਮਿੰਸਟਰ ਐਬੇ ਵਿਖੇ ਸਰਕਾਰੀ ਸਨਮਾਨਾਂ ਨਾਲ ਕੀਤਾ ਜਾਵੇਗਾ। ਇੱਕ ਤਾਬੂਤ ਵਿੱਚ ਮਰਹੂਮ ਮਹਾਰਾਣੀ ਨੂੰ ਵੈਸਟਮਿੰਸਟਰ ਹਾਲ ਤੋਂ ਐਬੇ ਲਿਆਂਦਾ ਜਾਵੇਗਾ। ਇਸ ਤੋਂ ਬਾਅਦ ਜਲੂਸ ਹਾਈਡ ਪਾਰਕ ਪਹੁੰਚੇਗਾ। ਵਿੰਡਸਰ ਤੋਂ ਲੰਘਣ ਤੋਂ ਬਾਅਦ, ਦਫ਼ਨਾਉਣ ਦੀ ਰਸਮ ਵਿੰਡਸਰ ਕੈਸਲ ਵਿਖੇ ਸੇਂਟ ਜਾਰਜ ਚੈਪਲ ਵਿਖੇ ਹੋਵੇਗੀ। ਇਸ ਦੌਰਾਨ ਮਹਾਰਾਣੀ ਨੂੰ ਸ਼ਾਹੀ ਮਕਬਰੇ ਵਿੱਚ ਦਫ਼ਨਾਇਆ ਜਾਵੇਗਾ। ਮਹਾਰਾਣੀ ਦੇ ਦੇਹਾਂਤ ਦੇ ਅਧਿਕਾਰਤ ਐਲਾਨ ਤੋਂ ਬਾਅਦ, ਝੰਡੇ ਸ਼ਾਹੀ ਰਿਹਾਇਸ਼ਾਂ, ਵ੍ਹਾਈਟਹਾਲ ਅਤੇ ਹੋਰ ਸਰਕਾਰੀ ਇਮਾਰਤਾਂ 'ਤੇ ਅੱਧੇ ਝੁਕੇ ਹੋਏ ਸਨ। ਇਸ ਦੇ ਨਾਲ ਹੀ ਸ਼ਾਹੀ ਪਰਿਵਾਰ ਦੇ ਹੋਮਪੇਜ ਅਤੇ ਸਰਕਾਰੀ ਵੈੱਬਸਾਈਟ ਨੂੰ ਕਾਲਾ ਰੰਗ ਦਿੱਤਾ ਗਿਆ। ਮਹਾਰਾਣੀ ਐਲਿਜ਼ਾਬੈਥ 11 ਦੀ ਮੌਤ ਦੀ ਰਸਮੀ ਐਲਾਨ ਬਕਿੰਘਮ ਪੈਲੇਸ ਦੀ ਰੇਲਿੰਗ 'ਤੇ ਰੱਖਿਆ ਗਿਆ ਸੀ। ਮਹਾਰਾਣੀ



ਐਲਿਜ਼ਾਬੈਥ 11 ਦੀ ਮੌਤ ਮਹਾਰਾਣੀ ਐਲਿਜ਼ਾਬੈਥ 11 ਨੇ 70 ਸਾਲਾਂ ਤੋਂ ਵੱਧ ਸਮੇਂ ਤਕ ਰਾਜ ਕੀਤਾ। ਮਹਾਰਾਣੀ ਐਲਿਜ਼ਾਬੈਥ 11 ਦੀ ਮੌਤ ਤੋਂ ਬਾਅਦ ਬ੍ਰਿਟੇਨ ਵਿੱਚ ਕਈ ਬਦਲਾਅ ਦੇਖਣ ਨੂੰ ਮਿਲਣਗੇ। ਮਹਾਰਾਣੀ ਦੀ ਮੌਤ ਤੋਂ ਬਾਅਦ ਹੁਣ ਉਸਦਾ ਪੁੱਤਰ ਪ੍ਰਿੰਸ ਚਾਰਲਸ ਰਾਜਾ ਬਣ ਰਿਹਾ ਹੈ।

ਮਹਾਰਾਣੀ ਐਲਿਜ਼ਾਬੇਥ ਦੀ ਮੌਤ ਤੋਂ ਬਾਅਦ ਹੁਣ ਇੰਗਲੈਂਡ 'ਚ ਕਈ ਚੀਜ਼ਾਂ ਬਦਲ ਜਾਣਗੀਆਂ। 70 ਸਾਲਾਂ ਤੋਂ ਰਾਜਗੱਦੀ 'ਤੇ ਬਿਰਾਜਮਾਨ ਮਹਾਰਾਣੀ ਬ੍ਰਿਟਿਸ਼ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ 'ਚ ਸ਼ਾਮਲ ਰਹੀ ਹੈ। ਮੁਦਰਾ, ਪਾਸਪੋਰਟ, ਫੌਜੀ ਵਰਦੀ ਤੋਂ ਲੈ ਕੇ ਯਾਦਗਾਰਾਂ ਤਕ ਮਹਾਰਾਣੀ ਦੇ ਪ੍ਰਤੀਕਾਂ ਨਾਲ ਭਰੀਆਂ ਹੋਈਆਂ ਹਨ।

**ਕਰੰਸੀ ਨੋਟ ਤੇ ਸਿੱਕੇ**

ਯੂਕੇ ਵਿੱਚ ਨਕਦੀ ਦੇ ਨੋਟਾਂ ਅਤੇ ਸਿੱਕਿਆਂ ਵਿੱਚ ਮਹਾਰਾਣੀ ਦਾ ਚਿਹਰਾ ਹੈ।

**(ਬਾਕੀ ਸਫਾ 3 'ਤੇ)**

# ਕੈਲੀਫੋਰਨੀਆ ਦੇ ਧਨਾਢ ਸਿੱਖ ਆਗੂ ਦੀਦਾਰ ਸਿੰਘ ਬੈਂਸ ਨਹੀਂ ਰਹੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਵਿਸ਼ਵ ਦੇ ਸਿੱਖ ਭਾਈਚਾਰੇ ਵਿੱਚ ਸਤਿਕਾਰਤ ਨਾਂ ਸਰਦਾਰ ਦਿਦਾਰ ਸਿੰਘ ਬੈਂਸ 12 ਸਤੰਬਰ ਨੂੰ ਅਚਾਨਕ ਇਸ ਦੁਨੀਆਂ ਤੋਂ ਰੁਖਸਤ ਹੋ ਗਏ। ਉਘੇ ਸਮਾਜ ਸੇਵਕ ਸਰਦਾਰ ਦਿਦਾਰ ਸਿੰਘ (84) ਨੇ ਅੱਜ ਕਰੀਬ 3 ਵਜੇ ਬਾਅਦ ਦੁਪਿਹਰ ਆਖਰੀ ਸਾਹ ਲਏ ਉਸ ਸਮੇਂ ਉਨਾਂ ਦਾ ਲਗਭਗ ਸਾਰਾ ਪਰਿਵਾਰ ਕੋਲ ਸੀ। ਸਿੱਖ ਆਗੂ ਦਿਦਾਰ ਸਿੰਘ ਬੈਂਸ ਜੋ ਯੂਬਾ ਸਿਟੀ ਸਥਿਤ ਗੁਰਦੁਆਰਾ ਟਾਇਰਾ ਬਿਓਨਾ ਦੇ ਬਾਨੀ ਸਨ ਤੇ ਸਭ ਤੋਂ ਪਹਿਲਾਂ ਉਨਾਂ ਨੇ ਇਥੋਂ ਹੀ ਵਿਦੇਸ਼ਾ ਵਿੱਚ ਨਗਰ ਕੀਰਤਨ ਕੱਢਣ ਦੀ ਰੀਤ ਤੋਰੀ ਸੀ। ਕਈ ਸਿੱਖ ਸੰਸਥਾਵਾਂ ਦੇ ਸਰਪ੍ਰਸਤ ਸਰਦਾਰ ਦਿਦਾਰ ਸਿੰਘ ਬੈਂਸ ਨੇ ਸਾਰੀ ਜਿੰਦਗੀ ਸਿੱਖੀ ਦੀ ਚੜਦੀ ਕਲਾ ਲਈ ਕਈ ਸੰਸਥਾਵਾਂ ਵਿੱਚ ਰਹਿ ਕੇ ਕੰਮ ਕੀਤਾ। ਸ੍ਰੀ ਅਕਾਲ ਤਖਤ ਸਾਹਿਬ ਵਲੋਂ ਉਨਾਂ ਨੂੰ ਪੰਥ ਰਤਨ ਦਾ ਤੇ ਭਾਈ ਸਾਹਿਬ ਦਾ ਖਿਤਾਬ ਦਿੱਤਾ ਗਿਆ ਸੀ। ਉਨਾਂ ਨੂੰ ਨਾਨਕਸਰ ਸੰਪਰਦਾ ਵਲੋਂ ਰਾਜ ਯੋਗੀ ਦਾ ਖਿਤਾਬ ਦਿੱਤਾ ਗਿਆ ਸੀ। ਸੰਤ ਲਾਭ ਸਿੰਘ ਵਲੋਂ ਅਰੰਭੀ ਗਈ ਗਰੀਬ ਕੁੜੀਆਂ ਦੇ ਵਿਆਹਾਂ ਦੌਰਾਨ ਇਨਾਂ ਨੇ

**(ਬਾਕੀ ਸਫਾ 25 'ਤੇ)**



ਸਿੱਖ ਜਗਤ ਦੀ ਨਾਮਵਰ ਸ਼ਖਸੀਅਤ ਸ. ਦੀਦਾਰ ਸਿੰਘ ਬੈਂਸ ਜੀ ਦੇ ਅਕਾਲ ਚਲਾਣੇ 'ਤੇ ਅਦਾਰਾ "ਦੇਸ਼ ਦੁਆਬਾ" ਸਮੂਹ ਬੈਂਸ ਪਰਿਵਾਰ ਨਾਲ ਦਿਲੀ ਦੁੱਖ ਪ੍ਰਗਟ ਕਰਦਾ ਹੈ। ਵਾਹਿਗੁਰੂ ਇਸ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ ਅਤੇ ਸਮੂਹ ਬੈਂਸ ਪਰਿਵਾਰ ਨੂੰ ਭਾਣਾ ਮੰਨਣਾ ਦਾ ਬਖ ਬਖਸ਼ੇ।

**– ਸੰਪਾਦਕ**
**"ਦੇਸ਼ ਦੁਆਬਾ"**

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
3222 PENELOPE DR. STOCKTON, CA- 95212 (NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
BJ
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਚਾਰਲਸ ਤੀਜੇ ਬਣੇ ਬ੍ਰਿਟੇਨ ਦੇ ਨਵੇਂ ਰਾਜਾ, ਕੀ ਹੁੰਦੀ ਹੈ ਰਾਜਾ ਦੀ ਭੂਮਿਕਾ

ਰਾਜਾ ਚਾਰਲਸ ਤੀਜੇ ਆਪਣੀ ਮਾਂ ਮਹਾਰਾਣੀ ਐਲਿਜ਼ਾਬੈਥ ਦੂਜੇ ਦੇ ਦੇਹਾਂਤ ਤੋਂ ਬਾਅਦ ਬ੍ਰਿਟੇਨ ਦੇ ਨਵੇਂ ਰਾਜਾ ਬਣ ਗਏ ਹਨ। ਮਹਾਰਾਣੀ ਨੇ 96 ਸਾਲਾਂ ਦੀ ਉਮਰ ਵਿੱਚ ਬਾਲਮੋਰਲ ਵਿੱਚ ਆਖਰੀ ਸਾਹ ਲਏ। ਇਸੇ ਸਾਲ ਮਹਾਰਾਣੀ ਐਲਿਜ਼ਾਬੈਥ ਦੀ ਤਾਜਪੋਸ਼ੀ ਦੀ 75ਵੀਂ ਵਰ੍ਹੇਗੰਢ ਮਨਾਈ ਗਈ ਸੀ। ਉਹ ਬ੍ਰਿਟੇਨ ਦੇ ਸਭ ਤੋਂ ਲੰਬੇ ਰਾਜਕਾਲ ਵਾਲੇ ਸ਼ਾਸਕ ਸਨ। ਮਹਾਰਾਣੀ ਦੀ ਮੌਤ ਹੁੰਦਿਆਂ ਹੀ ਗੱਦੀ ਉਨ੍ਹਾਂ ਦੇ ਵਾਰਸ ਚਾਰਲਸ ਨੂੰ ਮਿਲ ਗਈ। ਚਾਰਲਸ ਵੇਲਜ਼ ਦੇ ਸਾਬਕਾ ਰਾਜਕੁਮਾਰ ਹਨ। ਚਾਰਲਸ ਦੇ ਰਾਜਾ ਬਣਨ ਦਾ ਲੰਡਨ ਦੇ ਸੈਂਟ ਜੇਮਜ਼ ਪੈਲੇਸ ਤੋਂ ਨੂੰ ਸ਼ਨਿੱਚਰਵਾਰ ਨੂੰ ਅਧਿਕਾਰਿਤ ਤੌਰ ’ਤੇ ਰਾਜਾ ਐਲਾਨ ਕਰ ਦਿੱਤਾ ਗਿਆ ਹੈ। ਇਹ ਰਸਮ ਤਾਜਪੋਸ਼ੀ ਕਾਊਂਸਲ ਦੇ ਸਨਮੁੱਖ ਨਿਭਾਈ ਜਾਂਦੀ ਹੈ।

### ਕੀ ਭੂਮਿਕਾ ਹੁੰਦੀ ਹੈ ਰਾਜਾ ਦੀ?

ਰਾਜਾ ਬ੍ਰਿਟੇਨ ਦੀ ਸਰਕਾਰ ਦੇ ਮੁਖੀਆ ਹੁੰਦੇ ਹਨ। ਉਨ੍ਹਾਂ ਦੀਆਂ ਸ਼ਕਤੀਆਂ ਸੰਕੇਤਕ ਅਤੇ ਰਸਮੀ ਹੁੰਦੀਆਂ ਹਨ। ਹਾਲਾਂਕਿ ਉਨ੍ਹਾਂ ਕੋਲ ਕੋਈ ਸਿਆਸੀ ਸ਼ਕਤੀਆਂ ਨਹੀਂ ਹੁੰਦੀਆਂ। ਉਨ੍ਹਾਂ ਨੂੰ ਰੋਜ਼ਾਨਾ ਸਰਕਾਰ ਵੱਲੋਂ ਡਾਕ ਮਿਲੇਗੀ। ਜ਼ਰੂਰੀ ਬੈਠਕਾਂ ਤੋਂ ਪਹਿਲਾਂ ਉਨ੍ਹਾਂ ਨੂੰ ਸੂਚਿਤ ਕੀਤਾ ਜਾਵੇਗਾ। ਜਿਹੜੇ ਦਸਤਾਵੇਜ਼ਾਂ ਉੱਪਰ ਉਨ੍ਹਾਂ ਦੇ ਦਸਤਖ਼ਤ ਲੋੜੀਂਦੇ ਹੋਣਗੇ, ਉਨ੍ਹਾਂ ਨੂੰ ਭੇਜੇ ਜਾਣਗੇ। ਪ੍ਰਧਾਨ ਮੰਤਰੀ ਆਮ ਦਿਨਾਂ ਵਿੱਚ ਉਨ੍ਹਾਂ ਨੂੰ ਸਰਕਾਰੀ ਕੰਮਕਾਜ ਤੋਂ ਜਾਣੂ ਕਰਵਾਉਣ ਲਈ ਹਰੇਕ ਬੁੱਧਵਾਰ ਬਕਿੰਘਮ ਪੈਲੇਸ ਆ ਕੇ ਮਿਲਣਗੇ।

ਪ੍ਰਧਾਨ ਮੰਤਰੀ ਅਤੇ ਰਾਜਾ ਦੀਆਂ ਇਹ ਬੈਠਕਾਂ ਬਿਲਕੁਲ ਨਿੱਜੀ ਹੁੰਦੀਆਂ ਹਨ ਅਤੇ ਇਨ੍ਹਾਂ ਦਾ ਕੋਈ ਸਰਕਾਰੀ ਰਿਕਾਰਡ ਨਹੀਂ ਰੱਖਿਆ ਜਾਂਦਾ। ਸਰਕਾਰ ਬਣਾਉਣਾ- ਚੋਣਾਂ ਜਿੱਤਣ ਵਾਲੀ ਪਾਰਟੀ ਦੇ ਆਗੂ ਨੂੰ ਅਕਸਰ ਬਕਿੰਘਮ ਪੈਲੇਸ ਸੱਦਿਆ ਜਾਂਦਾ ਹੈ। ਇੱਥੇ ਉਨ੍ਹਾਂ ਨੂੰ ਸਰਕਾਰ ਬਣਾਉਣ ਲਈ ਰਸਮੀ ਸੱਦਾ ਦਿੱਤਾ ਜਾਂਦਾ ਹੈ। ਸਰਕਾਰ ਚੋਣਾਂ ਤੋਂ ਪਹਿਲਾਂ ਸਰਕਾਰ ਨੂੰ ਰਸਮੀ ਤੌਰ 'ਤੇ ਭੰਗ ਵੀ ਕਰਦੇ ਹਨ।

ਸਰਕਾਰ ਦੇ ਕੰਮਕਾਜ ਦੀ ਸ਼ੁਰੂਆਤ ਅਤੇ ਉਦਘਾਟਨੀ ਸੰਬੋਧਨ- ਸਰਕਾਰੀ ਕੰਮਕਾਜ ਦੇ ਸ਼ੁਰੂਆਤੀ ਸਮਾਗਮ ਵਿੱਚ ਰਾਜਾ ਸੰਸਦੀ ਸਾਲ ਦੀ ਸ਼ੁਰੂਆਤ ਕਰਦੇ ਹਨ। ਹਾਊਸ ਆਫ਼ ਲੌਰਡਸ ਵਿੱਚ ਆਪਣੇ ਭਾਸ਼ਨ ਦੌਰਾਨ ਉਹ ਸਰਕਾਰ ਦੀਆਂ ਨੀਤੀਆਂ ਦੀ ਰੂਪਰੇਖਾ ਸਾਹਮਣੇ ਰੱਖਣਗੇ। ਸ਼ਾਹੀ ਸਹਿਮਤੀ- ਜਦੋਂ ਕੋਈ ਕਾਨੂੰਨ ਸੰਸਦ ਵੱਲੋਂ ਪਾਸ ਕੀਤਾ ਜਾਂਦਾ ਹੈ ਤਾਂ ਕਾਨੂੰਨ ਬਣਨ ਤੋਂ ਪਹਿਲਾਂ ਇਸ ਲਈ ਰਾਜਾ ਦੀ ਸਹਿਮਤੀ ਮਿਲਣਾ ਜ਼ਰੂਰੀ ਹੁੰਦਾ ਹੈ। ਪਿਛਲੀ ਵਾਰ 1708 ਵਿੱਚ ਕਿਸੇ ਕਾਨੂੰਨ ਨੂੰ ਸ਼ਾਹੀ ਸਹਿਮਤੀ ਦੇਣ ਤੋਂ ਇਨਕਾਰ ਕੀਤਾ ਗਿਆ ਸੀ। ਇਸ ਤੋਂ ਇਲਾਵਾ ਰਾਜਾ ਦੂਜੇ ਦੇਸ਼ਾਂ ਦੇ ਰਾਸ਼ਟਰ ਮੁਖੀਆਂ ਦੀ ਮੇਜ਼ਬਾਨੀ ਕਰਦੇ ਹਨ। ਉਹ ਯੂਕੇ ਵਿੱਚ ਰਹਿੰਦੇ ਰਾਜਦੂਤਾਂ ਅਤੇ ਉੱਚ-ਆਯੋਗਾਂ ਨਾਲ ਮੁਲਾਕਾਤ ਕਰਦੇ ਹਨ। ਆਮ ਤੌਰ ’ਤੇ ਉਹ ਨਵੰਬਰ ਵਿੱਚ ਕੈਂਟੋਫ਼ ਲੰਡਨ ਵਿੱਚ ਹੋਣ ਵਾਲੇ ਯਾਦਗਾਰੀ ਸਮਾਗਮ ਦੀ ਅਗਵਾਈ ਕਰਨਗੇ।

ਨਵੇਂ ਰਾਜਾ ਰਾਸ਼ਟਰਮੰਡਲ ਦੇ ਮੁਖੀ ਹਨ। ਰਾਸ਼ਟਰਮੰਡਲ 56 ਅਜ਼ਾਦ ਮੁਲਕਾਂ ਦਾ ਸੰਗਠਨ ਹੈ। ਇਨ੍ਹਾਂ ਵਿੱਚੋਂ 14 ਦੇਸ਼ਾਂ ਦੇ ਜਿਨ੍ਹਾਂ ਨੂੰ ਕਾਮਨਵੈਲਥ ਰੀਲਮ ਕਿਹਾ ਜਾਂਦਾ ਹੈ ਦੇ, ਉਹ ਰਾਸ਼ਟਰ ਮੁਖੀ ਹਨ। ਹਾਲਾਂਕਿ ਜਦੋਂ ਬਾਰਬੇਡੋਸ ਸਾਲ 2021 ਵਿੱਚ ਗਣਰਾਜ ਬਣਿਆ ਤਾਂ ਕਈ ਹੋਰ ਕੈਰੀਬੀਅਨ ਦੇਸ਼ਾਂ ਨੇ ਵੀ ਅਜਿਹਾ ਕਰਨ ਦੀ ਇੱਛਾ ਜਤਾਈ ਸੀ। ਬ੍ਰਿਟੇਨ ਦੀਆਂ ਡਾਕ ਟਿਕਟਾਂ ਅਤੇ ਬੈਂਕ ਆਫ਼ ਇੰਗਲੈਂਡ ਵੱਲੋਂ ਜਾਰੀ ਕੀਤੇ ਜਾਂਦੇ ਕਰੰਸੀ ਨੋਟਾਂ ਉੱਪਰ ਮਰਹੂਮ ਮਹਾਰਾਣੀ ਐਲਿਜ਼ਾਬੈਥ ਦੂਜੇ ਦੀ ਤਸਵੀਰ ਦੀ ਜਗ੍ਹਾ ਨਵੇਂ ਰਾਜਾ ਦੀ ਤਸਵੀਰ ਛਾਪੀ ਜਾਵੇਗੀ। ਕੌਮੀ ਤਰਾਨਾ "ਗੌਡ ਸੇਵ ਦਾ ਕਿੰਗ ਹੋ ਗਿਆ ਹੈ।"

### ਵਿਰਾਸਤ ਕਿਵੇਂ ਅੱਗੇ ਵੱਧਦੀ ਹੈ?

ਤਾਜਪੋਸ਼ੀ ਦੀ ਪ੍ਰਕਿਰਿਆ ਇਸ ਗੱਲ ਉੱਪਰ ਨਿਰਭਰ ਕਰਦੀ ਹੈ ਕਿ ਜਦੋਂ ਮੌਜੂਦਾ ਰਾਜਸ਼ਾਹ ਦੀ ਮੌਤ ਹੁੰਦੀ ਹੈ ਜਾਂ ਗੱਦੀ ਛੱਡਦਾ ਹੈ ਤਾਂ ਸ਼ਾਹੀ ਪਰਿਵਾਰ ਦਾ ਕਿਹੜਾ ਜੀਅ ਉਸ ਦੀ ਥਾਂ ਲੈਣ ਜਾ ਰਿਹਾ ਹੈ। ਗੱਦੀ ਦੇ ਵਾਰਸਾਂ ਵਿੱਚ ਪਹਿਲਾ ਨੰਬਰ ਰਾਜਸ਼ਾਹ ਦੀ ਜੇਠੀ ਸੰਤਾਨ ਦਾ ਹੁੰਦਾ ਹੈ। ਮਹਾਰਾਣੀ ਐਲਿਜ਼ਾਬੈਥ ਦੇ ਜੇਠੇ ਪੁੱਤਰ ਹੋਣ ਦੇ ਨਾਤੇ ਆਪਣੀ ਮਾਂ ਦੀ ਮੌਤ ਤੋਂ ਬਾਅਦ ਚਾਰਲਸ ਤੀਜੇ ਰਾਜਾ ਬਣ ਗਏ ਹਨ। ਉਨ੍ਹਾਂ ਦੀ ਪਤਨੀ ਕੈਮਿਲਾ, ਰਾਣੀ ਬਣ ਗਏ ਹਨ। ਵਿਰਾਸਤ ਦੇ ਨਿਯਮਾਂ ਵਿੱਚ ਸਾਲ 2013 ਵਿੱਚ ਸੋਧ ਕੀਤੀ ਗਈ ਸੀ ਤਾਂ ਜੋ ਛੋਟੀਆਂ ਨਰ ਸੰਤਾਨ ਆਪਣੀਆਂ ਵੱਡੀਆਂ ਭੈਣਾਂ ਦੇ ਮੁਕਾਬਲੇ ਪਹਿਲ ਨਾ ਲੈ ਸਕਣ। ਰਾਜਾ ਚਾਰਲਸ ਦੇ ਜੇਠੇ ਪੁੱਤਰ, ਪ੍ਰਿੰਸ ਵਿਲੀਅਮ ਉਨ੍ਹਾਂ ਦੇ ਵਾਰਸ ਹਨ। ਉਨ੍ਹਾਂ ਨੂੰ ਆਪਣੇ ਪਿਤਾ ਦਾ ਖਿਤਾਬ ਡਿਊਕ ਆਫ਼ ਕੌਰਨਵੈਲ ਵਿਰਾਸਤ ਵਿੱਚ ਮਿਲਿਆ ਹੈ। ਹਾਲਾਂਕਿ ਉਹ ਆਪਣੇ-ਆਪ ਪ੍ਰਿੰਸ ਆਫ਼ ਵੇਲਜ਼ ਨਹੀਂ ਬਣ ਸਕਣਗੇ। ਇਹ ਖਿਤਾਬ ਉਨ੍ਹਾਂ ਨੂੰ ਰਾਜਾ ਵੱਲੋਂ ਹੀ ਦਿੱਤਾ ਜਾਵੇਗਾ। ਪ੍ਰਿੰਸ ਵਿਲੀਅਮ ਦੇ ਜੇਠੇ ਪੁੱਤਰ ਪ੍ਰਿੰਸ ਜੌਰਜ ਉਨ੍ਹਾਂ ਤੋਂ ਅੱਗੇ ਤਾਜਪੋਸ਼ੀ ਦੇ ਹੱਕਦਾਰ ਹਨ। ਪ੍ਰਿੰਸ ਜੌਰਜ ਦੀ ਵੱਡੀ ਧੀ ਤੀਜੇ ਨੰਬਰ 'ਤੇ ਹਨ।



### ਤਾਜਪੋਸ਼ੀ ਸਮੇਂ ਕੀ ਹੁੰਦਾ ਹੈ?

ਰਾਜਸ਼ਾਹ ਨੂੰ ਰਸਮੀ ਤੌਰ ਤੇ ਗੱਦੀ ਨਸ਼ੀਨ ਕਰਨ ਦੀ ਰਸਮ ਨੂੰ ਤਾਜਪੋਸ਼ੀ ਕਿਹਾ ਜਾਂਦਾ ਹੈ। ਪਿਛਲੇ ਰਾਜਸ਼ਾਹ ਦੀ ਮੌਤ ਦੇ ਮਾਤਮੀ ਸਮੇਂ ਦੇ ਗੁਜ਼ਰ ਜਾਣ ਤੋਂ ਬਾਅਦ ਇਹ ਸਮਾਗਮ ਕੀਤਾ ਜਾਂਦਾ ਹੈ। ਐਲਿਜ਼ਾਬੈਥ ਦੂਜੇ 6 ਫ਼ਰਵਰੀ 1952 ਨੂੰ ਮਹਾਰਾਜ ਜੌਰਜ ਛੇਵੇਂ ਦੀ ਥਾਂ ਗੱਦੀ ਉੱਪਰ ਬੈਠੇ ਸਨ ਪਰ 2 ਜੂਨ, 1953 ਤੱਕ ਉਨ੍ਹਾਂ ਦੀ ਤਾਜਪੋਸ਼ੀ ਨਹੀਂ ਕੀਤੀ ਗਈ। ਉਨ੍ਹਾਂ ਦੀ ਤਾਜਪੋਸ਼ੀ ਪਹਿਲੀ ਸੀ ਜੋ ਟੀਵੀ ਉੱਪਰ ਪ੍ਰਸਾਰਿਤ ਕੀਤੀ ਗਈ ਅਤੇ ਲਗਭਗ ਦੋ ਕਰੋੜ ਲੋਕਾਂ ਨੇ ਇਸ ਦਾ ਸਿੱਧਾ ਪ੍ਰਸਾਰਣ ਦੇਖਿਆ। ਪਿਛਲੇ 900 ਸਾਲਾਂ ਤਾਂ ਤਾਜਪੋਸ਼ੀ ਦੀ ਰਸਮ ਵੈਸਟਮਿੰਸਟਰ ਐਬੇ ਵਿੱਚ ਨਿਭਾਈ ਜਾ ਰਹੀ ਹੈ। ਵਿਲਅਮ ਦਿ ਕੌਨਕਰਰ ਪਹਿਲੇ ਰਾਜਸ਼ਾਹ ਸਨ ਜਿਨ੍ਹਾਂ ਦੀ ਤਾਜਪੋਸ਼ੀ ਇੱਥੇ ਕੀਤੀ ਗਈ ਤੇ ਹੁਣ ਕਿੰਗ ਚਾਰਲਸ 40ਵੇਂ ਹਨ ਜਿੰਨ੍ਹਾ ਦੀ ਤਾਜਪੋਸ਼ੀ ਇੱਥੇ ਹੋਈ ਹੈ। ਇਹ ਐਂਗਲੀਕਨ ਚਰਚ ਦੇ ਤਹਿਤ ਕੈਂਟਬਰੀ ਦੇ ਆਰਕਬਿਸ਼ਪ ਵੱਲੋਂ ਨਿਭਾਈ ਜਾਂਦੀ ਹੈ।

ਰਾਜਸ਼ਾਹ ਨੂੰ "ਪਵਿੱਤਰ ਤੇਲ" ਮਲਿਆ ਜਾਂਦਾ ਹੈ ਅਤੇ ਸ਼ਾਹੀ ਚਿੰਨ੍ਹਾਂ ਔਰਬ ਅਤੇ ਰਾਜਦੰਡ ਨਾਲ ਨਿਵਾਜਿਆ ਜਾਂਦਾ ਹੈ। ਸਮਾਗਮ ਦੇ ਸਿਖਰ ਤੇ ਆਰਕਬਿਸ਼ਪ ਸੈਂਟ ਐਡਵਰਡ ਦਾ ਤਾਜ ਚਾਰਲਸ ਦੇ ਸਿਰ ’ਤੇ ਪਾਉਣਗੇ। ਇਹ ਸ਼ੁੱਧ ਸੋਨੇ ਦਾ ਤਾਜ ਹੈ ਜੋ 1661 ਤੋਂ ਚੱਲਿਆ ਆ ਰਿਹਾ ਹੈ।



ਇਹ ਤਾਜ ਦੇ ਨਗਾਂ ਦਾ ਕੇਂਦਰੀ ਹਿੱਸਾ ਹੈ, ਜੋ ਕਿ ਟਾਵਰ ਆਫ਼ ਲੰਡਨ ਵਿੱਚ ਰੱਖੇ ਗਏ ਹਨ। ਇਸ ਨੂੰ ਰਾਜੇ ਵੱਲੋਂ ਸਿਰਫ਼ ਤਾਜਪੋਸ਼ੀ ਦੇ ਸਮੇਂ ਹੀ ਧਾਰਣ ਕੀਤਾ ਜਾਂਦਾ ਹੈ। ਸ਼ਾਹੀ ਵਿਆਹਾਂ ਤੋਂ ਉਲਟ ਤਾਜਪੋਸ਼ੀ ਇੱਕ ਸਰਕਾਰੀ ਸਮਾਗਮ ਹੈ। ਸਰਕਾਰ ਇਸ ਦਾ ਖ਼ਰਚਾ ਚੁੱਕਦੀ ਹੈ ਅਤੇ ਮਹਿਮਾਨਾਂ ਦੀ ਸੂਚੀ ਬਾਰੇ ਫ਼ੈਸਲਾ ਕਰਦੀ ਹੈ।

### ਸ਼ਾਹੀ ਪਰਿਵਾਰ ਦੇ ਹੋਰ ਮੈਂਬਰ ਕੌਣ ਹਨ?

ਪ੍ਰਿੰਸ ਆਫ਼ ਵੇਲਸ (ਪ੍ਰਿੰਸ ਵਿਲੀਅਮਜ਼) ਰਾਜਾ ਚਾਰਲਸ ਦੀ ਪਹਿਲੀ ਪਤਨੀ ਡਾਇਨਾ (ਪ੍ਰਿੰਸਜ਼ ਆਫ਼ ਵੇਲਜ਼) ਤੋਂ ਉਨ੍ਹਾਂ ਦੀ ਸਭ ਤੋਂ ਵੱਡੀ ਸੰਤਾਨ ਹਨ। ਪ੍ਰਿੰਸ ਵਿਲੀਅਮਜ਼ ਪ੍ਰਿੰਸਸ ਆਫ ਵੇਲਸ (ਕੈਥਰੀਨ) ਦੇ ਪਤੀ ਹਨ। ਪ੍ਰਿੰਸ ਜੌਰਜ, ਪ੍ਰਿੰਸਜ਼ ਸ਼ਾਰਲੌਟ ਆਫ ਵੇਲਸ ਅਤੇ ਪ੍ਰਿੰਸ ਲੂਈਸ ਆਫ ਵੇਲਸ ਉਨ੍ਹਾਂ ਦੀਆ ਸੰਤਾਨਾਂ ਹਨ। ਦਿ ਪ੍ਰਿੰਸਜ਼ ਰੌਇਲ (ਪ੍ਰਿੰਸਜ਼ ਐਨੇ) ਮਹਾਰਾਣੀ ਦੀ ਦੂਜੀ ਸੰਤਾਨ ਅਤੇ ਇਕਲੌਤੀ ਧੀ ਸਨ। ਉਹ ਵਾਈਸ ਐਡਮਿਰਲ ਟਿਮੌਥੀ ਲੌਰੈਂਸ ਨੂੰ ਵਿਆਹੇ ਹੋਏ ਹਨ। ਉਨ੍ਹਾਂ ਦੇ ਦੋ ਬੱਚੇ ਪਹਿਲੇ ਪਤੀ ਕੈਪਟਨ ਮਾਰਕ ਫਿਲਿਪਸ ਤੋਂ ਹਨ- ਪੀਟਰ ਫ਼ਿਲਿਪਸ ਅਤੇ ਜ਼ਾਰਾ ਟਿੰਡਾਲ। ਦਿ ਅਰਲ ਆਫ਼ ਵਿਸੈਕਸ (ਪ੍ਰਿੰਸ ਐਡਵਰਡ) ਮਹਾਰਾਣੀ ਦੀ ਸਭ ਤੋਂ ਛੋਟੀ ਸੰਤਾਨ ਸਨ। ਉਹ ਕਾਊਂਟੈਸ ਆਫ਼ ਵਿਸੈਕਸ (ਸੋਫ਼ੀ ਰਾਇਸ-ਜੋਨਸ) ਨਾਲ ਵਿਆਹੇ ਹੋਏ ਹਨ। ਦੋਵਾਂ ਦੀਆਂ ਦੋ ਸੰਤਾਨਾਂ ਹਨ ਲੂਈਸ ਅਤੇ ਜੇਮਜ਼ ਮਾਊਂਟਬੈਟਨ-ਵਿੰਡਸਰ।

ਦਿ ਡਿਊਕ ਆਫ਼ ਯੌਰਕ (ਪ੍ਰਿੰਸ ਐਂਡਰਿਊ) ਮਹਾਰਾਣੀ ਦੇ ਦੂਜੇ ਪੁੱਤਰ ਸਨ। ਉਨ੍ਹਾਂ ਦੀਆਂ ਆਪਣੀ ਸਾਬਕਾ ਪਤਨੀ ਡਚਜ਼ ਆਫ਼ ਯੌਰਕ (ਸਾਰ੍ਹਾ ਫਰਗਸਨ) ਤੋਂ ਦੋ ਧੀਆਂ - ਪ੍ਰਿੰਸਜ਼ ਬੀਟਰਾਈਸ ਅਤੇ ਪ੍ਰਿੰਸਜ਼ ਯੂਜੀਨੀ ਹਨ। ਵਰਜੀਨੀਆ ਗੁਫ਼ਰੀ ਦੇ ਜਿਣਸੀ ਸ਼ੋਸ਼ਣ ਦੇ ਇਲਜ਼ਾਮਾਂ ਦੇ ਦਰਮਿਆਨ ਨਿਊਜ਼ ਨਾਈਟ ਦੀ ਇੱਕ ਵਿਵਾਦਤ ਇੰਟਰਵਿਊ ਤੋਂ ਬਾਅਦ ਪ੍ਰਿੰਸ ਐਂਡਰਿਊ ਨੇ 2019 ਵਿੱਚ ਸ਼ਾਹੀ ਜੀਵਨ ਤੋਂ ਸੰਨਿਆਸ ਲੈ ਲਿਆ ਸੀ। ਫ਼ਰਵਰੀ 2022 ਵਿੱਚ ਉਨ੍ਹਾਂ ਨੇ ਗੁਫ਼ਰੀ ਵੱਲੋਂ ਅਮਰੀਕਾ ਵਿੱਚ ਕੀਤੇ ਗਏ ਨੂੰ ਜਿਣਸੀ ਸੋਸ਼ਣ ਦੇ ਕੇਸ ਨੂੰ ਨਿਪਟਾਉਣ ਲਈ ਰਾਸ਼ੀ ਚੁਕਾਈ। ਹਾਲਾਂਕਿ ਰਾਸ਼ੀ ਜਨਤਕ ਨਹੀਂ ਕੀਤੀ ਗਈ। ਦਿ ਡਿਊਕ ਆਫ਼ ਸੁਸੈਕਸ (ਪ੍ਰਿੰਸ ਹੈਰੀ) ਪ੍ਰਿੰਸ ਵਿਲੀਅਮ ਦੇ ਛੋਟੇ ਭਰਾ ਹਨ। ਉਹ ਡਚਜ਼ ਆਫ਼ ਸੁਸੈਕਸ (ਮੇਘਨ ਮਾਰਕਲ) ਨਾਲ ਵਿਆਹੇ ਹੋਏ ਹਨ। ਉਨ੍ਹਾਂ ਦੇ ਦੋ ਪੁੱਤਰ ਆਰਚੀ ਅਤੇ ਲਿਲੀਬਿਟ ਹਨ। ਸਾਲ 2020 ਵਿੱਚ ਉਨ੍ਹਾਂ ਨੇ ਐਲਾਨ ਕੀਤਾ ਸੀ ਕਿ ਉਹ ਸੀਨੀਅਰ ਰੌਇਲਜ਼ ਦੇ ਖਿਤਾਬ ਨੂੰ ਤਿਆਗ ਕੇ ਅਮਰੀਕਾ ਵਸ ਰਹੇ ਹਨ।

### ਸ਼ਾਹੀ ਪਰਿਵਾਰ ਦੇ ਮੈਂਬਰ ਕਿੱਥੇ ਰਹਿੰਦੇ ਹਨ?

ਰਾਜਾ ਚਾਰਲਸ ਅਤੇ ਉਨ੍ਹਾਂ ਦੀ ਪਤਨੀ ਬਕਿੰਘਮ ਪੈਲੇਸ ਵਿੱਚ ਰਹਿਣਾ ਸ਼ੁਰੂ ਸਕਦੇ ਹਨ। ਇਸ ਤੋਂ ਪਹਿਲਾਂ ਉਹ ਲੰਡਨ ਦੇ ਕਲੇਰੈਂਸ ਹਾਊਸ ਵਿੱਚ ਰਹਿੰਦੇ ਸਨ। ਪ੍ਰਿੰਸ ਵਿਲੀਅਮ ਅਤੇ ਕੈਥਰੀਨ, ਡਚਜ਼ ਆਫ਼ ਕੌਰਨਵੈਲ ਐਂਡ ਕੈਂਬਰਿਜ ਹਾਲ ਹੀ ਵਿੱਚ ਪੱਛਮੀ ਲੰਡਨ ਵਿੱਚ ਨਾਈਟਨ ਪੈਲੇਸ ਦੇ ਏਡੇਲਾਇਡ ਕੌਟੇਜ ਵਿੱਚ ਗਏ ਹਨ, ਜੋ ਕਿ ਮਹਾਰਾਣੀ ਦੇ ਵਿੰਡਸਰ ਇਸਟੇਟ ਵਿੱਚ ਹੀ ਸਥਿਤ ਹੈ। ਪ੍ਰਿੰਸ ਜੌਰਜ, ਪ੍ਰਿੰਸੈਸ ਸ਼ਾਰਲੇਟ ਅਤੇ ਪ੍ਰਿੰਸ ਲੂਈਸ ਲੈਮਬਰੂਕ ਸਕੂਲ ਜਾਂਦੇ ਹਨ ਜੋ ਕਿ ਬਰਕਸ਼ਾਇਰ ਵਿੱਚ ਐਸਕੌਟ ਦੇ ਨੇੜੇ ਹੈ। ਪ੍ਰਿੰਸ ਹੈਰੀ ਅਤੇ ਮੇਘਨ ਕੈਲੀਫੋਰਨੀਆ ਵਿੱਚ ਰਹਿੰਦੇ ਹਨ।

### ਰਾਜਸ਼ਾਹੀ ਕਿੰਨੀ ਪ੍ਰਸਿੱਧ ਹੈ?

ਯੂਗੋਵ ਦੇ ਇੱਕ ਜਨਮਤ ਸੰਗ੍ਰਿਹ ਮੁਤਾਬਕ ਜੋ ਕਿ ਮਹਾਰਾਣੀ ਦੀ ਤਾਜਪੋਸ਼ੀ ਦੀ 75ਵੀਂ ਵਰ੍ਹੇਗੰਢ ਮੌਕੇ ਕਰਵਾਇਆ ਗਿਆ ਸੀ। ਉਸ ਵਿੱਚ ਸ਼ਾਮਲ 62% ਲੋਕਾਂ ਦਾ ਸੋਚਣਾ ਸੀ ਕਿ ਦੇਸ਼ ਨੂੰ ਰਾਜਸ਼ਾਹੀ ਕਾਇਮ ਰੱਖਣੀ ਚਾਹੀਦੀ ਹੈ। ਜਦਕਿ 22 ਫ਼ੀਸਦੀ ਨੇ ਕਿਹਾ ਕਿ ਦੇਸ਼ ਦਾ ਰਾਜਸ਼ਾਹੀ ਦੀ ਥਾਂ ਕੋਈ ਚੁਣਿਆ ਹੋਇਆ ਮੁਖੀ ਹੋਣਾ ਚਾਹੀਦਾ ਹੈ।

ਸਾਲ 2021 ਵਿੱਚ ਹੋਈਆਂ ਦੋ ਇਪਸੋਸ ਮੋਰੀ ਚੋਣਾਂ ਦੌਰਾਨ ਵੀ ਲਗਭਗ ਇਹੀ ਨਤੀਜੇ ਆਏ ਸਨ। ਉਸ ਵਿੱਚ ਪੰਜ ਪਿੱਛੋਂ ਇੱਕ ਵਿਅਕਤੀ ਦੀ ਰਾਇ ਸੀ ਕਿ ਰਾਜਸ਼ਾਹੀ ਬ੍ਰਿਟੇਨ ਲਈ ਵਧੀਆ ਰਹੇਗੀ। ਹਾਲਾਂਕਿ ਯੂਗੋਵ ਦੇ ਨਤੀਜਿਆਂ ਨੇ ਸੁਝਾਇਆ ਕਿ ਪਿਛਲੇ ਇੱਕ ਦਹਾਕੇ ਦੌਰਾਨ ਲੋਕਾਂ ਵਿੱਚ ਰਾਜਸ਼ਾਹੀ ਪ੍ਰਤੀ ਪ੍ਰਵਾਨਗੀ ਦੀ ਭਾਵਨਾ ਘਟੀ ਹੈ। ਸਾਲ 2012 ਵਿੱਚ ਇਹ 75% ਸੀ ਜੋ 2022 ਵਿੱਚ ਘਟ ਕੇ 62% ਰਹਿ ਗਈ। ਰਾਜਸ਼ਾਹੀ ਦੀ ਹਮਾਇਤ ਕਰਨ ਵਾਲੇ ਜ਼ਿਆਦਾਤਰ ਲੋਕ ਬਜ਼ੁਰਗ ਸਨ। ਪੋਲ ਸੁਝਾਉਂਦੀ ਹੈ ਕਿ ਸ਼ਾਇਦ ਨੌਜਵਾਨ ਪੀੜ੍ਹੀ ਅਜਿਹਾ ਨਹੀਂ ਸੋਚਦੀ ਹੈ।

ਸਾਲ 2011 ਵਿੱਚ ਜਦੋਂ ਯੂਗੋਵ ਨੇ ਪਹਿਲੀ ਵਾਰ ਮੁੱਦੇ ਦਾ ਅਧਿਐਨ ਕਰਨਾ ਸ਼ੁਰੂ ਕੀਤਾ ਤਾਂ 18 ਤੋਂ 24 ਸਾਲ ਉਮਰ ਵਰਗ ਦੇ 59 % ਲੋਕ ਸੋਚਦੇ ਸਨ ਕਿ ਰਾਜਸ਼ਾਹੀ ਜਾਰੀ ਰਹਿਣੀ ਚਾਹੀਦੀ ਹੈ ਜਦਕਿ 2022 ਵਿੱਚ ਇਹ ਗਿਣਤੀ 33% ਰਹਿ ਗਈ।





## ਮਹਾਰਾਣੀ ਐਲਿਜ਼ਾਬੇਥ ਦੇ ਅੰਤਿਮ ਸਸਕਾਰ ਦੀਆਂ ਤਿਆਰੀਆਂ ਆਰੰਭ

(ਸਫਾ 1 ਦੀ ਬਾਕੀ)

ਹੁਣ ਉਨ੍ਹਾਂ ਦੀ ਮੌਤ ਤੋਂ ਬਾਅਦ ਨਵੇਂ ਰਾਜੇ ਦੇ ਚਿਹਰੇ ਦੇ ਨਾਲ ਨਵੇਂ ਨਕਦੀ ਦੇ ਨੋਟ ਅਤੇ ਸਿੱਕੇ ਲਿਆਂਦੇ ਜਾਣਗੇ। ਇਸ ਦੀ ਤਿਆਰੀ ਪਹਿਲਾਂ ਹੀ ਕੀਤੀ ਜਾ ਰਹੀ ਹੈ। ਬਜ਼ਾਰ ਵਿੱਚ ਨਵੇਂ ਨੋਟ ਅਤੇ ਸਿੱਕੇ ਪੇਸ਼ ਕੀਤੇ ਜਾਣਗੇ, ਜੋ ਪਹਿਲਾਂ ਹੀ ਨੋਟ ਹਨ, ਉਨ੍ਹਾਂ ਨੂੰ ਹੌਲੀ-ਹੌਲੀ ਬਾਜ਼ਾਰ ਵਿੱਚ ਬੰਦ ਕਰ ਦਿੱਤਾ ਜਾਵੇਗਾ।

ਬ੍ਰਿਟੇਨ ਦੇ ਰਾਸ਼ਟਰੀ ਗੀਤ 'ਚ 'God Save the Queen' ਦੇ ਸ਼ਬਦਾਂ ਨੂੰ 'ਗੌਡ ਸੇਵ ਅਵਰ ਗ੍ਰੇਸ਼ਿਅਸ ਕਿੰਗ' 'ਚ ਬਦਲ ਦਿੱਤਾ ਜਾਵੇਗਾ। ਦੱਸ ਦਈਏ ਕਿ ਇਹ ਗੀਤ ਸਭ ਤੋਂ ਪਹਿਲਾਂ 1745 'ਚ ਗਾਇਆ ਗਿਆ ਸੀ 'ਗੌਡ ਸੇਵ ਅਵਰ ਗ੍ਰੇਸ਼ਿਅਸ ਕਿੰਗ', ਉਸ ਸਮੇਂ ਬਾਦਸ਼ਾਹ ਮਹਾਰਾਣੀ ਐਲਿਜ਼ਾਬੈਥ ਦੇ ਪਿਤਾ ਜਾਰਜ ਪੰਜਵੇਂ ਸਨ ਪਰ 1953 'ਚ ਜਦੋਂ ਮਹਾਰਾਣੀ ਐਲਿਜ਼ਾਬੈਥ ਦੀ ਤਾਜਪੋਸ਼ੀ ਹੋਈ ਤਾਂ ਇਸ ਗੀਤ ਦੇ ਬੋਲ ਨੂੰ ਮਰਦ ਸੰਸਕਰਨ ਤੋਂ ਮਹਿਲਾ ਸੰਸਕਰਣ 'ਚ ਬਦਲ ਦਿੱਤਾ ਗਿਆ। ਬ੍ਰਿਟਿਸ਼ ਪਾਸਪੋਰਟ ਮਹਾਰਾਣੀ ਦੇ ਨਾਂ 'ਤੇ ਜਾਰੀ ਕੀਤਾ ਜਾਂਦਾ ਹੈ। ਪਾਸਪੋਰਟ 'ਤੇ ਲਿਖਿਆ ਹੈ ਕਿ 'ਮਹਾਰਾਣੀ ਦੇ ਨਾਮ 'ਤੇ, ਵਿਦੇਸ਼ ਸਕੱਤਰ ਇਸ ਪਾਸਪੋਰਟ ਧਾਰਕ ਨੂੰ ਬਿਨਾਂ ਕਿਸੇ ਰੁਕਾਵਟ ਦੇ ਆਉਣ-ਜਾਣ ਦੀ ਇਜਾਜ਼ਤ ਦੇਣ ਅਤੇ ਲੋੜ ਪੈਣ 'ਤੇ ਮਦਦ ਅਤੇ ਸੁਰੱਖਿਆ ਪ੍ਰਦਾਨ ਕਰਨ ਲਈ ਖੁਸ਼ ਹੈ।' ਇਸ ਨੂੰ ਹੁਣ ਕਿੰਗਜ਼ ਵਰਜ਼ਨ ਵਜੋਂ ਲਿਖਿਆ ਜਾਵੇਗਾ। ਯੂਕੇ ਰਾਇਲ ਮੇਲ ਸਟੈਂਪ 'ਤੇ ਮਹਾਰਾਣੀ ਦੀ ਤਸਵੀਰ ਦੀ ਵਰਤੋਂ ਕੀਤੀ ਜਾਂਦੀ ਹੈ। EIIR ਤੇ ਕਿੰਗ ਐਡਵਰਡ ਦੇ ਤਾਜ ਵਾਲਾ ਇਹ ਸਾਈਫਰ ਵੀ ਬਦਲਿਆ ਜਾਵੇਗਾ। ਹੁਣ ਨਵਾਂ ਸਾਈਫਰ ਕਿੰਗ ਚਾਰਲਸ 'ਤੇ ਹੋਵੇਗਾ।

# 1952 ਵਿਚ ਬ੍ਰਿਟੇਨ ਦੀ ਮਹਾਰਾਣੀ ਬਣਨ ਵਾਲੀ ਐਲਿਜ਼ਾਬੈਥ ਬੇਹੱਦ ਖ਼ੂਬਸੂਰਤ ਤੇ ਕਿਸਮਤ ਦੀ ਧਨੀ ਸੀ



ਕ੍ਰਿਸ਼ਨ ਕੁਮਾਰ ਰੱਤੂ



ਗੱਦੀਨਸ਼ੀਨ ਬ੍ਰਿਟੇਨ ਦੀ ਮਹਾਰਾਣੀ ਐਲਿਜ਼ਾਬੈਥ ਦੂਜੀ ਦਾ ਬੁੱਧਵਾਰ ਰਾਤੀਂ ਸਕਾਟਲੈਂਡ ਦੇ ਬਾਲਮੋਰਲ ਅਸਟੇਟ ਮਹਿਲ ਵਿਚ ਸਵਰਗਵਾਸ ਹੋ ਗਿਆ। ਛਿਆਨਵੇਂ ਵਰ੍ਹਿਆਂ ਦੀ ਕੁਈਨ ਐਲਿਜ਼ਾਬੈਥ ਅਜੇ ਤਿੰਨ ਦਿਨ ਪਹਿਲਾਂ ਤਕ ਠੀਕ ਸਨ। ਪਰਸੋਂ ਹੀ ਉਨ੍ਹਾਂ ਨੇ ਬਰਤਾਨੀਆ ਦੀ ਨਵੀਂ ਪ੍ਰਧਾਨ ਮੰਤਰੀ ਨੂੰ ਨਾਮਜ਼ਦ ਕੀਤਾ ਸੀ। ਸੰਨ 1952 ਵਿਚ ਬ੍ਰਿਟੇਨ ਦੀ ਮਹਾਰਾਣੀ ਬਣਨ ਵਾਲੀ ਐਲਿਜ਼ਾਬੈਥ ਬੇਹੱਦ ਖ਼ੂਬਸੂਰਤ ਤੇ ਕਿਸਮਤ ਦੀ ਧਨੀ ਪ੍ਰਤਿਭਾਵਾਨ ਔਰਤ ਸੀ ਜਿਸ 'ਤੇ ਰੱਬ ਦੀਆਂ ਮਿਹਰਬਾਨੀਆਂ ਦੀ ਇਕ ਲੰਬੀ ਸੂਚੀ ਰਹੀ ਹੈ।

ਇਹ ਮਹਾਰਾਣੀ ਐਲਿਜ਼ਾਬੈਥ ਦੇ ਸਮੇਂ ਹੀ ਸੰਭਵ ਹੋ ਸਕਿਆ ਕਿ ਉਸ ਨੇ ਦੁਨੀਆ ਦੇ ਵੱਡੇ ਬਦਲਾਅ ਤੇ ਉਠਾਪਟਕ ਦੀ ਵਿਸ਼ਵਵਿਆਪੀ ਘਟਨਾਵਾਂ ਵੇਖੀਆਂ। ਦੁਨੀਆ ਦੇ ਨਕਸ਼ੇ ਤੋਂ ਕਈ ਦੇਸ਼ਾਂ ਨੂੰ ਬਣਦਿਆਂ ਤੇ ਖ਼ਤਮ ਹੁੰਦਿਆਂ ਵੇਖਿਆ। ਬਰਤਾਨਵੀ ਰਾਜ ਦਾ ਇਕ ਕਾਲ ਅੱਜ ਖ਼ਤਮ ਹੋ ਗਿਆ ਹੈ। ਪੂਰੀ ਦਨੀਆ 'ਤੇ ਸਭ ਤੋਂ ਲੰਬੇ ਸਮੇਂ ਤੀਕ ਰਾਜ ਕਰਨ ਵਾਲਾ ਬਰਤਾਨਵੀ ਰਾਜ ਘਰਾਣਾ ਤੇ ਉਸ ਦੀ ਸਭ ਤੋਂ ਲੰਬੇ ਸਮੇਂ ਦੀ

ਉਨ੍ਹਾਂ ਦੇ ਵੱਡੇ ਬੇਟੇ ਪ੍ਰਿੰਸ ਚਾਰਲਸ ਤੀਜਰੇ ਹੁਣ ਬਰਤਾਨੀਆ ਦੇ ਬਾਦਸ਼ਾਹ ਬਣ ਗਏ ਹਨ। ਅੱਜ ਦੀ ਬਦਲਦੀ ਦੁਨੀਆ ਵਿਚ ਭਾਵੇਂ ਲੋਕਰਾਜ ਤੇ ਮਨੁੱਖੀ ਹੱਕਾਂ ਦੀ ਆਜ਼ਾਦੀ ਦੀ ਗੱਲ ਇਕ ਵੱਡੇ ਪੱਧਰ 'ਤੇ ਚੱਲ ਰਹੀ ਹੈ ਪਰ ਅਜਿਹੇ ਤੇਜ਼ ਤਬਦੀਲੀਆਂ ਦੇ ਸਮੇਂ ਵਿਚ ਇਕ ਰਾਜਸੀ ਪਰੰਪਰਾ ਦਾ ਲੋਕਰਾਜੀ ਰੂਪ ਬ੍ਰਿਟੇਨ ਦੀ ਇਸ ਲੋਕਤੰਤਤਰੀ ਰਾਜਸ਼ਾਹੀ ਦਾ ਪ੍ਰਤੱਖ ਨਮੂਨਾ ਸੀ ਤੇ ਜਿਸ ਦੀ ਸੂਤਰਧਾਰ ਮਹਾਰਾਣੀ ਐਲਿਜ਼ਾਬੈਥ ਬਣੀ।

ਪੂਰੀ ਦੁਨੀਆ ਦੇ ਕਾਮਨਵੈਲਥ ਦੇਸ਼ਾਂ ਵਿਚ ਵਿਸ਼ੇਸ਼ ਤੌਰ 'ਤੇ ਬ੍ਰਿਟੇਨ, ਕੈਨੇਡਾ ਤਾਂ ਸੋਗ ਵਿਚ ਡੁੱਬੇ ਹੋਏ ਹਨ। ਅਸਲ ਵਿਚ ਮਹਾਰਾਣੀ ਸਿਰਫ਼ ਇਕ ਪ੍ਰਤੀਕਾਤਮਕ ਚਿੰਨ੍ਹ ਹੀ ਨਹੀਂ ਸੀ, ਉਹ ਬਰਤਾਨਵੀ ਸ਼ਾਹੀ ਲੋਕਰਾਜੀ ਪਰੰਪਰਾਵਾਂ ਦਾ ਇਕ ਅਨੂਠਾ ਸੰਗਮ ਸੀ। ਪਹਿਲੇ ਵਿਸ਼ਵ ਯੁੱਧ ਤੇ ਫਿਰ ਦੂਸਰੇ ਵਿਸ਼ਵ ਯੁੱਧ ਦੇ 1950 ਦੇ ਸਮਿਆਂ ਵਿਚ, ਸ਼ੀਤ ਯੁੱਧ ਦੀ ਸਮਾਪਤੀ, ਕਾਮਨਵੈਲਥ ਦੀਆਂ ਤਬਦੀਲੀਆਂ ਤੇ ਯੂਰਪੀ ਸੰਘ ਤੋਂ ਅਲੱਗ ਹੋਣ ਦੀਆਂ ਘਟਨਾਵਾਂ ਨੂੰ ਮਹਾਰਾਣੀ ਨੇ ਨੇੜੇ ਹੋ ਕੇ ਵੇਖਿਆ ਤੇ ਇਸ ਨੂੰ ਆਪਣਾ ਰਾਜਨੀਤਕ ਤੇ ਸਮਾਜਿਕ ਸਹਿਯੋਗ ਤੇ ਅਗਵਾਈ ਦਿੱਤੀ ਸੀ। ਬ੍ਰਿਟੇਨ ਇਹ ਵੀ ਇਕ ਪਰੰਪਰਾ ਹੈ ਕਿ ਪ੍ਰਧਾਨ ਮੰਤਰੀ ਹਰ ਹਫ਼ਤੇ ਮਹਾਰਾਣੀ ਨੂੰ ਮਿਲਦਾ ਹੈ। ਮਹਾਰਾਣੀ ਨੇ ਅੰਤਿਮ ਸਮੇਂ ਤਕ ਇਸ ਪ੍ਰੋਟੋਕਾਲ ਨੂੰ ਨਿਭਾਇਆ। ਮਹਾਰਾਣੀ ਐਲਿਜ਼ਾਬੈਥ ਦਾ ਜਨਮ 21 ਅਪ੍ਰੈਲ 1926 ਨੂੰ ਮੇਅ ਫੇਅਰ ਵਿਚ ਹੋਇਆ ਸੀ। ਉਨ੍ਹਾਂ ਦਾ ਜਨਮ ਦਾ ਨਾਂ ਐਲਿਜ਼ਾਬੈਥ ਐਲਕਸਾਂਡਰਾ ਮੈਰੀ ਵਿੰਡਸਰ ਸੀ। ਉਨ੍ਹਾਂ ਦੇ ਕਾਰਜਕਾਲ ਵਿਚ ਬ੍ਰਿਟੇਨ ਨੇ 15 ਪ੍ਰਧਾਨ ਮੰਤਰੀ ਵੇਖੇ। ਇੱਥੇ ਇਹ ਵੀ ਦਿਲਚਸਪ ਹੈ ਕਿ ਪਹਿਲੇ ਪ੍ਰਧਾਨ ਮੰਤਰੀ ਵਿੰਸੈਟ ਚਰਚਿਲ 1874 ਵਿਚ ਪੈਦਾ ਹੋਏ ਅਤੇ ਅੰਤਿਮ ਪ੍ਰਧਾਨ ਮੰਤਰੀ ਲਿਜ਼ ਟਰੱਸ ਠੀਕ 107 ਸਾਲ ਬਾਅਦ 1975 ਵਿਚ ਪੈਦਾ ਹੋਈ ਹੈ ਜਿਸ ਨੂੰ ਮੌਤ ਤੋਂ ਇਕ ਦਿਨ ਪਹਿਲਾਂ ਹੀ ਐਲਿਜ਼ਾਬੈਥ ਨੇ ਸਹੁੰ ਚੁਕਾਈ ਸੀ। ਜਿਵੇਂ ਕਿ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਉਹ ਕਿਸਮਤ ਦੀ ਧਨੀ ਤੇ ਖ਼ੂਬਸੂਰਤ ਸੀਰਤ ਦੀ ਧਾਰਨੀ ਸੀ। ਉਸ ਨੂੰ ਮਹਾਰਾਣੀ ਦਾ ਤਾਜ ਵੀ ਅਚਾਨਕ ਹੀ ਮਿਲਿਆ ਸੀ। ਜਦੋਂ ਉਸ ਦੇ ਪਿਤਾ ਦੇ ਵੱਡੇ ਭਰਾ ਐਡਵਰਡ ਅਸ਼ਟਮ ਨੇ ਅਮਰੀਕੀ ਵਾਲਿਸ਼ ਸਿੰਪਸਨ ਨਾਲ ਸ਼ਾਦੀ ਕਰ ਕੇ ਰਾਜ ਛੱਡ ਦਿੱਤਾ ਸੀ, ਉਦੋਂ ਮਹਾਰਾਣੀ ਦੇ ਪਿਤਾ ਰਾਜਗੱਦੀ 'ਤੇ ਬੈਠੇ ਅਤੇ ਦਸ (10) ਵਰ੍ਹਿਆਂ ਦੀ ਲਿਲੀਬੇਟ ਰਾਜ ਦੀ ਵਾਰਿਸ ਬਣ ਗਈ। ਮਹਾਰਾਣੀ ਦਾ ਘਰ ਦਾ ਨਾਂ ਲਿਲੀਬੇਟ ਹੀ ਸੀ। ਤਿੰਨ ਵਰ੍ਹਿਆਂ ਬਾਅਦ ਜਦੋਂ ਜਰਮਨੀ ਨਾਜ਼ੀਆਂ ਨਾਲ ਯੁੱਧ ਕਰ ਰਿਹਾ ਸੀ ਤਾਂ ਉਸ ਦੇ ਕੈਨੇਡਾ ਛੁਪਣ ਦਾ ਪਲਾਨ ਖ਼ਾਰਜ ਕਰ ਦਿੱਤਾ ਸੀ। ਬਾਅਦ ਵਿਚ ਉਸ ਨੇ ਕਾਰ ਚਲਾਉਣ ਤੋਂ ਲੈ ਕੇ ਕਈ ਤਰ੍ਹਾਂ ਦੇ ਕੰਮ ਸਿੱਖੇ ਸਨ।

ਬਾਅਦ ਵਿਚ ਐਲਿਜ਼ਾਬੈਥ ਨੇ ਆਪਣੀ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਇਸ ਤਜਰਬੇ ਨੇ ਮੈਨੂੰ ਉਲਟ ਹਾਲਾਤ ਵਿਚ ਜਿਊਣ ਦਾ ਤਰੀਕਾ ਦੱਸਿਆ। ਪ੍ਰਿੰਸ ਫਿਲਿਪ ਜੋ ਉਸ ਦੇ ਕਜ਼ਨ ਸਨ ਅਤੇ ਗ੍ਰੀਸ ਦੇ ਪ੍ਰਿੰਸ ਸਨ, ਨਾਲ ਆਪਣੇ ਲੰਬੇ ਰੋਮਾਂਸ ਤੋਂ ਬਾਅਦ ਮਹਾਰਾਣੀ ਨੇ 20 ਨਵੰਬਰ 1947 ਵਿਚ ਵੈਸਟ ਮਨਿਸਟਰ ਐਬੇ ਵਿਚ ਸ਼ਾਦੀ ਕਰ ਲਈ ਜਿਨ੍ਹਾਂ ਨੂੰ ਬਾਅਦ ਵਿਚ ਪ੍ਰਿੰਸ ਆਫ ਐਡਿਨਬਰਗ ਦਾ ਖਿਤਾਬ ਮਿਲਿਆ ਸੀ। ਪਿਛਲੇ ਵਰ੍ਹੇ 99 ਸਾਲਾਂ ਦੀ ਉਮਰ ਵਿਚ ਜਦੋਂ ਪ੍ਰਿੰਸ ਫਿਲਿਪ ਦੀ ਮੌਤ ਹੋਈ ਤਾਂ ਮਹਾਰਾਣੀ ਨੇ ਭਾਵੁਕ ਹੁੰਦਿਆਂ ਕਿਹਾ ਸੀ ਕਿ 71 ਵਰ੍ਹਿਆਂ ਤੀਕ ਉਹ ਮੇਰੀ ਤਾਕਤ ਸਨ ਤੇ ਮੈਂ ਉਨ੍ਹਾਂ ਵਿਚ ਵਸਦੀ ਸਾਂ। ਅਸਲ ਵਿਚ ਮਹਾਰਾਣੀ ਇਕ ਨਿਰਮਲ ਤੇ ਹੱਸਮੁੱਖ ਔਰਤ ਰਹੀ ਜਿਸ ਨੇ ਸਾਰੀ ਉਮਰ ਆਪਣੇ ਸੁਭਾਅ ਦੇ ਉਲਟ ਕੋਈ ਕੰਮ ਨਹੀਂ ਕੀਤਾ। ਇਸ ਲਈ ਉਹ ਪੂਰੀ ਦੁਨੀਆ ਵਿਚ ਵਿਚਾਰੀ ਤੇ ਸਤਿਕਾਰੀ ਗਈ। ਮਹਾਰਾਣੀ ਦੇ ਤਿੰਨ ਪੁੱਤਰ ਚਾਰਲਸ 1948, ਐਨੀ 1950, ਪ੍ਰਿੰਸ ਐਂਡਰਿਊ 1960 ਤੇ ਪ੍ਰਿੰਸ ਐਡਵਰਡ 1964 ਵਿਚ ਪੈਦਾ ਹੋਏ। ਅੱਠ ਪੋਤੇ-ਪੋਤੀਆਂ ਤੇ 12 ਪ ੜ ਪ ੋ ਤ ੇ - ਪੜਪੋਤੀਆਂ ਦੀ ਵੱਡੀ ਮਾਂ ਸੀ ਜੋ ਪਰਿਵਾਰ, ਸਮਾਜ ਤੇ ਦੇਸ਼-ਦੁਨੀਆ ਵਿਚ ਵੱਡੀ ਮਾਂ ਵਜੋਂ ਸਤਿਕਾਰੀ ਜਾਂਦੀ ਸੀ। ਉਨ੍ਹਾਂ ਦੀ ਮੌਤ 'ਤੇ ਬ੍ਰਿਟੇਨ ਸਮੇਤ ਕਈ ਯੂਰਪੀ ਦੇਸ਼ਾਂ ਦੇ ਲੋਕ ਰੋਂਦੇ ਵਿਖਾਈ ਦੇ ਰਹੇ ਹਨ, ਇਹ ਉਨ੍ਹਾਂ ਦੀ ਲੋਕਪ੍ਰਿਆ ਸ਼ਖ਼ਸੀਅਤ ਦੀ ਤਾਂ ਨਿਸ਼ਾਨੀ ਹੈ। ਸੰਨ 1952 ਵਿਚ ਉਹ ਕੀਨੀਆ ਦੇ ਦੌਰੇ 'ਤੇ ਸੀ ਜਦੋਂ ਉਸ ਨੂੰ ਉਸ ਦੇ ਪਿਤਾ ਦੀ ਮੌਤ ਤੋਂ ਬਾਅਦ ਮਹਾਰਾਣੀ ਬਣਾਉਣ ਦੀ ਘੋਸ਼ਣਾ ਬਾਰੇ ਦੱਸਿਆ ਗਿਆ ਸੀ। ਮਹਾਰਾਣੀ ਸਭ ਤੋਂ ਛੋਟੀ ਉਮਰ ਤੇ ਲੰਬੇ ਸਮੇਂ ਤੀਕ ਰਾਜ ਕਰਨ ਵਾਲੀ ਮਹਾਰਾਣੀ ਦੇ ਰੂਪ ਵਿਚ ਵੀ ਚਰਚਿਤ ਹੋਈ ਸੀ। ਦੋ ਜੂਨ 1953 ਨੂੰ ਜਦੋਂ ਮਹਾਰਾਣੀ ਦੀ ਤਾਜਪੋਸ਼ੀ ਹੋਈ ਤਾਂ ਉਦੋਂ 2 ਕਰੋੜ ਤੋਂ ਜ਼ਿਆਦਾ ਲੋਕਾਂ ਨੇ ਉਸ ਨੂੰ ਆਪਣੀ ਮਹਾਰਾਣੀ ਬਣਦਿਆਂ ਟੀਵੀ 'ਤੇ ਵੇਖਿਆ ਸੀ। ਹਾਲਾਂਕਿ ਇਹ ਵੀ ਸੱਚ ਹੈ ਕਿ ਉਹ 1950 ਦੇ ਦਹਾਕਿਆਂ ਵਿਚ ਕਈ ਲੋਕਾਂ ਨੇ ਪਹਿਲੀ ਵਾਰ ਹੀ ਟੀਵੀ ਵੇਖਿਆ ਸੀ।

ਸੰਨ 1950 ਤੋਂ 1953 ਤੇ ਬਾਅਦ ਦਾ ਦੌਰ ਬੜੀਆਂ ਤਬਦੀਲੀਆਂ ਵਾਲਾ ਦੌਰ ਸੀ ਜਿਸ ਵਿਚ ਮਹਾਰਾਣੀ ਨੇ ਆਪਣੀਆਂ ਅੱਖਾਂ ਦੇ ਸਾਹਮਣੇ ਦੁਨੀਆ ਦੀਆਂ ਤਬਦੀਲੀਆਂ ਦਾ ਵਿਆਪਕ ਦੌਰ ਵੇਖਿਆ ਸੀ। ਇਹ ਉਸ ਸਮੇਂ ਦੀ ਗੱਲ ਹੈ ਜਦੋਂ ਬਹੁਤ ਸਾਰੇ ਦੇਸ਼ਾਂ ਵਿਚ ਬਰਤਾਨਵੀ ਸਲਤਨਤ ਖ਼ਤਮ ਅਰਥਾਤ ਬ੍ਰਿਟੇਨ ਦਾ ਦਬਦਬਾ ਖ਼ਤਮ ਹੋ ਰਿਹਾ ਸੀ। ਭਾਰਤ ਦੀ 1947 ਦੀ ਆਜ਼ਾਦੀ ਵੀ ਇਸ ਦੌਰ ਦੀ ਇਕ ਵੱਡੀ ਘਟਨਾ ਸੀ। ਸੰਨ 1960 ਤਕ ਤਾਂ ਬਰਤਾਨਵੀ ਰਾਜ ਵਿਚ ਵੱਡੀਆਂ ਤਬਦੀਲੀਆਂ ਹੋਈਆਂ। ਦੁਨੀਆ ਦੇ ਕਈ ਦੇਸ਼ਾਂ ਵਿਚ ਯੂਨੀਅਨ ਜੈਕ ਬ੍ਰਿਟੇਨ ਦਾ ਝੰਡਾ ਗਾਇਬ ਹੋ ਗਿਆ ਸੀ। ਪਰ ਮਹਾਰਾਣੀ ਨੇ ਇਕ ਭਾਸ਼ਣ 'ਚ ਇਸ ਨੂੰ ਲੋਕਰਾਜ ਦੀ ਚੜ੍ਹਤ ਤੇ ਆਵਾਜ਼ ਦੱਸਿਆ ਸੀ। ਆਪਣੀ ਨਿੱਜੀ ਜ਼ਿੰਦਗੀ 'ਚ ਵੀ ਉਸ ਨੇ ਬੜੇ ਵੱਡੇ ਉਤਰਾਅ-ਚੜ੍ਹਾਅ ਵੇਖੇ। ਉਸ ਦੇ ਤਿੰਨ ਬੱਚਿਆਂ ਦੀਆਂ ਸ਼ਾਦੀਆਂ ਵੀ ਟੁੱਟੀਆਂ। ਮਹਾਰਾਣੀ ਅਡੋਲ ਰਹੀ ਤੇ ਉਹ ਸਾਰੇ ਲੋਕ ਹਿਤੈਸ਼ੀ ਸਮਾਰੋਹਾਂ 'ਚ ਜਾਂਦੀ ਸੀ ਅਤੇ ਹਰ ਕਾਮਨਵੈਲਥ ਦੇਸ਼ ਦੀ ਇਕ ਵਾਰ ਯਾਤਰਾ ਜ਼ਰੂਰ ਕੀਤੀ। ਸੰਨ 1992 ਵਿਚ ਵਿੰਡਸਰ ਪੈਲੇਸ ਅੱਗ ਦੇ ਹਵਾਲੇ ਹੋਣ ਤੇ 1997 ਵਿਚ ਲੇਡੀ ਡਾਇਨਾ ਦੀ ਮੌਤ ਨੇ ਉਸ ਨੂੰ ਤੋੜਿਆ ਸੀ ਪਰ ਉਸ ਨੇ ਇਨ੍ਹਾਂ ਨੂੰ ਇਕ ਮਾਂ ਦੇ ਤੌਰ 'ਤੇ ਵੇਖਿਆ ਤੇ ਜੀਵਿਆ। ਸੰਨ 1991 ਤੋਂ ਬਾਅਦ ਉਹ ਖਾੜੀ ਯੁੱਧ ਪਿੱਛੋਂ ਅਮਰੀਕਾ ਦੇ ਦੌਰੇ 'ਤੇ ਗਈ ਸੀ। ਸੰਨ 2006 'ਚ ਉਹ ਆਪਣੇ ਲੋਕਾਂ ਨੂੰ ਮਹਿਲ ਤੋਂ ਬਾਹਰ ਆ ਕੇ ਮਿਲੀ ਸੀ।









# ਫਰਿਜਨੋ ਦੇ ਦਿਓਲ ਪਰਿਵਾਰ ਨੂੰ ਸਦਮਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)–** ਲੁਧਿਆਣਾ ਜ਼ਿਲ੍ਹੇ ਦੇ ਪਿੰਡ ਬੋਪਾਰਾਏ ਕਲਾਂ ਦੇ ਫਰਿਜਨੋ ਵਸਦੇ ਦਿਓਲ ਪਰਿਵਾਰ ਨੂੰ ਪਿਛਲੇ ਦਿਨੀ ਉਸ ਵਕਤ ਭਾਰੀ ਸਦਮਾਂ ਲੱਗਾ ਜਦੋਂ ਇਸ ਪਰਿਵਾਰ ਦੇ ਬਜ਼ੁਰਗ ਬਾਪੂ ਪ੍ਰਿੰਸੀਪਲ ਸੁਰਜੀਤ ਸਿੰਘ ਦਿਓਲ, 99 ਸਾਲ ਦੀ ਉਮਰ ਭੋਗਕੇ ਚੜਾਈ ਕਰ ਗਏ। ਬਾਪੂ ਜੀ ਪਿਛਲੇ ਲੰਮੇ ਸਮੇਂ ਤੋਂ ਫਰਿਜਨੋ ਵਿਖੇ ਪਰਿਵਾਰ ਸਮੇਤ ਰਹਿ ਰਹੇ ਸਨ। ਉਹ ਪਿੱਛੇ ਹਰਿਆ ਭਰਿਆ ਵੱਡਾ ਪਰਿਵਾਰ ਛੱਡ ਗਏ ਹਨ। ਬਾਪੂ ਜੀ ਨੇ ਹੇਰਾਂ ਹਾਈ ਸਕੂਲ 'ਚ ਬਤੌਰ ਪ੍ਰਿੰਸੀਪਲ 40 ਸਾਲ ਸੇਵਾਵਾਂ ਨਿਭਾਈਆਂ। ਬਾਪੂ ਜੀ ਤੋਂ ਪੜ੍ਹਕੇ ਬਹੁਤ ਸਾਰੇ ਵਿਦਿਆਰਥੀ ਦੇਸ਼ਾਂ ਵਿਦੇਸ਼ਾਂ ਵਿੱਚ ਸਫਲ ਜ਼ਿੰਦਗੀ ਬਤੀਤ ਕਰ ਰਹੇ ਹਨ। ਦਿਓਲ ਪਰਿਵਾਰ ਦੇ ਬੱਚੇ ਵੀ ਬੜੇ ਪੜ੍ਹੇ ਲਿਖੇ, ਸਵ। ਬਾਪੂ ਸੁਰਜੀਤ ਸਿੰਘ ਦੇ ਨਕਸ਼ੇ ਕਦਮਾਂ ਤੇ ਚੱਲਦੇ ਦਿਓਲ ਪਰਿਵਾਰ ਦਾ ਨਾਂ ਰੌਸ਼ਨ ਕਰ ਰਹੇ ਹਨ। ਇੱਥੇ ਇਹ ਵੀ ਜਿਕਰਯੋਗ ਹੈ ਕਿ ਕਰਮਨ ਸ਼ਹਿਰ ਦੀ ਬਹੁਪੱਖੀ ਸ਼ਖ਼ਸੀਅਤ ਬਿੱਲ ਨਿੱਝਰ ਦੀ ਪਤਨੀ ਸਵ ਬਾਪੂ ਸੁਰਜੀਤ ਸਿੰਘ ਦਿਊਲ ਦੀ ਪੋਤੀ ਹੈ। ਬਾਪੂ ਜੀ ਦੀ ਦੇਹ ਦਾ ਅੰਤਿਮ ਸਸਕਾਰ ਮਿਤੀ 15 ਸਤੰਬਰ ਦਿਨ ਵੀਰਵਾਰ ਨੂੰ ਸ਼ਾਂਤ ਭਵਨ ਫਿਊਨਰਲ ਹੋਮ (4800 E Clayton Ave, Fowler, CA 93625) ਵਿਖੇ ਸਵੇਰ 11 ਵਜੇ ਤੋਂ ਦੁਪਿਹਰ 1 ਵਜੇ ਦਰਮਿਆਨ ਹੋਵੇਗਾ। ਉਪਰੰਤ ਭੋਗ ਅਤੇ ਅੰਤਿਮ ਅਰਦਾਸ ਗੁਰਦਵਾਰਾ ਸਿੰਘ ਸਭਾ (4827 N Parkway Dr, Fresno, CA 93722) ਵਿਖੇ ਹੋਵੇਗੀ। ਦੁੱਖ ਸਾਂਝਾ ਕਰਨ ਲਈ ਜਾ ਹੋਰ ਵਧੇਰੇ ਜਾਣਕਾਰੀ ਲਈ ਤੁਸੀ 559-681-5591 'ਤੇ ਸੰਪਰਕ ਕਰ ਸਕਦੇ ਹੋ।



# SH. SUKHDEV CHAND PAUL PASSED AWAY



It is with sadness that Sh. S. C. Paul passed away on Saturday, September 10, 2022. Sh. S. C. Paul was Advocate, Supreme Court of India.

Sh. S. C. Paul was a great follower of Shri Guru Ravidass Ji and Babasaheb Dr. Ambedkar. He was father-in-Law of Mr. Vinod Balley s/o Shri O. P. Balley.

"Ambedkar Times" and "Desh Doaba" send its heartfelt condolences to the Paul and Balley families, relatives and friends on their biggest loss.

**"Ambedkar Times" and "Desh Doaba"**

SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

ਦੇਸ਼ ਦੁਆਬਾ

# ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ 'ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿ-ਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾ-ਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਵੱਲੋਂ: ਬਾਬੂ ਮੰਗੂ ਰਾਮ ਮੁੱਗੋਵਾਲੀਆ,**
**ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**

# ਗੁਰਬਾਣੀ ਵਿਚ ਵਿਸਮਾਦ ਰਸ: ਇਕ ਸੁਹਜਾਤਮਕ ਅਨੁਭਵ

ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ।।

ਰੱਬੀ ਪ੍ਰੇਮ ਦੀਆਂ ਗਹਿਰਾਈਆਂ ਮਾਣ ਰਹੀ ਰੂਹਾਨੀਅਤ ਜਦੋਂ ਰੱਬੀ ਜਲੌਅ ਦਾ ਦੀਦਾਰ ਕਰਦੀ ਹੈ ਤਾਂ ਸੁਰਤਿ ਅਸਚਰਜਤਾ ਦੇ ਰਸ ਦਾ ਆਨੰਦ ਮਾਣਦੀ ਹੈ। ਇਹ ਅਸਚਰਜਮਈ ਰਸ ਹੀ ਵਿਸਮਾਦੀ ਰਸ ਹੈ, ਇਹ ਦਿਲਕਸ਼ ਨਜ਼ਾਰਾ ਸਾਧਕ ਨੂੰ ਵਿਸਮਾਦੀ ਸੁਹਜ ਦੇ ਅਨੁਭਵ ਦੇ ਰੂ-ਬ-ਰੂ ਕਰਵਾਂਉਦਾ ਹੈ। ਸਾਧਕ ਦੀ ਪਾਕ ਰੂਹ ਦੁਨਿਆਵੀ ਸੁਧ, ਬੁਧ ਤੇ ਮਤਿ ਨੂੰ ਵਿਸਾਰਕੇ, ਵਿਸਮਾਦੀ ਸਿਫ਼ਤ ਤੇ ਸਾਲਾਹ ਅੰਦਰ ਇਸ ਤਰ੍ਹਾਂ ਜਜ਼ਬ ਹੋ ਜਾਂਦੀ ਹੈ ਜਿਵੇਂ ਚੰਦਨ ਦੀ ਸੁਗੰਧੀ ਹਵਾ ਵਿਚ ਅਤੇ ਹਵਾ ਸੂਰਜ ਦੀ ਰੋਸ਼ਨੀ ਵਿਚ ਸਮੋਕੇ ਇਕ ਮਿਕ ਹੋ ਜਾਂਦੀ ਹੈ। ਅਜਿਹੇ ਸੁਹਜਾਤਮਕ ਅਨੁਭਵ ਦੀ ਗਵਾਹੀ ਭਾਈ ਗੁਰਦਾਸ ਜੀ ਆਪਣੀ ਰਚਨਾ ਵਿਚ ਇਸ ਤਰਾਂ ਭਰਦੇ ਹਨ:

ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ। (ਕਬਿਤ:੯)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸਮਾਦ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਆਸਾ ਦੀ ਵਾਰ ਵਿਚ ਹੋਈ ਹੈ। ਰਾਗ ਸੂਹੀ ਅਤੇ ਰਾਗ ਸੋਰਠਿ ਵਿਚ ਵੀ ਵਿਸਮਾਦ ਸ਼ਬਦ ਵਰਤਿਆ ਗਿਆ ਹੈ। ਗੁਰੂ ਅਮਰਦਾਸ ਜੀ ਨੇ ਰਾਮਕਲੀ ਅਤੇ ਬਸੰਤ ਰਾਗਾਂ ਵਿਚ ਵਿਸਮਾਦ ਸ਼ਬਦ ਨੂੰ ਵਰਤਿਆ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਣੀ ਵਿਚ ਵੀ ਵਿਸਮਾਦ ਦਾ ਜ਼ਿਕਰ ਆਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਵਿਸਮਾਦ ਦੇ ਸੰਕਲਪ ਨਾਲ ਸੰਬੰਧਿਤ 'ਬਿਸਮਾਦ' ਸ਼ਬਦ ਦੀ ਵਰਤੋਂ ਕੀਤੀ ਹੋਈ ਹੈ। ਭਾਈ ਕਾਨ੍ਹ ਸਿੰਘ ਨਾਭਾ ਜੀ ਦੇ ਅਨੁਸਾਰ ਬਿਸਮਾਦ ਬਿਸਮ ਤੋਂ ਬਣਿਆ ਹੈ ਅਤੇ ਬਿਸਮ ਦਾ ਅਰਥ ਹੈਰਾਨੀ ਹੈ। ਬਿਸਮਾਦ ਸੰਗਯਾ ਰੂਪ ਵਿਚ, ਗੁਰਮਤਿ ਚਿੰਤਨ ਅਨੁਸਾਰ ਆਤਮਿਕ ਰਸ ਨੂੰ ਪ੍ਰਾਪਤ ਹੋਈ ਅੰਤਹਕਰਣ ਦੀ ਸਹਜ ਅਨੰਦ ਦਸ਼ਾ (ਅਵਸਥਾ) ਹੈ।



**ਰਜਿੰਦਰ ਕੌਰ**
ਰਿਸਰਚ ਸਕਾਲਰ,
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਗੁਰੂ ਨਾਨਕ ਦੇਵ ਜੀ ਦਾ ਵਿਸਮਾਦੀ ਅਨੁਭਵ ਦਿਸਦੇ ਤੋਂ ਅਣਦਿਸਦੇ ਜਗਤ ਦੀ ਯਾਤਰਾ ਹੈ। ਗੁਰੂ ਸਾਹਿਬ ਦਾ ਵਿਸਮਾਦੀ ਅਨੁਭਵ ਉਨ੍ਹਾਂ ਦੇ ਜੀਵਨ ਚਰਿੱਤਰ, ਆਤਮਕ ਗੌਰਵ, ਸੱਚੀ ਇਲਾਹੀ ਬਾਣੀ, ਆਦਿ ਪੱਖਾਂ ਤੋਂ ਆਤਮ-ਦਰਸੀ ਹੈ। ਕੁਝ ਇਸ ਤਰ੍ਹਾਂ ਵਿਸਮਾਦ ਦੀ ਅਵਸਥਾ ਅਸਚਰਜਤਾ ਦੀ ਆਗੋਸ਼ ਵਿਚ ਸਮਾ ਜਾਣ ਦੀ ਅਵਸਥਾ ਹੈ। ਮਨੁੱਖੀ ਜ਼ਹਿਨ ਤੋਂ ਉਪਰ ਉਠਕੇ ਉਚੀ ਸੁਰਤ ਵਿਚ ਚਲੇ ਜਾਣਾ ਹੈ। ਅਜਿਹੀ ਉਚੀ ਸੁਰਤ ਜੋ ਦ੍ਰਿਸ਼ਟਮਾਨ ਤੋਂ ਅਦ੍ਰਿਸ਼ਟ ਦੇ ਸੁਹਜ ਨਾਲ ਜੋੜਦੀ ਹੈ। ਇਸ ਕਾਇਨਾਤ ਵਿਚ ਅਜਿਹਾ ਬਹੁਤ ਕੁਝ ਮੌਜੂਦ ਹੈ ਜੋ ਉਚੀ ਸੁਰਤ ਨੂੰ ਵਿਸਮ ਕਰਨ ਵਿਚ ਸਹਾਈ ਹੁੰਦਾ ਹੈ।

ਵਿਸਮਾਦ ਰਸ ਨੂੰ ਮਾਣਨ ਦਾ ਸਭ ਤੋਂ ਨੇੜਲਾ ਸਰੋਤ ਕਾਦਰ ਦੀ ਸਿਰਜੀ ਕੁਦਰਤ ਹੈ।ਕੁਦਰਤ ਦੇ ਬੇਅੰਤ ਪਦਾਰਥਾਂ ਅਤੇ ਸੁਹਜਮਈ ਦ੍ਰਿਸ਼ਾਂ ਜਿਨ੍ਹਾਂ ਤੋਂ ਕਾਦਰ ਦੀ ਕਾਰੀਗਰੀ ਦਾ ਕਮਾਲ ਪ੍ਰਗਟ ਹੁੰਦਾ ਹੈ, ਨੂੰ ਵੇਖਕੇ ਮਨੁੱਖੀ ਮਨ ਵਿਚ ਇਕ ਥਰਰਾਹਟ, ਇਕ ਕੰਬਣੀ ਜਿਹੀ ਚੜਦੀ ਹੈ। ਇਸ ਅਦਭੁਤ ਅਹਿਸਾਸ ਨੂੰ ਵਿਸਮਾਦ ਕਿਹਾ ਗਿਆ ਹੈ। ਕੁਦਰਤ ਦਾ ਅਪਾਰ ਸੁਹਜ, ਬੇਅੰਤ ਸੁਵੰਨਤਾ, ਬੇਮਿਸਾਲਤਾ ਤੇ ਨਿਪੁੰਨਤਾ ਵੇਖਣਹਾਰੇ ਅਭਿਆਸੀ ਨੂੰ ਸੁਤੇ ਸਿਧ ਹੀ ਅਸਚਰਜਤਾ ਦੇ ਮੰਡਲਾਂ ਤੱਕ ਪਹੁੰਚਾ ਦਿੰਦੀ ਹੈ। ਜਿਸ ਕਾਰਨ ਉਹ ਕੁਦਰਤ ਦੇ ਰਚਣਹਾਰੇ ਤੋਂ ਆਪਾ ਵਾਰਨ ਲਈ ਵੀ ਤਿਆਰ ਹੋ ਜਾਂਦਾ ਹੈ।

ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ।।
ਤੂ ਅਚਰਜੁ ਕੁਦਰਤਿ ਤੇਰੀ ਬਿਸਮਾ।।

ਇਸ ਕਦਰ ਸਹਜੇ ਹੀ ਸੁਰਤ 'ਬਲਿਹਾਰੀ ਕੁਦਰਤਿ ਵਸਿਆ।। ਤੇਰਾ ਅੰਤੁ ਨ ਜਾਈ ਲਖਿਆ' ਦੀ ਵਿਸਮਾਦ ਅਵਸਥਾ ਵਿਚ ਢਲ ਜਾਂਦੀ ਹੈ। ਫਿਰ ਇਸ ਪੂਰੀ ਕਾਇਨਾਤ ਵਿਚ ਚਾਰ-ਚੁਫੇਰੇ ਵਿਸਮਾਦ ਹੀ ਵਿਸਮਾਦ ਝਲਕਦਾ ਹੈ।

ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ।।

ਉਚੀ ਸੁਰਤੀ ਵਾਲੇ ਵਿਸਮਾਦ ਨੂੰ ਕੇਵਲ ਬਾਹਰੀ ਪਸਾਰੇ ਤੱਕ ਹੀ ਸੀਮਤ ਨਹੀਂ ਰਖਦੇ ਸਗੋਂ ਇਸਦਾ ਵਿਕਾਸ ਦੇ ਵਿਗਾਸ ਨਿਰੰਤਰ ਉਨ੍ਹਾਂ ਦੇ ਅੰਤਰ-ਆਤਮੇ ਵਿਚ ਵੀ ਪਰਗਾਸ ਕਰਦਾ ਰਹਿੰਦਾ ਹੈ।

ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ।।

ਸੁਰਤੀ ਅੰਦਰ ਇਕ ਖ਼ਾਸ ਤਰ੍ਹਾਂ ਦੀ ਸ਼ਕਤੀ ਮੌਜੂਦ ਹੁੰਦੀ ਹੈ, ਇਹ ਇਕ ਅਜਿਹੀ ਸ਼ਕਤੀ ਹੈ ਜੋ ਸਰਗੁਣ ਨੂੰ ਨਿਰਗੁਣ ਅਤੇ ਸਾਕਾਰ ਨੂੰ ਨਿਰਾਕਾਰ ਦੇ ਅਨੁਭਵ ਵਿਚ ਬਦਲਣ ਦੀ ਸਮਰਥਾ ਰੱਖਦੀ ਹੈ।ਉਸ ਲਈ ਨਿਰਗੁਣ ਰਾਮ ਕੁਦਰਤ ਦੇ ਵਿਸਮਾਦ ਰੂਪ ਵਿਚ ਝਲਕਦਾ ਹੈ। ਫਿਰ ਉਸਦਾ ਨਜ਼ਰੀਆ ਸਮੁਚੀ ਕਾਇਨਾਤ ਵਿਚੋਂ ਲਾਲਨ ਦੇ ਸੁਹਜ ਨੂੰ ਪ੍ਰਗਟ ਹੁੰਦਾ ਵੇਖਦਾ ਹੈ।

ਗਿਰਿ ਤਰ ਥਲ ਜਲ ਭਵਨ ਭਰਪੁਰਿ ਘਟਿ ਘਟਿ ਲਾਲਨ ਛਾਵਨੀ ਨੀਕੀ।।

ਵਿਸਮਾਦ ਦਾ ਗੂੜਾ ਰਿਸ਼ਤਾ ਇਕ ਅੰਦਰਲੀ ਮੁਸਕਾਨ ਨਾਲ ਹੈ। ਇਹ ਅਜਿਹੀ ਮੁਸਕਾਨ ਹੈ ਜੋ ਆਪਣੇ ਆਪੇ ਦਾ ਆਨੰਦ ਮਾਣਦੀ ਹੈ। ਇਕ ਐਸਾ ਅਚੰਭਿਤ ਆਨੰਦ ਜੋ ਆਪਣੇ ਆਪ ਵਿਚ ਵਿਲੀਨ ਹੋ ਕੇ ਆਪਣਾ ਵਿਸਥਾਰ ਕਰਦਾ ਤੇ ਫਿਰ ਆਪਣੀ ਹੀ ਬਹੁਲਤਾ ਤੇ ਵਿਸ਼ਾਲਤਾ ਵਿਚ ਹੋਰ ਵਧੇਰੇ ਵਿਲੀਨ ਹੁੰਦਾ ਚਲਾ ਜਾਂਦਾ ਹੈ। ਇਹ ਇਕ ਸੁਹਜਾਤਮਕ ਸਰੂਰ ਹੈ ਜਿਸਦੇ ਅਨੁਭਵ ਵਿਚ ਸੁਰਤ ਵਹਿ ਤੁਰਦੀ ਹੈ। ਅਜਿਹੇ ਸੁਆਦਲੇ ਅਨੁਭਵ ਦੀ ਪ੍ਰੋੜਤਾ ਗੁਰਬਾਣੀ ਦੀਆਂ ਇਨ੍ਹਾਂ ਪੰਕਤੀਆਂ ਤੋਂ ਹੋ ਜਾਂਦੀ ਹੈ:

ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ।।
ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ।।

ਜਦੋਂ ਕੋਈ ਰਹਸਮਈ ਰੌਸ਼ਨੀ ਸੁਰਤਿ ਉਤੇ ਛਾਅ ਜਾਵੇ ਅਤੇ ਉਸਦੀ ਸੁੰਦਰਤਾ ਵੀ ਪ੍ਰਤੱਖ ਦਿਸ ਰਹੀ ਹੋਵੇ ਪਰ ਉਹ ਅਨੁਭਵ ਦੇ ਕਲਾਵੇ ਵਿਚ ਨਾ ਆ ਸਕਦੀ ਹੋਵੇ। ਇਸੇ ਤਰ੍ਹਾਂ ਜਦੋਂ ਸੁਰਤਿ ਬਿਜਲੀ ਦੀ ਝਲਕਾਰ ਦਾ ਲੜ ਫੜਨ ਲਈ ਦੌੜੇ ਪਰ ਕੇਵਲ ਉਸ ਦੀ ਕਿੰਗਰੀ ਦੀ ਹਲਕੀ ਛੋਹ ਹੀ ਪ੍ਰਾਪਤ ਕਰ ਸਕੇ ਤੇ ਉਸੇ ਤੋਂ ਉਪਰੰਤ ਮਨ ਇਕ ਖਾਸ ਸੁਆਦ ਨਾਲ ਭਰ ਜਾਏ ਤਾਂ ਅਜਿਹੀ ਅਵਸਥਾ ਵਿਚ ਵਿਸਮਾਦ ਕੇਵਲ ਜਾਗਦਾ ਹੀ ਨਹੀਂ ਬਲਕਿ ਰੂਹੇ-ਜ਼ਮੀਨ ਉਤੇ ਪੂਰੀ ਤਰ੍ਹਾਂ ਛਾ ਜਾਂਦਾ ਹੈ ਅਤੇ ਸੁਰਤਿ ਵਿਸਮਾਦ ਵਿਚ ਹੀ ਟਿਕ ਜਾਂਦੀ ਹੈ।

ਵੇਖ ਵਿਡਾਣੁ ਰਹਿਆ ਵਿਸਮਾਦੁ।।
ਨਾਨਕ ਬੁਝਣੁ ਪੂਰੈ ਭਾਗਿ।।

ਅਜਿਹੇ ਵਿਸਮਾਦੀ ਅਨੁਭਵ ਤੋਂ ਅਨੇਕਾਂ ਵਾਰ ਆਪਾ ਵਾਰਨ ਨੂੰ ਜੀਅ ਕਰਦਾ ਹੈ, ਪਰ ਇਕ ਮਜਬੂਰੀ ਵੀ ਪ੍ਰਤੀਤ ਹੁੰਦੀ ਹੈ ਕਿ ਇਸ ਵਿਡਾਣ ਦੇ ਮੁਕਾਬਲੇ ਵਿਚ ਇਕ ਵਾਲ ਜਿੰਨੀ ਕੁਰਬਾਨੀ ਕਰਨ ਜੋਗੀ ਵੀ ਸਮਰਥਾ ਨਹੀਂ ਹੈ। ਜਿਸ ਕਾਰਨ ਸੁਰਤਿ ਬੇ-ਅਖ਼ਤਿਆਰ ਹੋ ਕੇ ਕੂਕਦੀ ਹੈ:

ਵਾਰਿਆ ਨ ਜਾਵਾ ਏਕ ਵਾਰ।।

ਕਰਤਾ ਪੁਰਖ ਦੀ ਮਹਾਨ ਕੀਰਤ ਦੀ ਉਸਤਤ ਕਰਨ ਲਈ ਪਹਿਲਾਂ ਉਸਦੀ ਕਿਰਤ ਵਿਚ ਡੁੱਬਣਾ ਪਵੇਗਾ। ਇਸ ਕਦਰ ਕਰਤਾ ਪੁਰਖ ਨਾਲ ਇਕਮਿਕ ਹੋ ਜਾਣ ਉਪਰੰਤ ਉਸਦੀ ਬਣਾਈ ਸਪੂੰਰਨ ਸ੍ਰਿਸ਼ਟੀ ਨੂੰ ਵੇਖਕੇ ਆਪ ਮੁਹਾਰੇ ਹੀ ਉਸਦੀ ਉਸਤਤ ਵਿਚ 'ਵਾਹ' ਸ਼ਬਦ ਜ਼ੁਬਾਨ ਤੋਂ ਨਿਕਲ ਜਾਂਦਾ ਹੈ। ਇਸ ਤਰ੍ਹਾਂ ਸਾਧਕ ਅੰਦਰ ਵਿਸਮਾਦੀ ਅਵਸਥਾ ਦਾ ਆਗਾਜ਼ ਹੁੰਦਾ ਹੈ। 'ਵਾਹੁ ਵਾਹੁ' ਦੀ ਵਿਸਮਾਦਿਕਤਾ ਹੀ ਇਨ੍ਹਾਂ ਪੰਕਤੀਆਂ ਵਿਚ ਗੂੰਜਦੀ ਹੈ:

ਵਾਹੁ ਵਾਹੁ ਕਾ ਬਡਾ ਤਮਾਸਾ।।
ਆਪੇ ਹਸੈ ਆਪਿ ਹੀ ਚਿਤਵੈ ਆਪੇ ਚੰਦੁ ਸੂਰੁ ਪਰਗਾਸਾ।।
ਆਪੇ ਜਲੁ ਆਪੇ ਥਲੁ ਥੰਮਨੁ ਆਪੇ ਕੀਆ ਘਟਿ ਘਟਿ ਬਾਸਾ।।
ਆਪੇ ਨਰੁ ਆਪੇ ਫੁਨਿ ਨਾਰੀ ਆਪੇ ਸਾਰਿ ਆਪ ਹੀ ਪਾਸਾ।।
ਗੁਰਮੁਖਿ ਸੰਗਤਿ ਸਭੈ ਬਿਚਾਰਹੁ ਵਾਹੁ ਵਾਹੁ ਕਾ ਬਡਾ ਤਮਾਸਾ।।

ਵਿਸਮਾਦ ਰਸ ਨੂੰ ਮਾਣ ਰਿਹਾ ਸਾਧਕ ਬੇਸ਼ਕ ਜਾਣ ਬਹੁਤ ਕੁਝ ਗਿਆ ਹੁੰਦਾ ਹੈ ਪਰ ਉਹ ਬਹੁਤੇ ਸ਼ਬਦਾਂ ਵਿਚ ਆਪਣੇ ਅਨੁਭਵ ਨੂੰ ਬਿਆਨ ਕਰਨ ਵਿਚ ਅਸਮਰਥ ਮਹਿਸੂਸ ਕਰਦਾ ਹੈ। ਉਹ ਕੇਵਲ 'ਵਾਹ' ਹੀ ਆਖ ਸਕਦਾ ਹੈ। ਭੱਟ ਗਯੰਦ ਜੀ ਤਦੇ ਤਾਂ ਕਹਿੰਦੇ ਹਨ: 'ਵਾਹੁ ਵਾਹੁ ਕਾ ਬਡਾ ਤਮਾਸਾ'। ਕੁਝ ਇਸ ਤਰ੍ਹਾਂ ਵਿਸਮਾਦ ਨਾਮ-ਰਸ ਜਾਂ ਹਰਿ-ਰਸ ਦਾ ਸੁਆਦ ਹੋ ਕੇ ਵਰਤਦਾ ਹੈ:

ਹਰਿ ਰਸ ਕਾ ਤੂੰ ਚਾਖਹਿ ਸਾਦੁ।।
ਚਾਖਤ ਹੋਇ ਰਹਹਿ ਬਿਸਮਾਦੁ।।
ਵੇਮੁਹਤਾਜਾ ਵੇਪਰਵਾਹੁ।।
ਨਾਨਕ ਦਾਸ ਕਹਹੁ ਗੁਰ ਵਾਹੁ।।

ਸੋ ਵਿਸਮਾਦ ਨਾਲ ਭਰੇ ਸੁਹਜਾਤਮਕ ਅਨੁਭਵ ਨੂੰ ਜ਼ੁਬਾਨ ਨਾਲ ਬਿਆਨ ਨਹੀਂ ਕੀਤਾ ਜਾ ਸਕਦਾ। ਅਚੰਭਿਤ ਹੋਈ ਸੁਰਤ ਦਾ ਸਰੂਰ ਇਸ ਅਬੋਲ ਅਵਸਥਾ ਨੂੰ ਪੈਦਾ ਕਰ ਦਿੰਦਾ ਹੈ। 'ਸਤਿ' ਦੀ ਮੌਜੂਦਗੀ ਅੰਦਰ ਘਟਿਤ ਹੋ ਰਹੀ ਇਹ ਇਕ 'ਅਕੱਥ' ਅਵਸਥਾ ਹੁੰਦੀ ਹੈ।

ਕਹਨੁ ਨ ਜਾਈ ਅਚਰਜ ਬਿਸਮਾਦ।।
ਜਾ ਕੈ ਅੰਤਰਿ ਹਰਿ ਹਰਿ ਸੁਆਦੁ।।
ਕਹਨੁ ਨ ਜਾਈ ਨਾਨਕ ਬਿਸਮਾਦੁ।।

ਗੁਰੂ ਨਾਨਕ ਦੇਵ ਜੀ ਦੀਆਂ ਬਸੰਤ ਰੁੱਤ ਸੰਬੰਧੀ ਪੰਕਤੀਆਂ ਵਿਚਾਰਨਯੋਗ ਹਨ ਕਿ ਬਸੰਤ ਦੇ ਆਗਮਨ ਤੋਂ ਪਹਿਲਾਂ ਅਕਾਲਪੁਰਖ ਆਪ ਖਿੜਿਆ ਹੈ। ਉਸ ਦੇ ਖਿੜਾਅ ਤੋਂ ਹੀ ਸੁਹਜਮਈ ਬਸੰਤ ਖਿੜਦੀ ਹੈ। ਜਿਸ ਵਾਹਿਗੁਰੂ ਤੋਂ ਸਾਰੇ ਖਿੜਦੇ ਹਨ, ਉਸਨੂੰ ਖਿੜਾਉਣ ਵਾਲਾ ਕੋਈ ਨਹੀਂ।

ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ।।
ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ।

ਗੁਰਮਤਿ ਚਿੰਤਨ ਅਨੁਸਾਰ ਪਰਮਾਤਮਾ ਅਕੱਥ, ਅਪਹੁੰਚ ਤੇ ਅਪ੍ਰਗਟ ਹੋਣ ਕਰਕੇ ਉਸਨੂੰ ਨਾ ਤਾਂ ਸਮਝਿਆ ਜਾ ਸਕਦਾ ਹੈ ਤੇ ਨਾ ਹੀ ਪ੍ਰਗਟਾਇਆ ਜਾ ਸਕਦਾ ਹੈ। ਪਰਮਾਤਮਾ ਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ। ਉਸ ਅਸੀਮ ਸ਼ਕਤੀ ਨੂੰ ਮਹਿਸੂਸ ਕਰਨ ਵਾਸਤੇ ਪ੍ਰੇਮ ਅਤੇ ਅਸਚਰਜਤਾ ਨੂੰ ਪ੍ਰਥਮ ਲੱਛਣਾਂ ਵਜੋਂ ਪਰਵਾਨ ਕੀਤਾ ਗਿਆ ਹੈ। ਇਹ ਸੱਚਾ ਪ੍ਰੇਮ ਹਰਿ ਰਸ ਜਾਂ ਨਾਮ ਸਿਮਰਨ ਤੋਂ ਹੀ ਪੈਦਾ ਹੁੰਦਾ ਹੈ। ਪਰਮਾਤਮਾ ਦੀ ਸਮ੍ਰਿਤੀ ਭਾਵ ਯਾਦ ਹੀ ਚਾਹਤ ਬਣਦੀ ਹੈ ਜੋ ਵਿਸਮਾਦੀ ਮੰਡਲਾਂ ਤੱਕ ਪਹੁੰਚਣ ਦੀ ਕਾਬਲਿਅਤ ਰੱਖਦੀ ਹੈ। ਫ਼ਿਰ ਇਹ 'ਤੂੰ ਹੀ ਤੂੰ' ਦੀ ਅਨੰਦਤ ਅਵਸਥਾ ਬਣ ਜਾਂਦੀ ਹੈ।ਇਹ ਪਰਮਾਤਮ ਗੁਣਾਂ ਨੂੰ ਧਿਆਨ ਵਿਚ ਬਣਾਈ ਰੱਖਣ ਦੀ ਨਿਰੰਤਰਤਾ ਹੈ ਜੋ ਵਿਸਮਾਦਤ ਅਵਸਥਾ ਪੈਦਾ ਕਰਨ ਵਿਚ ਸਹਾਈ ਹੁੰਦੀ ਹੈ।

ਹਰਿ ਸਿਮਰਨਿ ਧਾਰੀ ਸਭ ਧਰਨਾ।।
ਸਿਮਰਿ ਸਿਮਰਿ ਹਰਿ ਕਾਰਨ ਕਰਨਾ।।
ਹਰਿ ਸਿਮਰਨਿ ਕੀਓ ਸਗਲ ਅਕਾਰਾ।।
ਹਰਿ ਸਿਮਰਨ ਮਹਿ ਆਪਿ ਨਿਰੰਕਾਰਾ।।
ਕਰਿ ਕਿਰਪਾ ਜਿਸੁ ਆਪਿ ਬੁਝਾਇਆ।।
ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ।।

ਜਿਸ ਅੰਦਰ ਇਕ ਵਾਰ ਠਾਕੁਰ ਦੇ ਸੁਹਜਮਈ ਅਨੁਭਵ ਦਾ ਬਾਣ ਲੱਗ ਜਾਵੇ, ਉਹ ਠਾਕੁਰ ਦਾ ਪੱਕਾ ਦਾਸ ਬਣ ਜਾਂਦਾ ਹੈ। ਫਿਰ ਉਹ ਸਾਧਕ ਗੁਰੂ ਦੀ ਮੱਤ 'ਤੇ ਤੁਰ ਕੇ ਪਰਮਾਤਮਾ ਦੀ ਸਿਫ਼ਤ-ਸਾਲਾਹ ਵਿਚ ਜੁੜਕੇ ਵਿਸਮਾਦੀ ਰੰਗ ਮਾਣਦਾ ਹੈ। ਪਰਮਾਤਮਾ ਦੇ ਸੁਹਜ ਦੀ ਲਗਨ ਲੱਗਣ ਕਾਰਨ ਮਾਇਆ ਦਾ ਬੰਧਨ ਟੁਟ ਜਾਂਦਾ ਹੈ। ਆਪਣੇ ਸੁਹਜਮਈ ਮੁਰਸ਼ਦ ਦਾ ਦਰਸ਼ਨ ਉਸਨੂੰ ਪਿਆਰ ਵਿਚ ਬੰਨ੍ਹਕੇ ਮਸਤ ਕਰ ਦਿੰਦਾ ਹੈ।

ਜਗਿਆਸੂ ਦੀ ਉਹ ਆਤਮਾ ਜੋ ਮਾਇਆ ਦੇ ਮੋਹ ਦੇ ਹਨੇਰ ਵਿਚ ਸੁੱਤੀ ਪਈ ਸੀ ਉਹ ਗੁਰੂ ਦੀ ਕਿਰਪਾ ਨਾਲ ਜਾਗ ਉਠਦੀ ਹੈ। ਜਿਸ ਕਾਰਨ ਹੁਣ ਉਸਨੂੰ ਆਪਣੇ ਸੋਹਣੇ ਪਰਮਾਤਮਾ ਤੋਂ ਇਲਾਵਾ ਹੋਰ ਕੁਝ ਵੀ ਨਜ਼ਰ ਨਹੀਂ ਆਉਂਦਾ।

ਵਿਸਮਾਦੀ ਜੀਵਨ ਨੂੰ ਜੀਉਣ ਦੀ ਜਾਂਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਪ੍ਰਾਪਤ ਹੁੰਦੀ ਹੈ। ਇਹ ਬੇਮਿਸਾਲਤਾ ਗੁਰੂ ਜੀ ਦੇ ਸੁਹਜਮਈ ਸਰੂਪ ਦੀ ਵਿਲੱਖਣਤਾ ਨੂੰ ਪ੍ਰਗਟ ਕਰਦੀ ਹੈ। ਇਸ ਵਿਚ ਵਿਸਮਾਦੀ ਜੀਵਨ ਦੇ ਵਿਕਾਸ ਤੇ ਵਿਗਾਸ ਦਾ ਸੁਹਜਾਤਮਕ ਦਰਸ਼ਨ ਅਤੇ ਸੁਹਜਾਤਮਕ ਅਨੁਭਵ ਵੀ ਸ਼ਾਮਲ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਮਰੀਕਾ 'ਤੇ 11 ਸਤੰਬਰ ਦੇ ਹਮਲੇ ਦੇ ਯਾਦਗਾਰੀ ਸਮਾਰੋਹ ਵਿੱਚ ਡੇਟਨ ਦੇ ਸਿੱਖਾਂ ਨੇ ਵੀ ਸ਼ਮੂਲੀਅਤ ਕੀਤੀ






**ਨਿਊਯਾਰਕ, (ਰਾਜ ਗੋਗਨਾ)–** ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਡੇਟਨ ਦੇ ਸਿੱਖ ਭਾਈਚਾਰੇ ਨੇ ਸੈਂਕੜੇ ਹੋਰ ਸਥਾਨਕ ਅਮਰੀਕਨਾਂ ਨਾਲ 11 ਸਤੰਬਰ, 2001 ਨੂੰ ਨਿਊਯਾਰਕ ਵਿਖੇਂ ਵਰਲਡ ਟਰੇਡ ਸੈਂਟਰ ਟਾਵਰਾਂ ਅਤੇ ਪੈਂਟਾਗਨ 'ਤੇ ਹੋਏ ਅੱਤਵਾਦੀ ਹਮਲਿਆਂ ਦੀ 21ਵੀਂ ਵਰ੍ਹੇਗੰਢ ਮਨਾਉਂਦੇ ਹੋਏ ਬੀਵਰਕ੍ਰੀਕ ਦੇ 9/11 ਮੈਮੋਰੀਅਲ ਵਿਖੇ ਸ਼ਰਧਾਂਜਲੀ ਦਿੱਤੀ। ਇਸ ਸਲਾਨਾ ਯਾਦਗਾਰੀ ਸਮਾਰੋਹ ਦਾ ਆਯੋਜਨ ਬੀਵਰਕ੍ਰੀਕ ਦੇ 9/11 ਮੈਮੋਰ-ੀਅਲ ਵਿਖੇ ਕੀਤਾ ਗਿਆ ਸੀ ਤਾਂ ਜੋ ਉਸ ਦਿਨ ਗੁਆਚੀਆਂ ਜਾਨਾਂ ਅਤੇ ਕੁਰਬਾਨੀਆਂ ਨੂੰ ਯਾਦ ਕੀਤਾ ਜਾ ਸਕੇ। ਇਹਨਾਂ ਟਾਵਰ ਦੀਆਂ ਇਮਾਰਤਾਂ ਵਿੱਚ ਅਤੇ ਆਲੇ ਦੁਆਲੇ 2600 ਤੋਂ ਵੱਧ ਲੋਕ ਮਾਰੇ ਗਏ ਸਨ ਜਦੋਂ ਅੱਤਵਾਦੀਆਂ ਨੇ ਹਵਾਈ ਜਹਾਜ਼ਾਂ ਨੂੰ ਅਗਵਾ ਕੀਤਾ ਅਤੇ ਟਾਵਰਾਂ ਨਾਲ ਟਕਰਾਅ ਦਿੱਤਾ, 186 ਲੋਕ ਪੈਂਟਾਗਨ ਵਿਖੇ ਜਹਾਜ਼ ਨਾਲ ਕੀਤੇ ਗਏ ਹਮਲੇ ਅਤੇ 40 ਪੈਨਸਿਲਵੇਨੀਆ ਵਿੱਚ ਇੱਕ ਜਹਾਜ਼ ਹਾਦਸੇ ਵਿੱਚ ਮਾਰੇ ਗਏ ਸਨ।

ਬੀਵਰਕ੍ਰੀਕ ਦੇ ਇਸ 9/11 ਮੈਮੋਰੀਅਲ ਵਿੱਚ ਸਟੀਲ ਦਾ ਇੱਕ 25-ਫੁੱਟ ਉੱਚਾ ਮੁੜਿਆ ਹੋਇਆ ਪਿਲਰ ਸਥਾਪਿਤ ਕੀਤਾ ਗਿਆ ਹੈ, ਜੋ ਹਮਲੇ ਤੋਂ ਪਹਿਲਾਂ ਵਰਲਡ ਟਰੇਡ ਸੈਂਟਰ ਦੇ ਉੱਤਰੀ ਟਾਵਰ ਦੀਆਂ 101ਵੀਂ ਅਤੇ 105ਵੀਂ ਮੰਜ਼ਿਲਾਂ ਦੇ ਵਿਚਕਾਰ ਲੱਗਾ ਹੋਇਆ ਸੀ। ਇਸ ਟੁਕੜੇ ਨੂੰ ਦੋ ਅੱਗ ਬੁਝਾਉ ਦਸਤਿਆਂ ਦੁਆਰਾ ਬੀਵਰਕ੍ਰੀਕ ਵਿੱਚ ਲਿਆਂਦਾ ਗਿਆ ਸੀ ਜੋ ਓਹਾਇਓ ਟਾਸਕ ਫੋਰਸ ਵਨ ਦਾ ਹਿੱਸਾ ਸਨ ਅਤੇ ਇਹਨਾਂ ਨੇ ਨਿਊਯਾਰਕ ਵਿੱਚ ਗਰਾਊਂਡ ਜ਼ੀਰੋ ਵਿਖੇ ਬਚਾਅ ਕਾਰਜਾਂ ਵਿੱਚ ਸਹਾਇਤਾ ਕੀਤੀ ਸੀ। ਸਮਾਰੋਹ ਵਿੱਚ ਯਾਦਗਾਰ ਉੱਤੇ ਝੰਡਾ ਨੀਵਾਂ ਕੀਤਾ ਗਿਆ, ਫੋਜ ਦੇ ਜਵਾਨਾਂ ਵੱਲੋ ਰਾਸ਼ਟਰੀ ਗੀਤ ਗਾਇਆ, ਅਤੇ ਇੱਕ ਰਸਮੀ ਘੰਟੀ ਵਜਾਈ ਗਈ। ਬੀਵਰਕ੍ਰੀਕ ਦੇ ਮੇਅਰ ਬੌਬ ਸਟੋਨ ਨੇ ਸ਼ਰਧਾਂਜਲੀ ਸੰਦੇਸ਼ ਦਿੱਤਾ। ਗ੍ਰੀਨ ਕਾਉਂਟੀ ਦੇ ਕਮਿਸ਼ਨਰ ਰਿੱਕ ਪਿਰੈਲਸ ਵੀ ਇਸ ਸਮਾਗਮ ਵਿੱਚ ਸ਼ਾਮਲ ਹੋਏ। ਸਮਾਰੋਹ ਵਿੱਚ ਸ਼ਾਮਲ ਹੋਏ ਸਿੱਖ ਭਾਈਚਾਰੇ ਦੇ ਕਾਰਕੁਨ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ, "ਅਸੀਂ ਇਸ ਸਮਾਰੋਹ ਵਿੱਚ ਉਨ੍ਹਾਂ ਪੁਰਸ਼ਾਂ ਅਤੇ ਔਰਤਾਂ ਨੂੰ ਸ਼ਰਧ-ਾਂਜਲੀ ਦੇਣ ਲਈ ਇਕੱਠੇ ਹੋਏ, ਜਿਨ੍ਹਾਂ ਨੇ ਇਹਨਾਂ ਹਮਲਿਆਂ ਵਿੱਚ ਆਪਣੀ ਜਾਣ ਗੁਆ ਦਿੱਤੀ ਅਤੇ ਜਿਸ ਵਿੱਚ ਅੱਗ ਬੁਝਾਊ ਅਮਲੇ ਦੇ ਮੈਂਬਰ, ਪੁਲਿਸ ਅਧਿਕਾਰੀ ਤੇ ਮੈਡੀਕਲ ਸੇਵਾਵਾਂ ਦੇ ਅਮਲੇ ਵੀ ਸ਼ਾਮਲ ਸਨ। ਅਸੀਂ ਫੌਜੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਵੀ ਸਨਮਾਨ ਕਰਦੇ ਹਾਂ ਜਿਨ੍ਹਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ।" ਗੁਮਟਾਲਾ ਨੇ ਜਾਣਕਾਰੀ ਦਿੱਤੀ ਕਿ ਹਰ ਸਾਲ ਭਾਈਚਾਰੇ ਵਲੋਂ ਬਲਬੀਰ ਸਿੰਘ ਸੋਢੀ ਨੂੰ ਵੀ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਇਸ ਹਮਲੇ ਤੋਂ ਚਾਰ ਦਿਨ ਬਾਅਦ ਉਹਨਾਂ ਦੇ ਮੀਸਾ, ਐਰੀਜ਼ੋਨਾ ਗੈਸ ਸਟੇਸ਼ਨ ਦੇ ਬਾਹਰ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਜਿੰਨਾ ਦਾ ਪੰਜਾਬ ਤੋ ਪਿਛੋਕੜ ਜਿਲ੍ਹਾ ਕਪੂਰਥਲਾ ਦੇ ਕਸਬਾ ਨਡਾਲਾ ਨਾਲ ਸੀ।ਦੱਸਣਯੋਗ ਹੈ ਕਿ ਉਸ ਸਮੇਂ ਹਮਲਾਵਰ 11 ਸਤੰਬਰ ਦੇ ਹਮ-ਲਿਆਂ ਦਾ ਬਦਲਾ ਲੈਣ ਲਈ "ਮੁਸਲਮਾਨਾਂ ਨੂੰ ਮਾਰਨਾ" ਚਾਹੁੰਦਾ ਸੀ। ਇਹ 9/11 ਦੇ ਹਮਲੇ ਤੋਂ ਬਾਦ ਦਾ ਪਹਿਲਾ ਘਾਤਕ ਨਫ਼ਰਤੀ ਅਪਰਾਧ ਸੀ। ਇਸ ਤੋਂ ਬਾਦ ਸਿੱਖਾਂ, ਮੁਸਲਮਾਨਾਂ, ਦੱਖਣੀ ਏਸ਼ੀ-ਆਈ ਅਤੇ ਹੋਰਨਾਂ ਵਿਰੁੱਧ ਨਫ਼ਰਤ ਅਤੇ ਵਿਤਕਰੇ ਦੀਆਂ ਘਟਨਾਵਾਂ ਦੀ ਇੱਕ ਲਹਿਰ ਦੀ ਸ਼ੁਰੂਆਤ ਹੋਈ ਸੀ। ਡੇਟਨ ਅਤੇ ਇਸ ਦੇ ਨਾਲ ਲੱਗਦੇ ਸ਼ਹਿਰ ਸਿਨਸਿਨਾਟੀ ਦੇ ਗੁਰਦੁਆਰਾ ਸਾਹਿਬ ਤੋਂ ਇਲਾਵਾ ਬਾਕੀ ਦੇਸ਼ ਦੇ ਗੁਰਦੁਆਰਿਆਂ ਵਿਖੇ ਵੀ ਮਾਰੇ ਗਏ ਲੋਕਾਂ ਦੀ ਆਤਮਕ ਸ਼ਾਤੀ ਲਈ ਅਰਦਾਸ ਕੀਤੀ ਗਈ। ਇਸ ਸਮਾਰੋਹ ਵਿੱਚ ਸਿੱਖ ਭਾਈਚਾਰੇ ਤੋਂ ਡਾਕਟਰ ਚਰਨਜੀਤ ਸਿੰਘ ਗੁਮਟਾਲਾ, ਅਵਤਾਰ ਸਿੰਘ ਸਪਰਿੰਗਫੀਲਡ, ਰਾਜਪਾਲ ਸਿੰਘ, ਰਾਈਟ ਸਟੇਟ ਯੂਨੀਵਰਸਿਟੀ ਦੇ ਵਿਦਿਆਰਥੀ ਹਰਰੂਪ ਸਿੰਘ, ਹਰਸ਼ਦੀਪ ਸਿੰਘ, ਨਵਰਤਨ ਸਿੰਘ ਆਦਿ ਸ਼ਾਮਲ ਹੋਏ। ਇੱਥੇ ਇਹ ਦੱਸਣਯੋਗ ਹੈ ਕਿ ਵਰਲਡ ਟਰੇਡ ਸੈਂਟਰ ਦੇ ਬਹੁਰ ਸਾਰੇ ਇਹਨਾਂ ਪਿਲਰਾਂ ਨੂੰ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਬਣਾਈਆਂ ਯਾਦਗਾਰਾਂ 'ਤੇ ਸਥਾਪਿਤ ਕੀਤਾ ਗਿਆ ਹੈ ਜਿੱਥੇ ਲੋਕ ਕਿਸੇ ਵੀ ਸਮੇਂ ਸ਼ਰਧਾਂਜਲੀ ਭੇਂਟ ਕਰ ਸਕਦੇ ਹਨ।

# ਸਨਬੋਨੀਫਾਚੋ ਵਿਖੇ "ਤੀਆਂ ਦੇ ਮੇਲੇ ਚ ਮੁਟਿਆਰਾਂ ਨੇ 'ਜਾਗੋ' ਦੀ ਵਿਲੱਖਣ ਪੇਸ਼ਕਾਰੀ ਕਰ ਕੇ ਨਿਵੇਕਲਾ ਰੰਗ ਬੰਨਿਆ





**ਰੋਮ (ਇਟਲੀ) (ਟੇਕ ਚੰਦ ਜਗਤਪੁਰ)–** ਪੰਜਾਬੀ ਸੱਭਿਆਚਾਰ ਦੇ ਮਹੱਤਵਪੂਰਨ ਤਿਉਹਾਰ ਤੀਆਂ ਨੂੰ ਸਮੱਰਪਿਤ ਵਿਦੇਸ਼ਾਂ ਚ ਹੋਣ ਵਾਲੇ ਸਮਾਗਮਾਂ ਦੀ ਲੜੀ ਤਹਿਤ ਇਟਲੀ ਦੇ ਜਿਲ੍ਹਾ ਵਿਰੋਨਾ ਦੇ ਕਸਬਾ ਸਨਬੋਨੀਫਾਚੋ ਵਿਖੇ ਸਥਿਤ ਜੰਮੂ ਰੈਸਟੋਰੈਂਟ ਵਿਖੇ ਬਲਵਿੰਦਰ ਸੁੰਮਨ ਦੀ ਸਰਪ੍ਰਸਤੀ ਹੇਠ ਪਿੰਕੀ, ਸਰਬਜੀਤ ਸਾਬੀ, ਪ੍ਰੀਤੀ, ਸੀਮਾ, ਰਤਨ, ਸਰਬਜੀਤ, ਦੀਸ਼ੋ ਆਦਿ ਦੇ ਸਹਿਯੋਗ ਨਾਲ ਇਸ ਤਿਉਹਾਰ ਨੂੰ ਮਨਾਉਣ ਲਈ " ਤੀਆਂ ਦਾ ਮੇਲਾ" ਉਤਸ਼ਾਹਪੂਰਵਕ ਕਰਵਾਇਆ ਗਿਆ ਜਿਸ ਵਿਚ ਭਾਰਤ ਦੇ ਵੱਖ ਵੱਖ ਰਾਜਾਂ, ਜਿਵੇ ਪੰਜਾਬ, ਹਰਿਆਣਾ, ਚੰਡੀਗੜ, ਰਾਜਸਤਾਨ ਆਦਿ ਦੀਆਂ ਮੁਟਿਆਰਾ ਨੇ ਰੰਗ -ਵਰੰਗੀਆਂ ਪੁਸ਼ਾਕਾਂ ਚ ਸਜ ਕੇ ਵੱਖ ਵੱਖ ਪੰਜਾਬੀ ਬੋਲੀਆਂ ਤੇ ਗਿੱਧੇ ਦੀਆਂ ਧਮਾਲਾਂ ਪਾ ਕੇ ਦਰਸ਼ਕਾਂ ਨੂੰ ਝੂਮਣ ਲਗਾ ਦਿੱਤਾ। ਮੁਟਿਆਰਾਂ ਨੇ ਅਜਿਹਾ ਰੰਗ ਬੱਨ੍ਹਿਆਂ ਕੇ ਸਾਰਾ ਆਲਮ ਖੁਸ਼ਗਵਾਰ ਬਣਾ ਦਿੱਤਾ। ਇਸ ਮੌਕੇ ਤੇ ਜਾਗੋ ਦੀ ਵਿਲੱਖਣ ਪੇਸ਼ਕਾਰੀ ਕਰ ਕੇ ਨਿਵੇਕਲਾ ਰੰਗ ਬੰਨਿਆ ਅਤੇ ਵਿਆਹ ਵਰਗਾ ਮਹੌਲ ਸਿਰਜ ਦਿਤਾ। ਇਸ ਮੌਕੇ ਪੰਜਾਬੀ ਸੱਭਿਆਚਾਰਕ ਵੰਨਗੀਆਂ ਤੇ ਪੁਰਾਤਨ ਕਲਾ ਕ੍ਰਿਤ ਦੀ ਪ੍ਰਦਰਸ਼ਨੀ ਵੀ ਲਗਾਈ ਗਈ ਜਿਸ ਅਧੀਨ ਮਧਾਣੀਆਂ, ਚਰਖੇ ਤੇ ਘੜੇ ਇਸ ਪ੍ਰਦਰਸ਼ਨੀ ਦਾ ਹਿੱਸਾ ਬਣੇ। ਇਸ ਮੇਲੇ ਚ ਪੰਜਾਬੀ ਸੱਭਿਆਚਾਰ ਤੇ ਅਮੀਰ ਪੁਰਾਤਨ ਵਿਰਸੇ ਦੀ ਝਲਕ ਦੇਖਣ ਨੂੰ ਮਿਲੀ। ਇਸ ਮੌਕੇ ਹਰਮਨ ਦਾਦਰਾ, ਮਨੀਸ਼ਾ, ਨਵਨੀਤ ਦਾਦਰਾ ਨੇ ਵੀ ਆਪਣੀ ਕਲਾ ਦਾ ਪ੍ਰਦਸ਼ਨ ਕੀਤਾ।

# ਮਾਮਲਾ ਸਿੱਖ ਵਿਰੋਧੀ ਕਤਲੇਆਮ ਦਾ ਕਾਰਵਾਈ ਕਰਨ 'ਵਿਚ ਅਸਫ਼ਲ ਰਹੇ ਸਾਬਕਾ ਪੁਲਿਸ ਕਰਮੀ ਨੂੰ ਅਦਾਲਤ ਵਲੋਂ ਸਜ਼ਾ ਦੇਣ ਦੇ ਆਦੇਸ਼

**ਨਵੀਂ ਦਿੱਲੀ–**ਦਿੱਲੀ ਹਾਈ ਕੋਰਟ ਨੇ ਬੀਤੇ ਦਿਨੀਂ 1984 ਦੇ ਸਿੱਖ ਵਿਰੋਧੀ ਕਤਲੇਆਮ ਨਾਲ ਜੁੜੇ ਇਕ ਮਾਮਲੇ ਵਿਚ ਸਮਰੱਥ ਅਧਿਕਾਰੀ ਨੂੰ ਇਹ ਸੁਤੰਤਰਤਾ ਦਿੱਤੀ ਕਿ ਉਹ ਸ਼ਹਿਰ ਦੇ ਇਕ ਸੇਵਾ-ਮੁਕਤ ਪੁਲਿਸ ਅਧਿਕਾਰੀ ਨੂੰ 'ਉਚਿਤ ਸਜ਼ਾ ਦਾ ਆਦੇਸ਼' ਦੇਵੇ ਜੋ ਕਥਿਤ ਤੌਰ 'ਤੇ ਲੋੜੀਂਦੀ ਪੁਲਿਸ ਤੈਨਾਤ ਕਰਨ, ਇਹਤਿਆਤ ਦੇ ਤੌਰ 'ਤੇ ਹਿਰਾਸਤ ਵਿਚ ਲੈਣ ਅਤੇ ਹਿੰਸਾ ਦੌਰਾਨ ਦੰਗਾਕਾਰੀਆਂ 'ਤੇ ਲਗਾਮ ਲਗਾਉਣ ਲਈ ਕਾਰਵਾਈ ਕਰਨ ਵਿਚ ਅਸਫ਼ਲ ਰਿਹਾ। ਇਸ ਦੇ ਨਾਲ ਹੀ ਅਦਾਲਤ ਨੇ ਇਹ ਵੀ ਕਿਹਾ ਕਿ ਕਤਲੇਆਮ ਤੋਂ ਸਾਲਾਂ ਬਾਅਦ ਵੀ ਲੋਕ ਦੁੱਖ ਝੱਲ ਰਹੇ ਹਨ। ਹਾਈ ਕੋਰਟ ਦੇ ਚੀਫ ਜਸਟਿਸ ਸਤੀਸ਼ ਚੰਦਰ ਸ਼ਰਮਾ ਦੀ ਅਗਵਾਈ ਵਾਲੇ ਬੈਂਚ ਨੇ ਕਿੰਗਸ-ਵੇਅ ਕੈਂਪ ਥਾਣੇ ਦੇ ਤਤਕਾਲੀਨ ਥਾਣਾ ਮੁਖੀ ਖ਼ਿਲਾਫ਼ ਅਨੁਸ਼ਾਸਨਾਤਮਕ ਅਥਾਰਟੀ ਅਤੇ ਕੇਂਦਰੀ ਪ੍ਰਸ਼ਾਸਨਿਕ ਟ੍ਰਿਬਿਊਨਲ ਵਲੋਂ ਜਾਰੀ ਆਦੇਸ਼ਾਂ ਨੂੰ ਖਾਰਜ ਕਰਦੇ ਹੋਏ ਕਿਹਾ ਕਿ ਕਤਲੇਆਮ ਵਿਚ ਨਿਰਦੋਸ਼ ਲੋਕਾਂ ਦੀ ਜਾਨ ਚਲੀ ਗਈ ਅਤੇ ਪੁਲਿਸ ਅਧਿਕਾਰੀ ਨੂੰ ਉਸ ਦੀ 79 ਸਾਲ ਦੀ ਉਮਰ ਦੇ ਚਲਦਿਆਂ ਛੋਟ ਨਹੀਂ ਦਿੱਤੀ ਜਾ ਸਕਦੀ। ਬੈਂਚ ਨੇ ਕਿਹਾ ਕਿ ਉਸ ਦੀ ਉਮਰ 100 ਸਾਲ ਵੀ ਹੋ ਸਕਦੀ ਹੈ ਪਰ ਕ੍ਰਿਪਾ ਕਰਕੇ ਉਸ ਦਾ ਕਸੂਰ ਦੇਖੋ। ਦੇਸ਼ ਅਜੇ ਵੀ ਉਸ ਦੁੱਖ ਤੋਂ ਗੁਜ਼ਰ ਰਿਹਾ ਹੈ।

# ਪਾਕਿਸਤਾਨ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਇਆ ਬੇਗਮਪੁਰਾ ਏਡ




**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਪਿਛਲੇ ਦਿਨਾਂ ਤੋਂ ਪਾਕਿਸਤਾਨ ਵਿੱਚ ਹੜ ਆਉਣ ਕਾਰਨ ਉਥੇ ਦੇ ਲੋਕ ਬੁਰੀ ਤਰਾਂ ਪ੍ਰਭਾਵਤ ਹੋਣ ਕਰਕੇ ਬੇਗਮਪੁਰਾ ਏਡ ਇੰਟਰਨੈਸਨਲ ਫਰਾਂਸ ਉਨਾਂ ਹੜ ਪੀੜਤਾਂ ਦੀ ਮਦਦ ਕਰਨ ਲਈ ਅੱਗੇ ਔਇਆ ਤੇ ਉਨਾਂ ਦੀ ਮਦਦ ਕਰਨ ਲਈ ਵਿਸੇਸ਼ ਤੋਰ ਤੇ ਪਾਕਿਸਤਾਨ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬੇਗਮਪੁਰਾ ਏਡ ਫਰਾਂਸ ਇੰਟਰਨੈਸਨਲ ਦੇ ਮੁਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਨੇ ਪ੍ਰੈਸ ਨੋਟ ਰਾਂਹੀ ਦੱਸਿਆ ਕਿ ਪਾਕਿਸਤਾਨ ਚ ਹੜਾਂ ਕਾਰਨ ਲੋਕ ਭੁੱਖਮਰੀ ਅਤੇ ਹੋਰ ਬਿਮਾਰੀਆਂ ਦਾ ਸ਼ਿਕਾਰ ਹੋਗਏ ਹਨ ਇਸ ਮੁਸ਼ਕਿਲ ਨੂੰ ਮੁੱਖ ਰੱਖਦੇ ਹੋਏ ਬੇਗਮਪੁਰਾ ਏਡ ਇੰਟਰਨੈਸ਼ਨਲ ਫਰਾਂਸ ਉਨਾਂ ਹੜ ਪੀੜਤ ਪਰਿਵਾਰਾਂ ਲਈ ਲੰਗਰ,ਦਵਾਈਆਂ ਅਤੇ ਹੋਰ ਜਰੂਰੀ ਵਸਤਾਂ ਦਾ ਪ੍ਰਬੰਧ ਕਰੇਗੀ ਉਨਾ ਕਿਹਾ ਕਿ ਬੇਗਮਪੁਰਾ ਏਡ ਬੜੇ ਲੰਬੇ ਸਮੈਂ ਤੋਂ ਭਾਰਤ ਦੇ ਵੱਖ ਵੱਖ ਰਾਜਾਂ ਸਮੇਤ ਪੰਜਾਬ ਅਤੇ ਦੇਸ਼ਾਂ ਵਿਦੇਸ਼ਾਂ ਚ ਲੋੜਬੰਦਾਂ ਲੋਕਾਂ ਲਈ ਮਾਨਵਤਾ ਦੇ ਭਲੇ ਅਤੇ ਸਮਾਜ ਸੇਵੀ ਕਾਰਜਾਂ ਤੇ ਬਿਮਾਰ ਹੋਏ ਲੋਕਾਂ ਦਾ ਇਲਾਜ ਕਰਵਾ ਚੁੱਕੀ ਹੈ ਤੇ ਬੱਚਿਆਂ ਦੀ ਪੜਾਈ ਲਈ ਮਦਦ ਕੀਤੀ ਜਾ ਰਹੀ ਹੈ ਜਿਕਰਯੋਗ ਹੈ ਕਿ ਪਹਿਲਾਂ ਕਰੋਨਾ ਕਾਲ ਅਤੇ ਯੂਕਰੇਨ ਅਤੇ ਰੂਸ ਚ ਯੁੱਧ ਦੇ ਸ਼ਿਕਾਰ ਹੋਏ ਲੋਕਾ ਲਈ ਸਹਾਰਾ ਬਣਕੇ ਆਪਣਾ ਫਰਜ ਅਦਾ ਕੀਤਾ ਉਨਾਂ ਕਿਹਾ ਕਿ ਬੇਗਮਪੁਰਾ ਏਡ ਬਿਨਾਂ ਭੇਦਭਾਵ ਦੇ ਜਿਥੇ ਵੀ ਕਿਤੇ ਮਾਨਵਤਾ ਦੇ ਦੁੱਖ ਦੀ ਘੜੀ ਆਉਦੀ ਹੈ ਤਾਂ ਉਥੇ ਮੋਢੇ ਨਾਲ ਮੋਢਾ ਲਗਾਕੇ ਸਾਥ ਦਿੰਦੀ ਹੈ ਉਨਾਂ ਕਿਹਾ ਕਿ ਅਗਰ ਕੋਈ ਦਾਨੀ ਸੱਜਣ ਇਸ ਮਾਨਵਤਾ ਦੇ ਭਲਾਈ ਕਾਰਜਾਂ ਚ ਯੋਗਦਾਨ ਪਾਉਣ ਲਈ ਕੋਈ ਆਪਣੀਆਂ ਸੇਵਾਵਾਂ ਦੇਣਾ ਚਾਹੁੰਦਾ ਹੈ ਬੇਝਿਜਕ ਮਦਦ ਕਰ ਸਕਦਾ ਹੈ ਤੇ ਬੇਗਮਪੁਰਾ ਏਡ ਆਉਣ ਵਾਲੇ ਸਮੇਂ ਚ ਵੀ ਸਮਾਜ ਸੇਵੀ ਕਾਰਜਾਂ ਲਈ ਆਪਣਾ ਯੋਗਦਾਨ ਪਾਉਦੀ ਰਹੇਗੀ ਕਿਉਕਿ ਇਨਸਾਨ ਇਸ ਧਰਤੀ ਤੇ ਆਉਣ ਦਾ ਅਸਲ ਕਾਰਜ ਸਮੁੱਚੀ ਮਾਨਵਤਾ ਦਾ ਭਲਾ ਕਰਨਾ ਹੈ ਇਸ ਮੋਕੇ ਜਸਮੀਨ ਮੈਂਗੜਾ, ਤਜਿੰਦਰ ਸਿੰਘ ਜੋਸ਼ਨ, ਪਰਮਿੰਦਰ ਸਿੰਘ, ਕੁਲਦੀਪ ਸਿੰਘ ਖਾਲਸਾ, ਰੋਸ਼ਨ ਗੁਰੂ,ਪਰਮਜੀਤ ਸਿੰਘ, ਮੋਹਣ ਲਾਲ, ਚਮਨ ਲਾਲ, ਹਰਮੇਸ਼ ਲਾਲ, ਰਾਜ ਕੌਲ, ਅਮਰਜੀਤ ਕੈਲੇ, ਸ਼ਸ਼ੀਪਾਲ, ਪਰਮਜੀਤ ਮਾਨ, ਮੁਖਤਿਆਰ ਕੋਰ ਆਦਿ ਹਾਜਰ ਸਨ।

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

**ਕੈਲੀਫੋਰਨੀਆ ਤੋਂ ਲਿਖਦੇ : ਹੁਸਨ ਲੜੋਆ ਬੰਗਾ**

# ਅਮਰੀਕਾ ਵਿੱਚ 9/11 ਦੀ ਘਟਨਾ ਦੀ ਬਰਸੀ ਦੌਰਾਨ ਰਾਸ਼ਟਰਪਤੀ ਬਾਈਡਨ ਵਲੋਂ ਸਰਧਾਂਜਲੀ ਭੇਂਟ

## 9/11 ਦੀ ਘਟਨਾ ਅਮਰੀਕੀ ਲੋਕਾਂ ਦੇ ਚਰਿੱਤਰ ਨੂੰ ਨੁਕਸਾਨ ਨਹੀਂ ਪਹੁੰਚਾ ਸਕੀ - ਬਾਈਡਨ

**ਸੈਕਰਾਮੈਂਟੋ–** ਰਾਸ਼ਟਰਪਤੀ ਜੋਅ ਬਾਈਡਨ ਅਤੇ ਹੋਰ ਰਾਜਨੀਤਿਕ ਨੇਤਾਵਾਂ ਨੇ ਦੇਸ਼ ਦੇ ਇਤਿਹਾਸ ਦੇ ਸਭ ਤੋਂ ਘਾਤਕ ਅੱਤਵਾਦੀ ਹਮਲੇ ਦੀ 21ਵੀਂ ਬਰਸੀ ਦੇ ਮੌਕੇ 'ਤੇ ਐਤਵਾਰ ਨੂੰ 9/11 ਦੀ ਘਟਨਾਂ ਦੌਰਾਨ ਮਾਰੇ ਗਏ ਲੋਕਾਂ ਨੂੰ ਨੂੰ ਸ਼ਰਧਾਂਜਲੀ ਦਿੱਤੀ। ਪੈਂਟ-ਾਗਨ ਵਿਖੇ ਫੁੱਲਾਂ ਦੀ ਰਸਮ ਅਦਾ ਕਰਨ ਤੋਂ ਬਾਅਦ, ਬਿਡੇਨ ਨੇ ਕਿਹਾ ਕਿ 9/11 ਨੇ ਅਮਰੀਕਾ ਨੂੰ ਅਣਗਿਣਤ ਤਰੀਕਿਆਂ ਨਾਲ ਬਦਲਿਆ ਪਰ ਅਮਰੀਕੀ ਲੋਕਾਂ ਦੇ ਚਰਿੱਤਰ ਨੂੰ ਨੁਕਸਾਨ ਨਹੀਂ ਪਹੁੰਚਾਇਆ ਜਾ ਸਕਿਆ।



ਮੀਂਹ ਦੌਰਾਨ ਦੇਸ਼ ਦੇ ਫੌਜੀ ਹੈ-ਡਕੁਆਰਟਰ ਦੇ ਬਾਹਰ ਬਾਈਡਨ ਨੇ ਸਰਧਾਂਜਲੀ ਭੇਂਟ ਕਰਦਿਆ ਕਿਹਾ ਕਿ ਰਾਸ਼ਟਰ ਇੱਕ ਮੁੱਠ ਖੜਾ ਹੈ। ਬਾਈਡਨ ਨੇ ਕਿਹਾ ਕਿ 9/11 ਦੀਆਂ ਪ੍ਰਤੀਕ੍ਰਿਆਵਾਂ ਨੇ "ਰਾਸ਼ਟਰੀ ਏਕਤਾ ਦੀ ਸਹੀ ਭਾਵਨਾ" ਨੂੰ ਉਤਸ਼ਾਹਤ ਕੀਤਾ। ਆਪਣੀ ਟਿੱਪਣੀ ਦੇ ਅੰਤ ਵਿੱਚ, ਬਾਈਡਨ ਨੇ ਕਿਹਾ ਕਿ ਰਾਸ਼ਟਰ ਨੂੰ ਜਮਹੂਰੀਅਤ ਪ੍ਰਤੀ ਆਪਣੀ ਵਚਨਬੱਧਤਾ ਨੂੰ ਨਵਿਆਉਣ ਲਈ ਵਰ੍ਹੇਗੰਢ ਦੀ ਵਰਤੋਂ ਕਰਨੀ ਚਾਹੀਦੀ ਹੈ, ਅਤੇ ਕਿਹਾ, "ਅਸੀਂ ਮਿਲ ਕੇ ਆਪਣੇ ਲੋਕਤੰਤਰ ਨੂੰ ਸੁਰੱਖਿਅਤ ਕਰਾਂਗੇ।" ਦੂਸਰੇ ਪਾਸੇ ਬਿਡੇਨ ਨੇ ਉਨ੍ਹਾਂ ਆਲੋਚਨਾਵਾਂ ਨੂੰ ਰੱਦ ਕੀਤਾ ਜੋ ਉਹ ਟਰੰਪ ਸਮਰਥਕਾਂ ਨੂੰ ਲੋਕਤੰਤਰ ਲਈ ਖ਼ਤਰਾ ਦੱਸ ਕੇ ਅਮਰੀਕੀਆਂ ਨੂੰ ਵੰਡ ਰਿਹਾ ਹੈ, ਇਸ ਸਰਧਾਂਜਲੀ ਤੋਂ ਪਹਿਲਾਂ ਬਿਡੇਨ ਨੇ 9/11 ਦੇ ਪੀੜਤਾਂ ਦਾ ਸਨਮਾਨ ਕੀਤਾ।

ਭਾਵੇਂ ਅੱਜ ਬਾਈਡਨ ਨੇ ਅਫਗਾਨਿਸਤਾਨ ਅਤੇ ਇਰਾਕ ਵਿੱਚ 9/11 ਨਾਲ ਸਬੰਧਤ ਯੁੱਧਾਂ ਦੁਆਰਾ ਪੈਦਾ ਹੋਈਆਂ ਸਮੱਸਿਆਵਾਂ ਬਾਰੇ ਚਰਚਾ ਨਹੀਂ ਕੀਤੀ, ਪਰ ਓਸਾਮਾ ਬਿਨ ਲਾਦੇਨ ਅਤੇ ਅਯਮਨ ਅਲ-ਜ਼ਵਾਹਿਰੀ ਸਮੇਤ 9/11 ਦੇ ਹਮਲਿਆਂ ਦੇ ਆਯੋਜਕਾਂ ਨੂੰ ਮਾਰਨ ਵਾਲੇ ਫੌਜੀ ਕਾਰਵਾਈਆਂ ਦੀ ਪ੍ਰਸ਼ੰਸਾ ਕੀਤੀ।



ਇਸ ਤੋਂ ਪਹਿਲਾਂ ਸਵੇਰੇ, ਮੀਂਹ ਕਰਕੇ ਇੱਕ ਫੋਜੀ ਨੇ ਬਾਈਡਨ ਦੇ ਸਿਰ ਉੱਤੇ ਛੱਤਰੀ ਰੱਖੀ ਹੋਈ ਸੀ, ਬਾਈਡਨ ਪੈਂਟਾਗਨ ਵਿੱਚ ਇੱਕ ਫੁੱਲ-ਮਾਲਾ ਸਮਾਰੋਹ ਦੇ ਦੌਰਾਨ ਸਰਵਿਸਮੈਂਨਾਂ ਦੀਆਂ ਦੋ ਕਤਾਰਾਂ ਦੇ ਵਿਚਕਾਰ ਚੱਲਿਆ, ਇਹ ਉਹ ਥਾਂ ਸੀ ਜਿਥੇ 9/11 ਦੇ ਹਵਾਈ ਜਹਾਜ਼ ਦੇ ਹਾਈਜੈਕਰਾਂ ਦੁਆਰਾ ਨਿਸ਼ਾਨਾ ਬਣਾਇਆ ਗਿਆ ਸੀ। 11 ਸਤੰਬਰ 2001 ਦੀ ਸਵੇਰ ਨੂੰ ਹਾਈਜੈਕ ਕੀਤੇ ਗਏ ਜਹਾਜ਼ਾਂ ਦੁਆਰਾ ਡਿੱਗੇ ਦੋ ਟਾਵਰ ਸਾਬਕਾ ਵਰਲਡ ਟ੍ਰੇਡ ਸੈਂਟਰ ਦੇ ਸਥਾਨ 'ਤੇ ਵਾਈਸ ਪ੍ਰੈਜ਼ੀਡੈਂਟ ਕਮਲਾ ਹੈਰਿਸ ਨੇ ਵੀ ਸਾਲਾਨਾ ਯਾਦਗਾਰੀ ਸਭਾ ਵਿੱਚ ਸ਼ਿਰਕਤ ਕੀਤੀ।

ਪਹਿਲੀ ਮਹਿਲਾ ਜਿਲ ਬਾਈਡਨ ਨੇ ਸ਼ੈਂਕਸਵਿਲੇ, ਵਿੱਚ ਸਮਾਰਕ ਵਿਖੇ ਸਮਾਗਮ ਵਿੱਚ ਸ਼ਿਰਕਤ ਕੀਤੀ, ਜਿੱਥੇ ਇੱਕ ਹੋਰ ਹਾਈਜੈਕ ਕੀਤਾ ਗਿਆ ਜਹਾਜ਼ ਵਾਸ਼ਿੰਗਟਨ, ਡੀਸੀ ਵੱਲ ਤੇਜ਼ ਰਫਤਾਰ ਨਾਲ ਯਾਤਰੀਆਂ ਅਤੇ ਉਨ੍ਹਾਂ ਦੇ ਅਗਵਾਕਾਰਾਂ ਵਿਚਕਾਰ ਲੜਾਈ ਦੇ ਦੌਰਾਨ ਧਰਤੀ 'ਤੇ ਡਿੱਗ ਗਿਆ ਸੀ। ਸਰਧਾਂਜਲੀ ਦੋਰਾਨ ਸਰਕਾਰੀ ਅਧਿਕਾਰੀਆਂ, ਨਾਗਰਿਕਾਂ, ਫੌਜੀ ਅਤੇ ਕਾਨੂੰਨ ਲਾਗੂ ਕਰਨ ਵਾਲੇ ਮੈਂਬਰਾਂ, ਅਤੇ 9/11 ਦੇ ਬਚੇ ਹੋਏ ਲੋਕਾਂ ਨੇ ਮੋਨ ਧਾਰਨ ਕਰਕੇ ਪੀੜਤਾਂ ਦੇ ਨਾਮ ਪੜੇ। 9/11 ਦੀ ਵਰ੍ਹੇਗੰਢ ਨੂੰ ਰਾਸ਼ਟਰੀ ਸੇਵਾ ਅਤੇ ਯਾਦ ਦਿਵਸ ਦੇ ਰੂਪ ਚ ਵੀ ਹਰ ਸਾਲ ਮਨਾਇਆ ਜਾਂਦਾ ਹੈ।

# ਬੁਨਿਆਦੀ ਢਾਂਚਾ ਬਿੱਲ ਦਾ ਵਿਰੋਧ ਕਰਨ ਵਾਲੇ ਰਿਪਬਲੀਕਨ ਅੱਜ ਬਿੱਲ ਦੇ ਸੋਹਲੇ ਗਾ ਰਹੇ ਹਨ- ਬਾਈਡਨ

## ਮੱਧਕਾਲੀ ਚੋਣਾਂ ਤੋਂ ਦੋ ਮਹੀਨੇ ਪਹਿਲਾਂ ਰਾਸ਼ਟਰਪਤੀ ਨੇ ਆਪਣੀ ਚੋਣ ਮੁਹਿੰਮ ਮਘਾਈ

**ਸੈਕਰਾਮੈਂਟੋ 10 ਸਤੰਬਰ–** ਰਾਸ਼ਟਰਪਤੀ ਜੋਅ ਬਾਈਡਨ ਨੇ ਰਿਪਬਲੀਕਨ ਸੰਸਦ ਮੈਂਬਰਾਂ ਵਿਰੁੱਧ ਹਮਲਾਵਰ ਰੁਖ ਅਪਣਾਉਂਦਿਆਂ ਕਿਹਾ ਹੈ ਕਿ ਉਹ ਲੋਕ ਜਿਨਾਂ ਨੇ ਇਕ ਸਾਲਾ ਪਹਿਲਾਂ 'ਇਨਫਰਾਸਟਰਕਚਰ ਬਿੱਲ' ਦਾ ਵਿਰੋਧ ਕੀਤਾ ਸੀ, ਅੱਜ ਇਸੇ ਬਿੱਲ ਦੇ ਸੋਹਲੇ ਗਾ ਰਹੇ ਹਨ। ਉਨਾਂ ਕਿਹਾ ਕਿ ਅੱਜ ਰਿਪਬਲੀਕਨ ਸੰਸਦ ਮੈਂਬਰ 1।2 ਖਰਬ ਡਾਲਰ ਦੇ ਪ੍ਰਾਜੈਕਟਾਂ ਦੀ ਸਰਾਹਨਾ ਕਰ ਰਹੇ ਹਨ ਜੋ ਪ੍ਰਾਜੈਕਟ ਬੁਨਿਆਦੀ ਢਾਂਚਾ ਬਿੱਲ ਦੇ ਕਾਨੂੰਨ ਬਣ ਜਾਣ ਕਾਰਨ ਹੀ ਸੰਭਵ ਹੋਏ ਹਨ ਜਿਹੜੇ ਬਿੱਲ ਨੂੰ ਇਹ ਲੋਕ ਪਾਸ ਹੋਣ ਦੇਣਾ ਨਹੀਂ ਚਹੁੰਦੇ ਸਨ। ਰਾਸ਼ਟਰਪਤੀ ਨੇ ਕਿਹਾ ਸਾਨੂੰ ਥੋਹੜੇ ਰਿਪਬਲੀਕਨਾਂ ਮੈਂਬਰਾਂ ਦੀ ਮੱਦਦ ਮਿਲੀ ਸੀ ਜੋ ਬਿੱਲ ਨੂੰ ਪਾਸ ਕਰਵਾਉਣ ਲਈ ਕਾਫੀ ਸੀ,ਪਰੰਤ ਹੈਰਾਨੀ ਇਸ ਗੱਲ ਦੀ ਹੈ ਕਿ ਅੱਜ ਇਸ ਬਿੱਲ ਦੇ ਸੋਹਲੇ ਗਾਉਣ ਵਾਲੇ ਰਿਪਬਲੀਕਨਾਂ ਦੀ ਗਿਣਤੀ ਜਿਆਦਾ ਹੋ ਗਈ ਹੈ। ਬਾਈਡਨ ਮੈਰੀਲੈਂਡ ਨੈਸ਼ਨਲ ਕਮੇਟੀ ਦੇ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਮੱਧਕਾਲੀ ਚੋਣਾਂ ਦੇ ਦੋ ਮਹੀਨਿਆਂ ਤੋਂ ਵੀ ਘੱਟ ਸਮਾਂ ਰਹਿ ਜਾਣ ਤੋਂ ਪਹਿਲਾਂ ਆਪਣੀ ਚੋਣ ਮੁਹਿੰਮ ਨੂੰ ਤੇਜ ਕਰਦਿਆਂ ਬਾਈਡਨ ਨੇ ਇਸ਼ਾਰਾ ਕਰਦਿਆਂ ਕਿਹਾ ਅੱਜ ਅਸੀਂ ਇਥੇ ਨਵਾਂ ਪੁਲ ਬਣਾਉਣ ਜਾ ਰਹੇ ਹਾਂ, ਨਵੀਂ ਸੜਕ ਤੇ ਹੋਰ ਬਹੁਤ ਕੁਝ ਬਣਾਉਣ ਜਾ ਰਹੇ ਹਾਂ ਪਰੰਤੂ ਰਿਪਬਲੀਕਨਾਂ ਨੂੰ ਇਸ ਵਾਸਤੇ ਸ਼ਰਮਿੰਦਾ ਹੋਣ ਦੀ ਲੋੜ ਨਹੀਂ ਹੈ, ਮੈ ਉਨਾਂ ਨੂੰ ਵੀ ਪਿਆਰ ਕਰਦਾ ਹਾਂ। ਰਾਸ਼ਟਰਪਤੀ ਨੇ ਕਿਹਾ ਕਿ ਕੁਝ ਲੋਕ ਬਿਨਾਂ ਸੋਚੇ ਸਮਝੇ ਸਾਡੀ ਸਰਕਾਰ ਦੀ ਹਰ ਗੱਲ ਦਾ ਵਿਰੋਧ ਕਰਦੇ ਹਨ ਜੋ ਵਿਰੋਧ ਆਖਰਕਾਰ ਉਨਾਂ ਲਈ ਹੀ ਸਿਰਦਰਦੀ ਦਾ ਕਾਰਨ ਬਣੇਗਾ। ਇਹ ਲੋਕ ਜਾਣਬੁਝਕੇ ਅਜਿਹਾ ਕਰਕੇ ਲੋਕਾਂ ਨੂੰ ਹਨੇਰੇ ਵਿਚ ਰਖਣ ਦੀ ਕੋਸ਼ਿਸ਼ ਕਰਦੇ ਹਨ ਪਰੰਤੂ ਆਖਰਕਾਰ ਸੱਚ ਤਾਂ ਸਾਹਮਣੇ ਆਉਣਾ ਹੀ ਹੁੰਦਾ ਹੈ। ਹਾਲਾਂ ਕਿ ਰਾਸ਼ਟਰਪਤੀ ਨੇ ਆਪਣੇ ਭਾਸ਼ਣ ਦੌਰਾਨ ਕਿਸੇ ਵੀ ਰਿਪਬਲੀਕਨ ਮੈਂਬਰ ਦਾ ਨਾਂ ਨਹੀਂ ਲਿਆ ਪਰੰਤੂ ਕਾਂਗਰਸ ਦੇ ਘੱਟੋ ਘੱਟ 14 ਰਿਪਬਲੀਕਨ ਮੈਂਬਰਾਂ ਨੇ ਬਿੱਲ ਦਾ ਵਿਰੋਧ ਕੀਤਾ ਸੀ ਜੋ ਮੈਂਬਰ ਹੁਣ ਇਸ ਬਿੱਲ ਦੁਆਰਾ ਸੰਭਵ ਬਣਾਏ ਗਏ ਪ੍ਰਾਜੈਕਟਾਂ ਦਾ ਸਿਹਰਾ ਆਪਣੇ ਸਿਰ ਲੈਣ ਦੀ ਕੋਸ਼ਿਸ਼ ਕਰ ਰਹੇ ਹਨ। ਇਸੇ ਦੌਰਾਨ ਰਿਪਲੀਕਨ ਮੈਂਬਰ ਐਸ਼ਲੇ ਹਿਨਸਨ ਦੇ ਬੁਲਾਰੇ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਕਾਂਗਰਸ ਦੀ ਔਰਤ ਮੈਂਬਰ ਨੇ ਇਨਫਰਾਸਟਰਕਚਰ ਬਿੱਲ ਦਾ ਇਸ ਕਰਕੇ ਵਿਰੋਧ ਕੀਤਾ ਸੀ ਕਿਉਂਕਿ ਇਸ ਨਾਲ ਖਰਬਾਂ ਡਾਲਰ ਦੇ ਸਦਨ ਦੇ ਹੋਰ ਖਰਚੇ ਪ੍ਰਭਾਵਿਤ ਹੋਣੇ ਸਨ।

# ਕੈਲੀਫੋਰਨੀਆ ਵਿਚ ਗੈਰ ਕਾਨੂੰਨੀ ਤੌਰ 'ਤੇ ਖਤਰਨਾਕ ਬੰਦੂਕਾਂ ਤਿਆਰ ਕਰਨ ਦਾ ਸਮਾਨ ਬਰਾਮਦ

**ਸੈਕਰਾਮੈਂਟੋ 11 ਸਤੰਬਰ–** ਦੱਖਣੀ ਕੈਲੀਫੋਰਨੀਆ ਵਿਚ ਪੁਲਿਸ ਨੇ 2 ਵਿਅਕਤੀਆਂ ਕੋਲੋਂ ਖਤਰਨਾਕ ਬੰਦੂਕਾਂ ਤਿਆਰ ਕਰਨ ਵਾਲਾ ਸਮਾਨ ਬਰਾਮਦ ਹੋਣ ਤੋਂ ਬਾਅਦ ਉਨਾਂ ਨੂੰ ਗ੍ਰਿਫਤਾਰ ਕੀਤਾ ਹੈ। ਲਾਸ ਏਂਜਲਸ ਪੁਲਿਸ ਵਿਭਾਗ ਅਨੁਸਾਰ ਇਹ ਬਰਾਮਦਗੀ 'ਰੀਜਨਲ ਇਲਲੀਗਲ ਫਾਇਰ ਆਰਮਜ ਟਰੈਫਿਕਿੰਗ ਟੀਮ' (ਰਿਫਟ) ਦੀ ਕੋਸ਼ਿਸ਼ ਸਦਕਾ ਸੰਭਵ ਹੋਈ ਹੈ। ਬਰਾਮਦ ਸਮਾਨ ਵਿਚ 200 ਬੰਦੂਕਾਂ ਦੇ ਫਰੇਮ, ਹੈਂਡਗੰਨ ਸਲਾਈਡਜ, ਦੋ ਅਸਾਲਟ ਹਥਿਆਰ, ਇਕ ਰਾਈਫਲ, ਹਥਿਆਰਾਂ ਦੇ ਮੈਗਜੀਨ, ਤੇ ਬੰਦੂਕਾਂ ਬਣਾਉਣ ਲਈ ਲੋੜੀਂਦੇ ਹੋਰ ਹਿੱਸੇ ਪੁਰਜੇ ਸ਼ਾਮਿਲ ਹਨ। ਅਮਰੀਕਾ ਵਿਚ ਇਧਰੋਂ ਉਧਰੋਂ ਜਾਂ ਆਨ ਲਾਈਨ ਹਿੱਸੇ ਪੁਰਜੇ ਖਰੀਦ ਕੇ ਬਣਾਈਆਂ ਜਾਂਦੀਆਂ ਬੰਦੂਕਾਂ ਨੂੰ 'ਗੋਸਟ ਗੰਨਜ' ਕਿਹਾ ਜਾਂਦਾ ਹੈ। ਗੈਰ ਕਾਨੂੰਨੀ ਢੰਗ ਤਰੀਕੇ ਨਾਲ ਬਣਾਈਆਂ ਜਾਂਦੀਆਂ ਬੰਦੂਕਾਂ ਦਾ ਪਤਾ ਲਾਉਣ



ਅਸੰਭਵ ਹੈ ਕਿਉਂਕਿ ਇਨਾਂ ਦਾ ਕੋਈ ਲੜੀ ਨੰਬਰ ਨਹੀਂ ਹੁੰਦਾ। ਇਹ ਬੰਦੂਕਾਂ ਖਤਰਨਾਕ ਹੋ ਸਕਦੀਆਂ ਹਨ। ਪੁਲਿਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ 'ਰੀਜਨਲ ਇਲਲੀਗਲ ਫਾਇਰ ਆਰਮਜ ਟਰੈਫਿਕਿੰਗ (ਰਿਫਟ) ਟੀਮ ਲਾਸ ਏਂਜਲਸ ਪੁਲਿਸ ਵਿਭਾਗ, ਨਾਰਕੋਟਿਸ ਡਵੀਜਨ, ਹੋਮਲੈਂਡ ਸਕਿਉਰਿਟੀ ਤੇ ਲਾਸ ਏਂਜਲਸ ਏਅਰਪੋਰਟ ਪੁਲਿਸ 'ਤੇ ਆਧਰਤ ਹੈ ਜਿਸ ਨੇ ਦੋ ਤਲਾਸ਼ੀ ਵਾਰੰਟ ਤਹਿਤ ਕਾਰਵਾਈ ਕਰਦਿਆਂ ਸੈਨ ਪੈਡਰੋ ਤੇ ਗਾਰਡੇਨਾ ਵਿਚ ਛਾਪੇਮਾਰੀ ਕੀਤੀ। ਪੁਲਿਸ ਅਨੁਸਾਰ ਇਹ ਤਲਾਸ਼ੀ ਵਾਰੰਟ 'ਰਿਫਟ' ਦੁਆਰਾ ਕੀਤੀ ਗਈ ਜਾਂਚ ਉਪਰੰਤ ਮਿਲੇ ਸਨ। 'ਰਿਫਟ' ਟੀਮ ਇਕ ਵਿਦੇਸ਼ੀ ਨਾਗਰਿਕ ਦੁਆਰਾ ਗੈਰ ਕਾਨੂੰਨੀ ਤਰੀਕੇ ਨਾਲ ਤਿਆਰ ਕੀਤੀਆਂ 11 ਬੰਦੂਕਾਂ ਬਰਾਮਦ ਕਰਨ ਦੀ ਕੋਸ਼ਿਸ਼ ਦੇ ਮਾਮਲੇ ਦੀ ਜਾਂਚ ਕਰ ਰਹੀ ਹੈ ਜਿਸ ਤਹਿਤ ਪੈਡਰੋ ਤੇ ਗਾਰਡੇਨਾ ਵਿਚ ਦੋ ਥਾਵਾਂ ਦੀ ਪਛਾਣ ਕੀਤੀ ਗਈ ਜਿਥੇ ਬੰਦੂਕਾਂ ਤਿਆਰ ਕੀਤੀਆਂ ਜਾਂਦੀਆਂ ਸਨ। ਪੁਲਿਸ ਅਨੁਸਾਰ ਗ੍ਰਿਫਤਾਰ ਵਿਅਕਤੀਆਂ ਵਿਚੋਂ ਇਕ ਵਿਰੁੱਧ ਗੈਰ ਕਾਨੂੰਨੀ ਅਸਾਲਟ ਹਥਿਆਰ ਬਣਾਉਣ ਤੇ ਦੂਸਰੇ ਵਿਰੁੱਧ ਬੰਦੂਕਾਂ ਤਿਆਰ ਕਰਨ ਲਈ ਕਾਨੂੰਨ ਦੀ ਉਲੰਘਣਾ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਨੇ ਗ੍ਰਿਫਤਾਰ ਵਿਅਕਤੀਆਂ ਦੇ ਨਾਂ ਨਸ਼ਰ ਨਹੀਂ ਕੀਤੇ ਹਨ।

# ਨਿਊਯਾਰਕ ਦੀ ਕੋਨੇ ਬੀਚ ਤੋਂ ਤਿੰਨ ਬੱਚਿਆਂ ਦੀਆਂ ਲਾਸ਼ਾਂ ਮਿਲਣ 'ਤੇ ਦਹਿਸ਼ਤ ਫੈਲੀ

**ਸੈਕਰਾਮੈਂਟੋ 13 ਸਤੰਬਰ–** ਨਿਊਯਾਰਕ ਦੇ ਕੋਨੇ ਟਾਪੂ ਦੀ ਬੀਚ 'ਤੇ 3 ਬੱਚਿਆਂ ਦੀਆਂ ਲਾਸ਼ਾਂ ਮਿਲਣ 'ਤੇ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਜਦੋਂ ਪੁਲਿਸ ਮੌਕੇ ਉਪਰ ਪੁੱਜੀ ਤਾਂ ਬੱਚੇ ਬੇਹੋਸ਼ ਸਨ। ਬਾਅਦ ਵਿਚ ਹਸਪਤਾਲ ਵਿਚ ਬੱਚਿਆਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਮਾਮਲੇ ਵਿਚ ਪੁਲਿਸ ਬੱਚਿਆਂ ਦੀ 30 ਸਾਲਾ ਮਾਂ ਕੋਲੋਂ ਪੁੱਛਗਿੱਛ ਕਰ ਰਹੀ ਹੈ। ਨਿਊਯਾਰਕ ਪੁਲਿਸ ਵਿਭਾਗ ਦੇ ਮੁੱਖੀ ਕੈਨੇਥ ਕੋਰੇ ਨੇ ਇਹ ਜਾਣਕਾਰੀ ਦਿੰਦਿਆਂ ਇਕ ਬਿਆਨ ਵਿਚ ਕਿਹਾ ਹੈ ਕਿ ਮ੍ਰਿਤਕ ਬੱਚਿਆਂ ਵਿਚ ਇਕ ਲੜਕਾ ਜਿਸ ਦੀ ਉਮਰ 7 ਸਾਲ ਹੈ ਤੇ ਦੋ ਲੜਕੀਆਂ ਜਿਨਾਂ ਦੀ ਉਮਰ 3 ਅਤੇ 4 ਸਾਲ ਹੈ, ਸ਼ਾਮਿਲ ਹਨ। ਪੁਲਿਸ ਅਨੁਸਾਰ ਫੋਨ ਉਪਰ ਸੂਚਨਾ ਮਿਲਣ 'ਤੇ ਪੁਲਿਸ ਅੱਧੀ ਰਾਤ ਤੋਂ ਬਾਅਦ 1।40 ਵਜੇ ਔਰਤ ਦੇ ਘਰ ਪੁੱਜੀ ਜਿਥੇ ਬੱਚਿਆਂ ਦੇ ਪਿਤਾ ਨੇ ਦਸਿਆ ਕਿ ਉਹ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੈ। ਉਸ ਨੇ ਦੱਸਿਆ ਕਿ ਬੱਚੇ ਆਪਣੀ ਮਾਂ ਨਾਲ ਕੋਨੇ ਟਾਪੂ ਦੀ ਬੀਚ 'ਤੇ ਹੋ ਸਕਦੇ ਹਨ। ਪੁਲਿਸ ਨੇ ਬੀਚ ਤੇ ਨਾਲ ਲੱਗਦੇ ਖੇਤਰ ਵਿਚ 90 ਮਿੰਟ ਭਾਲ ਕਰਨ ਉਪਰੰਤ ਬੱਚਿਆਂ ਦੀ ਮਾਂ ਨੂੰ ਲੱਭ ਲਿਆ । ਉਸ ਨੇ ਬੱਚਿਆਂ ਸਬੰਧੀ ਪੁਲਿਸ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਨਹੀਂ ਦਿੱਤੇ। ਆਖਿਰ ਪੁਲਿਸ ਨੇ 4।30 ਵਜੇ ਤੜਕੇ ਕੋਨੇ ਆਈਲੈਂਡ ਬੀਚ ਬੋਰਡਵਾਕ ਤੋਂ 2 ਕਿਲੋਮੀਟਰ ਦੂਰ ਹੇਠਲੇ ਇਲਾਕੇ ਵਿਚ ਬੱਚਿਆਂ ਨੂੰ ਲੱਭ ਲਿਆ ਜੋ ਲਗਪਗ ਮਰੀ ਹੋਈ ਹਾਲਤ ਵਿਚ ਸਨ। ਪੁਲਿਸ ਨੇ ਸੀ ਪੀ ਆਰ ਦੀ ਮੱਦਦ ਨਾਲ ਬੱਚਿਆਂ ਦੇ ਸਾਹ ਚਲਾਉਣ ਦਾ ਯਤਨ ਕੀਤਾ ਪਰ ਉਹ ਨਾਕਾਮ ਰਹੇ। ਪੁਲਿਸ ਨੇ ਅਜੇ ਔਰਤ ਖਿਲਾਫ ਮਾਮਲਾ ਦਰਜ ਨਹੀਂ ਕੀਤਾ ਹੈ ਤੇ ਨਾ ਹੀ ਔਰਤ ਤੇ ਮ੍ਰਿਤਕ ਬੱਚਿਆਂ ਦੇ ਨਾਂ ਨਸ਼ਰ ਕੀਤੇ ਹਨ। ਪੁਲਿਸ ਮਾਮਲੇ ਦੀ ਜਾਂਚ ਉਪਰੰਤ ਹੀ ਔਰਤ ਵਿਰੁੱਧ ਕਾਰਵਾਈ ਕਰੇਗੀ।

# ਕੈਲੀਫੋਰਨੀਆ ਪੁਲਿਸ ਨੇ 8 ਸਾਲਾ ਬੱਚੀ ਦੇ ਕਾਤਲ ਨੂੰ ਕੀਤਾ ਗ੍ਰਿਫਤਾਰ

**ਸੈਕਰਾਮੈਂਟੋ 13 ਸਤੰਬਰ–** ਕੈਲੀਫੋਰਨੀਆ ਪੁਲਿਸ ਨੇ 8 ਸਾਲਾ ਲੜਕੀ ਦੇ ਹੋਏ ਕਤਲ ਦੇ ਮਾਮਲੇ ਵਿਚ ਇਕ ਦੋਸ਼ੀ ਨੂੰ ਗ੍ਰਿ-ਫਤਾਰ ਕਰ ਲਿਆ ਹੈ। ਇਹ ਜਾਣਕਾਰੀ ਲੈਫਟੀਨੈਂਟ ਜੋਅ ਪੇਰੇਜ਼ ਨੇ ਦਿੰਦਿਆਂ ਕਿਹਾ ਹੈ ਕਿ ਪੁਲਿਸ ਨੇ ਇਸ ਸਾਲ ਮਾਰਚ ਮਹੀਨੇ ਵਿਚ ਸੋਫੀਆ ਮੈਨਸਨ ਨਾਮੀ ਬੱਚੀ ਦੀ ਲਾਸ਼ ਉਸ ਦੀ ਮਾਂ ਦੇ ਮਰਸਡ ਵਿਚ ਰਹਿੰਦੇ




ਰਹਿਣ ਲਈ ਮਜਬੂਰ ਕੀਤਾ। ਮੁਕੰਮਲ ਜਾਂਚ ਪੜਤਾਲ ਉਪਰੰਤ ਜੈਕਸਨ ਵਿਰੁੱਧ ਹੱਤਿਆ ਦਾ ਮਾਮਲਾ ਦਰਜ ਕੀਤਾ ਗਿਆ। ਅਟਾਰਨੀ ਜਨਰਲ ਰਾਬ ਬੋਨਟਾ ਦੇ ਦਫਤਰ ਵੱਲੋਂ ਜਾਰੀ ਬਿਆਨ ਵਿਚ ਜੈਕਸਨ ਦੀ ਗ੍ਰਿਫਤਾਰੀ ਦਾ ਐਲਾਨ ਕੀਤਾ ਗਿਆ ਹੈ। ਇਕ ਪਰਿਵਾਰਕ ਮੈਂਬਰ ਵੱਲੋਂ 8 ਮਾਰਚ ਨੂੰ ਬੱਚੀ ਦੇ ਲਾਪਤਾ ਹੋਣ ਦੀ ਸੂਚਨਾ ਦੇਣ ਉਪਰੰਤ

ਮਿੱਤਰ ਧੰਟੇ ਜੈਕਸਨ ਦੇ ਘਰ ਤੋਂ ਬਰਾਮਦ ਕੀਤੀ ਸੀ। ਜਾਂਚ ਦੌਰਾਨ ਪੁਲਿਸ ਨੂੰ ਪਤਾ ਲੱਗਾ ਕਿ ਧੰਟੇ ਜੈਕਸਨ ਨੇ ਬੱਚੀ ਨੂੰ ਭੁੱਖਾ ਰਖਿਆ, ਉਸ ਉਪਰ ਹੋਰ ਤਸ਼ੱਦਦ ਕੀਤਾ ਤੇ ਉਸ ਨੂੰ ਘਰ ਦੇ ਪਿਛਵਾੜੇ ਇਕ ਸ਼ੈਂਡ ਵਿਚ ਪੁਲਿਸ ਨੇ ਮੈਨਸਨ ਦੀ ਮਾਂ ਸਮੰਥਾ ਜੌਹਨਸਨ ਨੂੰ ਹਿਰਾਸਤ ਵਿਚ ਲੈ ਕੇ ਜਾਂਚ ਪੜਤਾਲ ਸ਼ੁਰੂ ਕੀਤੀ ਸੀ। ਮਾਂ ਵਿਰੁੱਧ ਬੱਚੀ ਉਪਰ ਤਸ਼ੱਦਦ ਕਰਨ ਤੋਂ ਇਲਾਵਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ।

# ਮਹਾਂਰਿਸ਼ੀ ਬਾਲਮੀਕਿ ਅਤੇ ਗੁਰੂ ਰਵਿਦਾਸ ਯੂਥ ਏਕਤਾ ਕਲੱਬ ਵਲੋਂ ਲੱਲੜੀ ਵਿੱਚ ਨੌਜਵਾਨਾਂ ਲਈ ਸਮਾਜਿਕ ਜਾਗਰੁਕਤਾ ਕੈਂਪ ਲਗਾਇਆ ਗਿਆ



ਮਹਾਂਰਿਸ਼ੀ ਬਾਲਮੀਕਿ ਅਤੇ ਗੁਰੂ ਰਵਿਦਾਸ ਯੂਥ ਏਕਤਾ ਕਲੱਬ ਵਲੋਂ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਅਧੀਨ ਪਿੰਡ ਲੱਲੜੀ ਵਿੱਚ ਨੌਜਵਾਨਾਂ ਲਈ ਸਮਾਜਿਕ ਜਾਗਰੁਕਤਾ ਕੈਂਪ ਲਗਾਇਆ ਗਿਆ। ਰਿਟਾਇਰਡ ਡਿਪਟੀ ਡਾਇਰੈਕਟਰ ਗੁਰਦਿਆਲ ਚੰਦ ਨੇ ਮਿਸ਼ਨ ਆਗੂਆਂ ਦਾ ਸਵਾਗਤ ਕੀਤਾ। ਤਰਸੇਮ ਸਹੋਤਾ ਨੇ ਕਲੱਬ ਵਲੋਂ ਚਲਾਈਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਵਿਸਥਾਰ ਵਿੱਚ ਦੱਸਿਆ। ਸਮਾਜਿਕ ਅਤੇ ਦਲਿਤ ਸਮੱਸਿਆਵਾਂ ਸਬੰਧੀ ਕੰਮ ਕਰ ਰਹੇ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਦੇ ਕਨਵੀਨਰ ਕੁਲਦੀਪ ਚੰਦ ਦੋਬੇਟਾ ਨੇ ਹਾਜਰ ਨੌਜਵਾਨਾਂ ਨੂੰ ਸਿੱਖਿਆ ਦੇ ਮਹੱਤਵ ਬਾਰੇ ਵਿਸਥਾਰ ਵਿੱਚ ਦੱਸਿਆ ਅਤੇ ਸਰਕਾਰਾਂ ਵਲੋਂ ਸਿਖਿੱਆ ਦੇ ਫੈਲਾਅ ਲਈ ਕੀਤੇ ਗਏ ਕੰਮਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਵਿੱਦਿਆ ਨੂੰ ਮਨੁੱਖ ਦਾ ਤੀਜਾ ਨੇਤਰ ਮੰਨਿਆਂ ਜਾਂਦਾ ਹੈ। ਹਰੇਕ ਸਰਕਾਰ ਵਲੋਂ ਅਪਣੇ ਲੋਕਾਂ ਨੂੰ ਚੰਗੇ ਪੱਧਰ ਦੀ ਸਿੱਖਿਆ ਪ੍ਰਦਾਨ ਕਰਨ ਲਈ ਨਿੱਤ ਨਵੀਂਆਂ ਨੀਤੀਆਂ ਬਣਾਈਆਂ ਜਾਂਦੀਆ ਹਨ। ਭਾਰਤ ਵਿੱਚ ਵੀ ਅਜਾਦੀ ਦੇ 6 ਦਹਾਕੇ ਬੀਤਣ ਬਾਦ ਹਰ ਬੱਚੇ ਨੂੰ ਮੁਫਤੀ ਸਿਖਿਆ ਪ੍ਰਦਾਨ ਕਰਨ ਲਈ ਗੰਭੀਰਤਾ ਨਾਲ ਸੋਚਿਆ ਗਿਆ ਹੈ ਅਤੇ ਸਿੱਖਿਆ ਦਾ ਮੋਲਿਕ ਅਧਿਕਾਰ 04 ਅਗੱਸਤ 2009 ਨੂੰ ਪਾਸ ਕੀਤਾ ਗਿਆ ਹੈ ਅਤੇ ਦੇਸ਼ ਵਿੱਚ ਲਾਗੂ ਕੀਤਾ ਗਿਆ ਹੈ। ਇਹ ਐਕਟ ਲਾਗੂ ਹੋਣ ਤੋਂ ਬਾਦ ਭਾਰਤ ਦੁਨੀਆਂ ਦੇ 135 ਦੇਸ਼ਾਂ ਵਿੱਚ ਸ਼ਾਮਿਲ ਹੋ ਗਿਆ ਹੈ।

ਇਸ ਕਨੂੰਨ ਅਨੁਸਾਰ 6 ਤੋਂ 14 ਸਾਲ ਤੱਕ ਦੇ ਹਰੇਕ ਬੱਚੇ ਤੱਕ ਮੁੱਫਲੀ ਸਿੱਖਿਆ ਪਹੁੰਚਾਣਾ ਜਰੂਰੀ ਕੀਤਾ ਗਿਆ ਹੈ। ਪ੍ਰਾਈਵੇਟ ਸਕੂਲਾਂ ਵਿੱਚ ਸੁਵਿਧਾ ਰਹਿਤ ਅਤੇ ਕਮਜ਼ੋਰ ਵਰਗ ਦੇ 25 ਪ੍ਰਤੀਸ਼ਤ ਬੱਚਿਆਂ ਨੂੰ ਦਾਖਲਾ ਦਿੱਤਾ ਜਾਵੇਗਾ। ਸੁਵਿਧਾ ਰਹਿਤ ਵਰਗ ਵਿੱਚ ਅਨੁਸੂਚਿਤ ਜਾਤੀ ਅਤੇ ਦੂਸਰੀਆਂ ਪਛੜੀਆਂ ਸ਼੍ਰੇਣੀਆਂ ਸ਼ਾਮਿਲ ਹੋਣਗੀਆਂ। ਹੋਰ ਪਛੜੀਆਂ ਸ਼੍ਰੇਣੀਆਂ ਦੇ ਪਰਿਵਾਰਾਂ ਦੇ ਬੱਚਿਆਂ ਲਈ ਕ੍ਰੀਮੀਲੇਅਰ ਦੀ ਸਰਕਾਰ ਵੱਲੋਂ ਨਿਰਧਾਰਤ ਸ਼ਰਤ ਲਾਗੂ ਹੋਵ-ੇਗੀ। ਅਨੁਸੂਚਿਤ ਜਾਤੀ ਦੇ ਬੱਚਿਆਂ ਲਈ ਇਸ ਤਰ੍ਹਾਂ ਦੀ ਕੋਈ ਆਮਦਨ ਸੀਮਾ ਨਹੀਂ ਹੋਵੇਗੀ। ਸੁਵਿਧਾ ਰਹਿਤ ਵਰਗ ਅਤੇ ਕਮਜ਼ੋਰ ਵਰਗ ਲਈ ਕੁੱਲ ਸੀਟਾਂ ਦੇ 50:50 ਦੇ ਅਨੁਪਾਤ ਨਾਲ ਦਾਖਲ ਕੀਤੇ ਜਾਣਗੇ। ਜੰਗੀ ਵਿਧਵਾਵਾਂ ਅਤੇ ਅਪਾਹਿਜ ਮਾਂ ਪਿਓ ਦੇ ਬੱਚਿਆਂ ਲਈ ਆਪਣੇ-ਆਪਣੇ ਵਰਗਾਂ ਵਿੱਚ 2.5 ਪ੍ਰਤੀਸ਼ਤ ਸੀਟਾਂ ਰਾਖਵੀਆਂ ਹੋਣਗੀਆਂ। ਪ੍ਰਾਇਵੇਟ ਸਕੂਲਾਂ ਨੂੰ ਸੁਵਿਧਾ ਰਹਿਤ ਅਤੇ ਕਮਜ਼ੋਰ ਵਰਗ ਦੇ ਬੱਚਿਆਂ ਦੀ ਫੀਸ ਦੀ ਅਦਾਇਗੀ ਕੇਂਦਰ ਸਰਕਾਰ ਵੱਲੋਂ ਕੀਤੀ ਜਾਵੇਗੀ। ਉਨ੍ਹਾਂ ਨੇ ਹਾਇਰ ਸਿੱਖਿਆ ਲਈ ਚੱਲ ਰਹੀ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਬਾਰੇ ਵਿਸਥਾਰ ਵਿੱਚ ਦੱਸਿਆ ਕਿ ਅਨੁਸੂਚਿਤ ਜਾਤਾਂ/ਜਨਜਾਤੀਆਂ ਦੇ ਬੱਚਿਆਂ ਦੀ ਦਸਵੀਂ ਤੋਂ ਅਗਲੇਰੀ ਪੜਾਈ ਲਈ ਸਰਕਾਰ ਵਲੋਂ ਇਹ ਯੋਜਨਾ ਚਲਾਈ ਜਾ ਰਹੀ ਹੈ ਜਿਸ ਅਧੀਨ ਹਰ ਯੋਗ ਵਿਦਿਆਰਥੀ ਨੂੰ ਚਾਹੇ ਉਹ ਸਰਕਾਰੀ ਅਦਾਰੇ ਵਿੱਚ ਪੜ੍ਹਦਾ ਹੈ ਜਾਂ ਪ੍ਰਾਇਵੇਟ ਅਦਾਰੇ ਵਿੱਚ ਉਸਦੀ ਪੜ੍ਹਾਈ ਲਈ ਆਰਥਿਕ ਸਹਾਇਤਾ ਮਿਲਦੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਹਾਇਰ ਸਿੱਖਿਆ ਲਈ ਵਿਦੇਸ਼ਾਂ ਵਿੱਚ ਪੜ੍ਹਣ ਵਾਲੇ ਵਿਦਿਆਰਥੀਆਂ ਨੂੰ ਵੀ ਆਰਥਿਕ ਸਹਾਇਤਾ ਮਿਲਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਇਨ੍ਹਾਂ ਯੋਜਨਾਵਾਂ ਦਾ ਲਾਭ ਜਰੂਰਤਮੰਦ ਲੋਕਾਂ ਤੱਕ ਪਹੁੰਚਾਣ ਲਈ ਸਾਨੂੰ ਸਭਨੂੰ ਮਿਲਕੇ ਕੰਮ ਕਰਨਾ ਪਵੇਗਾ। ਮਹਾਂਰਿਸ਼ੀ ਬਾਲਮੀਕਿ ਅਤੇ ਗੁਰੂ ਰਵਿਦਾਸ ਯੂਥ ਏਕਤਾ ਕਲੱਬ ਦੇ ਪ੍ਰਧਾਨ ਅਮਿਤ ਦੋਧੀ ਨੇ ਦੱਸਿਆ ਕਿ ਦਲਿਤ ਵਰਗ ਦੀਆਂ ਸਮੱਸਿਆਵਾਂ ਸਬੰਧੀ ਪਿਛਲੇ ਸਮੇਂ ਦੌਰਾਨ ਕਲੱਬ ਆਗੂਆਂ ਵਲੋਂ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿੱਚ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਰਾਜਨੀਤਿਕ ਪਾਰਟੀਆਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਹੁਕਮ ਜਾਰੀ ਕਰਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ਕਲੱਬ ਦਾ ਕਿਸੇ ਵੀ ਰਾਜਨੀਤਿਕ ਦੱਲ ਨਾਲ ਕੋਈ ਸਬੰਧ ਨਹੀਂ ਹੈ ਅਤੇ ਨਾ ਹੀ ਕਿਸੇ ਪਾਰਟੀ ਦਾ ਸਮੱਰਥਨ ਕਰਦਾ ਹੈ। ਉਨ੍ਹਾਂ ਕਿਹਾ ਕਿ ਸਮਾਜ ਨੂੰ ਜਾਗਰੂਕ ਕਰਨ ਲਈ ਪਿੰਡਾਂ ਵਿੱਚ ਕੈਂਪਾਂ ਦਾ ਆਯੋਜਨ ਕਰਕੇ ਇਹ ਵੱਡਮੁੱਲੀ ਜਾਣਕਾਰੀ ਜਰੂਰਤਮੰਦ ਲੋਕਾਂ ਤੱਕ ਪਹੁੰਚਾਣ ਲਈ ਹਰ ਸੰਭਬ ਕੋਸ਼ਿਸ ਕਰਨਗੇ। ਇਸ ਕੈਂਪ ਵਿੱਚ ਵਿਸ਼ਾਲ, ਰਜਤ, ਰਿੰਕੂ, ਮਿੰਟੂ, ਰਜੀਵ, ਜੱਸੀ, ਕੁਸਲ, ਬਿੰਦਰ, ਸੋਢੀ, ਲਾਡੀ ਆਦਿ ਹਾਜਰ ਸਨ।

**– ਕੁਲਦੀਪ ਚੰਦ 91-94175-63054**


NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928

RE/MAX® Gold
Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd #
100 Sacramento, CA 95834

ਲੰਡਨ ਖਬਰਨਾਮਾ (ਮਨਦੀਪ ਖੁਰਮੀ ਹਿੰਮਤਪੁਰਾ)

# ਮਹਾਰਾਣੀ ਐਲਿਜ਼ਾਬੈਥ ਦੀ ਤਸਵੀਰ ਵਾਲੇ ਨੋਟਾਂ ਅਤੇ ਸਿੱਕਿਆਂ ਨੂੰ ਬਦਲਣ ਦੀ ਯੋਜਨਾ

**ਗਲਾਸਗੋ/ ਲੰਡਨ–** ਮਹਾਰਾਣੀ ਐਲਿਜ਼ਾਬੈਥ ਦੀ ਮੌਤ ਨੇ ਜਿੱਥੇ ਰਾਸ਼ਟਰ ਨੂੰ ਸੋਗ ਵਿੱਚ ਡੁਬੋ ਦਿੱਤਾ ਹੈ ਉੱਥੇ ਹੀ ਯੂਨਾਈਟਿਡ ਕਿੰਗਡਮ ਵਿੱਚ ਤਬਦੀਲੀਆਂ ਦਾ ਇੱਕ ਦੌਰ ਵੀ ਸ਼ੁਰੂ ਕਰ ਦਿੱਤਾ ਹੈ, ਜਿਨ੍ਹਾਂ ਵਿੱਚੋਂ ਨੋਟਾਂ ਅਤੇ ਸਿੱਕਿਆਂ ਆਦਿ ਤੋਂ ਮਹਾਰਾਣੀ ਦੀ ਤਸਵੀਰ ਬਦਲਣ ਦੀ ਯੋਜਨਾ ਵੀ ਸ਼ਾਮਿਲ ਹੈ। ਪੈਸਾ ਅਤੇ ਸਟੈਂਪ ਆਦਿ ਰੋਜ਼ਾਨਾ ਦੀਆਂ ਚੀਜ਼ਾਂ ਵਿੱਚੋਂ ਦੋ ਹਨ ਜਿੱਥੇ ਮਹਾਰਾਣੀ ਐਲਿਜ਼ਾਬੈਥ ।। ਦਾ ਚਿਹਰਾ ਵੇਖਿਆ ਜਾਂਦਾ ਹੈ ਅਤੇ ਹੁਣ ਇਹਨਾਂ ਦੋਵਾਂ 'ਚ ਵੀ ਬਦਲਾਅ ਹੋਵੇਗਾ। ਬੈਂਕ ਆਫ਼ ਇੰਗਲੈਂਡ ਨੇ ਇੱਕ ਬਿਆਨ ਵਿੱਚ ਪੁਸ਼ਟੀ ਕੀਤੀ ਹੈ ਕਿ ਨਕਦ ਅਤੇ ਸਿੱਕੇ ਕਾਨੂੰਨੀ ਟੈਂਡਰ ਬਣੇ ਰਹਿਣਗੇ ਪਰ ਦੇਸ਼ ਦੇ ਸੋਗ ਦੀ ਮਿਆਦ ਦੇ ਬਾਅਦ ਪੈਸੇ ਵਿੱਚ ਤਬਦੀਲੀ ਲਈ ਹੋਰ



ਯੋਜਨਾਵਾਂ ਦਾ ਐਲਾਨ ਕਰੇਗਾ। ਗਵਰਨਰ ਐਂਡਰਿਊ ਬੇਲੀ ਅਨੁਸਾਰ ਮਹਾਰਾਣੀ ਦੀ ਤਸਵੀਰ ਵਾਲੇ ਮੌਜੂਦਾ ਬੈਂਕ ਨੋਟ ਕਾਨੂੰਨੀ ਟੈਂਡਰ ਬਣੇ ਰਹਿਣਗੇ। ਜਦਕਿ ਮੌਜੂਦਾ ਬੈਂਕ ਆਫ਼ ਇੰਗਲੈਂਡ ਦੇ ਬੈਂਕ ਨੋਟਾਂ ਬਾਰੇ ਇੱਕ ਹੋਰ ਘੋਸ਼ਣਾ ਸੋਗ ਦੀ ਮਿਆਦ ਮਨਾਉਣ ਤੋਂ ਬਾਅਦ ਕੀਤੀ ਜਾਵੇਗੀ। ਹਾਲਾਂਕਿ ਬੈਂਕ ਆਫ ਇੰਗਲੈਂਡ ਨੇ ਅਜੇ ਤੱਕ ਸਿੱਕੇ ਅਤੇ ਨਕਦੀ ਬਦਲਣ ਦੀ ਮਿਤੀ ਦੀ ਪੁਸ਼ਟੀ ਨਹੀਂ ਕੀਤੀ ਹੈ, ਪਰ ਇਸ ਸੰਬੰਧੀ ਇੱਕ ਮਹੱਤਵਪੂਰਨ ਤਬਦੀਲੀ ਪੜਾਅਵਾਰ ਹੋਣ ਦੀ ਸੰਭਾਵਨਾ ਹੈ। ਇਸਦੇ ਲਈ ਯੋਜਨਾਵਾਂ ਲੰਬੇ ਸਮੇਂ ਤੋਂ ਚੱਲ ਰਹੀਆਂ ਹਨ ਅਤੇ ਨਵੀਂ ਨਕਦੀ ਪੈਦਾ ਕੀਤੀ ਜਾਵੇਗੀ ਅਤੇ ਆਮ ਸਰਕੂਲੇਸ਼ਨ ਵਿੱਚ ਵੰਡੀ ਜਾਵੇਗੀ, ਪੁਰਾਣੇ ਪੈਸੇ ਨੂੰ ਹੌਲੀ-ਹੌਲੀ ਖਤਮ ਕੀਤਾ ਜਾਵੇਗਾ। ਇਹ ਸਿਰਫ ਯੂਕੇ ਵਿੱਚ ਹੀ ਨਹੀਂ ਬਲਕਿ ਇਹ ਕੈਨੇਡਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਵਿੱਚ ਵੀ ਵਰਤਿਆ ਜਾਂਦਾ ਹੈ ਅਤੇ ਉਹ ਵੀ ਅੰਤ ਵਿੱਚ ਮਹਾਰਾਣੀ ਦੀ ਤਸਵੀਰ ਵਾਲੀ ਨਕਦੀ ਨੂੰ ਖਤਮ ਕਰ ਦੇਣਗੇ। ਯੂਕੇ ਵਿੱਚ, ਵਰਤਮਾਨ ਵਿੱਚ ਤਕਰੀਬਨ 80 ਬਿਲੀਅਨ ਪੌਂਡ ਸਰਕੂਲੇਸ਼ਨ ਵਿੱਚ ਹਨ।

# ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਬਲਿਹਾਰ ਸਿੰਘ ਰਾਮੇਵਾਲ ਦੇ ਗ੍ਰਹਿ ਪਧਾਰੇ

**ਗਲਾਸਗੋ/ ਬਰਮਿੰਘਮ–** ਆਪਣੀ ਇੰਗਲੈਂਡ ਫੇਰੀ ਦੌਰਾਨ ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਵੱਲੋਂ ਆਪਣੇ ਸਨੇਹੀਆਂ ਨਾਲ ਮੁਲਾਕਾਤਾਂ ਕੀਤੀਆਂ ਜਾ ਰਹੀਆਂ ਹਨ। ਇਸੇ ਤਹਿਤ ਹੀ ਉਹ ਆਪਣੇ ਪਰਮ ਮਿੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਕਾਲ ਦਰਬਾਰ ਬਰਮਿੰਘਮ ਦੇ ਮੁੱਖ ਸੇਵਾਦਾਰ ਤੇ ਸ਼੍ਰੋਮਣੀ ਅਕਾਲੀ ਦਲ ਯੂਕੇ ਦੇ ਪ੍ਰਧਾਨ ਬਲਿਹਾਰ ਸਿੰਘ ਰਾਮੇਵਾਲ ਦੇ ਗ੍ਰਹਿ ਪਧਾਰੇ। ਇਸ ਸਮੇਂ ਪੰਜਾਬ ਅਤੇ ਵਿਦੇਸ਼ਾਂ 'ਚ ਵਸਦੇ ਪੰਜਾਬੀਆਂ ਦੀਆਂ ਆਪਣੀ ਮਾਤ ਭੂਮੀ ਨਾਲ ਜੁੜੀਆਂ ਸਮੱਸਿਆਵਾਂ ਸੰਬੰਧੀ ਗੰਭੀਰ ਵਿਚਾਰਾਂ ਹੋਈਆਂ। ਇਸ ਸਮੇਂ ਪਰਫੈਕਟ ਗਲੇਜ਼ਿੰਗ ਦੇ



ਮਾਲਕ ਸੁਰਜੀਤ ਸਿੰਘ ਰੰਧਾਵਾ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਕਾਲ ਦਰਬਾਰ ਦੇ ਹੈੱਡ ਗ੍ਰੰਥੀ ਅਤੇ ਦਮਦਮੀ ਟਕਸਾਲ ਦੇ ਵਿਦਿਆਰਥੀ ਭਾਈ ਹਰਦੀਪ ਸਿੰਘ ਵੱਲੋਂ ਵੀ ਵਿਚਾਰਾਂ ਦੀ ਸਾਂਝ ਪਾਈ ਗਈ। ਸੁਰਜੀਤ ਸਿੰਘ ਰੰਧਾਵਾ ਨੇ ਸੰਤ ਬਲਵੀਰ ਸਿੰਘ ਸੀਚੇਵਾਲ ਜੀ ਵੱਲੋਂ ਪਾਰਲੀਮੈਂਟ ਵਿੱਚ ਉਠਾਏ ਮੁੱਦਿਆਂ ਦੀ ਭਰਪੂਰ ਸਰਾਹਨਾ ਕੀਤੀ। ਇਸ ਸਮੇਂ ਸੁਰਿੰਦਰ ਸਿੰਘ ਪੱਡਾ, ਨਗਿੰਦਰ ਸਿੰਘ ਬਾਬੇ ਕੇ ਵੱਲੋਂ ਵੀ ਵਿਚਾਰ ਚਰਚਾ ਵਿੱਚ ਹਿੱਸਾ ਲਿਆ ਗਿਆ। ਅੰਤ ਵਿੱਚ ਬਲਿਹਾਰ ਸਿੰਘ ਰਾਮੇਵਾਲ ਨੇ ਇਸ ਲਘੂ ਮਿਲਣੀ ਦੌਰਾਨ ਹਾਜਰ ਹੋਏ ਪਤਵੰਤਿਆਂ ਅਤੇ ਮੁੱਖ ਮਹਿਮਾਨ ਸੰਤ ਸੀਚੇਵਾਲ ਜੀ ਦਾ ਹਾਰਦਿਕ ਧੰਨਵਾਦ ਕੀਤਾ।

# ਮਹਾਰਾਣੀ ਐਲਿਜਾਬੈਥ ਦੋਇਮ ਦੀ ਮ੍ਰਿਤਕ ਦੇਹ ਸਕਾਟਿਸ਼ ਰਾਜਧਾਨੀ ਲਿਆਂਦੀ ਗਈ

**ਐਡਿਨਬਰਾ (ਮਨਦੀਪ ਖੁਰਮੀ ਹਿੰਮਤਪੁਰਾ) –** ਮਹਾਰਾਣੀ ਐਲਿਜਾਬੈਥ ਦੋਇਮ ਦੇ ਅੰਤਿਮ ਦਰਸ਼ਨਾਂ ਲਈ ਲੋਕਾਂ ਵੱਲੋਂ ਸੜਕਾਂ ਦੇ ਕਿਨਾਰਿਆਂ 'ਤੇ ਖੜ੍ਹ ਕੇ ਘੰਟਿਆਂ ਬੱਧੀ ਇੰਤਜ਼ਾਰ ਕੀਤਾ ਗਿਆ। ਬਾਲਮੋਰਲ ਮਹਿਲ ਤੋਂ ਸਕਾਟਲੈਂਡ ਦੀ ਰਾਜਧਾਨੀ ਸਥਿਤ ਹੋਲੀਰੂਡਹਾਊਸ ਤੱਕ ਤਾਬੂਤ ਲਿਜਾਣ ਲਈ ਸੜਕੀ ਰਸਤੇ ਦੀ ਚੋਣ ਕੀਤੀ ਗਈ ਸੀ। ਮੋਟਰਵੇਅ 'ਤੇ ਰੁਕੇ ਹੋਏ ਟ੍ਰੈਫਿਕ ਦੌਰਾਨ ਲੋਕਾਂ ਵੱਲੋਂ ਮਹਾਰਾਣੀ ਦੀ ਮ੍ਰਿਤਕ ਦੇਹ ਦੇ ਅੰਤਿਮ ਦਰਸ਼ਨ ਕੀਤੇ। ਆਮ ਨਿਰਧਾਰਤ ਗਤੀ ਨਾਲੋਂ ਬਹੁਤ ਹੀ ਘੱਟ ਸਪੀਡ 'ਤੇ ਜਾਂਦੀਆਂ ਗੱਡੀਆਂ ਦੇ ਵਹੀਰ ਨਾਲ ਮਹਾਰਾਣੀ ਦਾ ਮ੍ਰਿਤਕ ਸਰੀਰ ਐਡਿਨਬਰਾ ਲਿਜਾਇਆ ਗਿਆ ਹੈ। ਹੋਲੀਰੂਡਹਾਊਸ ਵਿਖੇ ਰੱਖਣ ਉਪਰੰਤ ਇਤਿਹਾਸਕ ਸੇਂਟ ਗਾਈਲਸ ਕੈਥੇਡ੍ਰਲ ਵਿਖੇ ਵੀ 24 ਘੰਟੇ ਲਈ ਰੱਖਿਆ ਜਾਵੇਗਾ। ਦਰਸ਼ਨਾਂ ਦੇ ਚਾਹਵਾਨ ਲੋਕਾਂ ਨੂੰ ਵਿਸ਼ੇਸ਼ ਹਦਾਇਤਾਂ ਬੇਨਤੀਆਂ ਵੀ ਜਾਰੀ ਕੀਤੀਆਂ ਗਈਆਂ ਹਨ। ਲੋਕਾਂ ਨੂੰ ਆਪਣੇ ਨਾਲ ਲਿਆਉਣ ਅਤੇ ਨਾ ਲਿਆਉਣ ਵਾਲੀਆਂ ਚੀਜਾਂ ਦੀ ਲਿਸਟ ਸੁਰੱਖਿਆ ਦੇ ਮੱਦੇਨਜ਼ਰ ਜਾਰੀ ਕੀਤੀ ਗਈ ਹੈ। ਐਡਿਨਬਰਾ ਦੇ ਬਹੁਤ ਸਾਰੇ ਰਸਤੇ ਬੰਦ ਕਰਨ ਦੇ ਨਾਲ-ਨਾਲ ਸੁਰੱਖਿਆ ਪ੍ਰਬੰਧ ਬੇਹੱਦ ਸਖਤ ਕੀਤੇ ਗਏ ਹਨ। ਲੋਕਾਂ ਵੱਲੋਂ ਮਹਾਰਾਣੀ ਦੀ ਯਾਦ ਵਿੱਚ ਹੋਲੀਰੂਡਹਾਊਸ ਦੇ ਬਾਹਰ ਫੁੱਲ ਭੇਟ ਕਰਕੇ ਸਤਿਕਾਰ ਦਾ ਇਜਹਾਰ ਕੀਤਾ ਜਾ ਰਿਹਾ ਹੈ।




# ਮਹਾਰਾਣੀ ਐਲਿਜ਼ਾਬੈਥ ਨਮਿਤ ਸਹਿਜ ਪਾਠ ਸਾਹਿਬ ਪ੍ਰਾਰੰਭ

## ਸੈਂਟਰਲ ਗੁਰਦੁਆਰਾ ਸਿੰਘ ਸਭਾ ਵਿਖੇ ਪਾਏ ਜਾਣਗੇ 25 ਸਤੰਬਰ ਨੂੰ ਭੋਗ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਬਰਤਾਨੀਆ ਦੀ ਮਹਾਰਾਣੀ ਐਲਿਜਾਬੈਥ ਦੋਇਮ ਦੀ ਮੌਤ ਹੋਣ 'ਤੇ ਵੱਖ ਵੱਖ ਭਾਈਚਾਰਿਆਂ, ਸੰਸਥਾਵਾਂ ਵੱਲੋਂ ਸੋਗ ਮਨਾਇਆ ਜਾ ਰਿਹਾ ਹੈ। ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਸਦੇ ਸਿੱਖ ਭਾਈਚਾਰੇ ਵੱਲੋਂ ਵੀ ਇਸ ਸੋਗਮਈ ਸਮੇਂ ਵਿੱਚ ਆਪਣੀ ਸ਼ਮੂਲੀਅਤ ਦਿਖਾਈ ਜਾ ਰਹੀ ਹੈ।

ਸਕਾਟਲੈਂਡ ਦੇ ਸਭ ਤੋਂ ਵੱਡੇ ਗੁਰੂਘਰ ਵਜੋਂ ਪ੍ਰਸਿੱਧ ਸੈਂਟਰਲ ਗੁਰਦੁਆਰਾ ਸਿੰਘ ਸਭਾ ਬਰਕਲੇ ਸਟ੍ਰੀਟ ਦੀ ਪ੍ਰਬੰਧਕ ਕਮੇਟੀ ਵੱਲੋਂ ਮਹਾਰਾਣੀ ਦੀ ਆਤਮਿਕ ਸ਼ਾਂਤੀ ਲਈ ਸਹਿਜ ਪਾਠ ਸਾਹਿਬ ਪ੍ਰਕਾਸ਼ ਕਰਵਾਏ ਗਏ ਹਨ। ਇਸ ਸੰਬੰਧੀ ਗੱਲਬਾਤ ਕਰਦਿਆਂ ਮੁੱਖ ਸੇਵਾਦਾਰ ਸੁਰਜੀਤ ਸਿੰਘ ਚੌਧਰੀ (ਐਮ ਬੀ ਈ) ਨੇ ਦੱਸਿਆ ਕਿ ਬੀਤੇ ਕੱਲ੍ਹ ਮਹਾਰਾਣੀ ਐਲਿਜਾਬੈਥ ਦੋਇਮ ਨਮਿਤ ਸਹਿਜ ਪਾਠ ਸਾਹਿਬ ਪ੍ਰਕਾਸ਼ ਕਰਵਾਏ ਜਾ ਚੁੱਕੇ ਹਨ, ਜਿਹਨਾਂ ਦੇ ਭੋਗ 25 ਸਤੰਬਰ (ਐਤਵਾਰ) ਨੂੰ ਪਾਏ ਜਾਣਗੇ। ਉਹਨਾਂ ਕਿਹਾ ਕਿ ਇਸ ਸਮਾਗਮ ਦੌਰਾਨ ਸਕਾਟਲੈਂਡ ਦੀਆਂ ਅਹਿਮ ਸਖਸ਼ੀਅਤਾਂ ਦੇ ਸ਼ਮੂਲੀਅਤ ਕਰਨ ਦੀ ਉਮੀਦ ਹੈ। ਸੁਰਜੀਤ ਸਿੰਘ ਚੌਧਰੀ ਨੇ ਸਮੂਹ ਪ੍ਰਬੰਧਕ ਕਮੇਟੀ ਦੀ ਤਰਫੋਂ ਸੰਗਤਾਂ ਨੂੰ ਅਪੀਲ ਕੀਤੀ ਕਿ ਇਸ ਅਰਦਾਸ ਸਮਾਗਮ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ ਦੀ ਕਿਰਪਾਲਤਾ ਕੀਤੀ ਜਾਵੇ।



"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਪੰਜਾਬ ਵੇਟ ਲਿਫਟਿੰਗ ਐਸੋਸੀਏਸ਼ਨ ਵੱਲੋਂ ਵਿਸ਼ਵ ਪ੍ਰਸਿੱਧ ਗਾਇਕ ਨਿਰਮਲ ਸਿੱਧੂ ਅੰਬੈਸਡਰ ਨਿਯੁਕਤ

**ਨੌਟਿੰਘਮ/ ਗਲਾਸਗੋ–** ਬਰਮਿੰਘਮ ਵਿਖੇ ਸੰਪੰਨ ਹੋਈਆਂ ਕਾਮਨਵੈਲਥ ਖੇਡਾਂ ਵਿੱਚ ਪੰਜਾਬੀ ਵੇਟਲਿਫਟਰ ਖਿਡਾਰੀਆਂ ਦੀ ਕਾਰਗੁਜਾਰੀ ਬਿਹਤਰੀਨ ਰਹੀ। ਪੰਜਾਬ ਵੇਟਲਿਫਟਿੰਗ ਐਸੋਸੀਏਸ਼ਨ ਦੀਆਂ ਕੋਸ਼ਿਸ਼ਾਂ ਨੂੰ ਵੀ ਬਲ ਮਿਲਿਆ ਹੈ। ਨੌਟਿੰਘਮ ਵਿਖੇ ਹੋਈ ਵਿਸ਼ੇਸ਼ ਇਕੱਤਰਤਾ ਦੌਰਾਨ ਪੰਜਾਬ ਵੇਟਲਿਫਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਤਾਰਾ ਸਿੰਘ ਸੂੰਡ ਅਰਜਨ ਐਵਾਰਡੀ ਗਿਆਨ ਸਿੰਘ ਚੀਮਾ ਏਸ਼ੀਅਨ ਬਰੌਂਜ ਮੈਡਲਿਸਟ 1982 ਦਿੱਲੀ ਸਮੇਤ ਵੇਟਲਿਫਟਿੰਗ ਨੂੰ ਪਿਆਰ ਕਰਨ ਵਾਲੇ ਖੇਡ ਪ੍ਰੇਮੀ ਵੀ ਹਾਜਰ ਹੋਏ। ਇਸ ਸਮਾਗਮ ਨੂੰ ਚਾਰ ਚੰਨ ਲਾਉਣ ਲਈ ਵਿਸ਼ਵ ਪ੍ਰਸਿੱਧ ਗਾਇਕ ਨਿਰਮਲ ਸਿੱਧੂ ਅਤੇ ਉੱਘੇ ਖੇਡ ਪ੍ਰਮੋਟਰ ਅਜੈਬ ਸਿੰਘ ਗਰਚਾ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਵੱਡੀ ਗਿਣਤੀ ਵਿੱਚ ਹਾਜ਼ਰ ਖੇਡ ਪ੍ਰੇਮੀਆਂ ਵੱਲੋਂ ਸੂੰਡ ਸਾਹਿਬ ਦੀ ਅਗਵਾਈ ਵਿੱਚ ਫੈਸਲਾ ਲੈਂਦਿਆਂ ਨਿਰਮਲ ਸਿੱਧੂ ਨੂੰ ਪੰਜਾਬ ਵੇਟਲਿਫਟਿੰਗ ਐਸੋਸੀਏਸ਼ਨ ਵੱਲੋਂ ਅੰਬੈਸਡਰ ਵਜੋਂ ਨਿਯੁਕਤ ਕੀਤਾ ਗਿਆ। ਇਸ ਵੱਡੀ ਜ਼ਿੰਮੇਵਾਰੀ ਦਾ ਭਾਰ ਨਿਰਮਲ ਸਿੱਧੂ ਦੇ ਮੋਢਿਆਂ 'ਤੇ ਪਾਉਣ ਸਮੇਂ ਉਹਨਾਂ ਨੂੰ ਸਿਰੋਪਾ ਭੇਂਟ ਕੀਤਾ ਗਿਆ। ਸੰਬੋਧਨ ਦੌਰਾਨ ਅਜੈਬ ਸਿੰਘ ਗਰਚਾ ਨੇ ਕਿਹਾ ਕਿ ਨਿਰਮਲ ਸਿੱਧੂ ਦੀ ਇਸ ਨਿਯੁਕਤੀ ਨਾਲ ਵੇਟਲਿਫਟਿੰਗ ਨੂੰ ਉਤਸ਼ਾਹ ਮਿਲੇਗਾ। ਨਿਰਮਲ ਸਿੱਧੂ ਨੇ ਧੰਨਵਾਦ ਕਰਦਿਆਂ ਕਿਹਾ ਕਿ ਉਹ ਝੋਲੀ ਪਈ ਇਸ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ। ਇਸ ਸਮੇਂ ਪਰਮਜੀਤ ਜੌਹਲ ਰਾਮੇਵਾਲ, ਮਾਲੀ ਦੁਸਾਂਝ, ਮੇਜਰ ਸਿੰਘ, ਸੁਰਜੀਤ ਉੱਪਲ, ਮਹਿਮਾ ਸਿੰਘ, ਗਿਆਨ ਸਿੰਘ ਹੇਅਰ, ਜੁਗਿੰਦਰ ਸਿੰਘ ਤੱਖਰ, ਬਲਬੀਰ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



# ਮਹਾਰਾਣੀ ਐਲਿਜ਼ਾਬੇਥ-2 ਦੇ ਦਿਹਾਂਤ ਉਤੇ ਨਿਊਜ਼ੀਲੈਂਡ ਨੇ ਰਾਸ਼ਟਰੀ ਸੋਗ ਦਾ ਐਲਾਨ




**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਅੱਜ ਵੀ ਨਿਊਜ਼ੀਲੈਂਡ ਦੀ ਰਾਣੀ ਦਾ ਖਿਤਾਬ ਬਰਕਰਾਰ ਰੱਖਣ ਵਾਲੀ ਮਹਾਰਾਣੀ ਐਲਿਜ਼ਾਬੇਥ-2 ਦੇ ਦਿਹਾਂਤ ਉਤੇ ਨਿਊਜ਼ੀਲੈਂਡ ਨੇ ਰਾਸ਼ਟਰੀ ਸੋਗ ਦਾ ਐਲਾਨ ਕੀਤਾ ਹੈ। ਉਨ੍ਹਾਂ ਨੂੰ ਯਾਦਗਾਰੀ ਸੇਵਾ ਦੇ ਨਾਲ ਮਾਨਤਾ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਨੇ ਮਹਾਰਾਣੀ ਐਲਿਜ਼ਾਬੈਥ-2 (ਉਮਰ 96 ਸਾਲ) ਦੀ ਮੌਤ ਦਾ ਅੱਜ ਤੜਕੇ 4,30 ਵਜੇ ਪਤਾ ਲੱਗਾ ਤੇ ਉਨ੍ਹਾਂ ਵਿਸ਼ੇਸ਼ ਮੀਡੀਆ ਰਿਲੀਜ਼ ਦੇ ਵਿਚ ਦੁੱਖ ਪ੍ਰਗਟਾਇਆ। ਨਿਊਜ਼ੀਲੈਂਡ ਦੇਸ਼ ਦਾ ਸੋਗ ਉਨ੍ਹਾਂ ਦੀ ਸਟੇਟ ਮੈਮੋਰੀਅਲ ਸਰਵਿਸ ਤੋਂ ਬਾਅਦ ਜਾਰੀ ਵੀ ਕੁਝ ਸਮਾਂ ਜਾਰੀ ਰਹੇਗਾ। ਅੱਜ ਸ਼ਾਮ 6 ਵਜੇ ਰਾਜਧਾਨੀ ਵਲਿੰਗਟਨ ਵਿਖੇ ਉਨ੍ਹਾਂ ਦੇ ਮਰਨੋਉਪਰੰਤ 96 ਗੰਨ ਫਾਇਰ ਕਰਕੇ ਸਲਾਮੀ ਦਿੱਤੀ ਜਾਵੇਗੀ। ਨਿਊਜ਼ੀਲੈਂਡ ਦੇ ਝੰਡੇ ਮਹਾਰਾਣੀ ਦੀ ਮੌਤ ਦੇ ਐਲਾਨ ਤੋਂ ਲੈ ਕੇ ਅੰਤਿਮ ਸੰਸਕਾਰ ਦੇ ਦਿਨ ਸਮੇਤ ਤੱਕ ਅੱਧੇ ਝੁਕੇ ਰਹਿਣਗੇ। ਨਿਊਜ਼ੀਲੈਂਡ ਵਾਸੀਆਂ ਨੂੰ ਆਉਣ ਵਾਲੇ ਦਿਨਾਂ ਵਿੱਚ ਮਹਾਰਾਣੀ ਐਲਿਜ਼ਾਬੈਥ -2 ਨੂੰ ਸ਼ਰਧਾਂਜਲੀ ਦੇਣ ਦੇ ਮੌਕੇ ਮਿਲਣਗੇ।

ਮਹਾਰਾਣੀ ਐਲਿਜ਼ਾਬੈਥ-2 ਨੂੰ ਸ਼ਰਧਾਂਜਲੀ ਦੇਣ ਲਈ ਸ਼ੋਕ ਕਾਪੀਆਂ ਸੰਭਾਵਿਤ ਤੌਰ 'ਤੇ ਸੰਸਦ ਅਤੇ ਨੈਸ਼ਨਲ ਲਾਇਬ੍ਰੇਰੀ ਵਿੱਚ ਰੱਖੀਆਂ ਜਾਣਗੀਆਂ। ਉਚਿੱਤ ਤੌਰ 'ਤੇ ਬੰਦੂਕਾਂ ਦੀ ਸਲਾਮੀ ਦਿੱਤੀ ਜਾਵੇਗੀ। ਜਨਤਾ ਦੇ ਮੈਂਬਰਾਂ ਲਈ ਫੁੱਲ ਭੇਂਟ ਕਰਨ ਲਈ ਸਥਾਨ ਨਿਰਧਾਰਿਤ ਕੀਤੇ ਜਾਣਗੇ। ਮਹਾਰਾਣੀ ਐ-ਲਿਜ਼ਾਬੈਥ-2 ਆਪਣੇ ਰਾਜ ਦੌਰਾਨ ਨਿਊਜ਼ੀਲੈਂਡ ਦਾ ਦੌਰਾ ਕਰਨ ਵਾਲੀ ਪਹਿਲੀ ਰਾਣੀ ਸੀ ਅਤੇ ਇੱਥੇ 10 ਵਾਰ ਮਹਾਰਾਣੀ ਵਜੋਂ ਆਈ ਸੀ। 1954 ਵਿੱਚ ਨਿਊਜ਼ੀਲੈਂਡ ਦੀ ਆਪਣੀ ਫੇਰੀ ਦੌਰਾਨ ਉਹ ਨਿਊਜ਼ੀਲੈਂਡ ਦੀ ਪਾਰਲੀਮੈਂਟ ਦਾ ਸੈਸ਼ਨ ਖੋਲ੍ਹਣ ਵਾਲੀ ਸਾਡੀ ਪਹਿਲੀ ਰਾਜ ਦੀ ਮੁਖੀ ਬਣੀ। ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਨੇ ਅੱਜ ਕਿਹਾ ਕਿ ਮਹਾਰਾਣੀ ਐਲਿਜ਼ਾਬੈਥ-2 ਇੱਕ 'ਸ਼ਾਨਦਾਰ ਔਰਤ' ਸੀ ਜਿਸ ਨੇ ਅੰਤ ਤੱਕ ਕੰਮ ਕਰਨਾ ਜਾਰੀ ਰੱਖਿਆ। ਉਨ੍ਹਾਂ ਨੇ ਇੱਕ ਪ੍ਰੈੱਸ ਕਾਨਫ਼ਰੰਸ ਵਿੱਚ ਪੱਤਰਕਾਰਾਂ ਨੂੰ ਕਿਹਾ ਕਿ, 'ਮਹਾਰਾਣੀ ਸਾਡੀ ਜ਼ਿੰਦਗੀ ਵਿੱਚ ਅਜਿਹੀ ਨਿਰੰਤਰ ਰਹੀ ਹੈ'। ਉਨ੍ਹਾਂ ਨੇ ਕਿਹਾ ਮਹਾਰਾਣੀ ਦੀਆਂ ਯਾਦਾਂ ਵਿੱਚੋਂ ਇੱਕ ਉਨ੍ਹਾਂ ਦਾ ਹਾਸਾ ਸੀ, ਉਹ ਅਸਧਾਰਨ ਸਨ। ਉਨ੍ਹਾਂ ਦਾ ਵੱਡਾ ਬੇਟਾ ਰਾਜਾ ਚਾਰਲਸ-3 ਹੁਣ ਆਪਣੇ ਆਪ ਉਤਰਾਧਿਕਾਰੀ ਬਣ ਗਿਆ ਹੈ। ਉਨ੍ਹਾਂ ਨੂੰ ਕਿਸੇ ਰਸਮੀ ਕਾਰਵਾਈ ਦੀ ਲੋੜ ਨਹੀਂ ਹੈ। ਨਿਊਜ਼ੀਲੈਂਡ ਦੇ ਕਾਨੂੰਨ ਦੇ ਤਹਿਤ, ਰਾਜ ਦੇ ਸਾਰੇ ਕਾਰਜ ਅਤੇ ਸ਼ਕਤੀਆਂ ਆਪਣੇ ਆਪ ਹੀ ਮਹਾਰਾਣੀ ਦੇ ਉੱਤਰਾਧਿਕਾਰੀ ਨੂੰ ਤਬਦੀਲ ਹੋ ਜਾਂਦੀਆਂ ਹਨ। ਔਕਲੈਂਡ ਦੀਆਂ 56 ਲਾਇਬ੍ਰੇਰੀਆਂ ਦੇ ਵਿਚ ਇਕ ਨੋਟ-ਬੁੱਕ ਰੱਖੀ ਗਈ ਹੈ, ਜਿੱਥੇ ਲੋਕ ਸ਼ਰਧਾਂਜਲੀ ਵਾਸਤੇ ਆਪਣੇ ਸ਼ਬਦ ਕੱਲ੍ਹ 10 ਵਜੇ ਤੋਂ ਲਿਖ ਸਕਦੇ ਹਨ। ਇਹੋ ਜਿਹੇ ਹੋਰ ਪ੍ਰਬੰਧ ਬਾਕੀ ਕੌਂਸਿਲਾਂ ਨੇ ਵੀ ਕੀਤੇ ਹਨ।

# ਭਾਰਤੀ ਦੂਤਾਵਾਸ ਵਲਿੰਗਟਨ ਵਿਖੇ ਸ੍ਰੀਮਤੀ ਨੀਤਾ ਭੂਸ਼ਣ ਵਿਖੇ ਹੋਣਗੇ ਨਵੇਂ ਹਾਈ ਕਮਿਸ਼ਨਰ






**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ-ਭਾਰਤ ਦੇ ਵਪਾਰਕ ਸਬੰਧ 1950 ਤੋਂ ਦਿਨ ਪ੍ਰਤੀ ਦਿਨ ਗੂੜੇ ਹੋ ਰਹੇ ਹਨ ਅਤੇ ਅਤੇ ਇਥੇ ਭਾਰਤੀਆਂ ਦੀ ਆਮਦ ਵੀ ਲਗਾਤਾਰ ਵਧਦੀ ਹੈ। 1950 ਤੋਂ ਟ੍ਰੇਡ ਕਮਿਸ਼ਨਰ ਦੀ ਜਿੰਮੇਵਾਰੀ ਨਾਲ ਇਹ ਸਬੰਧ ਸਰਕਾਰੀ ਪੱਧਰ ਉਤੇ ਹੋਰ ਮਜ਼ਬੂਤ ਹੁੰਦੇ ਗਏ। 1952 ਤੋਂ 1963 ਤੱਕ ਕੈਨਬਰਾ ਵਾਲੇ ਹਾਈ ਕਮਿਸ਼ਨਰ ਨੇ ਨਿਊਜ਼ੀਲੈਂਡ ਦਾ ਕੰਮ ਵੇਖਿਆ ਅਤੇ ਫਿਰ 1963 ਤੋਂ ਨਿਊਜ਼ੀਲੈਂਡ ਨੂੰ ਆਪਣਾ ਰੈਜ਼ੀਡੈਂਟ ਹਾਈ ਕਮਿਸ਼ਨਰ ਮਿਲ ਰਿਹਾ ਹੈ। ਪਿਛਲੇ ਹਾਈ ਕਮਿਸ਼ਨਰ ਸ੍ਰੀ ਮੁਕਤੇਸ਼ ਪ੍ਰਦੇਸੀ ਜੋ ਕਿ 11 ਜੁਲਾਈ ਨੂੰ ਵਿਦਾਇਗੀ ਲੈ ਕੇ ਅਗਲੇ ਦਿਨ ਹੀ ਭਾਰਤ ਕਿਸੇ ਹੋਰ ਦੂਜੇ ਅਹੁਦੇ ਵਾਸਤੇ ਚਲੇ ਗਏ ਸਨ, ਦੀ ਸੀਟ ਖਾਲੀ ਚੱਲ ਰਹੀ ਸੀ ਅਤੇ ਕੱਲ੍ਹ ਭਾਰਤ ਸਰਕਾਰ ਨੇ ਪਹਿਲੀ ਵਾਰ ਇਕ ਮਹਿਲਾ ਅਧਿਕਾਰੀ ਸ੍ਰੀਮਤੀ ਨੀਤਾ ਭੂਸ਼ਣ ਨੂੰ ਨਿਊਜ਼ੀਲੈਂਡ ਦਾ ਨਵਾਂ ਹਾਈ ਕਮਿਸ਼ਨਰ ਨਿਯੁਕਤ ਕੀਤਾ ਹੈ। ਰਾਜਧਾਨੀ ਵਲਿੰਗਟਨ ਵਿਖੇ 90 ਮਿਲੀਅਨ ਦੀ ਲਾਗਤ ਨਾਲ ਤਿਆਰ ਹੋਏ ਦਫਤਰ, ਹਾਲ, 8-9 ਰਿਹਾਇਸ਼ੀ ਘਰ ਅਤੇ ਹੋਰ ਕਈ ਸਹੂਲਤਾਂ ਵਾਲੇ ਇਸ ਮਹਿਲ ਨੁਮਾ ਘਰ ਦੀਆਂ ਚਾਬੀਆਂ ਪਹਿਲੀ ਵਾਰ ਕਿਸੀ ਮਹਿਲਾ ਨੂੰ ਦਿੱਤੀਆਂ ਜਾ ਰਹੀਆਂ ਹਨ। ਨਵੇਂ ਹਾਈ ਕਮਿਸ਼ਨਰ ਸ੍ਰੀਮਤੀ ਨੀਤਾ ਭੂਸ਼ਣ ਜਲਦੀ ਹੀ ਇਥੇ ਪਹੁੰਚ ਕੇ ਦਫਤਰ ਦਾ ਕੰਮ-ਕਾਰ ਸੰਭਾਲ ਲੈਣਗੇ। ਉਹ 1984 ਬੈਚ ਦੇ ਇੰਡੀਅਨ ਫੌਰਨ ਸਰਵਿਸ ਦੇ ਅਧਿਕਾਰੀ ਹਨ। ਇਸ ਵੇਲੇ ਉਹ ਵਧੀਕ ਸਕੱਤਰ ਵਿਦੇਸ਼ ਮੰਤਰਾਲਾ ਭਾਰਤ ਸਰਕਾਰ (ਸੈਂਟਰਲ ਯੂਰਪ ਡਿਵੀਜ਼ਨ) ਹਨ। ਵਰਨਣਯੋਗ ਹੈ ਕਿ ਨਿਊਜ਼ੀਲੈਂਡ 'ਓਸ਼ੇਨੀਆ ਡਿਵੀਜ਼ਨ' ਦੇ ਵਿਚ ਭਾਰਤ ਸਰਕਾਰ ਵੱਲੋਂ ਰੱਖਿਆ ਗਿਆ ਹੈ। ਉਹ 2017 ਤੋਂ 2019 ਤੱਕ ਸ਼ਿਕਾਗੋ ਵਿਖੇ ਭਾਰਤੀ ਕੌਂਸਿਲ ਜਨਰਲ ਵੀ ਰਹੇ ਹਨ। ਉਹ ਟੋਕੀਓ, ਬੰਗਲਾਦੇਸ਼, ਆਬੂ ਡੂਬਈ ਅਤੇ ਬਰਲਿਨ ਵਿਖੇ ਵੀ ਵੱਖ-ਵੱਖ ਅਹੁਦਿਆਂ ਉਤੇ ਰਹਿ ਕੇ ਕੰਮ ਕਰ ਚੁੱਕੇ ਹਨ। ਸ੍ਰੀਮਤੀ ਨੀਤਾ ਭੂਸ਼ਣ ਦੇ ਪਤੀ ਸ੍ਰੀ ਅਨੁਰਾਗ ਭੂਸ਼ਣ (ਉਤਰ ਪ੍ਰਦੇਸ਼) ਵੀ ਵਿਦੇਸ਼ ਮੰਤਰਾਲੇ ਵਿਚ ਸੰਯੁਕਤ ਸਕੱਤਰ ਹਨ। ਨਵੀਂ ਦਿੱਲੀ ਵਿਖੇ ਪਾਸਪੋਰਟ ਅਫਸਰ ਰਹਿ ਚੁੱਕੇ ਹਨ। ਇਨ੍ਹਾਂ ਦਾ ਇਕ ਬੇਟਾ ਅਤੇ ਇਕ ਬੇਟੀ ਹੈ।

# ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਦਫ਼ਾ 144 ਨੂੰ ਤੋੜਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਮੋਰਚਾ ਸ਼ੁਰੂ



**ਸੰਗਰੂਰ, (ਦਲਜੀਤ ਕੌਰ ਭਵਾਨੀਗੜ੍ਹ)-** ਪੰਜਾਬ ਭਰ ਦੀਆਂ ਸੰਘਰਸ਼ਸ਼ੀਲ ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮਜ਼ਦੂਰ ਮੋਰਚਾ ਵਲੋਂ ਸੂਬਾ ਸਰਕਾਰ ਦੇ ਜਾਬਰ ਆਦੇਸ਼ਾਂ ਤਹਿਤ ਮੜ੍ਹੀਆਂ ਪਾਬੰਦੀਆਂ ਨੂੰ ਤੋੜਦੇ ਹੋਏ ਅੱਜ ਇੱਥੇ ਪਟਿਆਲਾ ਰੋਡ ਸਥਿਤ ਮੁੱਖ ਮੰਤਰੀ ਦੇ ਘਰ ਅੱਗੇ ਜੀਟੀ ਰੋਡ ਉੱਪਰ ਤਿੰਨ ਰੋਜ਼ਾ ਮੋਰਚਾ ਸ਼ੁਰੂ ਕੀਤਾ ਗਿਆ। ਮੋਰਚੇ ਵਿੱਚ ਪੰਜਾਬ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਮਰਦ-ਔਰਤਾਂ ਨੇ ਸ਼ਮੂਲੀਅਤ ਕੀਤੀ। ਮੋਰਚੇ ਚ ਡਟੇ ਇਕੱਠ ਨੂੰ ਸੰਬੋਧਨ ਕਰਦਿਆਂ ਸੰਬੋਧਨ ਕਰਦਿਆਂ ਸਾਂਝੇ ਮੋਰਚੇ ਦੇ ਸੂਬਾਈ ਆਗੂ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਾਲੌਦ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜ਼ੋਰਾ ਸਿੰਘ ਨਸਰਾਲੀ, ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਦਰਸ਼ਨ ਨਾਹਰ, ਪੰਜਾਬ ਖੇਤ ਮਜ਼ਦੂਰ ਸਭਾ ਦੇ ਗੁਲਜ਼ਾਰ ਗੌਰੀਆ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਲਖਵੀਰ ਲੌਂਗੋਵਾਲ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਪ੍ਰਧਾਨ ਭਗਵੰਤ ਸਮਾਉਂ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਕਿਹਾ ਕਿ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਨੂੰ ਹੱਲ ਕਰਨ ਦੀ ਥਾਂ ਆਰ ਐਸ ਐਸ ਭਾਜਪਾ ਦੀ ਬੀ ਟੀਮ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਨੇ ਮਜ਼ਦੂਰਾਂ ਦੀ ਆਵਾਜ਼ ਦਬਾਉਣ ਲਈ ਜਾਬਰ ਹਮਲਾ ਕਰਦਿਆਂ ਦਫ਼ਾ 144 ਲਗਾ ਕੇ ਮਜ਼ਦੂਰਾਂ ਦੇ ਮੋਰਚੇ ਨੂੰ ਗੈਰ-ਕਾਨੂੰਨੀ ਕਰਾਰ ਦੇ ਕੇ ਮਨਾਹੀ ਦੇ ਹੁਕਮ ਥੋਪ ਕੇ ਦਹਿਸ਼ਤ ਪਾਉਣ ਦਾ ਕੋਝਾ ਯਤਨ ਕੀਤਾ ਹੈ। ਉਨ੍ਹਾ ਕਿਹਾ ਕਿ ਸਰਕਾਰ ਦੇ ਮਜ਼ਦੂਰ ਵਿਰੋਧੀ ਫੈਸਲਿਆਂ, ਨੀਤੀਆਂ ਦਾ ਵਿਰੋਧ ਕਰਦਿਆਂ ਮਜ਼ਦੂਰਾਂ ਦੀਆਂ ਮੰਗਾਂ ਦੇ ਹੱਲ ਤੱਕ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇਗਾ। ਮਜ਼ਦੂਰ ਮੋਰਚੇ ਦੇ ਆਗੂਆਂ ਨੇ ਮਗਨਰੇਗਾ ਤਹਿਤ ਟੱਬਰ ਦੇ ਸਾਰੇ ਬਾਲਗ ਮੈਂਬਰਾਂ ਨੂੰ ਸਾਰਾ ਸਾਲ ਕੰਮ ਦੇਣ, ਮਗਨਰੇਗਾ ਸਮੇਤ ਹੋਰਨਾਂ ਕੰਮਾਂ ਦੀ ਦਿਹਾੜੀ 700 ਰੁਪੈ ਕਰਨ, ਪੰਚਾਇਤੀ ਜ਼ਮੀਨ ਦਾ ਤੀਜੇ ਹਿੱਸੇ ਦਾ ਹੱਕ ਦਲਿਤਾਂ ਨੂੰ ਅਮਲ ਵਿੱਚ ਦੇਣ,ਅਲਾਟ ਪਲਾਟਾਂ ਦੇ ਮਜ਼ਦੂਰਾਂ ਨੂੰ ਕਬਜ਼ੇ ਦੇਣ, ਲੋੜਵੰਦ ਪਰਿਵਾਰਾਂ ਨੂੰ ਰਿਹਾਇਸ਼ੀ ਪਲਾਟ ਅਲਾਟ ਕਰਨ,ਲਾਲ ਲਕੀਰ ਰਹਿੰਦੇ ਪਰਿਵਾਰਾਂ ਨੂੰ ਮਾਲਕੀ ਹੱਕ ਦੇਣ, ਮਕਾਨ ਉਸਾਰੀ ਲਈ ਗ੍ਰਾਂਟ ਦਿੱਤੀ ਜਾਵੇ, ਗੁਲਾਬੀ ਸੁੰਡੀ ਕਾਰਨ ਖ਼ਰਾਬ ਨਰਮੇ ਅਤੇ ਮੀਹਾਂ ਕਾਰਨ ਮਰੀਆਂ ਫਸਲਾਂ ਦਾ ਮਜ਼ਦੂਰਾਂ ਨੂੰ ਮੁਆਵਜ਼ਾ ਦੇਣ, ਮਾਈਕਰੋਫਾਈਨਾਸ ਕੰਪਨੀਆਂ ਸਮੇਤ ਸਰਕਾਰੀ ਤੇ ਗੈਰ-ਸਰਕਾਰੀ ਕਰਜ਼ੇ ਮੁਆਫ਼ ਕੀਤੇ ਜਾਣ, ਸਹਿਕਾਰੀ ਸਭਾਵਾਂ ਵਿੱਚ ਬੇਜ਼ਮੀਨੇ ਮਜ਼ਦੂਰਾਂ ਨੂੰ ਬਿਨ੍ਹਾਂ ਸ਼ਰਤ ਮੈਂਬਰਸ਼ਿਪ ਦਿੱਤੀ ਜਾਵੇ, ਤਿੱਖੇ ਭੂਮੀ ਸੁਧਾਰ ਕਰਕੇ ਵਾਧੂ ਜ਼ਮੀਨਾਂ ਬੇਜ਼ਮੀਨੇ ਲੋਕਾਂ ਵਿੱਚ ਵੰਡ ਕਰਨ, ਬੁਢਾਪਾ,ਵਿਧਵਾ, ਅੰਗਹੀਣ ਪੈਨਸ਼ਨਾਂ ਦੀ ਰਾਸ਼ੀ 5 ਹਜ਼ਾਰ ਰੁਪਏ ਕੀਤੀ ਜਾਵੇ ਅਤੇ ਉੱਮਰ ਹੱਦ ਘਟਾ ਕੇ 55-58 ਸਾਲ ਕੀਤੀ ਜਾਵੇ। ਉਹਨਾਂ ਕਿਹਾ ਕਿ ਮੰਗਾਂ ਦੇ ਹੱਲ ਲਈ ਮੁੱਖ ਮੰਤਰੀ ਦੇ ਘਰ ਅੱਗੇ ਮੋਰਚਾ ਲਗਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਮੌਜੂਦਾ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਹੀ ਮਜ਼ਦੂਰ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ ਅਤੇ ਮਜ਼ਦੂਰ ਮੰਗਾਂ ਨੂੰ ਅੱਖੋਂ ਪਰੋਖੇ ਕਰ ਰਹੀ ਹੈ।ਇਸ ਹਾਲਤ ਵਿੱਚ ਮਜ਼ਦੂਰਾਂ ਪਾਸ ਸੰਘਰਸ਼ ਕਰਨ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ। ਇਸ ਮੋਰਚੇ ਦੀ ਅਗਵਾਈ ਮਜ਼ਦੂਰ ਆਗੂਆਂ ਗੁਰਨਾਮ ਦਾਊਦ, ਕਸ਼ਮੀਰ ਸਿੰਘ ਘੁੱਗਸ਼ੋਰ, ਹਰਮੇਸ਼ ਮਾਲੜੀ, ਕ੍ਰਿਸ਼ਨ ਚੌਹਾਨ, ਜਸਵੰਤ ਖੇੜੀ, ਕਮਲਜੀਤ ਸਨਾਵਾਂ, ਪ੍ਰਗਟ ਕਾਲਾਝਾੜ, ਗੋਬਿੰਦ ਛਾਜਲੀ ਆਦਿ ਨੇ ਕੀਤੀ।

# ਬੀਕੇਯੂ ਕਾਦੀਆਂ ਪਿੰਡ ਮੂੰਮ ਦੇ ਪ੍ਰਧਾਨ ਗੁਰਮੀਤ ਸਿੰਘ ਗੋਗੀ ਸਾਥੀਆਂ ਸਮੇਤ ਬੀਕੇਯੂ ਡਕੌਂਦਾ 'ਚ ਹੋਏ ਸ਼ਾਮਿਲ



**ਸੰਗਰੂਰ, (ਦਲਜੀਤ ਕੌਰ ਭਵਾਨੀਗੜ੍ਹ)-** ਮਹਿਲਕਲਾਂ, 12 ਸਤੰਬਰ, 2022: ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਪਿੰਡ ਮੂੰਮ ਦੇ ਇਕਾਈ ਪ੍ਰਧਾਨ ਗੁਰਮੀਤ ਸਿੰਘ ਗੋਗੀ ਆਪਣੇ ਸਾਥੀਆ ਸਮੇਤ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵਿੱਚ ਸ਼ਾਮਿਲ ਹੋਏ। ਸ਼ਾਮਿਲ ਹੋਣ ਵਾਲੇ ਆਗੂਆਂ/ਵਰਕਰਾਂ ਵਿੱਚ ਬਲਵੀਰ ਸਿੰਘ, ਬਲੌਰ ਸਿੰਘ, ਰੁਪਿੰਦਰ ਸਿੰਘ, ਹਾਕਮ ਸਿੰਘ, ਕੰਤਾ ਸਿੰਘ, ਪਾਲਾ ਸਿੰਘ, ਕਾਲਾ ਸਿੰਘ, ਸਮਰੱਥ ਸਿੰਘ, ਭਿੰਦਾ ਸਿੰਘ, ਸੁੱਖਾ ਸਿੰਘ, ਸੱਤਾ ਸਿੰਘ, ਮੱਖਣ ਸਿੰਘ, ਕਰਨੈਲ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਸ਼ਾਮਿਲ ਹੋਏ। ਇਹ ਆਗੂ/ ਵਰਕਰ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਇਕਾਈ ਪ੍ਰਧਾਨ ਜਗਸੀਰ ਸਿੰਘ ਜੱਗਾ ਦੀ ਠੀਕ ਸਮਝ ਅਤੇ ਮਿਹਨਤ ਸਦਕਾ ਕਿਸਾਨ ਕਿਸਾਨ ਹਿੱਤਾਂ ਦੀ ਪਹਿਰੇਦਾਰ ਜਥੇਬੰਦੀ ਵਿੱਚ ਸ਼ਾਮਿਲ ਹੋਏ ਹਨ। ਇਨ੍ਹਾਂ ਆਗੂਆਂ/ਵਰਕਰਾਂ ਦਾ ਜਥੇਬੰਦੀ ਵਿੱਚ ਸ਼ਾਮਿਲ ਹੋਣ ਤੇ ਸੂਬਾਈ ਆਗੂਆਂ ਮਨਜੀਤ ਧਨੇਰ, ਦਰਸ਼ਨ ਸਿੰਘ ਰਾਇਸਰ,ਗੁਰਦੇਵ ਸਿੰਘ ਮਾਂਗੇਵਾਲ, ਮਲਕੀਅਤ ਸਿੰਘ ਈਨਾ ਜਗਰਾਜ ਹਰਦਾਸਪੁਰਾ, ਬਲਾਕ ਸਕੱਤਰ ਅਮਨਦੀਪ ਰਾਏਸਰ ਨੇ ਸ਼ਾਮਿਲ ਹੋਏ ਆਗੂਆਂ/ ਵਰਕਰਾਂ ਨੂੰ ਪੂਰਾ ਮਾਣ ਸਤਿਕਾਰ ਦੇਣ ਦਾ ਵਿਸ਼ਵਾਸ ਦਿਵਾਇਆ। ਆਗੂਆਂ ਨੇ ਪੱਖੋਂ ਕੈਂਚੀਆਂ ਟੋਲ ਪਲਾਜ਼ਾ ਚੁਕਵ-ਾਉਣ ਲਈ ਚੱਲ ਰਹੇ ਸੰਘਰਸ਼ ਵਿੱਚ ਸਮੂਹ ਆਗੂਆਂ/ਵਰਕਰਾਂ ਨੂੰ ਤਨਦੇਹੀ ਨਾਲ ਜੁੱਟ ਜਾਣ ਦਾ ਸੱਦਾ ਦਿੱਤਾ।

# ਨਵਜੋਤ ਸਾਹਿਤ ਸੰਸਥਾ ਔੜ ਵਲੋਂ ਪ੍ਰੋ. ਸੰਧੂ ਵਰਿਆਣਵੀ ਦੀ ਨਿਯੁਕਤੀ ਦਾ ਸਵਾਗਤ

## ਕੇਂਦਰੀ ਪੰਜਾਬੀ ਲਿਖਾਰੀ ਸਭਾ (ਸੇਖੋਂ) ਦੇ ਕਾਰਜਕਾਰੀ ਪ੍ਰਧਾਨ ਥਾਪੇ ਜਾਣ 'ਤੇ ਖ਼ੁਸ਼ੀ ਦਾ ਪ੍ਰਗਟਾਵਾ

**ਬੰਗਾ, (ਰੇਸ਼ਮ ਕਰਨਾਣਵੀ)** ਉੱਘੇ ਸਾਹਿਤਕਾਰ ਪ੍ਰੋ। ਸੰਧੂ ਵਰਿਆਣਵੀ ਨੂੰ ਕੇਂਦਰੀ ਪੰਜਾਬੀ ਲਿਖਾਰੀ ਸਭਾ (ਸੇਖੋਂ) ਦੇ ਕਾਰਜਕਾਰੀ ਪ੍ਰਧਾਨ ਥਾਪੇ ਜਾਣ 'ਤੇ ਨਵਜੋਤ ਸਾਹਿਤ ਸੰਸਥਾ (ਰਜਿ।) ਔੜ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵਲੋਂ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਸਬੰਧੀ ਸਾਰਿਆਂ ਨੇ ਭਾਰੀ ਗਿਣਤੀ 'ਚ ਇਕੱਤਰ ਹੋ ਕੇ ਪ੍ਰੋ। ਸੰਧੂ ਵਰਿਆਣਵੀ ਦਾ ਨਿੱਘਾ ਸਵਾਗਤ ਕੀਤਾ ਅਤੇ ਇਸ ਨਿਯੁਕਤੀ ਨੂੰ ਸਾਹਿਤਕ ਸੇਵਾਵਾਂ ਦੀਆਂ ਸਮਰਪਿਤ ਭਾਵਨਾਵਾਂ ਦਾ ਸਨਮਾਨ ਦੱਸਿਆ।



ਸੰਸਥਾ ਦੇ ਪ੍ਰਧਾਨ ਸਤਪਾਲ ਸਾਹਲੋਂ ਅਤੇ ਸਕੱਤਰ ਸੁਰਜੀਤ ਮਜਾਰੀ ਨੇ ਵਧਾਈ ਦਿੰਦਿਆਂ ਕਿਹਾ ਕਿ ਉਕਤ ਨਿਯੁਕਤੀ ਵਜੋਂ ਪ੍ਰੋ। ਸੰਧੂ ਵਰਿਆਣਵੀ ਦੀ ਅਗਵਾਈ ਵਿੱਚ ਸੂਬਾਈ ਪੱਧਰ ਅਤੇ ਸਰਹੱਦੋਂ ਪਾਰ ਵੀ ਸਾਹਿਤ ਦੇ ਬਹੁਪੱਖੀ ਵਿਕਾਸ ਲਈ ਉਪਰਾਲੇ ਹੋਰ ਜ਼ੋਰ ਫੜ੍ਹਣਗੇ। ਸੰਸਥਾ ਦੇ ਸੰਸਥਾਪਕ ਪ੍ਰਸਿੱਧ ਗ਼ਜ਼ਲਗੋ ਗੁਰਦਿਆਲ ਰੌਸ਼ਨ ਨੇ ਵੀ ਇਸ ਨਿਯੁਕਤੀ ਨੂੰ ਸਾਹਿਤਕ ਖੇਤਰ ਦਾ ਮਾਣ ਦੱਸਿਆ। ਨਵਜੋਤ ਸਾਹਿਤ ਸੰਸਥਾ ਔੜ ਵਲੋਂ ਇਸ ਸਵਾਗਤ ਦੌਰਾਨ ਅਹੁਦੇਦਾਰਾਂ ਨੇ ਪ੍ਰੋ। ਸੰਧੂ ਵਰਿਅਣਵੀ ਵਲੋਂ ਵੱਖ ਵੱਖ ਸਾਹਿਤਕ ਸਭਾਵਾਂ ਨੂੰ ਉਤਸ਼ਾਹਿਤ ਕਰਨ ਹਿੱਤ ਸਮੁੱਚੀ ਕਾਰਜਗਾਰੀ ਨੂੰ ਵੀ ਯਾਦ ਕੀਤਾ।

ਇਸ ਮੌਕੇ ਪ੍ਰੋ। ਸੰਧੂ ਵਰਿਆਣਵੀ ਨੇ ਕਿਹਾ ਕਿ ਕੇਂਦਰੀ ਪੰਜਾਬੀ ਲਿਖਾਰੀ ਸਭਾ (ਸੇਖੋਂ) ਦੇ ਬੈਨਰ ਹੇਠ ਮਿਲੀ ਨਵੀਂ ਜ਼ਿੰਮੇਵਾਰੀ ਨੂੰ ਉਹ ਤਨਦੇਹੀ ਨਾਲ ਨਿਭਾਉਣਗੇ ਜਿਸ ਲਈ ਉਹਨਾਂ ਸਾਹਿਤਕ ਸਭਾਵਾਂ ਦਾ ਉਚੇਚਾ ਸਹਿਯੋਗ ਮੰਗਿਆ। ਇਸ ਦੇ ਨਾਲ ਹੀ ਉਹਨਾਂ ਕਿਹਾ ਕਿ ਔੜ ਉਹਨਾਂ ਦੀ ਮੁੱਢਲੀ ਸਾਹਿਤਕ ਕਰਮ ਭੂਮੀ ਹੈ ਜਿਸ ਦੇ 40 ਸਾਲ ਦੇ ਸਫ਼ਰ ਦੌਰਾਨ ਦਰਜਨਾਂ ਪੁਸਤਕਾਂ ਵੀ ਪ੍ਰਕਾਸ਼ਿਤ ਹੋਈਆਂ ਅਤੇ ਦਰਜ਼ਨਾ ਲੇਖਕ ਪੈਦਾ ਕਰਨ ਦਾ ਮਾਣ ਵੀ ਹਾਸਲ ਹੋਇਆ। ਇਸ ਮੌਕੇ ਨਵਜੋਤ ਸਾਹਿਤ ਸੰਸਥਾ ਦੇ ਮੈਂਬਰਾਂ ਵਿੱਚ ਪਿਆਰਾ ਲਾਲ ਬੰਗੜ, ਬਿੰਦਰ ਮੱਲ੍ਹਾ ਬੇਦੀਆਂ, ਦਵਿੰਦਰ ਸਕੋਹਪੁਰੀ, ਸੁੱਚਾ ਰਾਮ ਜਾਡਲਾ, ਮੱਖਣ ਬਖ਼ਲੌਰ, ਰੇਸ਼ਮ ਕਰਨਾਣਵੀ, ਰਜਨੀ ਸ਼ਰਮਾ, ਚਮਨ ਮੱਲਪੁਰੀ, ਪ੍ਰਹਲਾਦ ਅਟਵਾਲ, ਅਮਰਜੀਤ ਜਿੰਦ, ਨੀਰੂ ਜੱਸਲ, ਹਰਬੰਸ ਕੌਰ, ਦਵਿੰਦਰ ਬੇਗ਼ਮਪੁਰੀ, ਹਰਮਿੰਦਰ ਹੈਰੀ, ਰਾਮ ਲਾਲ ਕਟਾਰੀਆ, ਹਰੀ ਕ੍ਰਿਸ਼ਨ ਪਟਵਾਰੀ, ਗੁਰਦੀਪ ਸਿੰਘ ਲਸਾੜਾ ਆਦਿ ਸ਼ਾਮਲ ਸਨ।

# ਖ਼ਾਲਸਾ ਸਕੂਲ ਸਰਹਾਲ ਕਾਜੀਆਂ ਦੇ ਵਿਦਿਆਰਥੀਆਂ ਨੇ ਜਿੱਤੇ ਇਨਾਮ, ਨਵਜੋਤ ਸਾਹਿਤ ਸੰਸਥਾ ਔੜ ਵਲੋਂ 'ਸਾਹਿਤ ਉਚਾਰਨ ਮੁਕਾਬਲਾ'

**ਬੰਗਾ, (ਰੇਸ਼ਮ ਕਰਨਾਣਵੀ)** ਨਵਜੋਤ ਸਾਹਿਤ ਸੰਸਥਾ (ਰਜਿ।) ਔੜ ਵਲੋਂ ਵਿੱਦਿਆਰਥੀ ਵਰਗ ਦੀ ਸਾਹਿਤ ਨਾਲ ਸਾਂਝ ਵਧਾਉਣ ਹਿੱਤ 'ਸਾਹਿਤ ਉਚਾਰਨ ਮੁਕਾਬਲਾ' ਸਮਾਗਮਾਂ ਦੀ ਲੜੀ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਮਿਸ਼ਨ ਤਹਿਤ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਸਰਹਾਲ ਕਾਜੀਆਂ ਵਿਖੇ ਕਰਵਾਏ ਗਏ ਉਕਤ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਭਾਰੀ ਉਤਸ਼ਾਹ ਦਿਖਾਇਆ। ਇਸ ਮੁਕਾਬਲੇ ਵਿੱਚ ਸੱਤਵੀਂ ਜਮਾਤ ਦੇ ਵਿਦਿਆਰਥੀ ਮਨਿੰਦਰ ਸਿੰਘ ਨੇ ਗੀਤ ਪੇਸ਼ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਇਵੇਂ ਜਮਾਤ ਦੀ ਵਿਦਿਆਰਥਣ ਜਸ਼ਨਪ੍ਰੀਤ ਨੇ ਭਾਸ਼ਣ ਰਾਹੀਂ ਦੂਜਾ ਇਨਾਮ ਜਿੱਤਿਆ ਅਤੇ ਛੇਵੀਂ ਜਮਾਤ ਦੀ ਵਿਦਿਆਰਥਣ ਸੀਆ ਨੇ ਕਵਿਤਾ ਉਚਾਰਨ ਵਜੋਂ ਤੀਜੇ ਸਥਾਨ 'ਤੇ ਰਹੀ। ਇਹਨਾਂ ਜੇਤੂਆਂ ਨੂੰ ਸੰਸਥਾ ਵਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਹਨਾਂ ਸਮੇਤ ਸਾਰੇ ਪ੍ਰਤੀਯੋਗੀਆਂ ਨੂੰ ਪ੍ਰਮਾਣ ਪੱਤਰ ਵੀ ਪ੍ਰਦਾਨ ਕੀਤੇ ਗਏ। ਇਹ ਸਨਮਾਨ ਰਸਮ ਸਕੂਲ ਦੇ ਪ੍ਰਬੰਧਕ ਜਸਬੀਰ ਸਿੰਘ ਨੂਰਪੁਰ, ਸਕੂਲ ਦੇ ਪ੍ਰਿੰਸੀਪਲ ਮੈਡਮ ਸੁਨੀਤਾ, ਸੰਸਥਾ ਦੇ ਪ੍ਰਧਾਨ ਸਤਪਾਲ ਸਾਹਲੋਂ, ਸਕੱਤਰ ਸੁਰਜੀਤ ਮਜਾਰੀ ਨੇ ਸਮੂਹਿਕ ਤੌਰ 'ਤੇ ਨਿਭਾਈ। ਉਹਨਾਂ ਵਿਦਿਆਰਥੀ ਵਰਗ ਨੂੰ ਅਜਿਹੇ ਉਤਸ਼ਾਹੂ ਮੁਕਾਬਲਿਆਂ ਦਾ ਹਿੱਸਾ ਬਣੇ ਰਹਿਣ ਲਈ ਪ੍ਰੇਰਿਆ ਅਤੇ ਸੰਸਥਾ ਵਲੋਂ ਸਾਹਿਤ ਖੇਤਰ ਵਿੱਚ ਜਮੀਨੀ ਪੱਧਰ 'ਤੇ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ। ਉਪਰੰਤ ਸੰਸਥਾ ਦੇ ਸਕੱਤਰ ਸੁਰਜੀਤ ਮਜਾਰੀ ਨੇ ਦੱਸਿਆ ਕਿ ਸੰਸਥਾ ਦੇ ਬੈਨਰ ਹੇਠ ਇਸ ਮੁਕਾਬਲੇ ਦੇ ਨਾਲ ਨਾਲ ਪੇਂਡੂ ਖਿੱਤੇ ਵਿੱਚ ਸਾਹਿਤਕ ਜੋਤ ਜਗਾਉਣ ਲਈ ਪੰਚਾਇਤਾਂ ਦੇ ਸਹਿਯੋਗ ਨਾਲ 'ਸਾਹਿਤਕ ਸੱਥਾਂ ਵੀ ਸਜਾਈਆਂ ਜਾ ਰਹੀਆਂ ਹਨ ਅਤੇ 'ਲੇਖਕ ਦੇ ਵਿਹੜੇ ਤਹਿਤ' ਸੰਸਥਾ ਨਾਲ ਜੁੜੇ ਲੇਖਕ ਮੈਂਬਰਾਂ ਦੇ ਘਰ ਜਾ ਕੇ ਸਾਹਿਤਕ ਇਕੱਠ ਕੀਤੇ ਜਾ ਰਹੇ ਹਨ। ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਕਾਰਜਕਾਰੀ ਪ੍ਰਧਾਨ ਪ੍ਰੋ। ਸੰਧੂ ਵਰਿਆਣਵੀ ਨੇ ਸ਼ਮਾਂ ਰੌਸ਼ਨ ਕਰਕੇ ਸਮਾਗਮ ਦੀ ਆਰੰਭਤਾ ਕਰਾਈ ਅਤੇ ਬਿੰਦਰ ਮੱਲ੍ਹਾ ਬੇਦੀਆਂ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਮੌਕੇ ਜੱਜਮੈਂਟ ਪੈਨਲ ਵਿੱਚ ਸੰਸਥਾ ਦੇ ਅਹੁਦੇਦਾਰ ਸੁੱਚਾ ਰਾਮ ਜਾਡਲਾ (ਸੇਵਾ ਮੁਕਤ ਪ੍ਰਾਇਮਰੀ ਸਿੱਖਿਆ ਅਫ਼ਸਰ), ਪ੍ਰਸਿੱਧ ਕਵੀ ਪਿਆਰਾ ਲਾਲ ਬੰਗੜ ਅਤੇ ਦਵਿੰਦਰ ਸਕੋਹਪੁਰੀ (ਸੇਵਾ ਮੁਕਤ ਲੈਕਚਰਾਰ) ਸ਼ਾਮਲ ਸਨ। ਇਸ ਮੌਕੇ ਸਕੂਲ ਸਟਾਫ਼ ਅਤੇ ਸੰਸਥਾ ਦੇ ਅਹੁਦੇਦਾਰ ਵੀ ਸ਼ਾਮਲ ਸਨ।









# ਮੁੱਖ ਮੰਤਰੀ ਭਗਵੰਤ ਮਾਨ ਦੂਜੇ ਸੂਬਿਆਂ ਦਾ ਖਿਆਲ ਛੱਡ ਪੰਜਾਬ ਨੂੰ ਸੰਭਾਲਣ : ਬਸਪਾ

## ਪੰਜਾਬ ਦੇ ਮੁਲਾਜ਼ਮ ਸੰਘਰਸ਼ ਦੇ ਰਾਹ ਉਤੇ, ਹਰਿਆਣਾ ਤੇ ਹਿਮਾਚਲ ਜਾ ਕੇ ਝੂਠ ਬੋਲ ਰਹੇ ਨੇ ਭਗਵੰਤ ਮਾਨ : ਜਸਵੀਰ ਸਿੰਘ ਗੜ੍ਹੀ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵਿੱਚ ਚੋਣਾਂ ਦੀ ਤਿਆਰੀ ਲਈ ਕੀਤੇ ਜਾ ਰਹੇ ਪ੍ਰਚਾਰ ਉਤੇ ਟਿੱਪਣੀ ਕਰਦਿਆਂ ਕਿਹਾ ਕਿ ਭਗਵੰਤ ਮਾਨ ਪਹਿਲਾਂ ਪੰਜਾਬ ਨੂੰ ਸੰਭਾਲਣ। ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਵਿੱਚ ਲਾਅ ਐਂਡ ਆਰਡਰ ਦੀ ਸਥਿਤੀ ਦਿਨੋਂ ਦਿਨ ਖਰਾਬ ਹੁੰਦੀ ਜਾ ਰਹੀ ਹੈ, ਧਾਰਮਿਕ ਸਥਾਨਾਂ ਦੀ ਸ਼ਰਾਰਤੀ ਅਨਸਰਾਂ ਵੱਲੋਂ ਬੇਅਦਬੀ ਕੀਤੀ ਜਾ ਰਹੀ ਹੈ, ਸੂਬੇ ਵਿੱਚ ਨਸ਼ੇ ਨਾਲ ਨੌਜਵਾਨਾਂ ਦੀ ਮੌਤ ਹੋ ਰਹੀ ਹੈ, ਪ੍ਰੰਤੂ ਮੁੱਖ ਮੰਤਰੀ ਭਗਵੰਤ ਮਾਨ ਆਪਣਾ ਸੂਬਾ ਛੱਡ ਦੂਜੇ ਸੂਬਿਆਂ ਵਿੱਚ ਪ੍ਰਚਾਰ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਦੂਜੇ ਸੂਬਿਆਂ ਦਾ ਖਿਆਲ ਛੱਡ ਆਪਣਾ ਸੂਬਾ ਸੰਭਾਲਣਾ ਚਾਹੀਦਾ ਹੈ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਮੁੱਖ ਮੰਤਰੀ ਝੂਠਾ ਪ੍ਰਚਾਰ ਕਰ ਰਹੇ ਹਨ ਕਿ ਪੰਜਾਬ ਦੇ ਮੁਲਾਜ਼ਮਾਂ ਦੇ ਮਸਲੇ ਹੱਲ ਕਰ ਦਿੱਤੇ, ਪਰ ਇਹ ਦਿਖਾਈ ਨਹੀਂ ਦਿੰਦਾ ਕਿ ਮੁਲਾਜ਼ਮ ਸੰਘਰਸ਼ਾਂ ਦੇ ਰਾਹ ਉਤੇ ਹਨ। ਮੁਲਾਜ਼ਮਾਂ ਨੂੰ ਆਪਣੀ ਤਨਖਾਹ ਲੈਣ ਲਈ ਵੀ ਸੰਘਰਸ਼ ਦਾ ਸਹਾਰਾ ਲੈਣਾ ਪਿਆ। ਜਸਵੀਰ ਸਿੰਘ ਗੜ੍ਹੀ ਨੇ ਕਿ ਰਾਘਵ ਚੱਢਾ ਵੱਲੋਂ ਨਵੇਂ ਲਗਾਏ ਗਏ ਚੇਅਰਮੈਨਾਂ ਨਾਲ ਕੀਤੀ ਮੀਟਿੰਗ ਉਤੇ ਟਿੱਪਣੀ ਕਰਦਿਆਂ ਕਿਹਾ ਕਿ ਹੁਣ ਸਪੱਸ਼ਟ ਦਿਖਾਈ ਦੇ ਰਿਹਾ ਹੈ ਕਿ ਸਰਕਾਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਹੀਂ ਚਲਾ ਰਹੇ। 'ਆਪ' ਦੇ ਦਿੱਲੀ ਵਾਲੇ ਭਗਵੰਤ ਮਾਨ ਨੂੰ ਦੂਜੇ ਸੂਬਿਆਂ ਵਿੱਚ ਰੁਝਾ ਕੇ ਹੌਲੀ ਹੌਲੀ ਸੱਤਾ ਉਤੇ ਪੂਰੀ ਤਰ੍ਹਾਂ ਕਾਬਜ਼ ਹੋਣਾ ਚਾਹੁੰਦੇ ਹਨ।

# ਭਗਵੰਤ ਮਾਨ ਨੂੰ ਪੰਜਾਬ 'ਚ ਸਰਕਾਰ ਚਲਾਉਣੀ ਹੋਈ ਔਖੀ, ਆਪਣੀ ਨਾਕਾਮੀ ਛੁਪਾਉਣ ਲਈ ਭਾਜਪਾ 'ਤੇ ਲਾ ਰਿਹਾ ਦੋਸ਼: ਅਸ਼ਵਨੀ ਸ਼ਰਮਾ

**ਚੰਡੀਗੜ੍ਹ–** ਆਮ ਆਦਮੀ ਪਾਰਟੀ ਦੇ ਆਗੂ ਹਰਪਾਲ ਸਿੰਘ ਚੀਮਾ ਵੱਲੋਂ ਪੰਜਾਬ ਸਰਕਾਰ ਨੂੰ ਡੇਗਣ ਲਈ 'ਆਪਰੇਸ਼ਨ ਲੋਟਸ' ਤਹਿਤ 'ਆਪ' ਵਿਧਾਇਕਾਂ ਦੀ ਖਰੀਦੋ-ਫ਼ਰੋਖ਼ਤ ਕੀਤੇ ਜਾਣ ਦੇ ਲਾਏ ਗਏ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਹਰਪਾਲ ਸਿੰਘ ਚੀਮਾ ਵੱਲੋਂ ਭਾਜਪਾ 'ਤੇ ਲਾਏ ਗਏ ਦੋਸ਼ ਪੂਰੀ ਤਰ੍ਹਾਂ ਝੂਠੇ ਅਤੇ ਬੇਬੁਨਿਆਦ ਹਨ। ਭਾਜਪਾ ਨੇ ਹਮੇਸ਼ਾ ਲੋਕਾਂ ਦੀ ਸੇਵਾ ਕੀਤੀ ਹੈ ਅਤੇ ਚੋਣਾਂ ਦੌਰਾਨ ਲੋਕਾਂ ਦੇ ਪਿਆਰ ਅਤੇ ਸਮਰਥਨ ਨਾਲ ਮਿਲੇ ਬਹੁਮਤ ਦੇ ਆਧਾਰ 'ਤੇ ਸਰਕਾਰ ਬਣਾਉਣ 'ਚ ਵਿਸ਼ਵਾਸ ਰੱਖਦੀ ਹੈ। ਸ਼ਰਮਾ ਨੇ ਕਿਹਾ ਕਿ ਭਾਜਪਾ ਹਮੇਸ਼ਾ ਲੋਕਾਂ ਵੱਲੋਂ ਦਿੱਤੇ ਫਤਵੇ ਨੂੰ ਸਵੀਕਾਰ ਕਰਦੀ ਆਈ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਵੀ ਸੂਬਿਆਂ 'ਚ ਭਾਜਪਾ ਦੀਆਂ ਸਰਕਾਰਾਂ ਬਣੀਆਂ ਹਨ, ਉੱਥੇ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਹਿੱਤ ਲਈ ਲਏ ਗਏ ਠੋਸ ਫੈਸਲਿਆਂ ਅਤੇ ਜਨਤਾ ਲਈ ਕੀਤੇ ਕੰਮਾਂ 'ਤੇ ਭਰੋਸਾ ਪ੍ਰਗਟਾਉਂਦਿਆਂ ਉਸ ਸੂਬੇ ਦੀ ਸੱਤਾ ਭਾਜਪਾ ਨੂੰ ਸੌਂਪੀ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਚੀਮਾ ਵੱਲੋਂ ਲਾਏ ਜਾ ਰਹੇ ਦੋਸ਼ਾਂ ਦਾ ਕਾਰਨ ਇਹ ਹੈ ਕਿ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਭਗਵੰਤ ਮਾਨ ਸਰਕਾਰ ਨੇ ਹੱਥ ਖੜ੍ਹੇ ਕਰ ਦਿੱਤੇ ਹਨ। ਭਗਵੰਤ ਮਾਨ ਵੱਲੋਂ ਪਿਛਲੇ ਪੰਜ ਮਹੀਨਿਆਂ ਦੌਰਾਨ ਵੱਖ-ਵੱਖ ਵਿਆਜ ਦਰਾਂ 'ਤੇ 12,000 ਕਰੋੜ ਤੋਂ ਵੱਧ ਦਾ ਕਰਜ਼ਾ ਲਿਆ ਗਿਆ ਹੈ। ਝੂਠ ਦੀਆਂ ਬੈਸਾਖੀਆਂ ਦੇ ਸਹਾਰੇ ਪੰਜਾਬ ਦੀ ਸੱਤਾ ਹਾਸਲ ਕਰਨ ਵਾਲੇ ਭਗਵੰਤ ਮਾਨ ਨੂੰ ਪੰਜਾਬ ਵਿੱਚ ਸਰਕਾਰ ਚਲਾਉਣੀ ਔਖੀ ਲੱਗ ਰਹੀ ਹੈ, ਕਿਉਂਕਿ ਜਨਤਾ ਉਹਨਾਂ ਤੋਂ ਜਵਾਬ ਮੰਗਦੀ ਹੈ। ਅੱਜ ਪੰਜਾਬ ਦੇ ਲਗਭਗ ਸਾਰੇ ਸਰਕਾਰੀ ਵਿਭਾਗਾਂ ਦੇ ਮੁਲਾਜ਼ਮ ਭਗਵੰਤ ਮਾਨ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰ ਰਹੇ ਹਨ। ਇੰਨਾ ਹੀ ਨਹੀਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੇਜਰੀਵਾਲ ਵਿਚਾਲੇ ਚੱਲ ਰਿਹਾ ਅੰਦਰੂਨੀ ਠੰਡੀ ਜੰਗ ਹੁਣ ਮੈਦਾਨ 'ਚ ਆ ਗਈ ਹੈ। ਆਉਣ ਵਾਲੇ ਦਿਨਾਂ ਵਿੱਚ ਆਮ ਆਦਮੀ ਪਾਰਟੀ ਵਿੱਚ ਪਈ ਫੁੱਟ ਕਰਨ ਆਮ ਆਦਮੀ ਪਾਰਟੀ ਦੇ ਦੋਫਾੜ ਹੋਣ ਦੀ ਵੀ ਪ੍ਰਬਲ ਸੰਭਾਵਨਾ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਹਰਪਾਲ ਚੀਮਾ ਆਮ ਆਦਮੀ ਪਾਰਟੀ 'ਚ ਚੱਲ ਰਹੇ ਘਟਨਾਕ੍ਰਮ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਅਜਿਹੇ ਬਿਆਨ ਦੇ ਰਹੇ ਹਨ, ਜਦਕਿ ਉਨ੍ਹਾਂ ਦੇ ਮੁੱਖ ਮੰਤਰੀ ਭਗਵੰਤ ਮਾਨ ਇਸ ਸਮੇਂ ਵਿਦੇਸ਼ ਦੌਰੇ 'ਤੇ ਹਨ। ਅਸਲ ਵਿੱਚ ਇਸ ਸਭ ਦਾ ਕਾਰਨ ਕੇਜਰੀਵਾਲ ਦੇ ਜਵਾਈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਲਾਹਕਾਰ ਕਮੇਟੀ ਦੇ ਮੁਖੀ ਰਾਘਵ ਚੱਢਾ ਦੀ ਪੰਜਾਬ ਦੇ ਮਾਮਲਿਆਂ ਵਿੱਚ ਸਿੱਧੀ ਦਖਲਅੰਦਾਜ਼ੀ ਅਤੇ ਪੰਜਾਬ ਦੇ ਮੰਤਰੀਆਂ ਅਤੇ ਆਗੂਆਂ ਦੇ ਕੰਮਾਂ 'ਚ ਦਖਲਅੰਦਾਜ਼ੀ ਹੈ। ਜੋ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਮੰਤਰੀ ਅਤੇ ਆਗੂ ਹਜ਼ਮ ਨਹੀਂ ਹੋ ਰਹੀ। ਆਮ ਆਦਮੀ ਪਾਰਟੀ ਲਈ ਆਪਣੀਆਂ ਨਾਕਾਮੀਆਂ ਲਈ ਭਾਜਪਾ ਨੂੰ ਜ਼ਿੰਮੇਵਾਰ ਠਹਿਰਾਉਣਾ ਕੋਈ ਨਵੀਂ ਗੱਲ ਨਹੀਂ ਹੈ। ਇਸ ਤੋਂ ਪਹਿਲਾਂ ਕੇਜਰੀਵਾਲ ਦਿੱਲੀ ਵਿੱਚ ਵੀ ਅਜਿਹਾ ਹੀ ਕਰਦੇ ਰਹੇ ਹਨ ਅਤੇ ਹੁਣ ਜੇਕਰ ਪੰਜਾਬ ਵਿੱਚ ਅਜਿਹਾ ਕੀਤਾ ਜਾਂਦਾ ਹੈ ਤਾਂ ਸੂਬੇ ਦੇ ਲੋਕ ਉਨ੍ਹਾਂ ਦੇ ਝੂਠ 'ਤੇ ਵਿਸ਼ਵਾਸ ਨਹੀਂ ਕਰਨਗੇ। ਕਿਉਂਕਿ ਲੋਕ ਜਾਣਦੇ ਹਨ ਕਿ 'ਆਪ' ਆਗੂ ਪੰਜਾਬ ਦੀ ਸਰਕਾਰ ਚਲਾਉਣ ਅਤੇ ਲੋਕਾਂ ਨੂੰ ਦਿੱਤੀਆਂ ਗਾਰੰਟੀਆਂ ਨੂੰ ਪੂਰਾ ਕਰਨ 'ਚ ਨਾਕਾਮ ਰਹੇ ਹਨ।

## ਚੀਮਾ ਦਾ ਬਿਆਨ ਦਿੱਲੀ ਘੁਟਾਲਿਆਂ ਦਾ ਸੇਕ ਪੰਜਾਬ 'ਚ ਆਣ ਦਾ ਸਪੱਸ਼ਟ ਸਬੂਤ: ਅਸ਼ਵਨੀ ਸ਼ਰਮਾ

**ਚੰਡੀਗੜ੍ਹ–** ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਹਰਪਾਲ ਚੀਮਾ ਵੱਲੋਂ ਦਿੱਤੇ ਬਿਆਨ ਦਾ ਜਵਾਬ ਦਿੰਦਿਆਂ ਕਿਹਾ ਕਿ ਚੀਮਾ ਦਾ ਬਿਆਨ ਆਮ ਆਦਮੀ ਪਾਰਟੀ ਦੀ ਬੌਖਲਾਹਟ ਦਾ ਨਤੀਜਾ ਹੈ। ਦਰਅਸਲ ਦਿੱਲੀ ਵਿੱਚ 'ਆਪ' ਆਗੂਆਂ ਦੇ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਅਤੇ 'ਆਪ' ਆਗੂਆਂ ਦੇ ਜੇਲ੍ਹ ਜਾਣ ਕਾਰਨ ਇਹ ਸਭ ਦਹਿਸ਼ਤ ਵਿੱਚ ਹਨ। ਕਿਉਂਕਿ ਆਮ ਆਦਮੀ ਪਾਰਟੀ ਦੇ ਆਗੂ ਹਰ ਰੋਜ਼ ਭ੍ਰਿਸ਼ਟਾਚਾਰ ਦੇ ਨਵੇਂ ਰਿਕਾਰਡ ਕਾਇਮ ਕਰ ਰਹੇ ਹਨ। ਇਨ੍ਹਾਂ ਦੇ ਘੁਟਾਲਿਆਂ ਦੀ ਸੂਚੀ ਬਹੁਤ ਲੰਬੀ ਹੈ ਅਤੇ ਇਨ੍ਹਾਂ ਦੇ ਘੁਟਾਲਿਆਂ ਦਾ ਪਰਦਾਫਾਸ਼ ਕਰਨ ਵਾਲਾ ਕੋਈ ਹੋਰ ਨਹੀਂ ਸਗੋਂ ਦਿੱਲੀ ਦੇ ਰਾਜਪਾਲ ਹਨ, ਜਿਸ ਨੇ ਇਨ੍ਹਾਂ ਸਾਰਿਆਂ ਦੇ ਘੋਟਾਲਿਆਂ ਦੀ ਜਾਂਚ ਦੀ ਮੰਗ ਕੀਤੀ ਸੀ। ਪਹਿਲਾਂ ਦਿੱਲੀ ਵਿੱਚ ਆਬਕਾਰੀ ਘੁਟਾਲਾ ਸਾਹਮਣੇ ਆਇਆ, ਫਿਰ ਸਕੂਲ ਘੁਟਾਲਾ, ਫਿਰ ਬੱਸ ਖਰੀਦ ਘੁਟਾਲਾ ਅਤੇ ਪਤਾ ਨਹੀਂ ਹੁਣ ਹੋਰ ਕਿਹੜੇ ਕਿਹੜੇ ਘੋਟਾਲਿਆਂ ਦਾ ਪਰਦਾਫਾਸ਼ ਹੋਣਾ ਬਾਕੀ ਹੈ।

# 'ਆਪ' ਝੂਠ ਦੇ ਪੁੱਲ ਬਣਾਉਣ ਦੀ ਬਜਾਏ ਹਕੀਕਤ ਵੱਲ ਦੇਖੇ : ਬਸਪਾ



**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਸਰਕਾਰ ਝੂਠਾ ਪ੍ਰਚਾਰ ਕਰਨ ਦੀ ਬਜਾਏ ਹਕੀਕਤ ਵੱਲ ਧਿਆਨ ਮਾਰੇ। ਜਾਰੀ ਪ੍ਰੈਸ ਬਿਆਨ 'ਚ ਜਸਵੀਰ ਗੜ੍ਹੀ ਨੇ ਕਿਹਾ ਕਿ ਅੱਜ ਹੱਕੀ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਵਿੱਚ ਹਜ਼ਾਰਾਂ ਮੁਲਾਜ਼ਮਾਂ ਦੇ ਇਕੱਠ ਨੇ 'ਆਪ' ਸਰਕਾਰ ਦੀ ਪੋਲ ਖੋਲ ਦਿੱਤੀ ਹੈ ਜਿਹੜੀ ਝੂਠੇ ਇਸ਼ਹਿਤਾਰ ਦੇ ਕੇ ਦੂਜੇ ਸੂਬਿਆ ਵਿੱਚ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਤੁਰੰਤ ਮੰਨੇ।

# ਭਾਜਪਾ ਦੱਸੇ ਲੋਕਾਂ ਨਾਲ ਕੀਤੇ ਵਾਅਦਿਆਂ ਦਾ ਕੀ ਬਣਿਆ : ਬਸਪਾ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਨੇ ਕੇਂਦਰ ਦੀ ਸੱਤਾ ਵਿੱਚ ਬੈਠੀ ਭਾਰਤੀ ਜਨਤਾ ਪਾਰਟੀ ਨੂੰ ਨਿਸ਼ਾਨਾ ਬਣਾਉਂਦੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਤੋਂ ਹੁਣ ਜ਼ੁਮਲਾ ਪਾਰਟੀ ਬਣ ਚੁੱਕੀ ਹੈ। ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਭਾਜਪਾ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਹਰ ਖਾਤੇ ਵਿੱਚ 15 ਲੱਖ ਰੁਪਏ ਪਾਉਣ, 2022 ਤੱਕ ਹਰ ਗਰੀਬ ਨੂੰ ਘਰ, ਕਾਲਾ ਧੰਨ ਵਾਪਸ ਲਿਆ ਵਰਗੇ ਅਨੇਕਾਂ ਵਾਅਦਾ ਕੀਤੇ ਸਨ। ਉਨ੍ਹਾਂ ਭਾਜਪਾ ਨੂੰ ਪੁੱਛਿਆ ਕਿ ਉਹ ਦੱਸੇ ਕਿ ਉਨ੍ਹਾਂ ਵਾਅਦਿਆਂ ਦਾ ਕੀ ਬਣਿਆ। ਉਨ੍ਹਾਂ ਕਿਹਾ ਕਿ ਭਾਜਪਾ ਸੋਸ਼ਲ ਮੀਡੀਆ ਰਾਹੀਂ ਹੈਸਟੈਗ ਚਲਾ ਕੇ ਦੂਜਿਆਂ ਦੀਆਂ ਟੀਸ਼ਰਟਾਂ ਦੀ ਕੀਮਤ ਪੁੱਛ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦਾ ਧਿਆਨ ਮੁੱਦਿਆਂ ਤੋਂ ਭਟਕਾਉਣ ਲਈ ਭਾਜਪਾ ਤਰ੍ਹਾਂ ਤਰ੍ਹਾਂ ਦੇ ਹੱਥ ਕੰਡੇ ਵਰਤ ਰਹੀ ਹੈ।

# ਭਗਵੰਤ ਮਾਨ ਸਰਕਾਰ 'ਚ ਸਿਹਤ ਸਹੂਲਤਾਂ ਹੋਇਆਂ ਢਹਿ-ਢੇਰੀ, ਸਰਕਾਰੀ ਹਸਪਤਾਲਾਂ ਨੂੰ ਲੱਗਣ ਲੱਗੇ ਤਾਲੇ: ਅਸ਼ਵਨੀ ਸ਼ਰਮਾ

**ਚੰਡੀਗੜ੍ਹ–** ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਪੰਜਾਬ ਵਿੱਚ ਮੁਹੱਲਾ ਕਲੀਨਿਕ ਖੋਲ੍ਹ ਕੇ ਸਿਹਤ ਢਾਂਚੇ ਨੂੰ ਮਜ਼ਬੂਤ ਕਰਨ ਦੇ ਕੀਤੇ ਵੱਡੇ ਦਾਅਵਿਆਂ ਦੀ ਪੋਲ ਖੋਲ੍ਹਦਿਆਂ ਕਿਹਾ ਹੈ ਕਿ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦਾ ਗ੍ਰਹਿ-ਜ਼ਿਲ੍ਹਾ ਪਟਿਆਲਾ ਵਿੱਚ ਮੈਡੀਕਲ ਸਹੂਲਤਾਂ ਢਹਿ-ਢੇਰੀ ਹੋ ਗਈਆਂ ਹਨ। ਇੰਨਾ ਹੀ ਨਹੀਂ ਗੁਰਦਾਸਪੁਰ ਦੇ ਸ੍ਰੀ ਹਰਗੋਬਿੰਦਪੁਰ ਸਾਹਿਬ 'ਚ ਸਥਿਤ 55 ਪਿੰਡਾਂ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਾਲੇ ਇਕਲੌਤੇ ਸਰਕਾਰੀ ਹਸਪਤਾਲ ਨੂੰ ਤਾਲਾ ਲੱਗ ਗਿਆ ਹੈ।

ਅਸ਼ਵਨੀ ਸ਼ਰਮਾ ਨੇ ਦੱਸਿਆ ਕਿ ਪਟਿਆਲਾ ਦੇ ਮੰਨੇ-ਪ੍ਰਮੰਨੇ ਸਰਕਾਰੀ ਰਾਜਿੰਦਰਾ ਹਸਪਤਾਲ ਦੀ ਹਾਲਤ ਵੀ ਬਹੁਤ ਤਰਸਯੋਗ ਹੈ। ਸੁਪਰ ਸਪੈਸ਼ਲਿਟੀ ਵਿਭਾਗ ਵਿੱਚ ਮਾਹਿਰ ਡਾਕਟਰ ਨਹੀਂ ਹਨ, ਜਿਸ ਕਾਰਨ ਮਰੀਜ਼ਾਂ ਨੂੰ ਆਪਣੇ ਇਲਾਜ ਲਈ ਪ੍ਰਾਈਵੇਟ ਹਸਪਤਾਲਾਂ ਵਿੱਚ ਜਾਣਾ ਪੈਂਦਾ ਹੈ। ਉੱਥੇ ਹੀ ਭਗਵੰਤ ਮਾਨ ਸਰਕਾਰ ਵੱਲੋਂ ਪਿਛਲੇ ਢਾਈ ਮਹੀਨਿਆਂ ਤੋਂ ਰਾਜਿੰਦਰਾ ਹਸਪਤਾਲ ਨੂੰ ਦਵਾਈਆਂ ਦੀ ਸਪਲਾਈ ਬੰਦ ਕਰ ਦਿੱਤੀ ਗਈ ਹੈ। ਇੱਥੇ ਰੋਜ਼ਾਨਾ 1200 ਤੋਂ ਵੱਧ ਮਰੀਜ਼ ਆਪਣਾ ਇਲਾਜ ਕਰਵਾਉਣ ਲਈ ਆਉਂਦੇ ਹਨ ਅਤੇ ਇਸ ਦੌਰਾਨ ਉਨ੍ਹਾਂ ਨੂੰ ਡਾਕਟਰਾਂ ਵੱਲੋਂ ਲਿਖੀਆਂ ਦਵਾਈਆਂ ਬਾਜ਼ਾਰ ਵਿੱਚੋਂ ਖਰੀਦਣੀਆਂ ਪੈਂਦੀਆਂ ਹਨ।



ਅਸ਼ਵਨੀ ਸ਼ਰਮਾ ਨੇ ਕਿਹਾ ਕਿ ਅਜਿਹੀ ਹਾਲਤ ਸਿਰਫ਼ ਪਟਿਆਲਾ ਵਿੱਚ ਹੀ ਨਹੀਂ ਸਗੋਂ ਪੰਜਾਬ ਦੇ ਹੋਰਨਾਂ ਜ਼ਿਲ੍ਹਿਆਂ ਦੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਵੀ ਹੈ। ਜ਼ਿਲ੍ਹਾ ਗੁਰਦਾਸਪੁਰ ਵਿੱਚ ਪੈਂਦੇ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਸਰਕਾਰੀ ਹਸਪਤਾਲ ਦੀ ਹਾਲਤ ਹੋਰ ਵੀ ਮਾੜੀ ਹੈ। ਸ੍ਰੀ ਹਰਗੋਬਿੰਦਪੁਰ ਅਧੀਨ ਪੈਂਦੇ 55 ਪਿੰਡਾਂ ਦੇ ਲੋਕਾਂ ਨੂੰ ਸਿਹਤ ਅਤੇ ਐਮਰਜੈਂਸੀ ਸਹੂਲਤਾਂ ਪ੍ਰਦਾਨ ਕਰਨ ਵਾਲੇ 25 ਬਿਸਤਰਿਆਂ ਵਾਲੇ ਸਰਕਾਰੀ ਹਸਪਤਾਲ ਨੂੰ ਤਾਂ ਤਾਲਾ ਲੱਗ ਗਿਆ ਹੈ। ਇਨ੍ਹਾਂ 55 ਪਿੰਡਾਂ ਦੇ ਲੋਕਾਂ ਨੂੰ ਐਮਰ-ਜੈਂਸੀ ਦੀ ਸਥਿਤੀ ਵਿੱਚ ਅੰਮ੍ਰਿਤਸਰ (70 ਕਿਲੋਮੀਟਰ) ਜਾਂ ਜਲੰਧਰ (100 ਕਿਲੋਮੀਟਰ) ਲਿਜਾਣਾ ਪੈਂਦਾ ਹੈ, ਜਿਸ ਕਾਰਨ ਕਈ ਕੀਮਤੀ ਜਾਨਾਂ ਜਾ ਚੁੱਕੀਆਂ ਹਨ। ਦੂਜੇ ਪਾਸੇ ਰਾਜਿੰ-ਦਰਾ ਹਸਪਤਾਲ ਦੇ ਅਧਿਕਾਰੀਆਂ ਨੇ ਖੁਦ ਇਸ ਗੱਲ ਦੀ ਹਮਾਇਤ ਕੀਤੀ ਹੈ ਕਿ ਹਸਪਤਾਲ ਦੀ ਡਿਸਪੈਂਸਰੀ ਪਿਛਲੇ ਢਾਈ ਮਹੀਨਿਆਂ ਤੋਂ ਬਿਨਾਂ ਦਵਾਈਆਂ ਤੋਂ ਚੱਲ ਰਹੀ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਵਿੱਚ ਮੈਡੀਕਲ ਅਤੇ ਸਿੱਖਿਆ ਸੁਧਾਰਾਂ ਦੇ ਵੱਡੇ-ਵੱਡੇ ਦਾਅਵੇ ਕਰਕੇ ਪੰਜਾਬ ਦੇ ਲੋਕਾਂ ਨੂੰ ਮੂਰਖ ਬਣਾ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੇ ਸਾਰੇ ਵਾਅਦੇ ਝੂਠ ਸਾਬਤ ਹੋਏ ਹਨ। ਸਰਕਾਰੀ ਹਸਪਤਾਲਾਂ ਵਿੱਚ ਲੋਕਾਂ ਨੂੰ ਪਹਿਲਾਂ ਤੋਂ ਮਿਲਣ ਵਾਲੀਆਂ ਸਹੂਲਤਾਂ ਭਗਵੰਤ ਮਾਨ ਸਰਕਾਰ ਨੇ ਬੰਦ ਕਰ ਦਿ-ੱਤੀਆਂ ਹਨ। ਜਿੱਥੇ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਪਾਰਟੀ ਦੇ ਕੂੜ ਪ੍ਰਚਾਰ ਲਈ ਪੰਜਾਬ ਦੇ ਲੋਕਾਂ ਦੇ ਟੈਕਸ ਦਾ ਪੈਸਾ ਇਸ਼ਤਿਹਾਰਾਂ 'ਤੇ ਬਰਬਾਦ ਕਰ ਰਹੇ ਹਨ, ਉੱਥੇ ਹੀ ਉਨ੍ਹਾਂ ਨੇ ਮੁਹੱਲਾ ਕਲੀਨਿਕ ਖੋਲ੍ਹ ਕੇ ਜਨਤਾ ਨੂੰ ਮੂਰਖ ਬਣਾਇਆ ਹੈ। ਕਿਤੇ ਨਾ ਕਿਤੇ ਸੂਬੇ 'ਚ ਇਨ੍ਹਾਂ ਮੁਹੱਲਾ ਕਲੀਨਿਕਾਂ ਵਿੱਚ ਤਾਇਨਾਤ ਸਟਾਫ਼ ਹਰ ਰੋਜ਼ ਆਪਣੇ ਅਸਤੀਫ਼ੇ ਦੇ ਰਿਹਾ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਭਗਵੰਤ ਮਾਨ ਪਿਛਲੇ ਪੰਜ ਮਹੀਨਿਆਂ ਵਿੱਚ 12 ਹਜ਼ਾਰ ਕਰੋੜ ਦਾ ਕਰਜ਼ਾ ਲੈ ਚੁੱਕੇ ਹਨ। ਪੰਜਾਬ ਦਾ ਖਜ਼ਾਨਾ ਖਾਲੀ ਹੈ ਅਤੇ ਭਗਵੰਤ ਮਾਨ ਨੇ ਕਈ ਸਰਕਾਰੀ ਵਿਭਾਗਾਂ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਰੋਕੀਆਂ ਹੋਈਆਂ ਹਨ। ਭਗਵੰਤ ਮਾਨ ਅਤੇ ਉਨ੍ਹਾਂ ਦੇ ਮੰਤਰੀ ਖੁਦ ਸਰਕਾਰੀ ਪੈਸੇ 'ਤੇ ਐਸ਼ ਕਰ ਰਹੇ ਹਨ। ਦੂਜੇ ਪਾਸੇ ਭਗਵੰਤ ਮਾਨ ਜਨਤਾ ਨੂੰ ਮੂਰਖ ਬਣਾਉਣ ਲਈ ਪੰਜਾਬ ਦੇ ਸਰਕਾਰੀ ਵਿਭਾਗਾਂ ਵਿੱਚ ਨਿੱਤ ਨਵੀਆਂ ਭਰਤੀਆਂ ਦਾ ਐਲਾਨ ਕਰ ਰਹੇ ਹਨ। ਸ਼ਰਮਾ ਨੇ ਕਿਹਾ ਕਿ ਭਗਵੰਤ ਮਾਨ ਪਹਿਲਾਂ ਵਾਲੇ ਸਰਕਾਰੀ ਮੁਲਾਜ਼ਮਾਂ ਨੂੰ ਤਨਖ਼ਾਹ ਨਹੀਂ ਦੇ ਰਹੇ ਅਤੇ ਅਜਿਹੇ 'ਚ ਨਵੇਂ ਭਰਤੀ ਮੁਲਾਜ਼ਮਾਂ ਲਈ ਤਨਖ਼ਾਹ ਦੇ ਪੈਸੇ ਕਿੱਥੋਂ ਆਉਣਗੇ?

# ਇੰਟਰਨੈਸ਼ਨਲ ਮਿਸ਼ਨਰੀ ਗਾਇਕ ਪੰਮਾ ਲਧਾਣਾ ਦਾ ਕੀਤਾ ਸੰਸਥਾ ਵਲੋਂ ਸਨਮਾਨ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** ਵਿਦੇਸ਼ ਦੀ ਧਰਤੀ ਉਪਰ ਰਹਿੰਦੇ ਹੋਏ ਵੀ ਆਪਣੇ ਮਹਾਨ ਰਹਿਬਰਾਂ ਦੇ ਮਿਸ਼ਨ ਨੂੰ ਉਥੇ ਦੀਆਂ ਸੰਗਤਾਂ ਨੂੰ ਜਾਗਰੁਕ ਕਰਨਾ ਮੈਂ ਆਪਣਾ ਫਰਜ ਸਮਝਦਾ ਹਾਂ ਇਹ ਵਿਚਾਰ ਪ੍ਰਸਿੱਧ ਇੰਟਰਨੈਸ਼ਨਲ ਮਿਸ਼ਨਰੀ ਗਾਇਕ ਪੰਮਾ ਲਧਾਣਾ ਨੇ ਪਿੰਡ ਗੜੀ ਅਜੀਤ ਸਿੰਘ ਵਿਖੇ ਬੇਗਮ ਪੁਰਾ ਇੰਟਰਨੈਸਨਲ ਸੰਗੀਤ ਸੰਸਥਾ ਵਲੋਂ ਕੀਤੇ ਗਏ ਸਨਮਾਨ ਉਪਰੰਤ ਗੱਲਬਾਤ ਕਰਦਿਆ ਕੀਤਾ ਇਸ ਮੋਕੇ ਸੰਸਥਾ ਦੇ ਪ੍ਰਧਾਨ ਰੂਪ ਲਾਲ ਧੀਰ ਨੇ ਦੱਸਿਆ ਕਿ ਪੰਮਾ ਲਧਾਣਾ ਨੇ ਹੁਣ ਤੱਕ ਅਨੇਕਾ ਮਿਸ਼ਨਰੀ ਟੇਪਾਂ ਸੰਗਤਾਂ ਦੇ ਸਨਮੁਖ ਕੀਤੀਆਂ ਤੇ ਇਟਲੀ ਦੀ ਧਰਤੀ ਤੇ ਰਹਿੰਦੇ ਹੋਏ ਵੀ ਗਰੀਸ,ਜਰਮਨ,ਇੰਗਲੈਂਡ ਆਦਿ ਦੇਸ਼ਾਂ ਵਿੱਚ ਸਤਿਗੁਰ



ਰਵਿਦਾਸ ਜੀ ਅਤੇ ਡਾ.ਭੀਮ ਰਾਓ ਜੀ ਦੇ ਜੀਵਨ ਤੇ ਅਧਾਰਤ ਵੱਖ ਵੱਖ ਗੁਰੂ ਘਰਾਂ ਚ ਅਨੇਕਾਂ ਧਾਰਮਿਕ ਪ੍ਰੋ-ਗਰਾਮ ਕੀਤੇ ਤੇ ਆਪਣੇ ਮਹਾਨ ਰਹਿਬਰਾਂ ਦੇ ਅਸਲ ਰਸਤੇ ਤੋਂ ਭਟਕ ਚੁੱਕੇ ਲੋਕਾਂ ਆਪਣੇ ਰਹਿਬਰਾ ਦੇ ਮਿਸ਼ਨ ਨਾਲ ਜੋੜਨ ਲਈ ਵਧੀਆ ਕਾਰਜ ਕਰ ਰਿਹਾ ਹੈ ਤੇ ਸਾਡੀ ਸੰਸਥਾ ਮਿਸ਼ਨਰੀ ਸਾਥੀਆਂ ਦਾ ਸਨਮਾਨ ਕਰਨਾ ਮਾਣ ਸਮਝਦੀ ਹੈ ਸੰਸਥਾ ਵਲੋਂ ਮਿਸ਼ਨਰੀ ਸਾਥੀ ਕਸ਼ਮੀਰ ਲਾਲ ਮਹਿੰਮੀ ਨੂੰ ਵੀ ਸਨਮਾਨਤ ਕੀਤਾ ਤੇ ਜਿਕਰਯੋਗ ਹੈ ਕਿ ਸੰਗੀਤ ਸੰਸਥਾ ਵਲੋਂ ਹੁਣ ਤੱਕ ਅਨੇਕਾ ਕਲਾਕਾਰਾਂ,ਗੀਤਕਾਰਾਂ,ਸਮਾਜ ਸੇਵੀਆਂ ਦਾ ਮਾਣ ਸਨਮਾਨ ਕਰ ਚੱਕੀਹੈ ਤੇ ਸਮਾਜ ਸੇਵਾ ਦੇ ਕਾਰਜਾਂ ਲਈ ਹਮੇਸ਼ਾਂ ਤੱਤਪਰ ਰਹਿੰਦੀ ਹੈ ਤੇ ਸਾਡਾ ਵੀ ਫਰਜ ਹੈ ਕਿ ਆਪਣੇ ਮਹਾਨ ਰਹਿਬਰਾਂ ਦੀ ਬਾਣੀ ਨਾਲ ਜੁੜ ਕੇ ਰਹੀਏ ਇਸ ਮੋਕੇ ਪੰਮਾ ਲਧਾਣਾ ਨੇ ਮਾਣ ਸਤਿਕਾਰ ਕਰਨ ਲਈ ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਦੇ ਸਮੂੰਹ ਅਹੁਦੇਦਾਰਾ ਦਾ ਧੰਨਵਾਦ ਕੀਤਾ। ਇਸ ਮੋਕੇ ਬਸਪਾ ਦੇ ਪ੍ਰਵੀਨ ਬੰਗਾ, ਚੇਅਰਮੈਨ ਰਾਜ ਦਦਰਾਲ,ਮੱਖਣ ਬਖਲੋਰ, ਬਲਵੀਰ ਸਿੰਘ ਤੇ ਲਖਵਿੰਦਰ ਸਿੰਘਦੋਵੇਂ ਪੰਚ, ਜਗਦੀਸ਼ ਜਾਡਲਾ,ਆਦਿ ਹਾਜਰ ਸਨ।

ਪਠਾਨਕੋਟ ਖਬਰਨਾਮਾ / - ਰਾਜਿੰਦਰ ਸਿੰਘ ਪਠਾਨਕੋਟ

# ਝੋਨੇ ਦੇ ਬੂਟਿਆਂ ਦੇ ਮਧਰੇਪਣ / ਪੀਲਾਪਣ ਦੇ ਇਲਾਜ ਲਈ ਗੈਰ ਸਿਫਾਰਸ਼ਸ਼ੁਦਾ ਖੇਤੀ ਸਮੱਗਰੀ ਦੀ ਵਰਤੋਂ ਨਾਂ ਕੀਤੀ ਜਾਵੇ: ਡਾ ਅਮਰੀਕ ਸਿੰਘ

**ਪਠਾਨਕੋਟ-** ਡਾਇਰੈਕਟਰ ਖੇਤੀਬਾੜੀ ਪੰਜਾਬ, ਡਾ ਗੁਰਵਿੰਦਰ ਸਿੰਘ ਅਤੇ ਡਿਪਟੀ ਕਮਿਸ਼ਨਰ ਸ੍ਰੀ ਹਰਬੀਰ ਸਿੰਘ ਦਿਸ਼ਾ ਨਿਰਦੇਸ਼ਾਂ ਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਜ਼ਿਲਾ ਪਠਾਨਕੋਟ ਵਿੱਚ ਝੋਨੇ ਦੀ ਮਧਰੇਪਣ ਨਾਲ ਪ੍ਰਭਾਵਤ ਝੋਨੇ ਦੀ ਫਸਲ ਦਾ ਨਿਰੀਖਣ ਕਰਨ ਲਈ ਵੱਖ ਵੱਖ ਟੀਮਾਂ ਵੱਲੋਂ ਪਿੰਡਾਂ ਦਾ ਦੌਰਾ ਕੀਤਾ ਗਿਆ ਅਤੇ ਕਿਸਾਨਾਂ ਨੂੰ ਇਸ ਨਵੀਂ ਸਮੱਸਿਆ ਬਾਰੇ ਜਾਗਰੁਕ ਕੀਤਾ ਗਿਆ। ਇਸ ਮੁਹਿੰਮ ਦੀ ਅਗਵਾਈ ਡ ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ ਪਠਾਨਕੋਟ ਕੀਤੀ। ਇਸ ਮੁਹਿੰਮ ਨੂੰ ਕਾਮਯਾਬ ਕਰਨ ਵਿੱਚ ਡਾ ਪ੍ਰਿਤਪਾਲ ਸਿੰਘ ਖੇਤੀਬਾਵੀ ਵਿਕਾਸ ਅਫਸਰ, ਡਾ ਸੁਖਪ੍ਰੀਤ ਸਿੰਘ ਡਿਪਟੀ ਪੀ ਡੀ ਆਤਮਾ, ਡਾ ਅਰਜੁਨ ਸਿੰਘ ਖੇਤੀਬਾੜੀ ਵਿਕਾਸ ਅਫਸਰ, ਸ੍ਰੀ ਰਵਿੰਦਰ ਸਿੰਘ, ਅਨੁਪਮ ਦੋਗਰਾ, ਸ਼੍ਰੀ ਬਨਵਾਰੀ ਲਾਲ ਪਾਂਡੇ, ਨਵੀਨ ਕੁਮਾਰ ਗੁਪਤਾ, ਸੁਖਦੇਵ ਰਾਜ, ਵਿਸ਼ਾਲ ਸ਼ਰਮਾ ਖੇਤੀਬਾੜੀ ਵਿਸਥਾਰ ਅਫਸਰ, ਸ਼੍ਰੀ ਹਰਪ੍ਰੀਤ ਸਿੰਘ, ਸ਼੍ਰੀ ਨੌਨਿਹਾਲ ਸਿੰਘ ਬਲਾਕ ਤਕਨਾਲੋਜੀ ਮੈਨੇਜਰ(ਆਤਮਾ), ਪ੍ਰੇਮ ਕੁਮਾਰ, ਵਿਜੇ ਕੁਮਾਰ ਸੁਰੇਸ਼ ਕੁਮਾਰ ਖੇਤੀਬਾੜੀ ਉਪ ਨਿਰੀਖਕ, ਅਮਨਦੀਪ ਸਿਘ, ਬਲਵਿੰਦਰ ਕੁਮਾਰ ਸਮੇਤ ਹੋਰ ਅਧਿਕਾਰੀਆ ਕਰਮਚਾਰੀਆਂ ਨੇ ਅਹਿਮ ਯੋਗਦਾਨ ਪਾਇਆ।

ਪਿੰਡ ਨਾਜੋਚੱਕ ਵਿੱਚ ਝੋਨੇ ਦੇ ਬੂਟਿਆਂ ਦੇ ਮਧਰੇਪਣ ਦੀ ਸਮੱਸਿਆ ਨਾਲ ਪ੍ਰਭਾਵਤ ਖੇਤਾਂ ਦਾ ਦੌਰਾਂ ਕਰਨ ਸਮੇਂ ਸ਼੍ਰੀ ਬਚਨ ਲਾਲ ਦੇ ਖੇਤਾਂ ਵਿੱਚ ਗੱਲਬਾਤ ਕਰਦਿਆਂ ਡਾ ਅਮਰੀਕ ਸਿੰਘ ਨੇ ਕਿਹਾ ਕਿ ਪੱਕਣ ਵਿੱਚ ਲੰਮਾ ਸਮਾਂ ਲੈਣ ਵਾਲੀਆਂ ਸਾਰੀਆਂ ਕਿਸਮਾਂ ਦੇ ਬੂਟਿਆਂ ਵਿੱਚ ਮਧਰੇਪਣ ਦੀ



ਸਮੱਸਿਆ ਆ ਰਹੀ ਹੈ ਜਿਸ ਕਾਰਨ ਕਿਸਾਨਾਂ ਅੰਦਰ ਘਬਰਾਹਟ ਪਾਈ ਜਾ ਰਹੀ ਹੈ। ਉਨਾਂ ਕਿਹਾ ਕਿ ਇਹ 15 ਜੁਲਾਈ ਤੋਂ ਬਾਅਦ ਝੋਨੇ ਦੀ ਫਸਲ ਦੇ ਬੂਟੇ ਗਿੱਠੇ ਰਹਿਣ ਬਾਰੇ ਸੂਚਨਾ ਮਿਲਣ ਤੇ ਬਿਮਾਰ ਬੂਟਿਆਂ ਦੇ ਨਮੂਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਝੋਨਾ ਖੋਜ ਕੇਂਦਰ ਹੈਦਰਾਬਾਦ ਭੇਜੇ ਗਏ। ਸਾਇੰਸਦਾਨਾਂ ਵੱਲੋਂ ਕੀਤੇ ਗਏ ਅਧਿਅਨ ਅਨੁਸਾਰ ਝੋਨੇ ਦੀ ਫਸਲ ਉੱਪਰ (ÈoutherAn rcie blAck streAked dfArz virus) ਨਾਮਕ ਵਾਇਰਸ ਨੇ ਹਮਲਾ ਕੀਤਾ ਹੈ ਜਿਸ ਨਾਲ ਬੂਟੇ ਗਿੱਠੇ ਰਹਿ ਗਏ ਅਤੇ ਜੜਾਂ ਕਮਜ਼ੋਰ ਹੋ ਗਈਆਂ ਹਨ ਜਿਸ ਕਾਰਨ ਝੋਨੇ ਦੇ ਬੂਟਿਆਂ ਨੂੰ ਮਿੱਟੀ ਵਿੱਚੋਂ ਖੁਰਾਕੀ ਤੱਤ ਲੋੜੀਂਦੀ ਮਾਤਰਾ ਨਹੀਂ ਮਿਲ ਰਹੇ ਅਤੇ ਫਸਲ ਪੀਲੀ ਪੈ ਗਈ ਹੈ। ਉਨਾਂ ਕਿਹਾ ਕਿ ਇਸ ਵਾਇਰਸ ਦੀ ਰੋਕਥਾਮ ਦਾ ਕੋਈ ਇਲਾਜ ਨਹੀਂ ਹੈ ਅਤੇ ਇਸ ਵਾਇਰਸ ਨੂੰ ਅਗਾਂਹ ਫੈਲਾਉਣ ਵਿੱਚ ਚਿੱਟੀ ਪਿੱਠ ਵਾਲੇ ਟਿੱਡੇ ਦੀ ਅਹਿਮ ਭੂਮਿਕਾ ਹੁੰਦੀ ਹੈ ਜਿਸ ਦੀ ਰੋਕਥਾਮ ਲਈ ਸਾਇੰਸਦਾਨਾਂ ਵੱਲੋਂ ਕੁਝ ਕੀਟਨਾਸ਼ਕਾਂ ਦੀ ਸਿਫਾਰਸ਼ ਕੀਤੀ ਗਈ ਹੈ। ਉਨਾਂ ਕਿਹਾ ਕਿ ਖੇਤ ਵਿੱਚ ਕੁਝ ਪੌਦਿਆਂ ਨੂੰ ਝੁਕਾਅ ਕੇ ਹੌਲੀ ਹੌਲੀ 2-3 ਵਾਰ ਥਾਪੜਣ ਉਪਰੰਤ ਜੇਕਰ ਟਿੱਡਿਆਂ ਦੇ ਬੱਚੇ/ਬਾਲਗ ਪਾਣੀ ਤੇ ਤੈਰਦੇ ਨਜ਼ਰ ਆਉਣ ਤਾਂ 94 ਮਿਲੀ ਲਿਟਰ ਪੈਕਸਾਲੋਨ ਜਾਂ 80 ਮਿਲੀ ਲਿਟਰ ਡਾਈਨੋਟਫੂਰਾਨ ਜਾਂ 120 ਮਿਲੀ ਲਿਟਰ ਪਾਈਮੈਟਰੋਜਿਨ ਪਰਤੀ ਏਕੜ ਦਾ ਛਿੜਕਾਅ ਕਰਨਾ ਚਾਹੀਦਾ। ਉਨਾਂ ਕਿਹਾ ਕਿ ਬਿਹਤਰ ਨਤੀਜਿਆਂ ਲਈ ਛਿੜਕਾਅ ਕਰਦੇ ਸਮੇਂ ਨੋਜ਼ਲ ਦਾ ਰੁੱਖ ਮੁੱਢਾਂ ਵੱਲ ਹੋਣਾ ਚਾਹੀਦਾ। ਉਨਾਂ ਕਿਹਾ ਕਿ ਇਸ ਸਮੱਸਿਆ ਦੇ ਹੱਲ ਲਈ ਕਿਸੇ ਦੇ ਕਹਿਣ ਤੇ ਕਿਸੇ ਵੀ ਸਿੰਥੈਟਿਕ ਪੈਰਾਥਰਾਈਡ ਕੀਟਨਾਸ਼ਕ ਦੀ ਵਰਤੋਂ ਨਾਂ ਕੀਤੀ ਜਾਵੇ।

ਉਨਾਂ ਕਿਹਾ ਕਿ ਗੈਰ ਜ਼ਰੂਰੀ ਖੇਤੀ ਸਮੱਗਰੀ ਦੀ ਵਰਤੋਂ ਕਰਨ ਨਾਲ ਖੇਤੀ ਲਾਗਤ ਖਰਚੇ ਵਧਣਗੇ ਜਿਸ ਨਾਲ ਖੇਤੀ ਆਮਦਨ ਘਟੇਗੀ।ਉਨਾਂ ਕਿਹਾ ਕਿ ਖੇਤੀ ਤੋਂ ਸ਼ੁਧ ਆਮਦਨ ਤਾਂ ਹੀ ਵਧਾਈ ਜਾ ਸਕਦੀ ਹੈ ਜੇਕਰ ਗੈਰ ਜ਼ਰੂਰੀ ਖੇਤੀ ਸਮੱਗਰੀ ਦੀ ਵਰਤੋਂ ਝੋਨੇ ਜਾਂ ਕਿਸੇ ਹੋਰ ਫਸਲ ਵਿੱਚ ਨਾਂ ਕੀਤੀ ਜਾਵੇ। ਮੌਕੇ ਤੇ ਮੌਜੂਦ ਕਿਸਾਨਾਂ ਵੱਲੋਂ ਮੁੱਖ ਖੇਤੀਬਾੜੀ ਅਫਸਰ ਨੂੰ ਮੰਗ ਪੱਤਰ ਦਿੰਦਿਆਂ ਮੰਗ ਕੀਤੀ ਕਿ ਪ੍ਰਭਾਵਤ ਫਸਲ ਦੀ ਤੁਰੰਤ ਗਿਰਦਾਵਰੀ ਕਰਵਾ ਕੇ ਬਣਦਾ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਇਸ ਬਿਮਾਰੀ ਨਾਲ ਹੋਏ ਨੁਕਸਾਨ ਦੀ ਭਰਪਾਈ ਹੋ ਸਕੇ।

# ਡੀਬੀਈਈ ਵਿਖੇ ਲਗਾਇਆ ਗਿਆ ਰੋਜਗਾਰ ਮੇਲਾ- ਜਿਲ੍ਹਾ ਰੋਜ਼ਗਾਰ ਅਫਸਰ

**ਪਠਾਨਕੋਟ-** ਪੰਜਾਬ ਸਰਕਾਰ ਦੀ ਘਰ-ਘਰ ਰੋਜਗਾਰ ਮੁਹਿੰਮ ਤਹਿਤ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਉਰੋ, ਪਠਾਨਕੋਟ ਵਿਖੇ ਮਿਤੀ 08-09-2022 ਨੂੰ ਇੱਕ ਪਲੇਸਮੈਂਟ ਕੈਂਪ ਆਯੋਜਿਤ ਕੀਤਾ ਗਿਆ। ਇਸ ਪਲੇਸਮੈਂਟ ਕੈਂਪ ਵਿਚ ਆਈ ਸੀ ਆਈ ਸੀ ਆਈ ਕੰਪਨੀ ਦੁਆਰਾ ਇੰਟਰਵਿਊ ਲਈ ਗਈ । ਇਸ ਰੋਜਗਾਰ ਮੇਲੇ ਵਿਚ ਕੁਲ 47 ਪ੍ਰਾਰਥੀਆਂ ਵਲੋਂ ਭਾਗ ਲਿਆ ਗਿਆ ।ਜਿਸ ਵਿਚੋਂ 38 ਪ੍ਰਾਰਥੀਆਂ ਦੀ ਚੋਣ ਕੀਤੀ ਗਈ। ਕੰਪਨੀ ਦੁਆਰਾ ਆਏ ਹੋਏ ਨੁਮਾਇੰਦਿਆਂ ਵਲੋਂ ਚੋਣ ਕੀਤੇ ਗਏ ਪ੍ਰਾਥੀਆਂ ਨੂੰ ਮੋਕੇ ਤੇ ਆਫਰ ਲੈਟਰ ਦਿੱਤੇ ਗਏ। ਇਸ ਮੋਕੇ ਤੇ ਰੋਜਗਾਰ ਅਫਸਰ ਰਮਨ ਨੇ ਦੱਸਿਆ ਕਿ ਭੱਵਿੱਖ



ਵਿਚ ਵੀ ਅਜਿਹੇ ਰੋਜ਼ਗਾਰ ਮੇਲੇ ਆਯੋਜਿਤ ਕਰ ਕੇ ਬੇਰੋਜ਼ਗਾਰ ਪ੍ਰਾਰਥੀਆਂ ਨੂੰ ਰੋਜ਼ਗਾਰ ਮੁਹੇਈਆ ਕਰਵਾਉਣ ਦੇ ਵੱਧ ਤੋਂ ਵੱਧ ਮੋਕੇ ਪ੍ਰਦਾਨ ਕੀਤੇ ਜਾਣਗੇ ।ਉਹਨਾਂ ਨੇ ਆਏ ਹੋਈਆਂ ਪ੍ਰਾਰਥੀਆਂ ਨੂੰ ਅਪੀਲ ਕੀਤੀ ਕਿ ਸਰਕਾਰੀ ਅਤੇ ਗੈਰੀ ਸਰਕਾਰੀ ਨੋਕਰੀਆਂ ਦੀ ਜਾਣਕਾਰੀ ਲੈਣ ਲਈ www.pgrkam.com ਤੇ ਰਜਿਸਟਰ ਹੋਣ ਚਾਹੀਦਾ ਹੈ ।ਇਸ ਲਈ ਆਪਣੇ ਭੈਣ ਭਰਾ ਰਿਸ਼ਤੇਦਾਰਾਂ ਚੋ ਜੋ ਵੀ ਪੜ੍ਹੇ ਲਿਖੇ ਬੇਰੋਜਗਾਰ ਪ੍ਰਾਰਥੀ ਹਨ ਉਹਨਾਂ ਨੂੰ ਵੀ ਇਸ ਘਰ-ਘਰ ਰੋਜ਼ਗਾਰ ਪੋਰਟਲ ਤੇ ਰਜਿਸਟਰ ਹੋਣ ਲਈ ਪ੍ਰੇਰਿਤ ਕਰਨ । ਵਧੇਰੇ ਜਾਣਕਾਰੀ ਲਈ ਹੈਲਪ ਲਾਈਨ ਨੰਬਰ 7657825214 ਤੇ ਸੰਪਰਕ ਕੀਤਾ ਜਾ ਸਕਦਾ ਹੈ ।

# ਆਧਾਰ ਕਾਰਡ ਬਣਾਉਣ ਅਤੇ ਅਪਡੇਟ ਕਰਨ ਦੇ ਕਾਰਜ 'ਚ ਲਿਆਂਦੀ ਜਾਵੇਗੀ ਤੇਜੀ- ਵਧੀਕ ਡਿਪਟੀ ਕਮਿਸਨਰ

**ਪਠਾਨਕੋਟ-** ਜ਼ਿਲ੍ਹਾ ਪਠਾਨਕੋਟ ਵਿੱਚ ਬੱਚਿਆਂ ਦੇ ਆਧਾਰ ਕਾਰਡ ਬਣਾਉਣ ਅਤੇ ਅਪਡੇਟ ਕਰਨ ਦੇ ਕੰਮ ਵਿੱਚ ਤੇਜੀ ਲਿਆਂਦੀ ਜਾਵੇਗੀ । ਇਹ ਪ੍ਰਗਟਾਵਾ ਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ) ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ 0 ਤੋਂ 5 ਸਾਲ ਤੱਕ ਦੇ ਬੱਚੇ ਦਾ ਆਧਾਰ ਕਾਰਡ ਬਣਾਉਣ ਲਈ ਅਤੇ 5 ਤੋਂ ਲੈ ਕੇ 15 ਸਾਲ ਤੱਕ ਦੇ ਬੱਚੇ ਦਾ ਆਧਾਰ ਕਾਰਡ ਅੱਪਡੇਟ ਕਰਵਾਉਣ ਜਾ ਨਵੇਂ ਬਣਾਉਣ ਲਈ ਜਿਲ੍ਹੇ ਦੇ ਪਿੰਡਾਂ ਵਿੱਚ ਸਕੂਲਾਂ ਤੇ ਆਗਨਵਾੜੀ ਸੈਂਟਰਾਂ ਵਿੱਚ ਜਾ ਕੇ



ਇਹ ਕਾਰਜ ਸੁਚੱਜੇ ਢੰਗ ਨਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਹੋਇਆ ਕਿਹਾ ਕਿ ਆਧਾਰ ਕਾਰਡ ਬਣਾਉਣ ਦੇ ਇਸ ਕਾਰਜ ਵਿੱਚ ਤੇਜੀ ਲਿਆਉਣ ਲਈ ਇਹਨਾਂ ਕਰਮਚਾਰੀਆਂ ਨੂੰ ਰੂਟ ਪਲਾਨ ਤਿਆਰ ਕਰ ਕੇ ਦਿੱਤਾ ਗਿਆ ਹੈ ਅਤੇ ਸਕੂਲਾਂ ਅੰਦਰ ਕੈਂਪ ਲਗਾ ਕੇ ਜਿਆਦਾ ਤੋਂ ਜਿਆਦਾ ਬੱਚਿਆਂ ਦੇ ਅਧਾਰ ਕਾਰਡ ਬਣਾਏ ਜਾਣ ਅਤੇ ਅਪਡੇਟ ਕੀਤੇ ਜਾਣ। ਉਨ੍ਹਾਂ ਕਿਹਾ ਕਿ ਕਰਮਚਾਰੀ ਪਿੰਡਾਂ ਦੇ ਸਕੂਲਾਂ ਅਤੇ ਆਂਗਨਵਾੜੀ ਸੈਂਟਰਾਂ ਵਿੱਚ ਜਾ ਕੇ ਨਵੇਂ ਆਧਾਰ ਕਾਰਡ ਬਣਾਉਂਣ ਲਈ ਕੈਂਪ ਲਗਾ ਰਹੇ ਹਨ ਲੋਕਾਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਕੈਂਪਾਂ ਤੋਂ ਲਾਭ ਪ੍ਰਾਪਤ ਕਰਨ। ਉਨ੍ਹਾਂ ਨੇ ਜਾਣਕਾਰੀ ਦਿੰਦਿਆਂ ਦੱਸਿਆਂ ਕਿ ਜਿਲ੍ਹਾ ਪਠਾਨਕੋਟ ਦੇ 16 ਸੇਵਾ ਕੇਂਦਰਾਂ ਵਿੱਚ ਵੀ ਇਹ ਸੇਵਾ ਫ੍ਰੀ ਦਿੱਤੀ ਜਾ ਰਹੀ ਹੈ । ਲੋਕਾਂ ਦੀ ਸਹੂਲਤ ਲਈ ਸੇਵਾ ਕੇਂਦਰਾਂ ਵਿੱਚ ਵੀ ਨਵੇਂ ਆਧਾਰ ਕਾਰਡ ਬਣਾਉਣ ਜਾ ਅੱਪਡੇਟ ਕਰਵਾਉਣ ਦੀ ਸਹੂਲਤ ਜਾਰੀ ਹੈ।

# ਕੁਦਰਤੀ ਸਰੋਤ ਜਿਵੇਂ ਨਦੀਆਂ, ਦਰਿਆ ਆਦਿ ਵਿੱਚ ਗੰਦਾ ਪਾਣੀ ਸੁੱਟਣ ਵਾਲਿਆਂ ਖਿਲਾਫ ਕੀਤੀ ਜਾਵੇਗੀ ਕਾਰਵਾਈ- ਡਿਪਟੀ ਕਮਿਸਨਰ

**ਪਠਾਨਕੋਟ-** ਧਿਆਨ ਵਿੱਚ ਆਇਆ ਹੈ ਕਿ ਜਿਲ੍ਹਾ ਪਠਾਨਕੋਟ ਵਿੱਚ ਸਥਾਨਕ ਪੱਧਰ ਤੇ ਵੱਖ-ਵੱਖ ਨਹਿਰਾਂ ਨੂੰ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ ਅਤੇ ਕਈ ਵਾਰ ਪਿੰਡਾਂ, ਮਿਉਂਸੀਪਲ ਕਾਰਪੋਰੇਸ਼ਨਾਂ/ ਕਮੇਟੀਆਂ ਅਤੇ ਹੋਰ ਸੰਸਥਾਵਾਂ ਵੱਲੋਂ ਗੰਦੇ ਪਾਣੀ ਨੂੰ ਸਿੱਧੇ ਤੌਰ ਤੇ ਨਹਿਰਾਂ ਵਿੱਚ ਸੁੱਟਿਆ ਜਾ ਰਿਹਾ ਹੈ ਜਿਸ ਨਾਲ ਵਾਤਾਵਰਨ ਦੂਸਿਤ



ਹੁੰਦਾ ਹੈ ਅਤੇ ਅਜਿਹਾ ਕਰਨ ਵਾਲਿਆਂ ਤੇ ਕਾਰਵਾਈ ਕੀਤੀ ਜਾਵੇਗੀ । ਇਹ ਪ੍ਰਗਟਾਵਾ ਡਿਪਟੀ ਕਮਿਸਨਰ ਪਠਾਨਕੋਟ ਸ। ਹਰਬੀਰ ਸਿੰਘ ਵੱਲੋਂ ਵੱਖ ਵੱਖ ਸਬੰਧਤ ਵਿਭਾਗਾਂ ਨਾਲ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਆਯੋਜਿਤ ਮੀਟਿੰਗ ਦੋਰਾਨ ਕੀਤਾ । ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ) ਅਤੇ ਆਦਿ ਵਿਭਾਗੀ ਅਧਿਕਾਰੀ ਵੀ ਹਾਜਰ ਸਨ।

ਉਨ੍ਹਾਂ ਮੀਟਿੰਗ ਦੋਰਾਨ ਸੰਬੋਧਤ ਕਰਦਿਆਂ Main line U.B.D.C, RD 20500 U/S ਸਬੰਧੀ ਕਾਰਜ ਸਾਧਕ ਅਫਸਰ, ਨਗਰ ਕੌਂਸਲ ਸੁਜਾਨਪੁਰ ਨੂੰ ਹਦਾਇਤ ਕਰਦਿਆਂ ਕਿਹਾ ਕਿ ਜਦੋਂ ਤੱਕ ਨਗਰ ਕੌਂਸਲ ਸੁਜਾਨਪੁਰ ਵਿਖੇ ਸੀਵਰੇਜ ਟ੍ਰੀਟਮੈਂਟ ਪਲਾਂਟ ਦਾ ਕੰਮ ਮੁਕੰਮਲ ਨਹੀਂ ਹੋ ਜਾਂਦਾ, ਉਦੋਂ ਤੱਕ ਸ਼ਹਿਰ ਦੇ ਗੰਦੇ ਪਾਣੀ ਦੀ ਸਾਫ ਸਫਾਈ ਕਰਨੀ ਯਕੀਨੀ ਬਣਾਈ ਜਾਵੇ ਅਤੇ ਇਸ ਕੰਮ ਨੂੰ ਇੱਕ ਮਹੀਨੇ ਦੇ ਅੰਦਰ-ਅੰਦਰ ਕੀਤਾ ਜਾਵੇ । ਇਸ ਤੋਂ ਇਲਾਵਾ ਹਦਾਇਤ ਕਰਦਿਆਂ ਉਨ੍ਹਾਂ ਕਿਹਾ ਕਿ ਇਰੀਗੇਸਨ ਵਿਭਾਗ ਵੱਲੋਂ ਕੀਤੇ ਜੁਰਮਾਨੇ ਦੀ ਵੀ ਅਦਾਇਗੀ ਕੀਤੀ ਜਾਵੇ।

ਇਸ ਤੋਂ ਇਲਾਵਾ ਉਨ੍ਹਾਂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ), ਪਠਾਨਕੋਟ ਦੀ ਹਦੂਦ ਅੰਦਰ ਆਉਂਦੇ ਏਰੀਆ/ਨਹਿਰਾਂ ਸਬੰਧੀ ਹਦਾਇਤ ਕਰਦਿਆਂ ਕਿਹਾ ਕਿ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਪਠਾਨਕੋਟ, ਕਾਰਜਕਾਰੀ ਇੰਜੀਨੀਅਰ, ਸਿੰਚਾਈ ਵਿਭਾਗ ਪਠਾਨਕੋਟ/ ਗੁਰਦਾਸਪੁਰ ਅਤੇ ਕਾਰਜਕਾਰੀ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਬਟਾਲਾ/ਪਠਾਨਕੋਟ ਵੱਲੋਂ ਸੂਚੀ ਵਿੱਚ ਦਰਜ ਥਾਵਾਂ ਦਾ ਮੌਕਾ ਦੇਖਿਆ ਜਾਵੇ ਅਤੇ ਪਿੰਡਾਂ ਦੇ ਲੋਕਾਂ ਨੂੰ ਹਦਾਇਤ ਕੀਤੀ ਜਾਵੇ ਕਿ ਨਹਿਰਾਂ ਵਿੱਚ ਗੰਦਾਂ ਪਾਣੀ ਸੁੱਟਣਾ ਬੰਦ ਕੀਤਾ ਜਾਵੇ ਅਤੇ ਪਿੰਡਾਂ ਦੇ ਪਾਣੀ ਦੇ ਨਿਕਾਸ ਲਈ ਛੱਪੜਾਂ ਦਾ ਇਸਤੇਮਾਲ ਕੀਤਾ ਜਾਵੇ । ਜੇਕਰ ਕੋਈ ਇਸਦੀ ਉਲੰਘਣਾ ਕਰਦਾ ਹੈ ਤਾਂ ਉਨ੍ਹਾਂ ਖਿਲਾਫ ਬਣਦੀ ਕਾਰਵਾਈ ਆਰੰਭੀ ਜਾਵੇ। ਉਨ੍ਹਾਂ ਕਾਰਜਕਾਰੀ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਬਟਾਲਾ/ਪਠਾਨਕੋਟ ਨੂੰ ਹਦਾਇਤ ਕਰਦਿਆਂ ਕਿਹਾ ਕਿ ਜੇਕਰ ਸਬੰਧਤ ਵਿਭਾਗ ਵੱਲੋਂ ਮਿੱਥੇ ਸਮੇਂ ਦੇ ਅੰਦਰ ਕਾਰਵਾਈ ਮੁਕੰਮਲ ਨਹੀਂ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਖਿਲਾਫ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੀਆਂ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਕਮਿਸ਼ਨਰ ਨਗਰ ਨਿਗਮ ਪਠਾਨਕੋਟ ਦੀ ਹਦੂਦ ਅੰਦਰ ਆਉਂਦੇ ਏਰੀਆ/ਨਹਿਰਾਂ ਸਬੰਧੀ ਹਦਾਇਤ ਕੀਤੀ ਗਈ ਕਿ ਸੰਯੁਕਤ ਕਮਿਸ਼ਨਰ ਨਗਰ ਨਿਗਮ ਪਠਾਨਕੋਟ, ਕਾਰਜਕਾਰੀ ਇੰਜੀਨੀਅਰ ਸਿੰਚਾਈ ਵਿਭਾਗ ਪਠਾਨਕੋਟ/ਗੁਰਦਾਸਪੁਰ ਅਤੇ ਕਾਰਜਕਾਰੀ ਇੰਜੀਨੀਅਰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਬਟਾਲਾ/ਪਠਾਨਕੋਟ ਵੱਲੋਂ ਸੂਚੀ ਵਿੱਚ ਦਰਜ ਥਾਵਾਂ ਦਾ ਮੌਕਾ ਦੇਖਿਆ ਜਾਵੇ। ਉਨ੍ਹਾਂ ਜਿਲ੍ਹਾ ਨਿਵਾਸੀਆਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਜਿਨ੍ਹਾਂ ਪਿੰਡਾਂ ਦਾ ਨਿਕਾਸੀ ਪਾਣੀ, ਦੁਕਾਨਾਂ ਦਾ ਨਿਕਾਸੀ ਪਾਣੀ ਨਹਿਰਾਂ ਆਦਿ ਵਿੱਚ ਜਾਂਦਾ ਹੈ ਤਾਂ ਇਸ ਨੂੰ ਬੰਦ ਕੀਤਾ ਜਾਵੇ ਅਗਰ ਜਾਂਚ ਦੋਰਾਨ ਕੋਈ ਵੀ ਅਜਿਹਾ ਕਰਦਾ ਪਾਇਆ ਜਾਂਦਾ ਹੈ ਤਾਂ ਉਨ੍ਹਾਂ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਡਿਸਟਰੀਬਿਊਸ਼ਨ ਕੈਂਪ ਆਯੋਜਿਤ

**ਪਠਾਨਕੋਟ-** ਜ਼ਿਲ੍ਹਾ ਪੱਧਰੀ ਸਪੈਸ਼ਲ ਰਿਸੋਰਸ ਸੈਂਟਰ ਸਰਕਾਰੀ ਪ੍ਰਾਇਮਰੀ ਸਕੂਲ ਮਾਡਲ ਟਾਊਨ ਪਠਾਨਕੋਟ ਵਿਖੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਡਿਸਟਰੀਬਿਊਸ਼ਨ ਕੈਂਪ ਐਜੂਕੇਸ਼ਨ ਡਿਪਾਰਟਮੈਂਟ ਦੇ ਆਈ ਈ ਡੀ ਕੰਪੋਨੈਂਟ ਤੋਂ ਪ੍ਰਾਪਤ ਹਦਾਇਤਾਂ ਦੇ ਅਨੁਸਾਰ ਡੀਈਓ ਸੈਕੰਡਰੀ ਅਤੇ ਐਲੀਮੈਂਟਰੀ ਜਸਵੰਤ ਸਿੰਘ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਦੀ ਰਹਿਨੁਮਾਈ ਅਤੇ ਬੀਪੀਈਓ ਕੁਲਦੀਪ ਸਿੰਘ ਪਠਾਨਕੋਟ- 3 ਦੀ ਦੇਖ ਰੇਖ ਵਿੱਚ ਆਯੋਜਿਤ ਕੀਤਾ ਗਿਆ।



ਕੈਂਪ ਵਿਚ ਵਿਸ਼ੇਸ਼ ਤੌਰ ਤੇ ਏਡੀਸੀ ਜਨਰਲ ਅੰਕੁਰਜੀਤ ਸਿੰਘ ਨੇ ਸਾਰਾ ਸਮਾਂ ਮੌਜੂਦ ਰਹਿ ਕੇ ਬੱਚਿਆਂ ਨੂੰ ਅੱਗੇ ਵੱਧਣ ਦੇ ਲਈ ਪ੍ਰੇਰਿਤ ਕੀਤਾ ਅਤੇ ਇਸ ਕੈਂਪਸ ਲਈ ਜੋ ਵੀ ਸਹਾਇਤਾ ਉਨ੍ਹਾਂ ਵੱਲੋਂ ਕਰਵਾਈ ਜਾ ਸਕਦੀ ਹੈ ਉਹ ਕਰਵਾਉਣ ਦਾ ਪੂਰਾ ਭਰੋਸਾ ਦਿਵਾਇਆ। ਕੈਂਪ ਦੌਰਾਨ 128 ਬੱਚਿਆਂ ਨੂੰ ਉਨ੍ਹਾਂ ਦੀ ਜ਼ਰੂਰਤ ਅਨੁਸਾਰ ਅਸਿਸਟਿਵ ਡਿਵਾਈਸਿਸ ਮੁਫ਼ਤ ਵੰਡੀਆਂ ਗਈਆਂ। ਜ਼ਿਲ੍ਹਾ ਸਪੈਸ਼ਲ ਐਜੂਕੇਟਰ ਸ਼੍ਰੀਮਤੀ ਅੰਜੂ ਸੈਣੀ ਅਤੇ ਡਾ ਮਨਦੀਪ ਸ਼ਰਮਾ ਵੱਲੋਂ ਬੱਚਿਆਂ ਅਤੇ ਮਾਤਾ ਪਿਤਾ ਨੂੰ ਇਨ੍ਹਾਂ ਫੈਬਰੀਕੇਟਿਡ ਆਈਟਮਸ ਦੀ ਸਿਖਲਾਈ ਅਤੇ ਫਿਜ਼ੀਓਥਰੈਪੀ ਦੀ ਜਾਣਕਾਰੀ ਬੱਚਿਆਂ ਦੇ ਨਾਲ ਪ੍ਰੈਕਟੀਕਲ ਰੂਪ ਵਿਚ ਕਰ ਕੇ ਦਿੱਤੀ ਗਈ । ਅਲਿਮਕੋ ਟੀਮ ਵੱਲੋਂ ਸ੍ਰੀ ਰਮੇਸ਼ ਕੁਮਾਰ ਜੀ ਨੇ ਸਾਰੇ ਫੈਬਰੀਕੇਟਿਡ ਆਈਟਮਸ ਦੇ ਬਾਰੇ ਮਾਤਾ ਪਿਤਾ ਨੂੰ ਵਿਸਥਾਰ ਵਿੱਚ ਸੰਭਾਲਣ ਅਤੇ ਵਰਤੋਂ ਦੀ ਜਾਣਕਾਰੀ ਦਿੱਤੀ । ਕੈਂਪ ਵਿੱਚ ਆਏ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਰਿਫਰੈਸ਼ਮੈਂਟ ਦਿੱਤੀ ਗਈ ਅਤੇ ਆਉਣ ਜਾਣ ਦਾ ਕਿਰਾਇਆ ਉਸੇ ਸਮੇਂ ਹੀ ਦਿੱਤਾ ਗਿਆ । ਡਿਸਟਰੀਬਿਊਸ਼ਨ ਕੈਂਪ ਵਿਚ ਬੀਪੀਈਓ ਧਾਰ-2 ਰਾਕੇਸ਼ ਕੁਮਾਰ, ਡਾ ਮਨਦੀਪ ਸ਼ਰਮਾ, ਰਾਜੂ ਬਾਲਾ, ਰੇਨੂ ਬਾਲਾ, ਸਵਿਤਾ, ਡਾ ਰਵੀ ਕੁਮਾਰ, ਰੀਤੂ ਸ਼ਰਮਾ, ਮੀਨਾ, ਇੰਦਰਜੀਤ ਕੌਰ, ਸਵਿਤਾ ਅਤੇ ਜਸਪ੍ਰੀਤ ਮੌਜੂਦ ਸਨ।

# ਊਧੇ ਪ੍ਰਤਾਪ ਸਿੰਘ ਦੀ ਜਿੰਦਗੀ ਨੂੰ ਖੇਡਾਂ ਵਤਨ ਪੰਜਾਬ ਦੀਆਂ ਦਿੱਤਾ ਇੱਕ ਨਵਾਂ ਮੋੜ, ਅੱਗੇ ਵੱਧਣ ਦੀ ਮਿਲੀ ਪ੍ਰੇਰਣਾ

## ਆਪਣੀ ਜਿੰਦਗੀ ਦੇ ਸਭ ਤੋਂ ਵੱਡੇ ਸੁਪਨੇ ਨੂੰ ਪੂਰਾ ਕਰਨ ਲਈ ਇੱਕ ਪਲੇਟ ਫਾਰਮ ਮਿਲਣ ਤੇ ਮੁੱਖ ਮੰਤਰੀ ਪੰਜਾਬ ਦਾ ਕੀਤਾ ਧੰਨਵਾਦ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)–** ਕਹਿੰਦੇ ਹਨ ਕਿ ਅਗਰ ਕਿਸੇ ਇੰਨਸਾਨ ਅੰਦਰ ਕੋਈ ਕਮੀ ਹੁੰਦੀ ਹੈ ਤਾਂ ਪਰਮਾਤਮਾ ਉਸ ਨੂੰ ਕਿਸੇ ਖਾਸ ਕਲ੍ਹਾ ਵਿੱਚ ਮਾਹਿਰ ਵੀ ਬਣਾ ਦਿੰਦਾ ਹੈ ਕੂਝ ਇਸ ਤਰ੍ਹਾਂ ਦੀ ਹੀ ਉਦਾਹਰਣ ਵੇਖਣ ਨੂੰ ਮਿਲਿਆ ਸਪੋਰਟਸ ਸਟੇਡੀਅਮ ਲਮੀਨੀ ਵਿਖੇ ਜਿੱਥੇ ਖੇਡਾਂ ਵਤਨ ਪੰਜਾਬ ਦੀਆਂ ਜਿਲ੍ਹਾ ਪੱਧਰੀ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਅੱਜ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਇਨ੍ਹਾਂ ਜਿਲ੍ਹਾ ਪੱਧਰੀ ਖੇਡਾਂ ਦਾ ਸੁਭਅਰੰਭ ਕਰ ਰਹੇ ਸਨ। ਜਿਵੇਂ ਹੀ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਜੀ ਅਪਣੀ ਗੱਡੀ ਚੋਂ ਬੈਠਣ ਲੱਗੇ ਤਾਂ ਇੱਕ 17 ਸਾਲ ਦੇ ਨੋਜਵਾਨ ਨੇ ਕੂਝ ਇਸਾਰਿਆਂ ਨਾਲ ਸਮਝਾਉਂਣ ਦੀ ਕੋਸਿਸ ਕੀਤੀ। ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਜਦੋਂ ਨੋਜਵਾਨ ਨਾਲ ਗੱਲ ਕਰਨੀ ਚਾਹੀ ਤਾਂ ਪਤਾ ਲੱਗਾ ਕਿ ਨੋਜਵਾਨ ਨਾ ਬੋਲ ਸਕਦਾ ਹੈ ਅਤੇ ਨਾ ਹੀ ਸੁਣ ਸਕਦਾ ਹੈ। ਕੈਬਨਿਟ ਮੰਤਰੀ ਪੰਜਾਬ ਵੱਲੋਂ ਨੋਜਵਾਨ ਦੀ ਹੌਸਲਾ ਅਫਜਾਈ ਕੀਤੀ ਅਤੇ ਆਸੀਰਵਾਦ ਦਿੱਤਾ ਕਿ ਇਹ ਨੋਜਵਾਨ ਜਿਲ੍ਹਾ ਪਠਾਨਕੋਟ ਦਾ ਨਾਮ ਪੂਰੇ ਪੰਜਾਬ ਅਤੇ ਦੇਸ ਅੰਦਰ ਰੋਸਨ ਕਰੇਗਾ। ਨੋਜਵਾਨ ਬਾਰੇ ਗੱਲਬਾਤ ਕਰਦਿਆਂ ਉਸ ਦੇ ਪਿਤਾ ਜਗਦੀਸ ਸਿੰਘ ਨਿਵਾਸੀ ਪਿੰਡ ਰਾਣੀਪੁਰ ਜਿਲ੍ਹਾ ਪਠਾਨਕੋਟ ਨੇ ਦੱਸਿਆ ਕਿ ਉਨ੍ਹਾਂ ਦੀਆਂ ਦੋ ਬੇਟੀਆਂ ਅਤੇ ਇੱਕ ਬੇਟਾ ਹੈ। ਉਨ੍ਹਾਂ ਦੱਸਿਆ ਕਿ ਬੇਟਾ ਉਧੇ ਪ੍ਰਤਾਪ ਸਿੰਘ ਸਭ ਤੋਂ ਛੋਟਾ ਹੈ ਅਤੇ ਬਚਪਨ ਤੋਂ ਹੀ ਨਾ ਬੋਲ ਸਕਦਾ ਸੀ ਅਤੇ ਨਾ ਹੀ ਸੁਣ ਸਕਦਾ ਸੀ। ਉਨ੍ਹਾਂ ਦੱਸਿਆ ਕਿ ਉਹ ਆਪ ਰਣਜੀਤ ਸਾਗਰ ਡੈਮ ਸਾਹਪੁਰਕੰਡੀ ਵਿਖੇ ਨੋਕਰੀ ਕਰਦੇ ਸਨ ਅਤੇ ਇਸ ਸਮੇਂ ਸੇਵਾ ਮੁਕਤ ਹੋ ਚੁੱਕੇ ਹਨ।



ਉਨ੍ਹਾਂ ਦੱਸਿਆ ਕਿ ਪਹਿਲਾ ਤਾਂ ਸੁਰੂ ਵਿੱਚ ਉਧੇ ਪ੍ਰਤਾਪ ਸਿੰਘ ਨੂੰ ਸਕੂਲ ਭੇਜਣ ਸੁਰੂ ਕੀਤਾ ਅਠਵੀਂ ਤੱਕ ਸਕੂਲ ਜਾਣ ਤੋਂ ਬਾਅਦ ਅਧਿਆਪਕਾਂ ਵੱਲੋਂ ਕਿਹਾ ਗਿਆ ਕਿ ਇਸ ਬੱਚੇ ਨੂੰ ਸਪੇਸਲ ਸਕੂਲ ਦੀ ਬਹੁਤ ਜਰੂਰਤ ਹੈ ਪਰ ਉਸ ਸਮੇਂ ਇਕੱਲਾ ਬਠਿੰਡਾ ਅਤੇ ਗੰਗਾਨਗਰ ਵਿਖੇ ਹੀ ਅਜਿਹੇ ਸਕੂਲ ਸਨ ਪਰ ਉਨ੍ਹਾਂ ਉੱਥੇ ਭੇਜਨਾ ਮੁਨਾਸਿਬ ਨਾ ਸਮਝਿਆ। ਜਗਦੀਸ ਸਿੰਘ ਨੇ ਦੱਸਿਆ ਕਿ ਉਧੇ ਪ੍ਰਤਾਪ ਸਿੰਘ ਅਕਸਰ ਹੋਰਨਾਂ ਨੂੰ ਖੇਡਾਂ ਖੇਡਦਿਆਂ ਦੇਖਦਾ ਸੀ ਅਤੇ ਇਸ ਅੰਦਰ ਵੀ ਕੁਸਤੀ ਕਰਨ ਦਾ ਸੌਂਕ ਪੈਦਾ ਹੋ ਗਿਆ, ਪਹਿਲਾ ਤਾਂ ਉਨ੍ਹਾਂ ਵੱਲੋਂ ਵਿਰੋਧ ਕੀਤਾ ਪਰ ਫਿਰ ਉਨ੍ਹਾਂ ਕਿਹਾ ਕਿ ਅਗਰ ਤੇਰੀ ਇਹ ਹੀ ਇੱਛਾ ਹੈ ਤਾਂ ਅਸੀਂ ਤੇਰੇ ਨਾਲ ਹਾਂ। ਉਨ੍ਹਾਂ ਦੱਸਿਆ ਕਿ ਅੱਜ ਵੀ ਉਧੇ ਪ੍ਰਤਾਪ ਸਿੰਘ ਪ੍ਰਤੀਦਿਨ ਕਸਰਤ ਕਰਦਾ ਹੈ, ਦੋੜਦਾ ਹੈ ਅਤੇ ਪੰਗੋਲੀ ਚੌਕ ਵਿਖੇ ਰਾਂਝੂ ਦੇ ਅਖਾੜੇ ਵਿੱਚ ਅਪਣਾ ਅਭਿਆਸ ਕਰਦਾ ਹੈ। ਉਨ੍ਹਾਂ ਦੱਸਿਆ ਕਿ ਖੇਤਰ ਅੰਦਰ ਕੋਈ ਵੀ ਛਿੰਝ ਮੇਲਾ ਹੁੰਦਾ ਹੈ ਤਾਂ ਉਧੇ ਉਸ ਵਿੱਚ ਭਾਗ ਲੈਣ ਜਰੂਰ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜੋ ਖੇਡਾਂ ਵਤਨ ਪੰਜਾਬ ਦੀਆਂ ਖੇਡਾਂ ਕਰਵਾਈਆਂ ਜਾ ਰਹੀਆਂ ਹਨ ਉਨ੍ਹਾਂ ਵਿੱਚ ਜਿਲ੍ਹਾ ਪਠਾਨਕੋਟ ਵਿੱਚ ਉਧੇ ਪ੍ਰਤਾਪ ਸਿੰਘ ਕੁਸਤੀ ਗੇਮ ਵਿੱਚ 60-65 ਕਿਲੋਗ੍ਰਾਮ ਵਰਗ ਵਿੱਚ ਇਕੱਲਾ ਸਪੇਸਲ ਖਿਡਾਰੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਬੇਟਾ ਚਾਹੇ ਬਹੁਤਾ ਜਿਆਦਾ ਪੜ ਨਹੀਂ ਸਕਿਆ ਪਰ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਖੇਡ ਮੁਕਾਬਲਿਆਂ ਨੂੰ ਕਰਵਾ ਕੇ ਊਧੇ ਪ੍ਰਤਾਪ ਸਿੰਘ ਨੂੰ ਕੁਸਤੀ ਦੇ ਖੇਤਰ ਅੰਦਰ ਇੱਕ ਵਧੀਆ ਖਿਡਾਰੀ ਬਣਨ ਦੇ ਲਈ ਮੋਕਾ ਦਿੱਤਾ ਹੈ। ਇਸ ਲਈ ਉਹ ਪੰਜਾਬ ਸਰਕਾਰ ਦਾ ਵੀ ਧੰਨਵਾਦ ਕਰਦੇ ਹਨ।

# ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕੀਤਾ ਜਿਲ੍ਹਾ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਦਾ ਸੁਭਅਰੰਭ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)–** ਅੱਜ ਜਿਲ੍ਹਾ ਪਠਾਨਕੋਟ ਵਿੱਚ ਵੱਖ ਵੱਖ ਸਕੂਲਾਂ ਅੰਦਰ ਖੇਡਾਂ ਵਤਨ ਪੰਜਾਬ ਦੀਆਂ ਅਧੀਨ ਜਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਦਾ ਸੁਭਅਰੰਭ ਕੀਤਾ ਗਿਆ। ਸਪੋਰਟਸ ਸਟੇਡੀਅਮ ਲਮੀਨੀ ਪਠਾਨਕੋਟ ਵਿਖੇ ਟ੍ਰੇਕ ਗਰਾਊਂਡ ਨਾਲ ਸਬੰਧਤ ਖੇਡਾਂ ਦਾ ਅਗਾਜ ਕੀਤਾ ਗਿਆ। ਇਸ ਮੋਕੇ ਤੇ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਅਤੇ ਸ੍ਰੀ ਵਿਭੂਤੀ ਸਰਮਾ ਚੇਅਰਮੈਨ ਪੀਟੀਡੀਸੀ ਅਤੇ ਸ੍ਰੀ ਰੋਹਿਤ ਸਿਆਲ ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਵਿਸੇਸ ਮਹਿਮਾਨ ਵਜੋਂ ਹਾਜਰ ਹੋਏ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਕਾਲਾ ਰਾਮ ਕਾਂਸਲ ਐਸਡੀਐਮ ਪਠਾਨਕੋਟ, ਜਸਵੰਤ ਸਿੰਘ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਪਠਾਨਕੋਟ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਸਤਵੰਤ ਕੌਰ ਜਿਲ੍ਹਾ ਖੇਡ ਅਫਸਰ ਪਠਾਨਕੋਟ, ਡੀ।ਜੀ। ਸਿੰਘ ਡਿਪਟੀ ਡੀਈਓ ਪ੍ਰਾਇਮਰੀ, ਅਰੁਣ ਕੁਮਾਰ ਅਤੇ ਹੋਰ ਵਿਭਾਗੀ ਅਧਿਕਾਰੀ ਵੀ ਹਾਜਰ ਸਨ।



ਸਭ ਤੋਂ ਪਹਿਲਾ ਜਿਲ੍ਹਾ ਪ੍ਰਸਾਸਨ, ਖੇਡ ਵਿਭਾਗ ਅਤੇ ਸਿੱਖਿਆ ਵਿਭਾਗ ਵੱਲੋਂ ਮੁੱਖ ਮਹਿਮਾਨ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਦਾ ਸਵਾਗਤ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਕੀਤਾ ਗਿਆ। ਇਸ ਤੋਂ ਬਾਅਦ ਜਿਲ੍ਹਾ ਪੱਧਰੀ ਖੇਡਾਂ ਦਾ ਅਰੰਭ ਮੁੱਖ ਮਹਿਮਾਨ ਵੱਲੋਂ ਹਵਾ ਵਿੱਚ ਗੁਬਬਾਰੇ ਛੱਡ ਕੇ ਕੀਤਾ ਗਿਆ। ਸਮਾਰੋਹ ਦੋਰਾਨ ਜਿਲ੍ਹਾ ਪੱਧਰੀ ਖੇਡਾਂ ਵਿੱਚ ਭਾਗ ਲੈ ਰਹੇ ਸਾਰੇ ਖਿਡਾਰੀਆਂ ਵੱਲੋਂ ਮਾਰਚ ਪਾਸਟ ਕੀਤਾ ਗਿਆ।

ਇਸ ਮੋਕੇ ਤੇ ਅਪਣੇ ਸੰਬੋਧਨ ਵਿੱਚ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਬਹੁਤ ਹੀ ਖੁਸੀ ਦਾ ਦਿਨ ਹੈ ਕਿ ਕੂਝ ਸਮਾਂ ਪਹਿਲਾ ਮਾਨਯੋਗ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਜੀ ਵੱਲੋਂ ਜਲੰਧਰ ਅੰਦਰ ਖੇਡਾਂ ਵਤਨ ਪੰਜਾਬ ਦੀਆਂ ਦੀ ਸੁਰੂਆਤ ਕੀਤੀ ਗਈ ਸੀ ਤੇ ਅੱਜ ਮੈਨੂੰ ਇਹ ਦੱਸਦਿਆਂ ਹੋਰ ਵੀ ਖੁਸੀ ਹੋ ਰਹੀ ਹੈ ਕਿ ਪੂਰੇ ਪੰਜਾਬ ਅੰਦਰ ਖੇਡਾਂ ਵਤਨ ਪੰਜਾਬ ਦੀਆਂ ਨੂੰ ਲੈ ਕੇ ਖਿਡਾਰੀਆਂ ਅੰਦਰ ਕਾਫੀ ਉਤਸਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਕੱਲਾ ਪਠਾਨਕੋਟ ਜਿਲ੍ਹੇ ਅੰਦਰ ਹੀ ਕਰੀਬ 7500 ਬੱਚੇ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਭਾਗ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਹੋਰ ਵੀ ਖੁਸੀ ਦੀ ਗੱਲ ਹੈ ਕਿ ਜਿਲ੍ਹਾ ਪਠਾਨਕੋਟ ਦੇ ਵਿਦਿਆਰਥੀ ਜਿੱਥੇ ਪੜਾਈ ਅੰਦਰ ਰੁਝੇ ਹੋਏ ਹਨ ਉੱਥੇ ਹੀ ਉਨ੍ਹਾਂ ਦੀ ਖੇਡਾਂ ਅੰਦਰ ਵੀ ਪੂਰੀ ਰੂਚੀ ਹੈ। ਉਨ੍ਹਾਂ ਕਿਹਾ ਕਿ ਇਹ ਖੇਡਾਂ ਵਤਨ ਪੰਜਾਬ ਦੀਆਂ ਦੀ ਹੀ ਦੇਣ ਹੈ ਕਿ ਉਹ ਰਿਵਾਇਤੀ ਖੇਡਾਂ ਜੋ ਅਸੀਂ ਅਪਣੇ ਵੱਡੇ ਬਜੁਰਗਾਂ ਤੋਂ ਸਿੱਖੀਆਂ ਸੀ ਉਨ੍ਹਾਂ ਨੂੰ ਨੋਜਵਾਨ ਪੀੜੀ ਭੁੱਲਦੀ ਜਾ ਰਹੀ ਰਹੀ ਸੀ ਜਿਵੇਂ ਹਾਕੀ, ਖੋ-ਖੋ, ਕਬੱਡੀ ਆਦਿ ਅਤੇ ਹੁਣ ਉਨ੍ਹਾਂ ਖੇਡਾਂ ਵਿੱਚ ਵੀ ਨੋਜਵਾਨਾਂ ਦਾ ਕਾਫੀ ਉਤਸਾਹ ਦੇਖਣ ਨੂੰ ਮਿਲ ਰਿਹਾ ਹੈ।



ਉਨ੍ਹਾਂ ਕਿਹਾ ਕਿ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਦੇਖਣ ਨੂੰ ਆਇਆ ਹੈ ਕਿ ਨੋਜਵਾਨ ਕਾਫੀ ਸੰਖਿਆਂ ਵਿੱਚ ਖੇਡਾਂ ਵਿੱਚ ਭਾਗ ਲੈ ਰਹੇ ਹਨ ਸਾਨੂੰ ਚਾਹੀਦਾ ਹੈ ਕਿ ਨੋਜਵਾਨਾਂ ਨੂੰ ਨਸਿਆਂ ਵੱਲੋਂ ਮੋੜ ਕੇ ਖੇਡਾਂ ਦੇ ਨਾਲ ਜੋੜਿਆ ਜਾਵੇ। ਉਨ੍ਹਾਂ ਕਿਹਾ ਕਿ ਖੇਡਾਂ ਇਕੱਲੀਆਂ ਸਾਨੂੰ ਤੰਦਰੁਸਤੀ ਹੀ ਨਹੀਂ ਦਿੰਦੀਆਂ ਸਗੋਂ ਸਾਡੇ ਅੰਦਰ ਭਾਈਚਾਰੇ ਦੀ ਭਾਵਨਾਂ ਵੀ ਪੈਦਾ ਕਰਦੀਆਂ ਹਨ। ਖੇਡਾਂ ਵਿਅਕਤੀ ਨੂੰ ਜਿੱਥੇ ਅਨੁਸਾਸਨ ਦਿੰਦੀਆਂ ਹਨ ਉੱਥੇ ਹੀ ਭਵਿੱਖ ਵਿੱਚ ਨੋਕਰੀਆਂ ਦੇ ਲਈ ਵੀ ਬਹੁਤ ਸਾਰੇ ਰਸਤੇ ਖੋਲ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦਿਨ੍ਹਾਂ ਦੋਰਾਨ ਜੋ ਪੰਜਾਬ ਦੇ ਖਿਡਾਰੀ ਰਾਸਟਰ ਮੰਡਲ ਖੇਡਾਂ ਵਿੱਚ ਤਗਮੇ ਜਿੱਤ ਕੇ ਆਏ ਹਨ ਪੰਜਾਬ ਦੀ ਧਰਤੀ ਤੇ ਪੈਰ ਰੱਖਦਿਆਂ ਹੀ ਉਨ੍ਹਾਂ ਨੂੰ ਮੁੱਖ ਮੰਤਰੀ ਪੰਜਾਬ ਨੇ ਹਰੇਕ ਖਿਡਾਰੀਆਂ ਨੂੰ 50-50 ਲੱਖ ਰੁਪਏ ਅਤੇ ਜਿਹੜੇ ਨਹੀਂ ਵੀ ਜਿੱਤ ਕੇ ਆਏ ਅਤੇ ਉਨ੍ਹਾਂ ਵੱਲੋਂ ਖੇਡਾਂ ਵਿੱਚ ਭਾਗ ਲਿਆ ਗਿਆ ਉਨ੍ਹਾਂ ਨੂੰ ਵੀ 5-5 ਲੱਖ ਰੁਪਏ ਦੇ ਕੇ ਮਾਨ ਸਨਮਾਨ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਨੇ ਅਠਵੀਂ, ਦਸਵੀਂ ਅਤੇ ਬਾਹਰਵੀਂ ਵਿੱਚ ਪਹਿਲੇ ਸਥਾਨ ਤੇ ਰਹਿ ਕੇ ਸਿੱਖਿਆ ਦੇ ਖੇਤਰ ਵਿੱਚ ਪੂਰੇ ਪੰਜਾਬ ਅੰਦਰ ਜਿਲ੍ਹੇ ਦਾ ਨਾਮ ਰੋਸਨ ਕੀਤਾ ਹੈ ਅਤੇ ਖੇਡਾਂ ਅੰਦਰ ਵੀ ਆਉਂਣ ਵਾਲੇ ਸਮੇਂ ਦੋਰਾਨ ਪਠਾਨਕੋਟ ਦੇ ਖਿਡਾਰੀ ਪਹਿਲੇ ਨੰਬਰਾਂ ਵਿੱਚ ਰਹਿ ਕੇ ਜਿਲ੍ਹੇ ਦਾ ਨਾਮ ਰੋਸਨ ਕਰਨਗੇ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਅੰਦਰ ਖੇਡਾਂ ਨੂੰ ਉਤਸਾਹਿਤ ਕਰਨ ਲਈ ਅਗਰ ਖੇਡਾਂ ਦੇ ਕੌਚ ਦੀ ਕਮੀ ਹੈ ਤਾਂ ਉਨ੍ਹਾਂ ਨੂੰ ਵੀ ਦੂਰ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਆਉਂਣ ਵਾਲੇ ਸਮੇਂ ਦੋਰਾਨ ਸਪੋਰਟਸ ਖੇਡ ਸਟੈਡੀਅਮ ਨੂੰ ਹੋਰ ਵੀ ਬਿਹਤਰ ਬਣਾਇਆ ਜਾਵੇਗਾ ਅਤੇ ਖਿਡਾਰੀਆਂ ਨੂੰ ਕਿਸੇ ਤਰ੍ਹਾਂ ਦੀ ਕੋਈ ਘਾਟ ਨਹੀਂ ਆਉਂਣ ਦਿੱਤੀ ਜਾਵੇਗੀ।

ਇਸ ਮੋਕੇ ਤੇ ਸ੍ਰੀ ਵਿਭੂਤੀ ਸਰਮਾਂ ਵੱਲੋਂ ਵੀ ਖਿਡਾਰੀਆਂ ਨੂੰ ਉਤਸਾਹਿਤ ਕਰਦਿਆਂ ਕਿਹਾ ਕਿ ਸਾਡੇ ਲਈ ਮਾਨ ਦੀ ਗੱਲ ਹੈ ਕਿ ਜਿਲ੍ਹਾ ਪਠਾਨਕੋਟ ਵਿੱਚ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵਰਗੇ ਮੰਤਰੀ ਹਨ ਅਤੇ ਉਨ੍ਹਾਂ ਦੇ ਦਿਸਾ ਨਿਰਦੇਸਾਂ ਤੇ ਚਲਦਿਆਂ ਭਵਿੱਖ ਅੰਦਰ ਹੋਰ ਵੀ ਨੋਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾਵੇਗਾ ਅਤੇ ਪਠਾਨਕੋਟ ਨੂੰ ਖੇਡਾਂ ਦੇ ਖੇਤਰ ਵਿੱਚ ਵੀ ਨੰਬਰ ਵਨ ਤੇ ਲਿਆਂਦਾ ਜਾਵੇਗਾ। ਇਸ ਤੋਂ ਬਾਅਦ ਮੁੱਖ ਮਹਿਮਾਨ ਜੀ ਵੱਲੋਂ ਖੇਡਾਂ ਦਾ ਅਰੰਭ ਕਰਵਾਇਆ ਗਿਆ ਅਤੇ ਖਿਡਾਰੀਆਂ ਨਾਲ ਮੁਲਾਕਾਤ ਵੀ ਕੀਤੀ।





ਭਾਰਤੀ ਅੰਬੇਡਕਰ ਮਹਾਸੰਗ ਵਲੋਂ ਮਿਤੀ 11/09/2022 ਨੂੰ ਭਗਵਾਨ ਵਾਲਮੀਕਿ ਕੇਂਦਰੀ ਮੰਦਰ ਵਿੱਚ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਵਿੱਚ ਨੌਜਵਾਨ ਬੱਚਿਆਂ ਨੂੰ ਪੜਾਈ ਲਿਖਾਈ ਕਰਨ ਲਈ ਪ੍ਰੇਰਿਤ ਕੀਤਾ ਗਿਆ ਤੇ ਨਾਲ ਹੀ ਨਸ਼ਿਆਂ ਤੋ ਦੂਰ ਰਹਿਣ ਲਈ ਤੇ ਸਮਾਜ ਵਿੱਚ ਅੱਗੇ ਵੱਧ ਕੇ ਤਰੱਕੀ ਦਾ ਸੰਦੇਸ਼ ਦਿੱਤਾ। ਇਸ ਵਿੱਚ ਬਹੁਤ ਸਾਰੇ ਬੁੱਧੀ ਜੀਵਿਆ ਨੇ ਬੱਚਿਆਂ ਨੂੰ ਪ੍ਰੇਰਿਤ ਕੀਤਾ ਪੰਜਾਬ ਪ੍ਰਧਾਨ ਲੁਭਾਇਆ ਰਾਮ ਗਿੱਲ, ਪੰਜਾਬ ਚੇਅਰਮੈਨ ਦਰਸ਼ਨ ਕੁਮਾਰ ਟਾਗ, ਜਿਲਾ ਪ੍ਰਧਾਨ ਜਸਵੰਤ ਰਾਏ, ਜਰਨਲ ਸੈਕਟਰੀ ਰਮਨ ਰੰਧਾਵਾ ਭਾਰਤੀ ਅੰਬੇਡਕਰ ਮਹਾਸੰਗ ਦੇ ਮੁੱਖ ਸੰਚਾਲਕ ਅਮਿਤ ਭੀਮ ਜੀ, ਯਸ਼ਪਾਲ ਬੋਧ, ਸਿਕੰਦਰ ਬੋਧ, ਸਿਕੰਦਰ ਗਿੱਲ, ਰਕੇਸ਼ ਕਲਿਆਣ, ਬਿ ਕੇ ਪਾਲੀ, ਰਜੇਸ਼ ਕੁਮਾਰ, ਨਰੇਸ਼ ਅਟਵਾਲ ਜੀ, ਜਗਤਾਰ ਲਾਡੀ ਹਰਜੀਤ ਸਿੰਘ, ਅਮਰੀਕਾ ਸਿੰਘ ਗਿੱਲ, ਗੁਲੂ ਮਲਹੋਤਰਾ, ਨਵਦੀਪ ਸਹੋਤਾ ਤੇ ਵਿਪਨ ਕੁਮਾਰ ਜੀ ਮੀਟਿੰਗ ਵਿੱਚ ਸ਼ਾਮਲ ਹੋਏ। **– ਜਸਪਾਲ ਕੁਮਾਰ ਆਜਾਦ**

# ਪਿੰਡਾਂ ਦੇ ਯੋਜਨਾਬੱਧ ਢੰਗ ਨਾਲ ਵਿਕਾਸ ਲਈ ਵਿਭਾਗੀ ਅਧਿਕਾਰੀਆਂ 'ਤੇ ਆਧਾਰਿਤ ਟੀਮਾਂ ਦਾ ਗਠਨ: ਅਮਨ ਅਰੋੜਾ

**ਘਾਸੀਵਾਲਾ/ਸੁਨਾਮ ਊਧਮ ਸਿੰਘ ਵਾਲਾ–** ਵਿਧਾਨ ਸਭਾ ਹਲਕਾ ਸੁਨਾਮ ਊਧਮ ਸਿੰਘ ਵਾਲਾ ਦੇ ਪੇਂਡੂ ਖੇਤਰਾਂ ਵਿਚ ਵਸਦੇ ਨਿਵਾਸੀਆਂ ਦੀਆਂ ਮੁਸ਼ਕਿਲਾਂ ਨੂੰ ਯੋਜਨਾਬੱਧ ਢੰਗ ਨਾਲ ਦੂਰ ਕਰਨ ਲਈ ਅਤੇ ਪਿੰਡਾਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਵੱਖ–ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ 'ਤੇ ਆਧਾਰਿਤ ਟੀਮਾਂ ਦਾ ਗਠਨ ਕੀਤਾ ਗਿਆ ਹੈ ਜੋ ਕਿ ਸਿੱਧੇ ਤੌਰ 'ਤੇ ਲੋਕਾਂ ਕੋਲ ਪਹੁੰਚ ਕਰਨਗੀਆਂ। ਇਹ ਪ੍ਰਗਟਾਵਾ ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਹਲਕੇ ਦੇ ਪਿੰਡ ਘਾਸੀਵਾਲਾ ਵਿਖੇ ਸਿਵਲ ਪਸ਼ੂ ਡਿਸਪੈਂਸਰੀ ਦਾ ਉਦਘਾਟਨ ਕਰਨ ਮਗਰੋਂ ਲੋਕਾਂ ਦੇ ਰੂਬਰੂ ਹੁੰਦਿਆਂ ਕੀਤਾ। ਸ਼੍ਰੀ ਅਰੋੜਾ ਨੇ ਕਿਹਾ ਕਿ ਹਲਕੇ ਦੇ ਵਿਕਾਸ ਦੀ ਮੁਢਲੀ ਰੂਪਰੇਖਾ ਤਿਆਰ ਕੀਤੀ ਜਾ ਚੁੱਕੀ ਹੈ ਅਤੇ ਅਗਲੇ ਹਫ਼ਤੇ ਤੋਂ ਸਰਕਾਰੀ ਅਧਿਕਾਰੀ ਪਿੰਡ–ਪਿੰਡ ਜਾ ਕੇ ਲੋਕਾਂ ਕੋਲੋਂ ਬਕਾਇਆ ਕੰਮਾਂ ਅਤੇ ਦਰਪੇਸ਼ ਮੁਸ਼ਕਿਲਾਂ ਦੀ ਜਾਣਕਾਰੀ ਇਕੱਤਰ ਕਰਨਗੇ ਅਤੇ ਫਿਰ ਪੜਾਅਵਾਰ ਕਾਰਜਾਂ ਨੂੰ ਨੇਪਰੇ ਚੜਾਇਆ ਜਾਵੇਗਾ। ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ। ਭਗਵੰਤ ਮਾਨ ਦੀ ਅਗਵਾਈ ਹੇਠ ਪਿਛਲੇ ਪੰਜ ਮਹੀਨਿਆਂ ਵਿੱਚ ਬੇ-



ਮਿਸਾਲ ਫੈਸਲੇ ਲੈ ਕੇ ਸਫ਼ਲਤਾ ਨਾਲ ਲਾਗੂ ਕੀਤੇ ਗਏ ਹਨ। ਉਨਾਂ ਕਿਹਾ ਕਿ ਸੂਬੇ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦੀ ਮੁਹਿੰਮ ਰੰਗ ਲਿਆ ਰਹੀ ਹੈ ਅਤੇ ਸੂਬੇ ਨੂੰ ਰੰਗਲਾ ਤੇ ਖੁਸ਼ਹਾਲ ਬਣਾਉਣ ਦੀ ਦਿਸ਼ਾ ਵਿਚ ਸਾਰਥਕ ਕਦਮ ਪੁੱਟੇ ਜਾ ਰਹੇ ਹਨ। ਉਨਾਂ ਕਿਹਾ ਕਿ ਸਿੱਖਿਆ ਤੇ ਸਿਹਤ ਦੇ ਖੇਤਰ ਵਿੱਚ ਸਰਕਾਰ ਮਹੱਤਵਪੂਰਨ ਕਾਰਜ ਕਰ ਰਹੀ ਹੈ ਅਤੇ ਪਿੰਡਾਂ ਦੀਆਂ ਜ਼ਮੀਨਾਂ ਨੂੰ ਨਜਾਇਜ਼ ਕਬਜ਼ਿਆਂ ਤੋਂ ਮੁਕਤ ਕਰਨ ਦੀ ਮੁਹਿੰਮ ਵੀ ਸਫ਼ਲਤਾ ਨਾਲ ਚੱਲ ਰਹੀ ਹੈ। ਸ਼੍ਰੀ ਅਰੋੜਾ ਨੇ ਕਿਹਾ ਕਿ ਰਵਾਇਤੀ ਫ਼ਸਲੀ ਚੱਕਰ ਵਿਚੋਂ ਨਿਕਲ ਕੇ ਅੱਜ ਸਹਾਇਕ ਕਿੱਤੇ ਅਪਣਾਉਣਾ ਸਮੇਂ ਦੀ ਅਹਿਮ ਲੋੜ ਬਣ ਗਿਆ ਹੈ। ਉਨਾਂ ਕਿਹਾ ਕਿ ਪਿੰਡ ਵਿਚ ਪਸ਼ੂਆਂ ਦੇ ਇਲਾਜ ਲਈ ਡਿਸਪੈਂਸਰੀ ਦੇ ਖੁੱਲਣ ਨਾਲ ਪਸ਼ੂ ਪਾਲਕਾਂ ਨੂੰ ਲਾਭ ਪੁੱਜੇਗਾ। ਇਸ ਮੌਕੇ ਕੈਬਨਿਟ ਮੰਤਰੀ ਸ਼੍ਰੀ ਅਰੋੜਾ ਨੇ ਪਿੰਡ ਦੇ ਹੀ ਕੁਝ ਪਸ਼ੂ ਪਾਲਕਾਂ ਨੂੰ 'ਪ੍ਰਾਜਨੀ ਟੈਸਟਿੰਗ ਸਕੀਮ' ਦੇ ਤਹਿਤ ਚੈਕਾਂ ਦੀ ਵੰਡ ਵੀ ਕੀਤੀ। ਉਨਾਂ ਦੱਸਿਆ ਕਿ ਪਸ਼ੂਆਂ ਦੇ ਨਸਲ ਸੁਧਾਰ ਪ੍ਰੋਗਰਾਮ ਦੇ ਤਹਿਤ ਇਨਾਂ ਚੈਕਾਂ ਦੀ ਵੰਡ ਕੀਤੀ ਗਈ ਹੈ। ਪਿੰਡ ਵਾਸੀਆਂ ਦੀਆਂ ਮੰਗਾਂ ਪ੍ਰਤੀ ਸਾਕਾਰਾਤਮਕ ਹੁੰਗਾਰਾ ਦਿੰਦਿਆਂ ਸ਼੍ਰੀ ਅਰੋੜਾ ਨੇ ਕਿਹਾ ਕਿ ਛੇਤੀ ਹੀ ਮੰਗਾਂ ਨੂੰ ਪੂਰਾ ਕਰਨ ਦੀ ਪ੍ਰਕਿਰਿਆ ਆਰੰਭ ਹੋ ਜਾਵੇਗੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਕੈਬਨਿਟ ਮੰਤਰੀ ਨੂੰ ਸਨਮਾਨਿਤ ਕੀਤਾ ਗਿਆ। ਉਦਘਾਟਨੀ ਸਮਾਗਮ ਮੌਕੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ। ਸੁਖਵਿੰਦਰ ਸਿੰਘ, ਐਡ। ਹਰਦੀਪ ਸਿੰਘ ਭਰੂਰ, ਸਰਪੰਚ ਲਖਵਿੰਦਰ ਸਿੰਘ, ਸਾਬਕਾ ਸਰਪੰਚ ਡਾ। ਪ੍ਰੀਤਮ, ਮੱਖਣ ਸਿੰਘ, ਕੁਲਵੀਰ ਸਿੰਘ, ਕਮਲ, ਕਰਮਜੀਤ ਸਿੰਘ, ਗੁਰਪਿਆਰ ਸਿੰਘ, ਗਗਨਦੀਪ ਸਮੇਤ ਹੋਰ ਸਖ਼ਸ਼ੀਅਤਾਂ ਵੀ ਹਾਜ਼ਰ ਸਨ।

# ਭਾਰਤੀ ਫੌਜ ਦੇ ਜਾਂਬਾਜ਼ ਸਿਪਾਹੀ ਸ਼ਹੀਦ ਗੁਰਬਿੰਦਰ ਸਿੰਘ ਦੀ ਸ਼ਹਾਦਤ ਨੂੰ ਕੀਤਾ ਯਾਦ

**ਸੁਨਾਮ ਊਧਮ ਸਿੰਘ ਵਾਲਾ–** ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਸ਼ਹੀਦਾਂ ਦੀ ਕੁਰਬਾਨੀ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ। ਇਹ ਪ੍ਰਗਟਾਵਾ ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਪਿੰਡ ਤੋਲਾਵਾਲ ਵਿਖੇ ਸ਼ਹੀਦ ਗੁਰਬਿੰਦਰ ਸਿੰਘ ਦੀ ਯਾਦ ਵਿੱਚ ਸਥਾਪਿਤ ਕੀਤੀ ਗਈ ਲਾਇਬ੍ਰੇਰੀ ਦਾ ਉਦਘਾਟਨ ਕਰਦਿਆਂ ਕੀਤਾ। ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਦੇਸ਼ ਦੇ ਯੋਧਿਆਂ ਦੀਆਂ ਮਹਾਨ ਕੁਰਬਾਨੀਆਂ 'ਤੇ ਸਾਰੇ ਦੇਸ਼ਵਾਸੀਆਂ ਨੂੰ ਫ਼ਖਰ ਹੈ ਅਤੇ ਕੀਮਤੀ ਜਾਨਾਂ ਵਾਰਨ ਵਾਲਿਆਂ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਪੰਜਾਬ ਸਰਕਾਰ ਲਗਾਤਾਰ ਯਤਨਸ਼ੀਲ ਹੈ। ਉਨਾਂ ਕਿਹਾ ਕਿ ਸ਼ਹੀਦ ਗੁਰਬਿੰਦਰ ਸਿੰਘ ਦੀ ਸ਼ਹਾਦਤ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ ਅਤੇ ਸ਼ਹੀਦ ਦੀ ਕੁਰਬਾਨੀ ਨੂੰ ਸਜਦਾ ਕਰਦਿਆਂ ਹੀ ਇਹ ਲਾਇਬ੍ਰੇਰੀ ਸਥਾਪਤ ਕੀਤੀ ਗਈ ਹੈ ਜਿਸ ਵਿੱਚ ਰੱਖੀਆਂ ਪੁਸਤਕਾਂ ਨੂੰ ਪੜ ਕੇ ਹਰ ਉਮਰ ਵਰਗ ਦੇ ਨਾਗਰਿਕ ਆਪਣੇ ਚਾਰ ਚੁਫ਼ੇਰੇ ਗਿਆਨ ਦਾ ਚਾਨਣ ਵੰਡ ਸਕਣਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਭਾਰਤ ਚੀਨ ਸਰਹੱਦ 'ਤੇ ਸਥਿਤ ਗਲਵਾਨ ਘਾਟੀ ਵਿਖੇ ਚੀਨ ਦੀਆਂ ਫੌਜਾਂ ਨਾਲ ਹੋਈ ਖੂਨੀ ਝੜਪ ਵਿੱਚ ਭਾਰਤੀ ਫੌਜ ਦੇ ਜਾਂਬਾਜ਼ ਸਿਪਾਹੀ ਸ



ਗੁਰਬਿੰਦਰ ਸਿੰਘ ਸ਼ਹੀਦ ਹੋ ਗਏ ਸਨ ਅਤੇ ਉਨਾਂ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਇਹ ਲਾਇਬ੍ਰੇਰੀ ਸ਼ਹੀਦ ਨੂੰ ਸਮਰਪਿਤ ਕੀਤੀ ਗਈ ਹੈ। ਉਨਾਂ ਦੱਸਿਆ ਕਿ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਇਸ ਲਾਇਬ੍ਰੇਰੀ ਦੀ ਉਸਾਰੀ ਕੀਤੀ ਗਈ ਹੈ। ਇਸ ਮੌਕੇ ਉਨਾਂ ਨੇ ਸ਼ਹੀਦ ਦੇ ਭਰਾ ਤੇ ਹੋਰ ਪਰਿਵਾਰਕ ਮੈਂਬਰਾਂ ਤੇ ਪਿੰਡ ਵਾਸੀਆਂ ਨਾਲ ਗੱਲਬਾਤ ਵੀ ਕੀਤੀ ਅਤੇ ਪਿੰਡ ਦੀਆਂ ਹੋਰ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨ ਦਾ ਵਿਸ਼ਵਾਸ ਦਿਵਾਇਆ। ਸ਼੍ਰੀ ਅਰੋੜਾ ਨੇ ਪਿੰਡ ਵਾਸੀਆਂ ਨੂੰ ਲਾਇਬ੍ਰੇਰੀ ਦਾ ਵਧ ਚੜ ਕੇ ਲਾਭ ਉਠਾਉਣ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਪੁਸਤਕਾਂ ਗਿਆਨ ਦਾ ਸੋਮਾ ਹਨ ਅਤੇ ਨਿਯਮਤ ਤੌਰ 'ਤੇ ਪੜਨ ਦੀ ਆਦਤ ਪਾਉਣ ਨਾਲ ਆਪਣੇ ਵਿਅਕਤੀਤਵ ਵਿੱਚ ਵੱਡਾ ਸੁਧਾਰ ਲਿਆਂਦਾ ਜਾ ਸਕਦਾ ਹੈ।

ਇਸ ਮੌਕੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਤੋਂ ਇਲਾਵਾ ਸਰਬਾ ਸਿੰਘ, ਦੀਪਾ ਤੋਲਾਵਾਲ, ਗੁਰਜੰਟ ਸਿੰਘ, ਅਜੈਬ ਸਿੰਘ, ਪਰਗਟ ਸਿੰਘ, ਛਿੰਦਾ ਸਿੰਘ ਸਮੇਤ ਪਿੰਡ ਦੇ ਵੱਡੀ ਗਿਣਤੀ ਨਿਵਾਸੀ ਵੀ ਹਾਜ਼ਰ ਸਨ।

# 15 ਸਤੰਬਰ ਤੋਂ ਜ਼ਿਲਾ ਪੱਧਰ 'ਤੇ ਸ਼ੁਰੂ ਹੋਣਗੀਆਂ 'ਖੇਡਾਂ ਵਤਨ ਪੰਜਾਬ ਦੀਆਂ': ਡਿਪਟੀ ਕਮਿਸ਼ਨਰ

**ਸੰਗਰੂਰ–** ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਸ। ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹਰ ਵਰਗ ਦੇ ਲੋਕਾਂ ਨੂੰ ਖੇਡ ਸੱਭਿਆਚਾਰ ਨਾਲ ਜੋੜਨ ਲਈ ਸ਼ੁਰੂ ਕੀਤੀਆਂ ਗਈਆਂ 'ਖੇਡਾਂ ਵਤਨ ਪੰਜਾਬ ਦੀਆਂ' ਦਾ ਬਲਾਕ ਪੱਧਰ ਦਾ ਪਹਿਲਾ ਪੜਾਅ ਪੂਰਾ ਹੋ ਚੁੱਕਾ ਹੈ ਅਤੇ ਹੁਣ ਇਹ ਖੇਡਾਂ ਜ਼ਿਲਾ ਪੱਧਰ 'ਤੇ ਸ਼ੁਰੂ ਕੀਤੀਆਂ ਜਾ ਰਹੀਆਂ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲਾ ਸੰਗਰੂਰ 'ਚ ਜ਼ਿਲਾ ਪੱਧਰ 'ਤੇ 'ਖੇਡਾਂ ਵਤਨ ਪੰਜਾਬ ਦੀਆਂ' 15 ਸਤੰਬਰ ਤੋਂ ਸ਼ੁਰੂ ਹੋ ਕੇ 22 ਸਤੰਬਰ ਤੱਕ ਚੱਲਣਗੀਆਂ। ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਜ਼ਿਲਾ ਪੱਧਰੀ ਖੇਡਾਂ ਲਈ ਸੁਚੱਜੇ ਪ੍ਰਬੰਧ ਯਕੀਨੀ ਬਣਾਉਣ ਲਈ ਜ਼ਿਲਾ ਪ੍ਰਬੰਧਕੀ ਕੰ-ਪਲੈਕਸ ਵਿਖੇ ਖੇਡ ਵਿਭਾਗ ਦੇ ਨਾਲ–ਨਾਲ ਹੋਰਨਾਂ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ ਗਈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲਾ ਪੱਧਰੀ 'ਖੇਡਾਂ ਵਤਨ ਪੰਜਾਬ ਦੀਆਂ' 'ਚ ਐਥਲੈਟਿਕਸ, ਰੋਲਰ ਸਕੈਟਿੰਗ, ਜੂਡੋ, ਬੈਡਮਿੰਟਨ, ਬਾਸਕਿਟਬਾਲ, ਗੱਤਕਾ, ਕਿੱਕ ਬਾਕਸਿੰਗ, ਕੁਸ਼ਤੀ ਅਤੇ ਟੇਬਲ ਟੇਨਿਸ ਦੇ ਮੁਕਾਬਲੇ ਸਥਾਨਕ



ਵਾਰ ਹੀਰੋਜ਼ ਸਟੇਡੀਅਮ 'ਚ ਕਰਵਾਏ ਜਾਣਗੇ। ਉਨਾਂ ਦੱਸਿਆ ਕਿ ਨੈਸ਼ਨਲ ਸਟਾਇਲ ਕਬੱਡੀ, ਨੈੱਟਬਾਲ, ਫ਼ੁੱਟਬਾਲ ਤੇ ਖੋਹ–ਖੋਹ ਦੇ ਮੁਕਾਬਲੇ ਅਕਾਲ ਕਾਲਜ ਆਫ਼ ਫ਼ਿਜ਼ੀਕਲ ਐਜੂਕੇਸ਼ਨ ਮਸਤੂਆਣਾ ਸਾਹਿਬ 'ਚ ਅਤੇ ਹੈਂਡਬਾਲ, ਬਾਕਸਿੰਗ ਤੇ ਵਾਲੀਬਾਲ ਦੇ ਮੁਕਾਬਲੇ ਸਾਈ ਸੈਂਟਰ, ਮਸਤੂਆਣਾ ਸਾਹਿਬ ਵਿਖੇ ਹੋਣਗੇ। ਉਨਾਂ ਦੱਸਿਆ ਕਿ ਹਾਕੀ ਅਤੇ ਤੈਰਾਕੀ ਦੇ ਮੁਕਾਬਲੇ ਜੀਜੀਐਸ ਸਕੂਲ ਸੰਗਰੂਰ 'ਚ ਅਤੇ ਸਾਫ਼ਟਬਾਲ ਦੇ ਮੁਕਾਬਲੇ ਹੌਲੀ ਹਾਰਟ ਕਾਨਵੈਂਟ ਸਕੂਲ ਸੰਗਰੂਰ 'ਚ ਅਤੇ ਲਾਅਨ ਟੈਨਿਸ ਦੇ ਮੈਚ ਰਣਬੀਰ ਕਲੱਬ 'ਚ ਕਰਵਾਏ ਜਾਣਗੇ। ਉਨਾਂ ਕਿਹਾ ਕਿ ਸਰਕਲ ਸਟਾਇਲ ਕਬੱਡੀ ਦੇ ਮੈਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਰਾਚੋਂ ਅਤੇ ਵੇਟ ਲਿਫ਼ਟਿੰਗ ਤੇ ਪਾਵਰ ਲਿਫ਼ਟਿੰਗ ਦੇ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੁਨਾਮ ਵਿਖੇ ਹੋਣਗੇ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਅਧਿਕ-ਾਰੀਆਂ ਨੂੰ ਹਦਾਇਤ ਕੀਤੀ ਕਿ ਖੇਡਾਂ ਸ਼ੁਰੂ ਹੋਣ ਤੋਂ ਪਹਿਲਾਂ ਖੇਡਾਂ ਦੇ ਨਾਲ–ਨਾਲ ਖਿਡਾਰੀਆਂ ਦੀ ਲੋੜ ਮੁਤਾਬਕ ਹਰ ਸਹੂਲਤ ਦਾ ਪ੍ਰਬੰਧ ਯਕੀਨੀ ਬਣਾਇਆ ਜਾਵੇ।

ਉਨਾਂ ਕਿਹਾ ਕਿ ਖੇਡਾਂ ਵਾਲੇ ਹਰ ਸਥਾਨ 'ਤੇ ਮੈਡੀਕਲ ਸਹੂਲਤਾਂ, ਸੁਰੱਖਿਆ ਦਾ ਪ੍ਰਬੰਧ, ਸਾਫ਼–ਸਫ਼ਾਈ, ਪੀਣ ਵਾਲਾ ਪਾਣੀ, ਆਰਜ਼ੀ ਪਾਖਾਨੇ ਅਤੇ ਬਾਥਰੂਮ ਦਾ ਪ੍ਰਬੰਧ ਪਹਿਲ ਦੇ ਆਧਾਰ 'ਤੇ ਕੀਤਾ ਜਾਵੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਅਨਮੋਲ ਸਿੰਘ ਧਾਲੀਵਾਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਜੀਤ ਵਾਲੀਆ, ਐਸ।ਡੀ।ਐਮ। ਸੰਗਰੂਰ ਨਵਰੀਤ ਕੌਰ ਸੇਖੋਂ, ਐਸਡੀਐਮ ਧੂਰੀ ਅਮਿਤ ਗੁਪਤਾ, ਐਸ।ਡੀ।ਐਮ। ਭਵਾਨੀਗੜ ਵਿਨੀਤ ਕੁਮਾਰ, ਐਸ।ਡੀ।ਐਮ। ਦਿੜਬਾ ਰਾਜੇਸ਼ ਸ਼ਰਮਾ, ਸਹਾਇਕ ਕਮਿਸ਼ਨਰ ਦੇਵਦਰਸ਼ਦੀਪ ਸਿੰਘ, ਸਹਾਇਕ ਕਮਿਸ਼ਨਰ (ਯੂ।ਟੀ।) ਨਿਤੇਸ਼ ਕੁਮਾਰ ਜੈਨ, ਜ਼ਿਲਾ ਖੇਡ ਅਫ਼ਸਰ ਰਣਬੀਰ ਸਿੰਘ ਤੇ ਵੱਖ–ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਪੰਜਾਬ-ਯੂਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਸੰਗਰੂਰ 'ਚ ਪੰਜਾਬ ਸਰਕਾਰ ਖਿਲਾਫ਼ ਮਹਾਂਰੈਲੀ

**ਸੰਗਰੂਰ–** ਪੰਜਾਬ–ਯੂਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਸਥਾਨਕ ਅਨਾਜ ਮੰਡੀ ਵਿੱਚ ਪੰਜਾਬ ਸਰਕਾਰ ਖਿਲਾਫ਼ ਮਹਾਂਰੈਲੀ ਕਰਨ ਉਪਰੰਤ ਰੋਸ ਮਾਰਚ ਕਰਦਿਆਂ ਬਰਨਾਲਾ ਕੈਂਚੀਆਂ ਵਿੱਚ ਚੱਕਾ ਜਾਮ ਕੀਤਾ ਗਿਆ। ਇਸ ਮਹ-ਾਂਰੈਲੀ ਵਿੱਚ ਪੰਜਾਬ ਦੇ ਕੋਨੇ ਕੋਨੇ ਵਿੱਚੋਂ ਹਜਾਰਾਂ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣ–ਭੱਤਾ ਵਰਕਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਜੁੜੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸਾਂਝੇ ਫਰੰਟ ਦੇ ਆਗੂਆਂ ਜਰਮਨਜੀਤ ਸਿੰਘ, ਸਤੀਸ਼ ਰਾਣਾ, ਬਾਜ ਸਿੰਘ ਖਹਿਰਾ, ਠਾਕੁਰ ਸਿੰਘ, ਅਵੀਨਾਸ਼ ਚੰਦਰ ਸ਼ਰਮਾਂ, ਕੁਲਦੀਪ ਖੰਨਾ, ਸੁਖਦੇਵ ਸੈਣੀ, ਪ੍ਰੇਮ ਸਾਗਰ ਸ਼ਰਮਾਂ, ਜਸਵੀਰ ਤਲਵਾੜਾ, ਸੁਖਜੀਤ ਸਿੰਘ, ਗੁਰਪ੍ਰੀਤ ਮੰਗਵਾਲ, ਕੁਲਵਰਨ ਸਿੰਘ ਆਦਿ ਨੇ ਆਖਿਆ ਕਿ ਪੰਜਾਬ ਸਰਕਾਰ ਮਾਣ–ਭੱਤਾ ਵਰਕਰਾਂ ਦੀਆਂ ਉਜਰਤਾਂ ਵਿੱਚ ਵਾਧਾ ਕਰਨ, ਹਰ ਤਰ੍ਹਾਂ ਦੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਛੇਵੇਂ ਤਨਖਾਹ ਕਮਿਸ਼ਨ ਤਹਿਤ ਪੈਨਸ਼ਨਰਾਂ ਉੱਤੇ 2,59 ਦਾ ਗੁਣਾਂਕ ਨਾਲ ਲਾਗੂ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਪਰਖ ਕਾਲ ਸੰਬੰਧੀ 15–01–2015 ਦਾ ਨੋਟੀਫਿਕੇਸ਼ਨ ਰੱਦ ਕਰਨ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਪੰਜਾਬ ਦੇ ਸਕੇਲ ਲਾਗੂ ਕਰਨ, ਬੰਦ ਕੀਤੇ ਗਏ ਪੇਂਡੂ ਤੇ ਬਾਰਡਰ ਏਰੀਆ ਸਮੇਤ ਸਮੁੱਚੇ 37 ਭੱਤੇ 'ਤੇ ਏਸੀਪੀ ਆਦਿ ਬਹਾਲ ਕਰਨ ਅਤੇ ਮਹਿੰਗਾਈ ਭੱਤੇ ਦੀਆਂ ਰੋਕੀਆਂ ਕਿਸ਼ਤਾਂ ਜਾਰੀ ਕਰਨ ਸੰਬੰਧੀ ਲਗਾਤਾਰ ਟਾਲ ਮਟੋਲ ਕਰ ਰਹੀ ਹੈ ਜਦਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਮੌ-ਜੂਦਾ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਪਣੀ ਰਿਹਾਇਸ਼ ਤੇ ਸਾਂਝੇ ਫਰੰਟ ਦੇ ਵਿਸ਼ਾਲ ਵਫ਼ਦ ਨਾਲ ਵਾਅਦਾ ਕੀਤਾ ਸੀ ਕਿ ਉਹਨਾਂ ਦੀ ਸਰਕਾਰ ਬਣਦਿਆਂ ਇਹਨਾਂ ਸਾਰੀਆਂ ਮੰਗਾਂ ਦਾ ਪਹਿਲ ਦੇ ਆਧਾਰ ਤੇ ਨਿਪਟਾਰਾ ਕੀਤਾ ਜਾਵੇਗਾ।



ਇਸ ਮੌਕੇ ਸੰਬੋਧਨ ਕਰਦਿਆਂ ਸਾਂਝੇ ਫਰੰਟ ਦੇ ਆਗੂਆਂ ਗਗਨਦੀਪ ਸਿੰਘ ਬਠਿੰਡਾ, ਹਰਭਜਨ ਪਿਲਖਣੀ, ਹਰਦੀਪ ਟੋਡਰਪੁਰ, ਧਨਵੰਤ ਸਿੰਘ ਭੱਠਲ, ਮਨਜੀਤ ਸਿੰਘ ਸੈਣੀ, ਬਲਦੇਵ ਮੰਡਾਲੀ, ਸੁਰਿੰਦਰ ਰਾਮ ਕੁੱਸਾ, ਪ੍ਰੇਮ ਚਾਵਲਾ, ਗੁਰਜੰਟ ਸਿੰਘ ਵਾਲੀਆ, ਜਰਨੈਲ ਸਿੰਘ ਪੱਟੀ, ਪ੍ਰੇਮ ਨਾਥ, ਰਣਵੀਰ ਸਿੰਘ ਢੰਡੇ, ਸੀਸ਼ਨ ਕੁਮਾਰ, ਰਾਧੇ ਸ਼ਿਆਮ, ਕਰ-ਮਜੀਤ ਬੀਹਲਾ, ਗੁਰਮੇਲ ਸਿੰਘ ਮੈਲਡੇ, ਬੋਬਿੰਦਰ ਸਿੰਘ, ਜਸਵਿੰਦਰ, ਸ਼ਕੁੰਤਲਾ ਸਰੋਏ ਅਮਰਜੀਤ ਕੌਰ ਰਣਸਿੰਘਵਾਲਾ, ਰਾਣੋ ਖੇੜੀ ਗਿੱਲਾਂ ਆਦਿ ਨੇ ਆਖਿਆ ਕਿ ਪਿਛਲੇ ਦਿਨਾਂ ਦੌਰਾਨ ਸੰਘਰਸ਼ਾਂ ਦੇ ਦਬਾਅ ਸਦਕਾ ਪੰਜਾਬ ਸਰਕਾਰ ਨੇ ਭਾਵੇਂ ਕੁੱਝ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਫੈਸਲਾ ਕੀਤਾ ਹੈ ਪਰ ਕੁੱਲ ਕੱਚੇ ਮੁਲਾਜ਼ਮਾਂ ਦੇ ਮੁਕਾਬਲੇ ਇਹ ਗਿਣਤੀ ਨਾਮਾਤਰ ਹੈ। ਉਹਨਾਂ ਆਖਿਆ ਕਿ ਪਿਛਲੀਆਂ ਸਰਕਾਰਾਂ ਦੀ ਤਰਜ਼ ਤੇ ਪਰਖ ਕਾਲ ਦੌਰਾਨ ਮੁੱਢਲੀ ਤਨਖਾਹ ਦਾ ਨਿਯਮ ਜਾਰੀ ਰੱਖਣਾ, ਕੈਪਟਨ ਸਰਕਾਰ ਦੁਆਰਾ ਕੀਤੇ ਫੈਸਲੇ ਨੂੰ ਜਾਰੀ ਰੱਖਦਿਆਂ ਨਵੀਂਆਂ ਭਰਤੀਆਂ ਕੇਂਦਰੀ ਸਕੇਲਾਂ ਤਹਿਤ ਕਰਨਾ, ਮੁਹੱਲਾ ਕਲੀਨਿਕਾਂ ਵਿੱਚ ਠੇਕਾ ਆਧਾਰਿਤ ਭਰਤੀ ਕਰਨਾ, ਕਾਲਜਾਂ ਵਿੱਚ ਪੱਕੀ ਭਰਤੀ ਕਰਨ ਦੀ ਬਜਾਏ ਗੈਸਟ ਟੀਚਰ ਵਾਲੀ ਨੀਤੀ ਨੂੰ ਅੱਗੇ ਵਧਾਉਣਾ, ਮਾਣ–ਭੱਤਾ ਵਰਕਰਾਂ ਉੱਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਨਾ ਕਰਨਾ, ਪਿਛਲੀ ਸਰਕਾਰ ਦੁਆਰਾ ਕੱਟੇ ਗਏ ਭੱਤੇ ਬਹਾਲ ਨਾ ਕਰਨਾ, ਮੁਲਾਜ਼ਮ ਵਿਰੋਧੀ ਨਵੀਂ ਪੈਨਸ਼ਨ ਸਕੀਮ ਨੂੰ ਬਰਕਰਾਰ ਰੱਖਣਾ ਸਾਬਿਤ ਕਰਦਾ ਹੈ ਕਿ ਇਹ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਪਾਈਆਂ ਲੀਹਾਂ ਤੇ ਹੀ ਅੱਗੇ ਵੱਧ ਰਹੀ ਹੈ।

## ਸੰਗਰੂਰ (ਪੰਜਾਬ) ਖਬਰਨਾਮਾ (ਦਲਜੀਤ ਕੌਰ ਭਵਾਨੀਗੜ੍ਹ )

# ਲਹਿਰਾਗਾਗਾ ਵਿਖੇ ਟੀਸੀਆਈ ਦੀ 21ਵੀਂ ਸਾਲਾਨਾ ਨੈਸ਼ਨਲ ਕਾਨਫਰੰਸ ਹੋਈ ਸ਼ੁਰੂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੀਤਾ ਉਦਘਾਟਨ

**ਲਹਿਰਾਗਾਗਾ–** ਪੰਜਾਬ ਦੇ ਵਿੱਤ ਤੇ ਯੋਜਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਟੀ।ਸੀ।ਆਈ। ਦੀ ਦੋ ਦਿਨ ਚੱਲਣ ਵਾਲੀ 21ਵੀਂ ਸਾਲਾਨਾ ਨੈਸ਼ਨਲ ਕਾਨਫਰੰਸ ਪੰਜਾਬ ਦੀ ਰਸਮੀ ਸ਼ੁਰੂਆਤ ਕਰਵਾਈ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਕਾਨਫਰੰਸ ਦਾ ਵਿਸ਼ਾ 'ਮਿਲ-ਜੁਲ ਕੇ ਇੱਕ ਚੰਗੇਰੀ ਦੁਨੀਆਂ ਦਾ ਨਿਰਮਾਣ ਕਰਨਾ ਹੈ' ਜੋ ਅਜੋਕੇ ਸਮੇਂ 'ਚ ਬਹੁਤ ਮਹੱਤਤਾ ਰੱਖਦਾ ਹੈ। ਉਨ੍ਹਾਂ ਕਿਹਾ ਕਿ ਚੰਗੇਰੀ ਦੁਨੀਆਂ ਦਾ ਨਿਰਮਾਣ ਕਰਨ ਲਈ ਸਭ ਤੋਂ ਪਹਿਲਾਂ ਮਨੁੱਖ ਨੂੰ ਆਪਣੇ ਆਪ ਤੋਂ ਸ਼ੁਰੂਆਤ ਕਰਨੀ ਹੋਵੇਗੀ ਕਿਉਂਕਿ ਦੇਸ਼ ਤੇ ਦੁਨੀਆਂ ਦੀ ਅਸਲ ਤਰੱਕੀ ਲਈ ਨਾਗਰਿਕਾਂ ਦਾ ਸਰਗਰਮ ਯੋਗਦਾਨ ਬਹੁਤ ਜ਼ਰੂਰੀ ਹੈ। ਸ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਟੀ।ਸੀ।ਆਈ। ਵਰਗੀਆਂ ਸੰਸਥਾਵਾਂ ਦਾ ਸਮਾਜ ਨਿਰਮਾਣ 'ਚ ਵੱਡਾ ਯੋਗਦਾਨ ਹੈ ਜੋ ਸਕੂਲਾਂ 'ਚ



ਪੜ੍ਹਾਉਣ ਵਾਲੇ ਅਧਿਆ-ਪਕਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਪੂਰੇ ਦੇਸ਼ 'ਚ ਤਨਦੇਹੀ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਅਜਿਹਾ ਖੇਤਰ ਹੈ ਜਿਸ 'ਚ ਸੁਧਾਰ ਦੀ ਸਭ ਤੋਂ ਵੱਡੀ ਲੋੜ ਸੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਇਸ ਦਿਸ਼ਾ 'ਚ ਲਗਾਤਾਰ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ।

ਸੀਬਾ ਸਕੂਲ ਦੇ ਪ੍ਰਬੰਧਕ ਕੰਵਲਜੀਤ ਢੀਂਡਸਾ ਨੇ ਬਾਹਰੋਂ ਆਏ ਡੈਲੀਗੇਟਾਂ ਦਾ ਸਵਾਗਤ ਕੀਤਾ।ਵਿਧਾਇਕ ਬੁੱਧ ਰਾਮ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਸਿੱਖਿਆ ਦੇ ਖੇਤਰ ਵਿਚ ਰੱਟਾ ਲਾਉਣ ਨਾਲੋਂ ਸਮਝਣ ਦੀ ਲੋੜ ਹੈ। ਪੀਟੀਯੂ ਦੇ ਵਾਈਸ ਚਾਂਸਲਰ ਬੂਟਾ ਸਿੰਘ ਨੇ ਯੂਨੀਵਰਸਿਟੀ ਪੜ੍ਹਾਈ ਖਤਮ ਹੋਣ ਸਾਰ ਵਿਦਆਰਥੀਆਂ ਨੂੰ ਕਿੱਤੇ ਦੇ ਯੋਗ ਬਣਾਉਣ ਦੀ ਯੋਜਨਾ-ਬੰਦੀ ਬਾਰੇ ਦੱਸਿਆ।ਵਿਚਾਰਕ ਅਮਰਜੀਤ ਗਰੇਵਾਲ ਨੇ ਪੰਜਾਬ ਦੀ ਜਵਾਨੀ ਨੂੰ ਹੁਨਰਮੰਦ ਬਣਾ ਵਿਕਾਸ ਕਰਨ ਲਈ ਕਿਹਾ।

ਇਸ ਮੌਕੇ ਕੌਂਸਲਰ ਗੌਰਵ ਗੋਇਲ, ਐਡਵੋਕੇਟ ਗਗਨਦੀਪ ਸਿੰਘ, ਕੰਵਰਜੀਤ ਸਿੰਘ ਲੱਕੀ ਧਾਲੀਵਾਲ, ਬਲਰਾਮ ਭਾਅ, ਚਰਨ ਗਿੱਲ, ਗਮਦੂਰ ਔਲਖ, ਕੰਵਰਜੀਤ ਸਿੰਘ ਕੁੱਕੀ ਲਦਾਲ, ਪਵਿੱਤਰ ਸਿੰਘ ਗੰਢੂਆਂ, ਟੀਸੀਆਈ ਤੋਂ ਡਾ ਰੋਸੇਰੀ ਮੈਰੀ, ਟੀ।ਵੀ। ਅਬਦੁਲ ਗਫੂਰ, ਡਾ ਐਨਪੀ ਹਾਫਿਜ਼ ਮੁਹੰਮਦ ਮੌਜੂਦ ਸਨ।

# ਜ਼ਿਲ੍ਹਾ ਸੰਗਰੂਰ ਦੀ ਲਾਇਬ੍ਰੇਰੀ ਜਲਦੀ ਹੀ ਡਿਜ਼ੀਟਲ ਲਾਇਬ੍ਰੇਰੀ ਵਿੱਚ ਹੋਵੇਗੀ ਤਬਦੀਲ: ਨਰਿੰਦਰ ਕੌਰ ਭਰਾਜ

**ਸੰਗਰੂਰ–**ਮੁੱਖ ਮੰਤਰੀ ਪੰਜਾਬ ਸ ਭਗਵੰਤ ਮਾਨ ਦੀ ਅਗਵਾਈ ਹੇਠ ਨੌਜਵਾਨ ਪੀੜ੍ਹੀ ਨੂੰ ਪੁਸਤਕ ਸਭਿਆਚਾਰ ਨਾਲ ਜੋੜਨ ਦੇ ਕੀਤੇ ਜਾ ਰਹੇ ਸਾਰਥਕ ਉਪਰਾਲਿਆਂ ਦੀ ਲੜੀ ਤਹਿਤ ਸੰਗਰੂਰ ਸ਼ਹਿਰ ਵਿਚ ਸਥਿਤ ਜ਼ਿਲ੍ਹਾ ਲਾਇਬ੍ਰੇਰੀ ਨੂੰ ਡਿਜ਼ੀਟਲ ਲਾਇਬ੍ਰੇਰੀ ਵਜੋਂ ਤਬਦੀਲ ਕੀਤਾ ਜਾ ਰਿਹਾ ਹੈ ਜਿਸ ਲਈ ਇੱਕ ਮਹੀਨੇ ਦੇ ਅੰਦਰ ਅੰਦਰ ਕਾਰਜ ਸ਼ੁਰੂ ਹੋ ਜਾਣਗੇ। ਇਹ ਪ੍ਰਗਟਾਵਾ ਵਿਧਾਇਕਾ ਨਰਿੰਦਰ ਕੌਰ ਭਰਾਜ ਨੇ ਅੱਜ ਐਸ ਡੀ ਐਮ ਨਵਰੀਤ ਕੌਰ ਸੇਖੋਂ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਸਮੇਤ ਜ਼ਿਲ੍ਹਾ ਲਾਇਬ੍ਰੇਰੀ ਦਾ ਦੌਰਾ ਕਰਦਿਆਂ ਕੀਤਾ।

ਵਿਧਾਇਕਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਵੱਲੋਂ ਇਸ ਲਾਇਬ੍ਰੇਰੀ ਦੇ ਕਾਇਆ ਕਲਪ ਲਈ 75 ਲੱਖ ਰੁਪਏ ਦੀ ਰਾਸ਼ੀ ਮਨਜ਼ੂਰ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕੁਝ ਮਹੀਨਿਆਂ ਅੰਦਰ ਇਸ ਲਾਇਬ੍ਰੇਰੀ ਨੂੰ ਡਿਜ਼ੀਟਲ ਲਾਇਬ੍ਰੇਰੀ ਵਿੱਚ ਤਬਦੀਲ ਕਰਨ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ। ਵਿਧਾਇਕਾ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਵੱਲੋਂ ਇਸ ਲਾਇਬ੍ਰੇਰੀ ਦਾ ਦੌਰਾ ਕਰਦਿਆਂ ਇਥੇ ਪੜ੍ਹ ਰਹੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਗਈ ਸੀ ਅਤੇ ਵਿਦਿਆਰਥੀਆਂ ਦੀ ਮੰਗ ਦੇ ਸਨਮੁੱਖ ਉਹਨਾਂ ਨੇ ਭਰੋਸਾ ਦਿਵਾਇਆ ਸੀ ਕਿ ਜਲਦੀ ਹੀ ਇਸ ਲਾਇਬ੍ਰੇਰੀ ਦੇ ਨਵੀਨੀਕਰਨ ਲਈ ਢੁਕਵੇਂ ਕਦਮ ਚੁੱਕੇ ਜਾਣਗੇ।



ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਡਿਜ਼ੀਟਲ ਲਾਇਬ੍ਰੇਰੀ ਬਣਨ ਨਾਲ ਵਿਦਿਆਰਥੀ ਅਤਿ ਆਧੁਨਿਕ ਸੁਵਿਧਾਵਾਂ ਪ੍ਰਾਪਤ ਕਰਦੇ ਹੋਏ ਹੋਰ ਵੀ ਵਧੀਆ ਅਤੇ ਉਸਾਰੂ ਮਾਹੌਲ ਵਿੱਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਸਕਣਗੇ। ਉਨ੍ਹਾਂ ਕਿਹਾ ਕਿ ਲਾਇਬ੍ਰੇਰੀ ਵਿੱਚ ਪਈਆਂ ਪੁਰਾਤਨ ਦੁਰਲੱਭ ਪੁਸਤਕਾਂ, ਰੈਫਰੈਂਸ ਮੈਗਜ਼ੀਨ ਅਤੇ ਰਸਾਲਿਆਂ ਨੂੰ ਵੀ ਸੁਰੱਖਿਅਤ ਢੰਗ ਨਾਲ ਸੰਭਾਲਿਆ ਜਾ ਸਕੇਗਾ।

ਵਿਧਾਇਕਾ ਭਰਾਜ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬੱਚਿਆਂ ਅਤੇ ਨੌਜਵਾਨਾਂ ਦੇ ਭਵਿੱਖ ਨੂੰ ਰੌਸ਼ਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਲਾਇਬ੍ਰੇਰੀ ਦੇ ਨਵੀਨੀਕਰਨ ਕਾਰਜਾਂ ਦੇ ਸਮੇਂ ਦੌਰਾਨ ਬਦਲਵੇਂ ਪ੍ਰਬੰਧ ਵਜੋਂ ਲਾਇਬ੍ਰੇਰੀ ਨੂੰ ਸੁਨਾਮ ਰੋਡ ਉਤੇ ਸਥਿਤ ਇੰਪਰੂਵਮੈਂਟ ਟਰੱਸਟ ਸੰਗਰੂਰ ਦੇ ਹਾਲ ਵਿਚ ਤਬਦੀਲ ਕੀਤਾ ਜਾਵੇਗਾ ਤਾਂ ਜੋ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਕੋਈ ਰੁਕਾਵਟ ਨਾ ਪੈਦਾ ਹੋ ਸਕੇ।

# ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰਤਵ ਅਭਿਆਨ ਤਹਿਤ ਲਗਾਇਆ ਜੱਚਾ-ਬੱਚਾ ਜਾਂਚ ਕੈਂਪ ਲਗਾਇਆ

**ਸੁਨਾਮ/ ਸੰਗਰੂਰ–** ਸਿਵਲ ਸਰਜਨ ਸੰਗਰੂਰ ਡਾ ਪਰਮਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਾ ਰਾਕੇਸ਼ ਕੁਮਾਰ ਸੀਨੀਅਰ ਮੈਡੀਕਲ ਅਫਸਰ ਪੀਐੱਚਸੀ ਕੌਹਰੀਆਂ ਦੀ ਰਹਿਨੁਮਾਈ ਹੇਠ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰਤਵ ਅਭਿਆਨ ਤਹਿਤ ਮਿੰਨੀ ਪੀ ਐਚ ਸੀ ਛਾਜਲੀ ਵਿਖੇ ਗਰਭਵਤੀ ਔਰਤਾਂ ਲਈ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਡਾ ਰਾਜਬੀਰ ਕੌਰ ਵੱਲੋਂ ਗਰਭਵਤੀ ਔਰਤਾਂ ਦਾ ਚੈੱਕਅਪ ਕਰਕੇ, ਮੁਫ਼ਤ ਦਵਾਈਆਂ ਮੁਹੱਈਆ ਕਰਵਾਈਆਂ ਗਈਆਂ। ਇਹ ਜਾਣਕਾਰੀ ਬਲਾਕ ਐਜੂਕੇਟਰ ਨਰਿੰਦਰ ਪਾਲ ਸਿੰਘ ਨੇ ਦਿੱਤੀ। ਕੈਂਪ ਦੌਰਾਨ ਡਾਕਟਰੀ ਟੀਮ ਵੱਲੋਂ ਗਰਭਵਤੀ ਔਰਤਾਂ ਨੂੰ ਚੰਗਾ ਪੌਸ਼ਟਿਕ ਭੋਜਨ ਜਿਵੇਂ ਕਿ ਹਰੀਆਂ ਪੱਤੇਦਾਰ ਸਬਜ਼ੀਆਂ, ਮੌਸਮੀ ਫ਼ਲ, ਗੁੜ੍ਹ, ਚਣੇ, ਦੁੱਧ, ਦਹੀਂ, ਜੂਸ ਆਦਿ ਘਰੇਲੂ ਚੀਜਾਂ ਦਾ ਸੇਵਨ ਕਰਨ ਲਈ ਪ੍ਰੇਰਿਤ ਕੀਤਾ।



ਸਮੇਂ ਸਮੇਂ ਸਿਰ ਮਾਹਿਰ ਡਾਕਟਰ ਦੀ ਸਲਾਹ ਨਾਲ ਜਾਂਚ ਕਰਵਾਉਣ ਲਈ ਸਮਝਾਇਆ ਤਾਂ ਜੋ ਕਿਸੇ ਵੀ ਤਕਲੀਫ ਦਾ ਸਮੇਂ ਸਿਰ ਪਤਾ ਲਗਾ ਕੇ ਇਲਾਜ ਸ਼ੁਰੂ ਕੀਤਾ ਜਾ ਸਕੇ ਤਾਂ ਜੋ ਜਣੇਪੇ ਸਮੇਂ ਕਿਸੇ ਪ੍ਰਕਾਰ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਤੰਦਰੁਸਤ ਮਾਂ ਤੋਂ ਤੰਦਰੁਸਤ ਬੱਚਾ ਜਨਮ ਲੈ ਸਕੇ।

ਉਨ੍ਹਾਂ ਦੱਸਿਆ ਕਿ ਮਾਂ ਮੌਤ ਦਰ ਅਤੇ ਬੱਚੇ ਦੀ ਮੌਤ ਦਰ ਨੂੰ ਘਟਾਉਣ ਲਈ ਸਰਕਾਰ ਦੁਆਰਾ ਖਾਸ ਤੌਰ ਤੇ ਹਰ ਮਹੀਨੇ ਦੀ 9 ਤਰੀਕ ਨੂੰ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰੀਤਵ ਅਭਿਆਨ ਤਹਿਤ ਮੁਫ਼ਤ ਜਾਂਚ ਕਰਕੇ, ਮੁਫ਼ਤ ਡਾਈਟ ਵੀ ਦਿੱਤੀ ਜਾਂਦੀ ਹੈ। ਇਸ ਮੌਕੇ ਵਿਨੋਦ ਕੁਮਾਰ, ਬੇਅੰਤ ਕੌਰ, ਵੀਰਪਾਲ ਕੌਰ, ਕਮਲਦੀਪ ਕੌਰ, ਕਰਮਜੀਤ ਕੌਰ, ਜਗਤਾਰ ਸਿੰਘ, ਗੁਰਦੀਪ ਸਿੰਘ ਅਤੇ ਆਸ਼ਾ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਤਿੰਨ ਰੋਜ਼ਾ ਮੋਰਚੇ ਉੱਤੇ ਪਾਬੰਦੀ ਦੀ ਭਾਕਿਯੂ ਉਗਰਾਹਾਂ ਵੱਲੋਂ ਸਖ਼ਤ ਨਿੰਦਾ

**ਚੰਡੀਗੜ੍ਹ–** ਪੰਜਾਬ ਦੀ ਆਪ ਸਰਕਾਰ ਵੱਲੋਂ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੁਆਰਾ 12,13,14 ਸਤੰਬਰ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਅੱਗੇ ਸਰਕਾਰੀ ਪ੍ਰਵਾਨਗੀ ਤੋਂ ਬਿਨਾਂ ਜਨਤਕ ਰੋਸ ਪ੍ਰਗਟਾਵੇ ਉੱਤੇ ਲਿਖਤੀ ਹੁਕਮਾਂ ਰਾਹੀਂ ਪਾਬੰਦੀ ਲਾਉਣ ਦੀ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਹੈ। ਅੱਜ ਇੱਥੇ ਜਾਰੀ ਕੀਤੇ ਗਏ ਸਾਂਝੇ ਪ੍ਰੈੱਸ ਬਿਆਨ ਰਾਹੀਂ ਇਹ ਪ੍ਰਗਟਾਵਾ ਕਰਦਿਆਂ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਭਗਵੰਤ ਮਾਨ ਸਰਕਾਰ ਨੂੰ ਵੀ ਪਹਿਲੀਆਂ ਲੋਕ-ਵਿਰੋਧੀ ਕਾਂਗਰਸੀ ਤੇ ਅਕਾਲੀ-ਭਾਜਪਾ ਸਰਕਾਰਾਂ ਦੀ ਕਾਰਬਨ ਕਾਪੀ ਦੱਸਦੇ ਹੋਏ ਜਮਹੂਰੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਇਸ ਫੈਸਲੇ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਹੱਕੀ ਮੰਗਾਂ ਮੰਨਣ ਤੋਂ ਨਾਬਰ ਹੋਈ ਬੈਠੀ ਸਰਕਾਰ ਤੋਂ ਪ੍ਰਵਾਨਗੀ ਲੈ ਕੇ ਸਹੀ ਅਰਥਾਂ ਵਿੱਚ ਜਨਤਕ ਦਬਾਅ ਵਾਲੇ ਸੰਘਰਸ਼ ਨਹੀਂ ਲੜੇ ਜਾ ਸਕਦੇ ਅਤੇ ਅਜਿਹੇ ਸੰਘਰਸ਼ਾਂ ਤੋਂ ਬਗੈਰ ਸਰਕਾਰ ਟੱਸ ਤੋਂ ਮੱਸ ਨਹੀਂ ਹੁੰਦੀ। ਕਿਸਾਨ ਆਗੂਆਂ ਨੇ ਐਲਾਨ ਕੀਤਾ ਹੈ ਕਿ ਜੇਕਰ ਸਰਕਾਰ ਇਸ ਪਾਬੰਦੀ ਨੂੰ ਵਾਪਸ ਲੈਣ ਤੋਂ ਇਨਕਾਰੀ ਹੁੰਦੀ ਹੈ ਤਾਂ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਮਜ਼ਦੂਰ ਜਥੇਬੰਦੀਆਂ ਦੇ ਇਸ ਮੋਰਚੇ ਦਾ ਡਟ ਕੇ ਸਮਰਥਨ ਕੀਤਾ ਜਾਵੇਗਾ।



# ਨਜਾਇਜ਼ ਫੇਲ ਕੀਤੇ ਵਿਦਿਆਰਥੀਆਂ ਵੱਲੋਂ ਪੰਜਾਬੀ ਯੂਨੀਵਰਸਿਟੀ ਖਿਲਾਫ ਰੋਸ ਪ੍ਰਦਰਸ਼ਨ

**ਸੁਨਾਮ ਊਧਮ ਸਿੰਘ ਵਾਲਾ–** ਸਥਾਨਕ ਸਰਕਾਰੀ ਊਧਮ ਸਿੰਘ ਕਾਲਜ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਦੀ ਅਗਵਾਈ ਹੇਠ ਬੀਏ ਛੇਂਵੇ ਸਮੈਸਟਰ ਦੇ ਵਿਦਿਆਰਥੀਆਂ ਵੱਲੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਐਲਾਨੇ ਨਤੀਜਿਆਂ ਵਿੱਚੋ ਨਜਾਇਜ਼ ਫੇਲ੍ਹ ਕਰਨ ਖਿਲਾਫ ਰੋਸ ਜ਼ਾਹਿਰ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਪੀ।ਐੱਸ।ਯੂ (ਸ਼ਹੀਦ ਰੰਧਾਵਾ) ਦੇ ਜ਼ਿਲ੍ਹਾ ਪ੍ਰਧਾਨ ਰਮਨ ਸਿੰਘ ਕਾਲਾਝਾੜ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਆਪਣਾ ਵਿੱਤੀ ਘਾਟਾ ਪੂਰਾ ਕਰਨ ਲਈ ਪੈਸਿਆਂ ਦਾ ਜੁਗਾੜ ਕਰਨ ਲਈ ਵਿਦਿਆਰਥੀਆਂ ਦੀਆਂ ਨਜਾਇਜ਼ ਸਪਲੀਆ ਕੱਢ ਰਹੀ ਹੈ। ਇਹਨਾਂ ਸਪਲੀਆ ਦੀ ਫੀਸ ਰਾਹੀਂ ਯੂਨੀਵਰਸਿਟੀ ਕਰੋੜਾਂ ਰੁਪਏ ਇੱਕਤਰ ਕਰੇਗੀ।



ਵਿਦਿਆਰਥੀ ਆਗੂਆਂ ਨੇ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਸੋਮਵਾਰ ਨੂੰ ਪੰਜਾਬੀ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਇਸ ਸੰਬੰਧੀ ਮਿਲਿਆ ਜਾਵੇਗਾ।

ਇਸ ਮੌਕੇ ਵਿਦਿਆਰਥੀਆਂ ਨੇ ਇਸ ਧੱਕੇਸ਼ਾਹੀ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਮੰਗ ਕੀਤੀ ਕਿ ਬਿਨਾਂ ਫੀਸ ਭਰਵਾਏ ਪੇਪਰ ਇਮਾਨਦਾਰੀ ਨਾਲ ਦੁਬਾਰਾ ਚੈੱਕ ਕੀਤੇ ਜਾਣ।

ਇਸ ਮੌਕੇ ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਗੁਰਦੀਪ ਰਤਨਗੜ੍ਹ, ਖੁਸ਼ੀ ਗੋਬਿੰਦਗੜ੍ਹ, ਨੰਨੂ ਨੰਗਲਾ, ਹਰਪ੍ਰੀਤ ਕੌਰ, ਵੀਰਪਾਲ ਕੌਰ, ਜਸਵਿੰਦਰ ਕੌਰ ਆਦਿ ਵਿਦਿਆਰਥੀ ਹਾਜ਼ਰ ਸਨ।

# ਯੂਪੀ ਦੇ ਭਾਜਪਾ ਵਿਧਾਇਕ ਦੀ ਮੌਤ ਬਾਰੇ ਜੋਗਿੰਦਰ ਸਿੰਘ ਉਗਰਾਹਾਂ ਦੇ ਹਵਾਲੇ ਨਾਲ ਛਾਪੀ ਗਈ ਖਬਰ ਦਾ ਖੰਡਨ

**ਚੰਡੀਗੜ੍ਹ–** ਬੀਤੇ ਦਿਨੀਂ ਕਨੇਡਾ ਦੇਸ਼ ਵਿਦੇਸ਼ ਟਾਈਮਜ਼ ਦੇ ਰਿਪੋਰਟਰ ਕੁਲਵਿੰਦਰ ਸਿੰਘ ਚੰਦੀ ਵੱਲੋਂ ਯੂ ਪੀ ਵਿਧਾਨ ਸਭਾ ਦੇ ਇੱਕ ਵਿਧਾਇਕ ਦੀ ਹਰਟ ਅਟੈਕ ਨਾਲ ਹੋਈ ਮੌਤ ਬਾਰੇ ਖੁਸ਼ ਹੋਣ ਦਾ ਪ੍ਰਭਾਵ ਦਿੰਦੀ ਖਬਰ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਹਵਾਲੇ ਨਾਲ ਲਖੀਮਪੁਰ ਖੀਰੀ ਤੋਂ ਛਾਪਣ ਦਾ ਸ੍ਰੀ ਉਗਰਾਹਾਂ ਵੱਲੋਂ ਖੰਡਨ ਕੀਤਾ ਗਿਆ ਹੈ। ਇੱਥੇ ਜਾਰੀ ਕੀਤੇ ਗਏ ਲਿਖਤੀ ਪ੍ਰੈਸਨੋਟ ਰਾਹੀਂ ਸ੍ਰੀ ਉਗਰਾਹਾਂ ਨੇ ਸਪਸ਼ਟ ਕੀਤਾ ਹੈ ਕਿ ਕਿਸੇ ਵੀ ਹੁਕਮਰਾਨ ਧਿਰ ਦੇ ਨੁਮਾਇੰਦੇ ਦੀ ਕਿਸੇ ਵੀ ਤਰ੍ਹਾਂ ਹੋਈ ਮੌਤ ਉੱਪਰ ਖੁਸ਼ੀ ਜ਼ਾਹਰ ਕਰਨਾ ਜਥੇਬੰਦੀ ਦੀ ਨੀਤੀ ਦਾ ਹਿੱਸਾ ਨਹੀਂ ਹੈ। ਰਿਪੋਰਟਰ ਨੇ ਖ਼ਬਰ ਲਿਖਣ ਤੋਂ ਪਹਿਲਾਂ ਜਾਂ ਮਗਰੋਂ ਉਨ੍ਹਾਂ ਨਾਲ ਜ਼ਬਾਨੀ ਜਾਂ ਲਿਖਤੀ ਅਜਿਹੀ ਜਾਣਕਾਰੀ ਸਾਂਝੀ ਕਰਨ ਦੀ ਲੋੜ ਨਹੀਂ ਸਮਝੀ। ਜਥੇਬੰਦੀ ਦੀ ਜੱਦੋਜਹਿਦ ਕਿਸੇ ਵੀ ਹੁਕਮਰਾਨ ਧਿਰ ਦੇ ਕਿਸੇ ਵਿਅਕਤੀ ਵਿਰੁੱਧ ਜ਼ਾਤੀ ਲੜਾਈ ਨਹੀਂ ਹੈ ਕਿ ਉਸਦੀ ਮੌਤ ਉਤੇ ਖੁਸ਼ੀ ਜ਼ਾਹਰ ਕੀਤੀ ਜਾਵੇ। ਸਗੋਂ ਇਹ ਲੜਾਈ ਤਾਂ ਹੁਕਮਰਾਨਾਂ ਦੀਆਂ ਕਿਸਾਨ ਮਾਰੂ ਨੀਤੀਆਂ ਅਤੇ ਸਾਮਰਾਜੀ ਕਾਰਪੋਰੇਟਾਂ ਪੱਖੀ ਵਿਚਾਰਾਂ ਨੂੰ ਮਾਤ ਦੇਣ ਦੀ ਲੜਾਈ ਹੈ। ਇਹ ਭਾਜਪਾ ਵਿਧਾਇਕ ਤਾਂ ਅਜਿਹੇ ਹੁਕਮਰਾਨਾਂ ਦਾ ਇੱਕ ਮਾਮੂਲੀ ਕਾਰਕੁਨ ਹੀ ਸੀ। ਉਨ੍ਹਾਂ ਸ੍ਰੀ ਚੰਦੀ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਹੈ ਕਿ ਅੱਗੇ ਤੋਂ ਅਜਿਹੀ ਖਬਰ ਛਾਪਣ ਵੇਲੇ ਸੰਬੰਧਿਤ ਵਿਅਕਤੀ ਦੀ ਸਹਿਮਤੀ ਜ਼ਰੂਰ ਹਾਸਲ ਕਰ ਲਈ ਜਾਵੇ।

# ਯੂਨੀਵਰਸਿਟੀ ਕਾਲਜ ਬੇਨੜਾ ਦੇ ਕੰਪਿਊਟਰ ਸਾਇੰਸ ਵਿਭਾਗ ਦਾ ਨਤੀਜਾ ਰਿਹਾ ਸ਼ਾਨਦਾਰ

ਧੂਰੀ, 11 ਸਤੰਬਰ, 2022– ਯੂਨੀਵਰਸਿਟੀ ਕਾਲਜ ਬੇਨੜਾ ਦੇ ਕੰਪਿਊਟਰ ਸਾਇੰਸ ਵਿਭਾਗ ਦੇ ਕੋਆਰਡੀਨੇਟਰ ਇੰਜ. ਵਰਿੰਦਰ ਕੁਮਾਰ ਨੇ ਜਾਣਕਾਰੀ ਦਿੰਦੇ ਕਿਹਾ ਕਿ ਵਿਭਾਗ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਉਨ੍ਹਾਂ ਅਨੁਸਾਰ ਬੈਚ 2018 ਦੇ ਨੀਰਜ ਬਾਂਸਲ ਨੇ 77.69, ਯਸ਼ੂ ਜਸੋਰੀਆ ਨੇ 77.35 ਤੇ ਹੀਨਾ ਨੇ 77.28 ਅਤੇ ਬੈਚ 2019 ਦੇ ਸਿਮਰਨ ਕੌਰ ਬਿਰਦੀ ਨੇ 80.47, ਹਰੀਸ਼ ਗਰਗ ਨੇ 79.14 ਅਤੇ ਰਾਹੁਲ ਗਰਗ ਨੇ 76.19 ਪ੍ਰਤੀਸ਼ਤ ਅੰਕ ਲੈ ਕੇ ਕਾਲਜ ਪੱਧਰ ਤੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ। ਕੰਪਿਊਟਰ ਸਾਇੰਸ ਵਿਭਾਗ ਵੱਲੋਂ ਇਹਨਾਂ ਵਿਦਿਆਰਥੀਆਂ ਦਾ ਵਿਸ਼ੇਸ ਸਨਮਾਨ ਕੀਤਾ ਗਿਆ ਅਤੇ ਕਾਲਜ ਪ੍ਰਿੰਸੀਪਲ ਡਾ।ਬਾਲ ਕ੍ਰਿਸ਼ਨ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ। ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਤੇ ਭਵਿੱਖ ਲਈ ਸ਼ੁਭਕਾਮਨਾਵਾਂ ਦੇਣ ਦੇ ਨਾਲ ਨਾਲ ਕਿਹਾ ਕਿ ਕੋਰਸ ਦੀ ਪੜ੍ਹਾਈ ਦੌਰਾਨ ਮਿਹਨਤੀ ਵਿਦਿਆਰਥੀਆਂ ਨੂੰ ਰੋਜਗਾਰ ਦੇ ਅਵਸਰ ਵੀ ਮਿਲ ਸਕਦੇ ਹਨ। ਇਸ ਸਮੇਂ ਵਿਭਾਗੀ ਸਟਾਫ਼ ਵਿੱਚੋਂ ਪ੍ਰੋ. ਅਮਨਦੀਪ ਕੌਰ, ਇੰਜ. ਅਮਨਪ੍ਰੀਤ ਸਿੰਘ, ਪ੍ਰੋ. ਰਸਪ੍ਰੀਤ ਕੋਰ ਅਤੇ ਪ੍ਰੋ. ਮਾਲਵਿੰਦਰ ਕੌਰ ਹਾਜ਼ਰ ਸਨ।

ਸੰਗਰੂਰ (ਪੰਜਾਬ) ਖਬਰਨਾਮਾ (ਦਲਜੀਤ ਕੌਰ ਭਵਾਨੀਗੜ੍ਹ )

# ਕੰਪਿਊਟਰ ਅਧਿਆਪਕਾਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਵੱਲ ਰੋਸ ਮਾਰਚ





**ਸੰਗਰੂਰ, 11 ਸਤੰਬਰ, 2022–** ਪੰਜਾਬ ਭਰ 'ਚੋ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਸੰਗਰੂਰ ਪਹੁੰਚੇ ਕੰਪਿਊਟਰ ਅਧਿਆਪਕਾਂ ਨੇ ਅੱਜ ਪੰਜਾਬ ਸਰਕਾਰ ਖ਼ਿਲਾਫ਼ ਜ਼ਬਰਦਸਤ ਰੋਸ ਮੁਜ਼ਾਹਰਾ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਵੱਲ ਰੋਸ ਮਾਰਚ ਕੀਤਾ। ਪੁਲਿਸ ਨੇ ਅਧਿਆਪਕਾਂ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਦੇ ਬਾਹਰ ਬੈਰੀਕੇਡ ਲਾ ਕੇ ਰੋਕ ਦਿੱਤਾ। ਉੱਥੇ ਹੀ ਰੋਸ ਵਿੱਚ ਆਏ ਅਧਿਆਪਕਾਂ ਨੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਰੈਲੀ ਕੀਤੀ।

ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਸਰਪ੍ਰਸਤ ਗੁਰਵਿੰਦਰ ਸਿੰਘ ਤਰਨਤਾਰਨ ਅਤੇ ਸੀਨੀਅਰ ਮੀਤ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਸਰਕਾਰ ਕੰਪਿਊਟਰ ਅਧਿਆਪਕਾਂ ਦੇ ਨਿਯੁਕਤੀ ਪੱਤਰਾਂ ਅਨੁਸਾਰ ਪੰਜਾਬ ਸਿਵਲ ਸੇਵਾਵਾਂ ਦੇ ਨਿਯਮ ਨਹੀਂ ਲਾਗੂ ਕਰ ਰਹੀ ਜਦ ਕਿ ਇਨ੍ਹਾਂ ਨੂੰ ਜੁਲਾਈ 2011 ਵਿੱਚ ਮੌਕੇ ਦੀ ਸਰਕਾਰ ਨੇ ਰਾਜਪਾਲ ਦੀ ਪ੍ਰਵਾਨਗੀ ਸਹਿਤ ਸਿੱਖਿਆ ਵਿਭਾਗ ਅਧੀਨ ਬਣਦੀ ਪਿਕਟਸ ਸੁਸਾਇਟੀ ਵਿੱਚ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਵਾਂਗ ਉਨ੍ਹਾਂ ਦੀਆਂ ਸੇਵਾਵਾਂ ਨਿਯਮਤ ਕਰ ਦਿੱਤੀਆਂ ਸਨ ਪਰ ਅਜੇ ਤਕ ਇਨ੍ਹਾਂ ਦੀ ਨਿਯੁਕਤੀ ਪੱਤਰਾਂ ਨੂੰ ਪੂਰਨ ਰੂਪ ਵਿੱਚ ਲਾਗੂ ਨਹੀਂ ਕੀਤਾ ਗਿਆ।

ਇਸ ਮੌਕੇ ਰੈਲੀ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਸਰਪ੍ਰਸਤ ਗੁਰਵਿੰਦਰ ਸਿੰਘ ਤਰਨਤਾਰਨ ਨੇ ਕਿਹਾ ਕਿ ਕੰਪਿਊਟਰ ਅਧਿਆਪਕਾਂ ਨੂੰ 6ਵਾਂ ਤਨਖਾਹ ਕਮਿਸ਼ਨ, ਏਸੀਪੀ, ਮੈਡੀਕਲ ਸਹੂਲਤਾਂ, ਮਰਨ ਉਪਰੰਤ ਪਰਿਵਾਰ ਨੂੰ ਨੌਕਰੀ, ਸੇਵਾ ਮੁਕਤ ਹੋਣ ਉਪਰੰਤ ਪੈਨਸ਼ਨ, ਅਤੇ ਹੋਰ ਵਿਭਾਗੀ ਲਾਭਾਂ ਤੋਂ ਵੰਚਿਤ ਰੱਖਿਆ ਗਿਆ ਹੈ। ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਦੂਸਰੀਆਂ ਸਰਕਾਰਾਂ ਵਰਗੀ ਹੀ ਨਿਕਲੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਨੂੰ ਮੰਨਣ ਵਿੱਚ ਆਨਾਕਾਨੀ ਕਰ ਰਹੀ ਹੈ ਜਿਸ ਕਾਰਨ ਕੰਪਿਊਟਰ ਅਧਿਆਪਕ ਸੰਘਰਸ਼ ਕਰਨ ਦੇ ਰਾਹ ਪਏ ਹੋਏ ਹਨ।

ਇਸ ਮੌਕੇ ਜੱਥੇਬੰਦੀ ਦੇ ਜਨਰਲ ਸਕੱਤਰ ਪਰਮਿੰਦਰ ਸਿੰਘ ਘੁਮਾਣ ਅਤੇ ਹਰਪ੍ਰੀਤ ਸਿੰਘ ਲੁਧਿਆਣਾ, ਮੀਤ ਪ੍ਰਧਾਨ ਅਨਿਲ ਐਰੀ, ਏਕਮਉਂਕਾਰ ਸਿੰਘ, ਨਰਦੀਪ ਸ਼ਰਮਾ, ਸਿਕੰਦਰ ਸਿੰਘ, ਕਾਨੂੰਨੀ ਸਲਾਹਕਾਰ ਅਮਰਦੀਪ ਸਿੰਘ ਮੋਗਾ, ਵਿੱਤ ਸਕੱਤਰ ਹਰਜੀਤ ਸਿੰਘ ਅਤੇ ਪਰਮਜੀਤ ਸਿੰਘ, ਪ੍ਰੈੱਸ ਸਕੱਤਰ ਹਰਜਿੰਦਰ ਸਿੰਘ, ਸੂਬਾ ਕਮੇਟੀ ਮੈਂਬਰ ਕੁਨਾਜ ਕਪੂਰ, ਅਮਰਜੀਤ ਸਿੰਘ, ਅਮਨਜੋਤੀ, ਮੈਂ ਪ੍ਰਧਾਨ ਜਗਦੀਸ਼ ਸ਼ਰਮਾ ਸੰਗਰੂਰ, ਰਾਕੇਸ਼ ਸਿੰਘ ਮੋਗਾ ਗੁਰਪਿੰਦਰ ਸਿੰਘ ਗੁਰਦਾਸਪੁਰ, ਗਗਨਪ੍ਰੀਤ ਸਿੰਘ ਅੰਮ੍ਰਿਤਸਰ, ਹਨੀ ਗਰਗ ਪਟਿਆਲਾ, ਰੋਬਿਨ ਸ਼ਰਮਾ ਮਲੇਰਕੋਟਲਾ, ਦਵਿੰਦਰ ਸਿੰਘ ਫਿਰੋਜ਼ਪੁਰ, ਸਤਪ੍ਰਤਾਪ ਸਿੰਘ ਮਾਨਸਾ, ਰਮਨ ਕੁਮਾਰ ਜਲੰਧਰ, ਪਰਦੀਪ ਬੇਰੀ ਮੁਕਤਸਰ, ਸੀਤਲ ਸਿੰਘ ਤਰਨਤਾਰਨ, ਜਗਸੀਰ ਸਿੰਘ ਫਰੀਦਕੋਟ, ਪਰਦੀਪ ਕੁਮਾਰ ਬਰਨਾਲਾ, ਅਮਨਦੀਪ ਸਿੰਘ ਪਠਾਨਕੋਟ, ਰਵਿੰਦਰ ਸਿੰਘ ਹੁਸ਼ਿਆਰਪੁਰ ਅਤੇ ਹਰਭਗਵਾਨ ਸਿੰਘ ਮੋਗਾ ਆਦਿ ਆਗੂ ਹਾਜਰ ਸਨ।

# ਪੰਜਾਬ ਸਰਕਾਰ ਵੱਲੋਂ ਸੋਹੀਆਂ ਬੀੜ ਨੂੰ ਬਿਹਤਰੀਨ 'ਈਕੋ ਟੂਰਿਜ਼ਮ' ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ- ਅਮਨ ਅਰੋੜਾ

**ਸੰਗਰੂਰ, 11 ਸਤੰਬਰ, 2022–** ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਸੋਹੀਆਂ ਬੀੜ ਨੂੰ ਈਕੋ ਟੂਰਿਜ਼ਮ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ। ਸ੍ਰੀ ਅਰੋੜਾ ਨੇ ਇਹ ਪ੍ਰਗਟਾਵਾ ਅੱਜ ਚੀਫ਼ ਵਾਈਲਡ ਲਾਈਫ ਵਾਰਡਨ ਪੰਜਾਬ ਸ੍ਰੀ ਪ੍ਰਵੀਨ ਕੁਮਾਰ, ਮੁੱਖ ਵਣਪਾਲ ਵਾਈਲਡ ਲਾਈਫ ਸ੍ਰੀਮਤੀ ਗੀਤਾਂਜਲੀ, ਵਾਈਲਡ ਲਾਈਫ ਇੰਸਟੀਚਿਊਟ ਦੇਹਰਾਦੂਨ ਦੇ ਮਾਹਿਰਾਂ ਡਾ। ਹਬੀਬ ਬਿਲਾਲ ਤੇ ਡਾ। ਸਮਰਾਟ ਅਤੇ ਡਵੀਜ਼ਨਲ ਵਣ ਮੰਡਲ ਅਫ਼ਸਰ ਸ੍ਰੀਮਤੀ ਮੋਨਿਕਾ ਦੇਵੀ ਯਾਦਵ ਨਾਲ ਸੋਹੀਆਂ ਬੀੜ ਵਿਖੇ ਵਿਸਤ੍ਰਿਤ ਮੀਟਿੰਗ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।





ਉਨ੍ਹਾਂ ਕਿਹਾ ਕਿ ਇਹ ਬੀੜ 700 ਏਕੜ ਤੋਂ ਵੀ ਵੱਧ ਖੇਤਰ ਵਿੱਚ ਫੈਲੀ ਹੋਈ ਹੈ ਜੋ ਕਿ ਛੱਤਬੀੜ ਤੋਂ ਵੀ ਜ਼ਿਆਦਾ ਹੈ। ਉਨ੍ਹਾਂ ਕਿਹਾ ਕਿ ਕੁਦਰਤੀ ਖ਼ੂਬਸੂਰਤੀ ਨਾਲ ਭਰਪੂਰ ਇਸ ਅਣਗੌਲੀ ਬੀੜ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ ਉੱਤੇ ਲੋਕਾਂ ਦੀ ਖਿੱਚ ਦਾ ਕੇਂਦਰ ਬਣਾਉਣ ਲਈ ਉਹ ਜਲਦੀ ਹੀ ਇਸ ਮਾਮਲੇ ਬਾਰੇ ਮੁੱਖ ਮੰਤਰੀ ਪੰਜਾਬ ਸ। ਭਗਵੰਤ ਮਾਨ ਨੂੰ ਜਾਣੂ ਕਰਵਾਉਣਗੇ ਅਤੇ ਫਿਰ ਮੁੱਖ ਮੰਤਰੀ ਵੱਲੋਂ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਇਸ ਬੀੜ ਦੀ ਦਿੱਖ ਨੂੰ ਸੰਵਾਰਨ ਦੀ ਪ੍ਰਵਾਨਗੀ ਲਈ ਜਾਵੇਗੀ।

ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਰਾਜ ਜਾਨਵਰ (ਸਟੇਟ ਐਨੀਮਲ) ਕਾਲੇ ਹਿਰਨ ਦੀ ਅਲੋਪ ਹੋ ਰਹੀ ਪ੍ਰਜਾਤੀ ਨੂੰ ਬਚਾਉਣ ਦੇ ਉਦਮ ਵਜੋਂ ਸੋਹੀਆਂ ਬੀੜ ਵਿਖੇ ਕਾਲੇ ਹਿਰਨ ਲਿਆਉਣ ਬਾਰੇ ਵੀ ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਹੈ ਤਾਂ ਜੋ ਲੋਕ ਕਾਲੇ ਹਿਰਨ ਦੇਖਣ ਲਈ ਇਸ ਬੀੜ ਪ੍ਰਤੀ ਆਕਰਸ਼ਿਤ ਹੋ ਸਕਣ। ਉਨ੍ਹਾਂ ਕਿਹਾ ਕਿ ਜੰਗਲੀ ਜੀਵ ਅਤੇ ਵਣ ਮਾਹਿਰਾਂ ਦੀ ਰਾਏ ਅਨੁਸਾਰ ਇਸ ਬੀੜ ਵਿੱਚ ਅਜਿਹੇ ਰੁੱਖ ਵੀ ਲਗਾਏ ਜਾਣਗੇ ਜੋ ਜੀਵ ਜੰਤੂਆਂ ਦਾ ਬਸੇਰਾ ਬਣਨਗੇ ਅਤੇ ਇਸ ਸਥਾਨ ਦੀ ਖ਼ੂਬਸੂਰਤੀ ਵਿਚ ਹੋਰ ਵਾਧਾ ਕਰਨਗੇ।

ਕੈਬਨਿਟ ਮੰਤਰੀ ਨੇ ਕਿਹਾ ਲਗਭਗ ਦੋ ਢਾਈ ਮਹੀਨੇ ਪਹਿਲਾਂ ਉਨ੍ਹਾਂ ਵੱਲੋਂ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਸਮੇਤ ਇਸ ਬੀੜ ਦਾ ਦੌਰਾ ਕੀਤਾ ਗਿਆ ਸੀ ਅਤੇ ਉਸ ਤੋਂ ਬਾਅਦ ਉਹ ਲਗਾਤਾਰ ਇਸ ਬੀੜ ਦੇ ਕਾਇਆ ਕਲਪ ਲਈ ਜੰਗਲੀ ਜੀਵ ਅਤੇ ਵਣ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸੋਹੀਆਂ ਬੀੜ ਨੂੰ ਈਕੋ ਟੂਰਿਜ਼ਮ ਵਜੋਂ ਵਿਕਸਤ ਕਰਨ ਲਈ ਮੁਢਲੇ ਤੌਰ ਉੱਤੇ ਖ਼ਾਕਾ ਤਿਆਰ ਕਰ ਲਿਆ ਗਿਆ ਹੈ ਅਤੇ ਜਲਦੀ ਹੀ ਸੁਧਾਰ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ।

ਇਸ ਮੌਕੇ ਅਵਤਾਰ ਈਲਵਾਲ, ਗੁਰਿੰਦਰ ਵਾਲੀਆ ਖੇੜੀ, ਮਨੀ ਸਰਾਓ, ਜਗਤਾਰ ਸੋਹੀਆਂ, ਗੁਰਤੇਜ ਸੋਹੀਆਂ ਅਤੇ ਮੁਕੇਸ਼ ਜੁਨੇਜਾ ਵੀ ਹਾਜ਼ਰ ਸਨ।

# ਖੇਡਾਂ ਵਤਨ ਪੰਜਾਬ ਦੀਆਂ ਤਹਿਤ ਹੋਣ ਵਾਲੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਛੇ ਉਮਰ ਵਰਗਾਂ ਦੇ ਖਿਡਾਰੀ ਲੈਣਗੇ ਹਿੱਸਾ: ਜਤਿੰਦਰ ਜੋਰਵਾਲ

**ਸੰਗਰੂਰ, 11 ਸਤੰਬਰ, 2022–**ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਵੱਲੋਂ ਸੂਬੇ ਵਿੱਚ ਮੁੜ ਖੇਡ ਸੱਭਿਆਚਾਰ ਪੈਦਾ ਕਰਨ ਅਤੇ ਸੂਬੇ ਵਿੱਚ ਖਿਡਾਰੀਆਂ ਦੀ ਪ੍ਰਤਿਭਾ ਦੀ ਸ਼ਨਾਖਤ ਕਰਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਖੇਡ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ' ਦੇ ਬਲਾਕ ਪੱਧਰ ਦੇ ਮੁਕਾਬਲਿਆਂ ਤੋਂ ਬਾਅਦ ਹੁਣ 23 ਖੇਡਾਂ ਦੇ ਜ਼ਿਲਾ ਪੱਧਰੀ ਮੁਕਾਬਲੇ ਕਰਵਾਏ ਜਾ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਟੂਰਨਾਮੈਂਟ 15 ਤੋਂ 22 ਸਤੰਬਰ ਤੱਕ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਖੇਡਾਂ ਲਈ ਅਧਿਕਾਰੀਆਂ ਨੂੰ ਸਾਰੀਆਂ ਤਿਆਰੀਆਂ ਮੁਕੰਮਲ ਕਰਨ ਦੀ ਹਦਾਇਤ ਕੀਤੀ ਗਈ ਹੈ।

ਸ੍ਰੀ ਜੋਰਵਾਲ ਨੇ ਦੱਸਿਆ ਕਿ ਬਲਾਕ ਪੱਧਰ ਉਤੇ ਵਾਲੀਬਾਲ, ਅਥਲੈਟਿਕਸ, ਫੁਟਬਾਲ, ਕਬੱਡੀ (ਨੈਸ਼ਨਲ ਸਟਾਈਲ), ਖੋ ਖੋ ਤੇ ਰੱਸਾਕਸ਼ੀ ਦੇ ਮੁਕਾਬਲੇ ਹੋਏ ਅਤੇ ਹੁਣ ਇਨਾਂ ਖੇਡਾਂ ਦੇ ਜੇਤੂ ਖਿਡਾਰੀ ਜ਼ਿਲਾ ਪੱਧਰੀ ਮੁਕਾਬਲਿਆਂ ਵਿੱਚ ਹਿੱਸਾ ਲੈਣਗੇ। ਇਨ੍ਹਾਂ ਖੇਡਾਂ ਤੋਂ ਇਲਾਵਾ ਜ਼ਿਲਾ ਪੱਧਰ ਉਤੇ ਹੈਂਡਬਾਲ, ਸਾਫਟਬਾਲ, ਜੂਡੋ, ਰੋਲਰ ਸਕੇਟਿੰਗ, ਗੱਤਕਾ, ਕਿੱਕ ਬਾਕਸਿੰਗ, ਹਾਕੀ, ਨੈਟਬਾਲ, ਬੈਡਮਿੰਟਨ, ਬਾਸਕਟਬਾਲ, ਪਾਵਰ ਲਿਫਟਿੰਗ, ਲਾਅਨ ਟੈਨਿਸ, ਕੁਸ਼ਤੀ, ਤੈਰਾਕੀ, ਮੁੱਕੇਬਾਜ਼ੀ, ਟੇਬਲ ਟੈਨਿਸ ਤੇ ਵੇਟਲਿਫਟਿੰਗ ਦੇ ਮੁਕਾਬਲੇ ਛੇ ਉਮਰ ਵਰਗਾਂ, ਜਿਨ੍ਹਾਂ ਵਿਚ ਅੰਡਰ 14, ਅੰਡਰ 17, ਅੰਡਰ 21, 21-40 ਸਾਲ, 40-50 ਸਾਲ ਅਤੇ 50 ਸਾਲ ਤੋਂ ਵੱਧ ਦੇ ਹੋਣਗੇ। ਉਨ੍ਹਾਂ ਦੱਸਿਆ ਕਿ ਪੈਰਾ ਖਿਡਾਰੀਆਂ ਦੇ ਵੀ ਮੁਕਾਬਲੇ ਹੋਣਗੇ। ਇਸ



ਤੋਂ ਇਲਾਵਾ 41-50 ਸਾਲ ਅਤੇ 50 ਸਾਲ ਤੋਂ ਵੱਧ ਉਮਰ ਵਰਗ ਵਿੱਚ ਸਿਰਫ ਟੇਬਲ ਟੈਨਿਸ, ਲਾਅਨ ਟੈਨਿਸ, ਬੈਡ-ਮਿੰਟਨ, ਵਾਲੀਬਾਲ ਤੇ ਅਥਲੈਟਿਕਸ ਦੇ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਰਗਾਂ ਦੇ ਜੇਤੂਆਂ ਨੂੰ ਸਰਟੀਫਿਕੇਟ ਦਿੱਤੇ ਜਾਣਗੇ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਇਸ ਤੋਂ ਬਾਅਦ ਜ਼ਿਲਾ ਜੇਤੂਆਂ ਦੇ ਸੂਬਾ ਪੱਧਰੀ ਮੁਕਾਬਲੇ 10 ਤੋਂ 21 ਅਕਤੂਬਰ ਤੱਕ ਹੋਣਗੇ। ਸੂਬਾ ਪੱਧਰ ਉਤੇ ਜੇਤੂਆਂ ਨੂੰ ਕੁੱਲ 6 ਕਰੋੜ ਰੁਪਏ ਦੇ ਇਨਾਮ ਵੰਡੇ ਜਾਣਗੇ। ਪਹਿਲੇ ਸਥਾਨ ਉਤੇ ਆਉਣ ਵਾਲਿਆਂ ਨੂੰ 10 ਹਜ਼ਾਰ ਰੁਪਏ ਨਗਦ ਇਨਾਮ ਤੇ ਸਰਟੀਫਿਕੇਟ, ਦੂਜੇ ਸਥਾਨ ਉਤੇ ਆਉਣ ਵਾਲਿਆਂ ਨੂੰ 7 ਹਜ਼ਾਰ ਰੁਪਏ ਤੇ ਸਰਟੀਫਿਕੇਟ ਅਤੇ ਤੀਜੇ ਸਥਾਨ ਉਤੇ ਆਉਣ ਵਾਲਿਆਂ ਨੂੰ 5 ਹਜ਼ਾਰ ਰੁਪਏ ਤੇ ਸਰਟੀਫਿਕੇਟ ਦਿੱਤੇ ਜਾਣਗੇ।

# ਮਜਦੂਰ ਅੰਦੋਲਨ ਤੇ ਦਮਨ ਬਰਦਾਸ਼ਤ ਨਹੀ ਕਰਾਂਗੇ: ਕਿਰਤੀ ਕਿਸਾਨ ਯੂਨੀਅਨ

**ਚੰਡੀਗੜ੍ਹ, 11 ਸਤੰਬਰ, 2022–** ਕਿਰਤੀ ਕਿਸਾਨ ਯੂਨੀਅਨ ਨੇ ਪੰਜਾਬ ਸਰਕਾਰ ਦੇ ਇਸ਼ਾਰੇ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਸ ਮਜ਼ਦੂਰ ਜਥੇਬੰਦੀਆਂ ਵੱਲੋਂ 12 ਤੋਂ 14 ਸਤੰਬਰ ਤੱਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਘਰ ਦੇ ਮੂਹਰੇ ਲੱਗਣ ਵਾਲੇ ਧਰਨੇ ਨੂੰ ਰੋਕਣ ਲਈ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੂੰ ਨੋਟਿਸ ਕੱਢਣ ਤੇ ਜ਼ਿਲੇ ਵਿੱਚ ਦਫ਼ਾ 144 ਲਾਉਣ ਦੇ ਗੈਰ ਸੰਵਿਧਾਨਕ ਹੁਕਮਾਂ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ ਤੇ ਮਜਦੂਰ ਅੰਦੋਲਨ ਦਾ ਡਟਣ ਦਾ ਐਲਾਨ ਕੀਤਾ ਹੈ। ਕਿਸਾਨ ਆਗੂਆਂ ਕਿਹਾ ਕੇ ਮਜਦੂਰ ਅੰਦੋਲਨ ਤੇ ਦਮਨ ਬਰਦਾਸ਼ਤ ਨਹੀ ਕੀਤਾ ਜਾਵੇਗਾ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁਡੀਕੇ ਤੇ ਸੂਬਾ ਜਨਰਲ ਸਕੱਤਰ ਸਤਿਬੀਰ ਸਿੰਘ ਤੇ ਮੀਤ ਪ੍ਰਧਾਨ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਤੇ ਪ੍ਰੈਸ ਸਕੱਤਰ ਜਤਿੰਦਰ ਛੀਨਾ ਨੇ ਕਿਹਾ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਇਸ ਕਾਰਵਾਈ ਨਾਲ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨੂੰ ਕੀਤੇ ਵਾਅਦੇ ਕਿ ਸਾਡੀ ਸਰਕਾਰ ਆਉਣ ਤੇ ਲੋਕਾਂ ਦੇ ਸੰਵਿਧਾਨਕ ਹੱਕਾਂ ਨੂੰ ਮਾਣ ਤਾਣ ਦਿੱਤਾ ਜਾਵੇਗਾ ਨੂੰ ਤਾਰ ਤਾਰ ਕਰਕੇ ਇਹ ਸਿੱਧ ਕਰ ਦਿੱਤਾ ਹੈ ਕਿ ਉਹ ਵੀ ਕਾਂਗਰਸੀ ਤੇ ਅਕਾਲੀ ਦਲ ਦੇ ਮੁੱਖ ਆਗੂਆਂ ਵਾਂਗੂੰ ਲੋਕਾਂ ਨੂੰ ਚੋਣਾਂ ਦੌਰਾਨ ਗੁਮਰਾਹ ਹੀ ਕਰ ਰਿਹਾ ਸੀ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਰਗੀ ਹੀ ਵਾਅਦਿਆਂ ਤੋਂ ਭੱਜਣ ਵਾਲੀ ਸਰਕਾਰ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਚਿਤਾਵਨੀ ਦਿੱਤੀ ਕਿ ਜੇ ਮਜ਼ਦੂਰਾਂ ਤੇ ਕੋਈ ਦਮਨ ਕੀਤਾ ਗਿਆ ਤਾਂ ਇਸ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਹੋਰ ਕਿਹਾ ਕਿ ਕਿਰਤੀ ਕਿਸਾਨ ਯੂਨੀਅਨ ਮਜ਼ਦੂਰਾਂ ਦੇ ਸੰਘਰਸ਼ ਅਤੇ ਮੰਗਾਂ ਦਾ ਜ਼ੋਰਦਾਰ ਸਮਰਥਨ ਕਰਦੀ ਹੈ।



# ਬੀਕੇਯੂ ਉਗਰਾਹਾਂ ਪਿੰਡ ਇਕਾਈ ਡੂਡੀਆਂ ਦੀ ਚੋਣ ਹੋਈ

**ਮੂਨਕ, 11, ਸਤੰਬਰ, 2022–** ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਮੂਣਕ ਵਲੋਂ ਪਿੰਡ ਇਕਾਈ ਡੂਡੀਆਂ ਦੀ ਚੋਣ ਬਲਾਕ ਜਰਨਲ ਸਕੱਤਰ ਰਿੰਕੂ ਮੂਣਕ, ਬਲਾਕ ਖਜ਼ਾਨਚੀ ਰੋਸ਼ਨ ਮੂਣਕ ਅਤੇ ਬਲਾਕ ਆਗੂ ਬੰਟੀ ਢੀਂਡਸਾ, ਬੱਬੂ ਚੱਠੇ ਦੀ ਅਗਵਾਈ ਹੇਠ ਸਰਬਸੰਮਤੀ ਨਾਲ ਚੋਣ ਹੋਈ। ਇਸ ਸਮੇਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਬਲਾਕ ਜਰਨਲ ਸਕੱਤਰ ਰਿੰਕੂ ਮੂਣਕ ਨੇ ਕਿਹਾ ਕਿ ਜਿਸ ਤਰ੍ਹਾਂ ਸਰਕਾਰਾਂ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ ਤੇ ਲੋਕ ਮਾਰੂ ਨੀਤੀਆਂ ਧੜਾ ਧੜ ਲਾਗੂ ਕਰ ਰਹੀਆਂ ਹਨ ਉਹਨਾਂ ਨੂੰ ਮੋੜਾ ਦੇਣ ਲਈ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਤੇ ਵਿਦਿਆਰਥੀਆਂ ਨੂੰ ਏਕਤਾ ਬਣਾਉਣ ਦੀ ਲੋੜ ਤਾਂ ਹੀ ਵਿਸ਼ਵ ਵਪਾਰ ਸੰਸਥਾ ਵਿਸ਼ਵ ਬੈਂਕ ਦੀਆਂ ਨੀਤੀਆਂ ਨੂੰ ਮੋੜਾ ਦਿੱਤਾ ਜਾ ਸਕਣਾ ਵੋਟ ਵਟੋਰੂ ਪਾਰਟੀਆਂ ਸਾਨੂੰ ਧਰਨਾ ਜਾਤਾਂ ਦੇ ਨਾਂ ਤੇ ਲੜਾ ਕੇ ਰੱਖਣਾ ਚਾਹੁੰਦੀਆਂ ਹਨ ਤਾਂ ਕਿ ਉਹਨਾਂ ਦੀਆਂ ਕੁਰਸੀਆਂ ਬਚੀਆਂ ਰਹਿਣ ਇਹਨਾਂ ਸਾਰੀਆਂ ਵੋਟ ਵਟੋਰੂ ਪਾਰਟੀਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ ਅਤੇ ਅਪਣੀ ਏਕਤਾ ਤੇ ਵਿਸ਼ਵਾਸ ਬਣਾ ਕੇ ਰੱਖਣ ਦੀ ਲੋੜ ਹੈ।

ਇਸ ਸਮੇਂ ਨਵੇਂ ਚੁਣੇ ਅਹੁੱਦੇਦਾਰਾਂ ਵਿੱਚ ਇਕਾਈ ਪ੍ਰਧਾਨ ਨਛੱਤਰ ਸਿੰਘ, ਜਰਨਲ ਸਕੱਤਰ ਸੇਵਕ ਸਿੰਘ, ਸੀਨੀਅਰ ਮੀਤ ਪ੍ਰਧਾਨ ਅਮਨਾ ਸਿੰਘ, ਮੀਤ ਪ੍ਰਧਾਨ ਰਿੰਕੂ, ਖਜ਼ਾਨਚੀ ਨਿਰਮਲ ਸਿੰਘ, ਸੰਗਠਨ ਨੇਸੱਕਤਰ ਕੁਲਦੀਪ ਸਿੰਘ, ਪ੍ਰਚਾਰ ਸਕੱਤਰ ਕਾਲਾ ਪੰਡਤ ਅਤੇ 30 ਦੇ ਕਰੀਬ ਪਿੰਡ ਇਕਾਈ ਮੈਂਬਰ ਮੌਕੇ ਤੇ ਚੁਣੇ ਗਏ। 100 ਦੇ ਲਗਭਗ ਕਿਸਾਨ ਇਕਾਈ ਦੀ ਚੋਣ ਕਰਨ ਸਮੇਂ ਸ਼ਾਮਲ ਹੋਏ।

# ਮਹਾਰਾਣੀ ਦੀ ਮੌਤ ਤੋ ਬਾਅਦ ਪ੍ਰਿੰਸ ਦੇ ਸਿਰ ਪਈਆਂ ਨਵੀਂ ਜ਼ਿਮੇਵਾਰੀਆਂ

**ਵੈਲਿੰਗਟਨ–** ਪ੍ਰਿੰਸ ਚਾਰਲਸ ਤੀਜੇ ਨੂੰ ਮਹਾਰਾਣੀ ਐਲਿਜ਼ਾਬੈਥ ਦੋਇਮ ਦੀ ਮੌਤ ਤੋਂ ਬਾਅਦ ਅਧਿਕਾਰਤ ਤੌਰ ਤੇ ਵਾਰਸ ਐਲਾਨ ਦਿਤਾ ਗਿਆ ਹੈ। ਨਿਊਜ਼ੀਲੈਂਡ ਵਿੱਚ ਇੱਕ ਅਧਿਕਾਰਤ ਸਮਾਰੋਹ ਵਿੱਚ ਰਸਮੀ ਤੌਰ 'ਤੇ ਨਵਾਂ ਬਾਦਸ਼ਾਹ ਘੋਸ਼ਿਤ ਕੀਤਾ ਗਿਆ ਹੈ। ਵੈਲਿੰਗਟਨ ਵਿੱਚ ਸੰਸਦ ਵਿੱਚ ਹੋਏ ਇਸ ਸਮਾਰੋਹ ਵਿੱਚ 1,000 ਤੋਂ ਵੱਧ ਦਰਸ਼ਕ ਸ਼ਾਮਲ ਹੋਏ, ਜੋ ਮੁੱਖ ਘੋਸ਼ਣਾ ਨੂੰ ਪੜ੍ਹਨ ਅਤੇ ਗਾਰਡ ਦੇ ਪਰਿਵਰਤਨ ਨੂੰ ਦੇਖਣ ਲਈ ਸੰਸਦ ਦੀਆਂ ਪੌੜੀਆਂ 'ਤੇ ਇਕੱਠੇ ਹੋਏ ਸਨ। ਘੋਸ਼ਣਾ ਨੂੰ 21 ਤੋਪਾਂ ਦੀ ਸਲਾਮੀ ਨਾਲ ਚਿੰਨ੍ਹਿਤ ਕੀਤਾ ਗਿਆ ਸੀ। ਵੀਰਵਾਰ ਸ਼ਾਮ ਨੂੰ ਬਕਿੰਘਮ ਪੈਲੇਸ ਨੇ ਘੋਸ਼ਣਾ ਕੀਤੀ ਕਿ ਯੂਨਾਈਟਿਡ ਕਿੰਗਡਮ 'ਤੇ 70 ਸਾਲਾਂ ਤੋਂ ਵੱਧ ਰਾਜ ਕਰਨ ਵਾਲੀ ਮਹਾਰਾਣੀ ਐਲਿਜ਼ਾਬੈਥ II ਦੀ 96 ਸਾਲ ਦੀ ਉਮਰ ਵਿੱਚ ਸਕਾਟਲੈਂਡ ਦੇ ਬਾਲਮੋਰਲ ਕਿਲ੍ਹੇ ਵਿੱਚ ਮੌਤ ਹੋ ਗਈ। ਉਸਦਾ ਵੱਡਾ ਪੁੱਤਰ ਚਾਰਲਸ ਤੀਜਾ ਤੁਰੰਤ ਯੂਕੇ ਦਾ ਨਵਾਂ ਰਾਜਾ ਬਣ ਗਿਆ। ਉਸ ਦੀ ਮੌਤ ਤੋਂ ਬਾਅਦ, ਪਰ ਅਧਿਕਾਰਤ ਰਸਮ ਸ਼ਨੀਵਾਰ ਨੂੰ ਲੰਡਨ ਦੇ ਸੇਂਟ ਜੇਮਸ ਪੈਲੇਸ ਵਿੱਚ ਹੋਈ।

ਕਨੇਡਾ ਦੀ ਰਾਜਧਾਨੀ ਓਟਾਵਾ ਵਿੱਚ ਇੱਕ ਸਮਾਰੋਹ ਦੌਰਾਨ ਕਿੰਗ ਚਾਰਲਸ ਤੀਜੇ ਨੂੰ ਅਧਿਕਾਰਤ ਤੌਰ 'ਤੇ ਕੈਨੇਡਾ ਦਾ ਰਾਜਾ ਐਲਾਨਿਆ ਗਿਆ। ਵੀਰਵਾਰ ਨੂੰ ਮਹਾਰਾਣੀ ਐਲਿਜ਼ਾਬੈਥ II ਦੀ ਮੌਤ ਤੋਂ ਬਾਅਦ ਚਾਰਲਸ ਸੁਭਾਵਕ ਤੌਰ 'ਤੇ ਰਾਜਾ ਬਣ ਗਏ। ਪਰ ਕੁਝ ਘੰਟੇ ਪਹਿਲਾਂ ਬ੍ਰਿਟੇਨ ਵਿੱਚ ਹੋਏ ਸਮਾਰੋਹ ਦੀ ਤਰ੍ਹਾਂ, ਕੈਨੇਡਾ ਵਿੱਚ ਹੋਇਆ ਸਮਾਰੋਹ ਦੇਸ਼ ਵਿੱਚ ਨਵੇਂ ਰਾਜੇ ਨੂੰ ਪੇਸ਼ ਕਰਨ ਲਈ ਇੱਕ ਮਹੱਤਵਪੂਰਨ ਸੰਵਿਧਾਨਕ ਅਤੇ ਰਸਮੀ ਕਦਮ ਹੈ। ਮਹਾਰਾਜਾ ਚਾਰਲਸ ਹੁਣ ਕੈਨੇਡਾ ਦੇ ਰਾਜ ਦੇ ਮੁਖੀ ਹਨ।



ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸ਼ਨੀਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਕੈਨੇਡਾ ਦਾ ਮਹਾਰਾਜਾ ਚਾਰਲਸ 3 ਨਾਲ ਨਜ਼ਦੀਕੀ ਸਬੰਧ ਅਤੇ ਲੰਮਾ ਇਤਿਹਾਸ ਹੈ, ਜੋ ਪਿਛਲੇ ਸਾਲਾਂ ਵਿੱਚ ਕਈ ਵਾਰ ਸਾਡੇ ਦੇਸ਼ ਦਾ ਦੌਰਾ ਕਰ ਚੁੱਕੇ ਹਨ। ਉਹਨਾਂ ਨੇ ਅੱਗੇ ਕਿਹਾ ਕਿ ਕੈਨੇਡਾ ਸਰਕਾਰ ਦੀ ਤਰਫੋਂ ਅਸੀਂ ਕੈਨੇਡਾ ਦੇ ਨਵੇਂ ਬਾਦਸ਼ਾਹ ਕਿੰਗ ਚਾਰਲਸ 3 ਦੇ ਪ੍ਰਤੀ ਆਪਣੀ ਵਫ਼ਾਦਾਰੀ ਦੀ ਪੁਸ਼ਟੀ ਕਰਦੇ ਹਾਂ ਅਤੇ ਉਹਨਾਂ ਨੂੰ ਪੂਰਾ ਸਮਰਥਨ ਦਿੰਦੇ ਹਾਂ। ਹਾਲਾਂਕਿ ਕੈਨੇਡੀਅਨ ਨਾਗਰਿਕ ਰਾਜਾਸ਼ਾਹੀ ਪ੍ਰਤੀ ਕੁਝ ਉਦਾਸੀਨ ਹਨ, ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕਾਂ ਦਾ ਮਹਾਰਾਣੀ ਐਲਿਜ਼ਾਬੈਥ ਨਾਲ ਪਿਆਰ ਸੀ। ਉਹ ਮਹਾਰਾਣੀ ਵਜੋਂ 22 ਵਾਰ ਕੈਨੇਡਾ ਆਈ ਸੀ। ਕੁੱਲ ਮਿਲਾ ਕੇ ਕੈਨੇਡਾ ਵਿੱਚ ਬਹੁਤ ਘੱਟ ਰਾਜਸ਼ਾਹੀ ਵਿਰੋਧੀ ਭਾਵਨਾ ਹੈ, ਜਿਸਦਾ ਮਤਲਬ ਹੈ ਕਿ ਚਾਰਲਸ ਲਗਭਗ ਨਿਸ਼ਚਿਤ ਤੌਰ 'ਤੇ ਕੈਨੇਡਾ ਦਾ ਰਾਜਾ ਬਣੇ ਰਹਿਣਗੇ। ਕੈਨੇਡੀਅਨ ਆਰਮਡ ਫੋਰਸਿਜ਼ ਦੇ 28 ਮੈਂਬਰੀ ਬੈਂਡ ਨੇ 21 ਤੋਪਾਂ ਦੀ ਸਲਾਮੀ ਦੌਰਾਨ 'ਗੌਡ ਸੇਵ ਦਾ ਕਿੰਗ' ਵਜਾਇਆ। ਸਮਾਗਮ ਦੀ ਸਮਾਪਤੀ ਦੇਸ਼ ਦੇ ਰਾਸ਼ਟਰੀ ਗੀਤ ਨਾਲ ਹੋਈ।

# ਮਹਾਰਾਣੀ ਦੀ ਮੌਤ ਮਗਰੋਂ 'ਕੋਹਿਨੂਰ' ਵਾਪਸ ਲਿਆਉਣ ਦੀ ਮੰਗ ਉੱਠੀ

**ਲੰਡਨ–**ਬ੍ਰਿਟੇਨ ਦੀ ਮਹਾਰਾਣੀ ਐਲੀਜ਼ਾਬੈਥ-2 ਦਾ ਦਿਹਾਂਤ ਹੋ ਚੁੱਕਾ ਹੈ। ਸੋਸ਼ਲ ਮੀਡੀਆ 'ਤੇ ਕੋਹਿਨੂਰ ਹੀਰਾ ਭਾਰਤ ਨੂੰ ਵਾਪਸ ਕਰਨ ਦੀ ਮੰਗ ਫਿਰ ਤੋਂ ਉੱਠ ਰਹੀ ਹੈ। ਮਹਾਰਾਣੀ ਦੇ ਬੇਟੇ ਪ੍ਰਿੰਸ ਚਾਰਲਸ ਦੇ ਰਾਜਗੱਦੀ ਸੰਭਾਲਣ ਦੇ ਨਾਲ ਹੀ 105 ਕੈਰੇਟ ਦਾ ਹੀਰਾ ਉਨ੍ਹਾਂ ਦੀ ਪਤਨੀ ਡਚੇਸ ਕਾਰਨਵਾਲ ਕੈਮਿਲਾ ਕੋਲ ਜਾਏਗਾ। ਕੋਹਿਨੂਰ ਇਕ ਵੱਡਾ, ਬੇਰੰਗ ਹੀਰਾ ਹੈ ਜੋ 14ਵੀਂ ਸਦੀ ਦੀ ਸ਼ੁਰੂਆਤ ਵਿਚ ਦੱਖਣੀ ਭਾਰਤ ਵਿਚ ਮਿਲਿਆ ਸੀ। ਇਹ ਬਸਤੀਵਾਦੀ ਦੌਰ ਦੌਰਾਨ ਬ੍ਰਿਟੇਨ ਦੇ ਹੱਥ ਵਿੱਚ ਆ ਗਿਆ ਸੀ ਅਤੇ ਹੁਣ ਇਤਿਹਾਸਕ ਮਾਲਕੀ ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ ਜਿਸ 'ਤੇ ਭਾਰਤ ਸਮੇਤ ਘੱਟ ਤੋਂ ਘੱਟ 4 ਦੇਸ਼ ਦਾਅਵਾ ਕਰਦੇ ਹਨ। ਮਹਾਰਾਣੀ ਦੇ ਦਿਹਾਂਤ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਕੋਹਿਨੂਰ ਨੂੰ ਵਾਪਸ ਲਿਆਉਣ ਦੀਆਂ ਮੰਗਾਂ ਵਿਚ



ਕੁਝ ਟਵਿਟਰ ਖ਼ਪਤਕਾਰਾਂ ਨੇ ਗੰਭੀਰਤਾ ਨਾਲ ਇਹ ਗੱਲ ਰੱਖੀ ਤਾਂ ਕੁਝ ਨੇ ਮਜ਼ਾਕੀਆ ਅੰਦਾਜ਼ ਨਾਲ ਇਸ ਮੁੱਦੇ ਨੂੰ ਚੁੱਕਿਆ।ਸਭ ਤੋਂ ਪਹਿਲਾਂ ਇਸ ਸਬੰਧ ਵਿਚ ਮੰਗ 1947 ਵਿਚ ਕੀਤੀ ਗਈ ਸੀ।

ਭਾਰਤੀ ਪੁਰਾਤੱਤਵ ਸਰਵੇਖਣ ਨੇ ਕੁਝ ਸਾਲ ਪਹਿਲਾਂ ਇੱਕ ਆਰਟੀਆਈ ਦੇ ਜਵਾਬ ਵਿੱਚ ਕਿਹਾ ਸੀ ਕਿ ਲਗਭਗ 170 ਸਾਲ ਪਹਿਲਾਂ ਲਾਹੌਰ ਦੇ ਮਹਾਰਾਜਾ ਨੇ ਇੰਗਲੈਂਡ ਦੀ ਮਹਾਰਾਣੀ ਅੱਗੇ ਝੁਕ ਕੇ ਕੋਹਿਨੂਰ ਹੀਰਾ ਉਨ੍ਹਾਂ ਨੂੰ ਸੌਂਪਿਆ ਸੀ ਅਤੇ ਇਹ ਅੰਗਰੇਜ਼ਾਂ ਨੂੰ ਨਹੀਂ ਸੌਂਪਿਆ ਗਿਆ ਸੀ। ਹਾਲਾਂਕਿ ਸੁਪਰੀਮ ਕੋਰਟ ਵਿੱਚ ਭਾਰਤ ਸਰਕਾਰ ਦਾ ਪੱਖ ਇਹ ਸੀ ਕਿ ਲਗਭਗ 20 ਕਰੋੜ ਡਾਲਰ ਦੀ ਕੀਮਤ ਵਾਲਾ ਇਹ ਹੀਰਾ ਨਾ ਤਾਂ ਚੋਰੀ ਕੀਤਾ ਗਿਆ ਅਤੇ ਨਾ ਹੀ ਅੰਗਰੇਜ਼ ਹਾਕਮ ਇਸ ਨੂੰ ਜ਼ਬਰਦਸਤੀ ਲੈ ਗਏ, ਸਗੋਂ ਪੰਜਾਬ ਦੇ ਸਾਬਕਾ ਹਾਕਮਾਂ ਨੇ ਇਸ ਨੂੰ ਈਸਟ ਇੰਡੀਆ ਕੰਪਨੀ ਨੂੰ ਦੇ ਦਿੱਤਾ ਸੀ। ਕਾਂਗਰਸ ਸਾਂਸਦ ਸ਼ਸ਼ੀ ਥਰੂਰ ਨੇ ਕਿਤਾਬ 'ਐਨ ਏਰਾ ਆਫ ਡਾਰਕਨੇਸ' ਕਿਤਾਬ 'ਚ ਲਿਖਿਆ ਹੈ ਕਿ ਕੋਹਿਨੂਰ ਨੂੰ ਕਿਸੇ ਸਮੇਂ ਦੁਨੀਆ ਦਾ ਸਭ ਤੋਂ ਵੱਡਾ ਹੀਰਾ ਹੋਣ ਦਾ ਦਾਅਵਾ ਕੀਤਾ ਗਿਆ ਸੀ, ਜਿਸ ਦਾ ਭਾਰ 158।6 ਗ੍ਰਾਮ ਸੀ। ਮੰਨਿਆ ਜਾਂਦਾ ਹੈ ਕਿ ਸਭ ਤੋਂ ਪਹਿਲਾਂ ਇਹ ਹੀਰਾ 13ਵੀਂ ਸਦੀ ਵਿੱਚ ਆਂਧਰਾ ਪ੍ਰਦੇਸ਼ ਦੇ ਗੁੰਟੂਰ ਨੇੜੇ ਮਿਲਿਆ ਸੀ। ਕੁਝ ਮਾਹਰਾਂ ਦਾ ਕਹਿਣਾ ਹੈ ਕਿ ਨਾਦਿਰ ਸ਼ਾਹ ਨੇ ਹੀਰੇ ਦਾ ਨਾਂ ਕੋਹਿਨੂਰ ਰੱਖਿਆ ਸੀ। ਭਾਰਤ ਸਰਕਾਰ ਕਈ ਵਾਰ ਕੋਹਿਨੂਰ ਨੂੰ ਵਾਪਸ ਕਰਨ ਦੀ ਮੰਗ ਕਰਦੀ ਰਹੀ ਹੈ। ਹਾਲਾਂਕਿ ਬ੍ਰਿਟਿਸ਼ ਸਰਕਾਰ ਭਾਰਤ ਦੇ ਕੋਹਿਨੂਰ ਦੇ ਦਾਅਵਿਆਂ ਨੂੰ ਖਾਰਿਜ਼ ਕਰਦੀ ਰਹੀ ਹੈ।

# ਜੁੜਵਾਂ ਬੱਚੇ ਪਰ ਪਿਓ ਵੱਖਰੇ ਵੱਖਰੇ!

**ਲੰਡਨ–** ਪੁਰਤਗਾਲ ਦੇ ਗੋਆਸ ਵਿੱਚ ਰਹਿਣ ਵਾਲੀ ਇੱਕ 19 ਸਾਲਾ ਲੜਕੀ ਨੇ ਜੁੜਵਾਂ ਬੱਚਿਆਂ ਨੂੰ ਜਨਮ ਦਿੱਤਾ ਹੈ। 8 ਮਹੀਨਿਆਂ ਬਾਅਦ ਬੱਚਿਆਂ ਦੇ ਪਿਤਾ ਨੇ ਡੀਐਨਏ ਟੈਸਟ ਕਰਵਾਇਆ। ਟੈਸਟਾਂ ਤੋਂ ਪਤਾ ਲੱਗਾ ਕਿ ਉਹ ਇਕਲੌਤੇ ਬੱਚੇ ਦਾ ਪਿਤਾ ਹੈ। ਬੱਚਿਆਂ ਦੀ ਦਿੱਖ ਵੀ ਇੱਕ ਸਮਾਨ ਹੈ, ਇਸ ਲਈ ਮਾਂ ਨੇ ਸੋਚਿਆ ਕਿ ਉਨ੍ਹਾਂ ਦਾ ਪਿਤਾ ਵੀ ਇੱਕ ਹੋਵੇਗਾ। ਲੜਕੀ ਨੇ ਦੱਸਿਆ ਕਿ ਉਸਨੇ ਇੱਕੋ ਸਮੇਂ ਦੌਰਾਨ ਦੋ ਵਿਅਕਤੀਆਂ ਨਾਲ ਸਬੰਧ ਰੱਖੇ ਸੀ। ਇਹ ਦੁਨੀਆ 'ਵਿਚ ਅਜਿਹਾ 20ਵਾਂ ਮਾਮਲਾ ਹੈ। ਇਸ ਨੂੰ ਹੈਟਰੋਪੈਰੈਂਟਲ ਸੁਪਰਫੈਕੰਡੇਸ਼ਨ ਕਿਹਾ ਜਾਂਦਾ ਹੈ।

ਖੋਜ ਦੇ ਅਨੁਸਾਰ, ਹੇਟਰੋਪੈਰੈਂਟਲ ਸੁਪਰਫੈਕੰਡੇਸ਼ਨ ਇੱਕ ਦੁਰਲੱਭ ਸਥਿਤੀ ਹੈ। ਇਸ ਸਥਿਤੀ ਵਿੱਚ, ਜੁੜਵਾਂ ਬੱਚਿਆਂ ਦੇ ਪਿਤਾ ਦਾ ਡੀ।ਐਨ।ਏ। ਇਹ ਸਥਿਤੀ ਉਦੋਂ ਹੁੰਦੀ ਹੈ ਜਦੋਂ ਇੱਕ ਔਰਤ ਦਾ ਦੋ ਵੱਖ-ਵੱਖ ਮਰਦਾਂ ਨਾਲ ਸਬੰਧ ਹੁੰਦਾ ਹੈ।



ਇਸ ਦੇ ਨਾਲ ਹੀ ਜੇਕਰ ਦੋਵੇਂ ਇੱਕੋ ਸਮੇਂ ਗਰਭਵਤੀ ਹੋਣ ਤਾਂ ਇਹ ਸਥਿਤੀ ਪੈਦਾ ਹੁੰਦੀ ਹੈ। ਇੱਕੋ ਸਮੇਂ ਦੋ ਮਰਦਾਂ ਨਾਲ ਸੰਭੋਗ ਕਰਨ ਨਾਲ ਬੱਚਿਆਂ ਦਾ ਡੀਐਨਏ ਵੱਖਰਾ ਹੋ ਸਕਦਾ ਹੈ। ਪੁਰਤਗਾਲ 'ਵਿਚ ਸਾਹਮਣੇ ਆਏ ਇਸ ਮਾਮਲੇ 'ਵਿਚ ਔਰਤ ਨੇ ਮੰਨਿਆ ਹੈ ਕਿ ਉਸ ਦੇ ਦੋ ਵੱਖ-ਵੱਖ ਮਰਦਾਂ ਨਾਲ ਸਬੰਧ ਸਨ।

ਮੀਡੀਆ ਰਿਪੋਰਟਾਂ ਮੁਤਾਬਕ ਪੁਰਤਗਾਲ 'ਵਿਚ ਸਾਹਮਣੇ ਆਏ ਇਸ ਮਾਮਲੇ 'ਵਿਚ ਲੜਕੀ ਅਤੇ ਉਸ ਦੇ ਪਤੀ ਦੀ ਪਛਾਣ ਜਨਤਕ ਨਹੀਂ ਕੀਤੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਬੱਚਿਆਂ ਦੇ ਜਨਮ ਤੋਂ ਬਾਅਦ ਡਾਕਟਰਾਂ ਦੇ ਪੈਨਲ ਨੇ ਮਾਂ ਨੂੰ ਬੁਲਾ ਕੇ ਪੁੱਛਗਿੱਛ ਕੀਤੀ। ਫਿਰ ਉਸ ਨੇ ਦੱਸਿਆ ਕਿ 8 ਮਹੀਨੇ ਪਹਿਲਾਂ ਉਸ ਦਾ ਕਿਸੇ ਹੋਰ ਵਿਅਕਤੀ ਨਾਲ ਰਿਲੇਸ਼ਨਸ਼ਿਪ ਸੀ। ਜਿਸ ਤੋਂ ਬਾਅਦ ਇੱਕ ਹੋਰ ਨੌਜਵਾਨ ਤੋਂ ਵੀ ਪੁੱਛਗਿੱਛ ਕੀਤੀ ਗਈ। ਇਸ ਦੇ ਨਾਲ ਹੀ ਡੀਐਨਏ ਟੈਸਟ ਕਰਵਾਉਣ ਤੋਂ ਬਾਅਦ ਮਾਮਲਾ ਸਾਹਮਣੇ ਆਇਆ।

# 9/11 ਅੱਤਵਾਦੀ ਹਮਲੇ ਦੇ 21 ਸਾਲ ਪੂਰੇ, ਮ੍ਰਿਤਕਾਂ ਨੂੰ ਸ਼ਰਧਾਂਜਲੀਆਂ

**ਵਾਸ਼ਿੰਗਟਨ–** ਅਮਰੀਕਾ ਵਿੱਚ 9/11 ਦੇ ਅੱਤਵਾਦੀ ਹਮਲੇ ਨੂੰ 21 ਸਾਲ ਪੂਰੇ ਹੋ ਗਏ ਹਨ। ਇਸ ਦਿਨ ਨੂੰ ਅਮਰੀਕਾ ਲਈ ਕਾਲਾ ਦਿਨ ਕਿਹਾ ਜਾ ਸਕਦਾ ਹੈ। ਇਹ ਅਮਰੀਕਾ ਦੇ ਇਤਿਹਾਸ ਦਾ ਸਭ ਤੋਂ ਵੱਡਾ ਅੱਤਵਾਦੀ ਹਮਲਾ ਸੀ ਜੋ ਅਲ ਕਾਇਦਾ ਦੁਆਰਾ ਕੀਤਾ ਗਿਆ ਸੀ। ਇਸ ਦੇ ਨਾਲ ਹੀ ਅਫਗਾਨਿਸਤਾਨ ਵਿੱਚ ਬੈਠ ਕੇ ਓਸਾਬਾ ਬਿਨ ਲਾਦੇਨ ਨੇ ਇਸ ਦੀ ਰਚਨਾ ਕੀਤੀ ਸੀ।11 ਸਤੰਬਰ 2001 ਦੀ ਸਵੇਰ ਨੂੰ



ਅਲ-ਕਾਇਦਾ ਦੇ ਅੱਤਵਾਦੀਆਂ ਨੇ ਚਾਰ ਜਹਾਜ਼ਾਂ ਨੂੰ ਹਾਈਜੈਕ ਕਰ ਲਿਆ ਸੀ। ਉਨ੍ਹਾਂ ਦਾ ਮਕਸਦ ਵੱਖ-ਵੱਖ ਇਤਿਹਾਸਕ ਸਥਾਨਾਂ 'ਤੇ ਜਹਾਜ਼ ਨੂੰ ਕਰੈਸ਼ ਕਰਨਾ ਸੀ। ਪਹਿਲਾ ਜਹਾਜ਼ ਹਾਦਸਾ ਅਮਰੀਕਨ ਏਅਰਲਾਈਨਜ਼ ਫਲਾਈਟ 11 'ਤੇ ਵਾਪਰਿਆ, ਜੋ ਨਿਊਯਾਰਕ ਸਿਟੀ ਵਿਚ ਸਵੇਰੇ 8:46 ਵਜੇ ਵਰਲਡ ਟ੍ਰੇਡ ਸੈਂਟਰ ਦੇ ਉੱਤਰੀ ਟਾਵਰ ਨਾਲ ਟਕਰਾ ਗਿਆ। ਠੀਕ 17 ਮਿੰਟ ਬਾਅਦ ਯੂਨਾਈਟਿਡ ਏਅਰਲਾਈਨਜ਼ ਦੀ ਫਲਾਈਟ 175 ਦੱਖਣੀ ਟਾਵਰ ਨਾਲ ਟਕਰਾ ਗਈ। ਸਵੇਰੇ ਕਰੀਬ 9:37 ਵਜੇ ਅਮ-ਰੀਕਨ ਏਅਰਲਾਈਨਜ਼ ਦੀ ਫਲਾਈਟ 77 ਵਾਸ਼ਿੰਗਟਨ ਵਿੱਚ ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਨਾਲ ਟਕਰਾ ਗਈ ਅਤੇ ਚੌਥੀ ਹਾਈਜੈਕ ਫਲਾਈਟ 93 ਦਾ ਨਿਸ਼ਾਨਾ ਵ੍ਹਾਈਟ ਹਾਊਸ ਜਾਂ ਯੂਐਸ ਕੈਪੀਟਲ ਦੀ ਇਮਾਰਤ ਵੱਲ ਸੀ ਪਰ ਯਾਤਰੀਆਂ ਨਾਲ ਹੋਈ ਲੜਾਈ ਕਾਰਨ ਅੱਤਵਾਦੀਆਂ ਦੀ ਮੌਤ ਹੋ ਗਈ। ਜਹਾਜ਼ ਦਾ ਕੰਟਰੋਲ ਹੋ ਗਿਆ ਅਤੇ ਇਹ ਪੈਨਸਿਲਵੇਨੀਆ ਦੇ ਸ਼ੈਂਕਸਵਿਲੇ ਦੇ ਮੈਦਾਨਾਂ 'ਤੇ ਡਿੱਗ ਗਿਆ। ਇਸ ਹਮਲੇ ਨਾਲ ਅਮਰੀਕਾ ਹੀ ਨਹੀਂ ਪੂਰੀ ਦੁਨੀਆ ਦਹਿਲ ਗਈ ਸੀ। ਅੱਤਵਾਦੀਆਂ ਵਲੋਂ ਕੀਤੇ ਗਏ ਇਨ੍ਹਾਂ ਚਾਰ ਹਮਲਿਆਂ 'ਚ 2977 ਲੋਕ ਮਾਰੇ ਗਏ ਸਨ। ਇਨ੍ਹਾਂ ਵਿਚ 19 ਹਾਈਜੈਕਰ ਅੱਤਵਾਦੀ ਵੀ ਸ਼ਾਮਲ ਹਨ। ਮਰਨ ਵਾਲਿਆਂ ਵਿੱਚ ਚਾਰ ਜਹਾਜ਼ਾਂ ਵਿੱਚ ਸਵਾਰ 246 ਲੋਕ, ਵਰਲਡ ਟ੍ਰੇਡ ਸੈਂਟਰ ਦੇ ਅੰਦਰ ਅਤੇ ਆਲੇ-ਦੁਆਲੇ 2606 ਅਤੇ ਪੈਂਟਾਗਨ ਵਿੱਚ 125 ਲੋਕ ਸ਼ਾਮਲ ਸਨ। ਮਾਰੇ ਗਏ ਜ਼ਿਆਦਾਤਰ ਨਾਗਰਿਕ ਸਨ। ਇਸ ਦੇ ਨਾਲ ਹੀ ਰਾਹਤ ਅਤੇ ਬਚਾਅ ਕਾਰਜਾਂ ਦੌਰਾਨ 344 ਬਚਾਅ ਕਰਮਚਾਰੀ, 71 ਪੁਲਸ ਕਰਮਚਾਰੀ ਅਤੇ 55 ਫੌਜੀ ਜਵਾਨ ਵੀ ਮਾਰੇ ਗਏ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਫਸਟ ਲੇਡੀ ਜਿਲ ਬਾਈਡੇਨ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ 9/11 ਦੇ ਹਮਲਿਆਂ ਦੇ ਪੀੜਤਾਂ ਦੇ ਸਨਮਾਨ ਅਤੇ ਯਾਦ ਕਰਨ ਲਈ ਦੇਸ਼ ਭਰ ਦੀ ਯਾਤਰਾ ਕਰਨਗੇ। ਇਸ ਦੁਖਦ ਘਟਨਾ ਵਿੱਚ ਜਾਨਾਂ ਗਵਾਉਣ ਵਾਲਿਆਂ ਨੂੰ ਅੱਜ ਦੇ ਦਿਨ ਅਮਰੀਕਾ ਹੀ ਨਹੀਂ ਦੁਨੀਆ ਭਰ ਵਿੱਚ ਯਾਦ ਕੀਤਾ ਜਾਂਦਾ ਹੈ ਅਤੇ ਸ਼ਰਧਾਂਜਲੀ ਦਿੱਤੀ ਜਾਂਦੀ ਹੈ।

# ਥਾਣੇਦਾਰ ਵੱਲੋਂ ਥਾਣੇ ਵਿਚ ਗੋਲੀ ਮਾਰ ਕੇ ਆਤਮ ਹੱਤਿਆ

**ਹੁਸ਼ਿਆਰਪੁਰ–** ਸੀਨੀਅਰ ਅਧਿਕਾਰੀ ਵੱਲੋਂ ਕਥਿਤ ਤੌਰ 'ਤੇ ਸ਼ਰਮਸਾਰ ਕੀਤੇ ਜਾਣ ਤੋਂ ਦੁਖੀ ਹੋ ਕੇ ਥਾਣਾ ਹਰਿਆਣਾ (ਹੁਸ਼ਿਆਰਪੁਰ) ਵਿਚ ਤਾਇਨਾਤ ਪੰਜਾਬ ਪੁਲੀਸ ਦੇ ਇਕ 52 ਸਾਲਾ ਏਐੱਸਆਈ ਮ੍ਰਿਤਕ ਸਤੀਸ਼ ਨੇ ਥਾਣੇ ਵਿਚ ਹੀ ਆਪਣੀ ਸਰਵਿਸ ਰਿਵਾਲਵਰ ਨਾਲ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਮਰਨ ਤੋਂ ਪਹਿਲਾਂ ਸਤੀਸ਼ ਕੁਮਾਰ ਨੇ ਇਕ ਖ਼ੁਦਕੁਸ਼ੀ ਨੋਟ ਲਿਖਿਆ ਕਿ 8 ਸਤੰਬਰ ਨੂੰ ਸਵੇਰੇ 2 ਵਜੇ ਜਦੋਂ ਉਹ ਬਤੌਰ ਡਿਊਟੀ ਅਫ਼ਸਰ ਥਾਣੇ ਮੌਜੂਦ ਸੀ ਤਾਂ ਟਾਂਡਾ ਦੇ ਐੱਸ। ਐਚ। ਓ ਉਂਕਾਰ ਸਿੰਘ ਚੈਕਿੰਗ ਲਈ ਆਏ ਅਤੇ ਸਵਾਲ-ਜਵਾਬ ਕਰਨ ਲੱਗੇ। ਉਨ੍ਹਾਂ ਗਾਲਾਂ ਕੱਢੀਆਂ ਅਤੇ ਜ਼ਲੀਲ ਕੀਤਾ। ਏਐੱਸਆਈ ਨੇ ਨੋਟ ਵਿਚ ਲਿਖਿਆ ਕਿ ਐੱਸਐੱਚਓ ਨੇ ਉਸ ਖ਼ਿਲਾਫ਼ ਰੋਜ਼ਨਾਮਚੇ ਵਿਚ ਰਿਪੋਰਟ ਵੀ ਦਰਜ ਕੀਤੀ। ਇਸ ਤੋਂ ਦੁਖੀ ਹੋ ਕੇ ਏਐੱਸਆਈ ਨੇ ਆਤਮਹੱਤਿਆ ਕਰਨ ਦਾ ਮਨ ਬਣ ਲਿਆ। ਸਤੀਸ਼ ਕੁਮਾਰ ਨੇ ਜਾਂਚ ਕਮਰੇ ਵਿਚ ਜਾ ਕੇ



ਆਪਣੀ ਸਰਵਿਸ ਰਿਵਾਲਵਰ ਨਾਲ ਸਿਰ ਵਿਚ ਗੋਲੀ ਮਾਰ ਲਈ। ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ। ਥਾਣਾ ਹਰਿਆਣਾ ਵਿਚ ਹੀ ਉਸ ਦਾ ਭਰਾ ਮੋਹਣ ਲਾਲ ਵੀ ਬਤੌਰ ਏਐੱਸਆਈ ਤਾਇਨਾਤ ਹੈ। ਮੋਹਨ ਲਾਲ ਨੇ ਕਿਹਾ ਕਿ ਉਸ ਦੇ ਭਰਾ ਦਾ ਕਤਲ ਹੋਇਆ ਹੈ ਅਤੇ ਇਸ ਲਈ ਸਬੰਧਤ ਐੱਸ। ਐਚ। ਓ ਖਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ। ਘਟਨਾ ਬਾਰੇ ਪਤਾ ਲੱਗਦਿਆਂ ਕੁਝ ਜਥੇਬੰਦੀਆਂ ਵੀ ਮੌਕੇ 'ਤੇ ਆ ਗਈਆਂ ਅਤੇ ਘਟਨਾ ਦੀ ਨਿੰਦਾ ਕਰਦਿਆਂ ਐੱਸ।ਐਚ।ਓ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ। ਐੱਸ।ਐਚ।ਓ ਨਾਲ ਰਾਬਤਾ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਫ਼ੋਨ ਨਹੀਂ ਚੁੱਕਿਆ।

ਐੱਸਐੱਸਪੀ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਐੱਸਪੀ (ਜਾਂਚ) ਨੂੰ ਸੌਂਪ ਦਿੱਤੀ ਗਈ ਹੈ ਅਤੇ ਐੱਸਐਚਓ ਟਾਂਡਾ ਨੂੰ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੇਸ ਦੀ ਨਿਰਪੱਖਤਾ ਨਾਲ ਜਾਂਚ ਕੀਤੀ ਜਾਵੇਗੀ। ਪੁਲੀਸ ਵਲੋਂ ਮ੍ਰਿਤਕ ਦੀ ਪਤਨੀ ਅੰਮ੍ਰਿਤਪਾਲ ਕੌਰ ਦੇ ਬਿਆਨ ਦਰਜ ਕੀਤੇ ਗਏ ਹਨ। ਮ੍ਰਿਤਕ ਦੇ ਦੋਵੇਂ ਬੱਚੇ ਵਿਦੇਸ਼ ਵਿਚ ਹਨ।

# 'ਕੈਰੀ ਆਨ ਜੱਟਾ 3' 29 ਜੂਨ 2023 ਨੂੰ ਸਿਨੇਮਾ ਘਰਾਂ ਵਿਚ ਹੋਵੇਗੀ ਰਿਲੀਜ਼

'ਕੈਰੀ ਆਨ ਜੱਟਾ 3' ਫ਼ਿਲਮ ਦਾ ਐਲਾਨ ਕਾਫ਼ੀ ਪਹਿਲਾਂ ਤੋਂ ਹੋ ਚੁੱਕਿਆ ਹੈ। ਇਹ ਫ਼ਿਲਮ 29 ਜੂਨ 2023 ਨੂੰ ਸਿਨੇਮਾਘਰਾਂ ਵਿਚ ਰਿਲੀਜ਼ ਹੋਵੇਗੀ। ਇਸ ਤੋਂ ਪਹਿਲਾਂ ਫ਼ਿਲਮ 'ਤੇ ਇਹ ਸਸਪੈਂਸ ਰੱਖਿਆ ਗਿਆ ਸੀ ਕਿ ਕਿਹੜੀ ਅਦਾਕਾਰਾ ਫ਼ਿਲਮ ਵਿਚ ਗਿੱਪੀ ਗਰੇਵਾਲ ਨਾਲ ਨਜ਼ਰ ਆਵੇਗੀ। ਹੁਣ ਇਸ ਦਾ ਖੁਲਾਸਾ ਹੋ ਗਿਆ ਹੈ। ਫ਼ਿਲਮ




ਵਿੱਚ ਸੋਨਮ ਬਾਜਵਾ ਗਿੱਪੀ ਗਰੇਵਾਲ ਨਾਲ ਐਕਟਿੰਗ ਕਰਦੀ ਨਜ਼ਰ ਆਵੇਗੀ। ਇਸ ਸਬੰਧੀ ਫ਼ਿਲਮ ਦੀ ਸਟਾਰਕਾਸਟ ਵੱਲੋਂ ਤਸਵੀਰਾਂ ਸਾਂਝੀਆਂ ਕਰਕੇ ਐਲਾਨ ਕਰ ਦਿਤਾ ਗਿਆ ਹੈ। ਫ਼ਿਲਮ ਵਿਚ ਗਿੱਪੀ ਗਰੇਵਾਲ, ਸੋਨਮ ਬਾਜਵਾ, ਗੁਰਪ੍ਰੀਤ ਘੁੱਗੀ, ਬਿਨੂੰ ਢਿੱਲੋਂ ਤੇ ਨਰੇਸ਼ ਕਥੂਰੀਆ ਮੁੱਖ ਕਿਰਦਾਰ ਨਿਭਾਉਂਦੇ ਨਜ਼ਰ ਆਉਣਗੇ।

# ਅੰਮ੍ਰਿਤਸਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਨੋਟੀਫਿਕੇਸ਼ਨ ਜਾਰੀ ਕਰੇ ਪੰਜਾਬ ਸਰਕਾਰ : ਧਾਮੀ



**ਅਨੰਦਪੁਰ ਸਾਹਿਬ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਪਵਿੱਤਰ ਸ਼ਹਿਰ ਐਲਾਨਣ ਦਾ ਨੋਟੀਫਿਕੇਸ਼ਨ ਜਾਰੀ ਕਰੇ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਧਰਮ ਪ੍ਰਚਾਰ ਦੀ ਲਹਿਰ ਸਿਖਰਾਂ 'ਤੇ ਹੈ, ਜਿਸ ਤਹਿਤ 200 ਮਿਸ਼ਨਰੀ ਵਿਦਿਆਰਥੀਆਂ ਨੂੰ ਜੂਨ ਦੀਆਂ ਛੁੱਟੀਆਂ ਵਿਚ 50 ਪਿੰਡਾਂ ਵਿਚ ਪ੍ਰਚਾਰ ਕੀਤਾ ਅਤੇ ਵੱਡੀ ਪੱਧਰ 'ਤੇ ਪਰਿਵਾਰਾਂ ਦੀ ਘਰ ਵਾਪਸੀ ਹੋਈ ਹੈ ਅਤੇ ਇਹ ਲੜੀ ਇਸੇ ਤਰ੍ਹਾਂ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਧਰਮ ਪਰਿਵਰਤਨ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਹਰੇਕ ਪਹਿਲੂ 'ਤੇ ਵਿਚਾਰ ਕੀਤਾ ਜਾਂਦਾ ਹੈ ਅਤੇ ਇਸ ਨੂੰ ਰੋਕਣ ਦਾ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ।

# ਹਰਸ਼, ਨਵਜੋਤ ਤੇ ਤਨਵੀਰ ਨੇ ਜਿੱਤੀ ਲਿਖਤੀ ਪ੍ਰਤੀਯੋਗਤਾ

## ਸਮਾਜਿਕ ਸਾਂਝ ਸੰਸਥਾ ਬੰਗਾ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਹਿਲ ਗਹਿਲਾਂ ਵਿਖੇ ਆਮ ਗਿਆਨ ਦੀ ਪ੍ਰੀਖਿਆ

**ਬੰਗਾ, (ਰੇਸ਼ਮ ਕਰਨਾਣਵੀ)–** ਸਮਾਜਿਕ ਸਾਂਝ ਸੰਸਥਾ ਬੰਗਾ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਹਿਲ ਗਹਿਲਾਂ ਵਿਖੇ ਆਮ ਗਿਆਨ ਦੀ ਲਿਖਤੀ ਪ੍ਰੀਖਿਆ ਲਈ ਗਈ। ਇਸ ਪ੍ਰੀਖਿਆ ਵਿੱਚ ਗਿਆਰਵੀਂ ਜਮਾਤ ਦੇ ਵਿਦਿਆਰਥੀ ਹਰਸ਼ ਝਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਵੇਂ ਬਾਹਰਵੀਂ ਜਮਾਤ ਦਾ ਵਿਦਿਆਰਥੀ ਨਵਜੋਤ ਸਿੰਘ ਦੂਜੇ ਸਥਾਨ 'ਤੇ ਰਿਹਾ ਅਤੇ ਨੌਵੀਂ ਜਮਾਤ ਦੇ ਵਿਦਿਆਰਥੀ ਤਨਵੀਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।




ਇਹਨਾਂ ਜੇਤੂਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਪ੍ਰਮਾਣ ਪੱਤਰ ਪ੍ਰਦਾਨ ਕੀਤੇ ਗਏ ਜਦੋਂ ਕਿ ਬਾਕੀ ਸਾਰੇ ਪ੍ਰਤੀਯੋਗੀਆਂ ਨੂੰ ਵੀ ਸੰਸਥਾ ਵਲੋਂ ਉਤਸ਼ਾਹੂ ਇਨਾਮ ਤਕਸੀਮ ਕੀਤੇ ਗਏ। ਇਹ ਰਸਮ ਸੰਸਥਾ ਦੇ ਪ੍ਰਧਾਨ ਹਰਮਿੰਦਰ ਸਿੰਘ ਤਲਵੰਡੀ ਅਤੇ ਸਕੂਲ ਦੇ ਪ੍ਰਿੰਸੀਪਲ ਜਤਿੰਦਰ ਮੋਹਨ ਅਤੇ ਪ੍ਰੀਖਿਆ ਪ੍ਰਬੰਧਕ ਸੁਰਜੀਤ ਮਜਾਰੀ ਨੇ ਸਾਂਝੇ ਤੌਰ 'ਤੇ ਨਿਭਾਈ। ਉਹਨਾਂ ਪ੍ਰਤੀਯੋਗੀਆਂ ਨੂੰ ਸ਼ੁੱਭ ਕਾਮਨਾਵਾਂ ਦਿੰਦਿਆਂ ਕਿਹਾ ਕਿ ਆਮ ਗਿਆਨ ਦੀਆਂ ਅਜਿਹੀਆਂ ਪ੍ਰੀਖਿਆਵਾਂ ਵਿਦਿਆਰਥੀ ਵਰਗ ਅੰਦਰ ਚੰਗੇ ਭਵਿੱਖ ਲਈ ਊਰਜਾ ਦਾ ਸਬੱਬ ਬਣਦੀਆਂ ਹਨ। ਪ੍ਰਬੰਧਕਾਂ ਵਲੋਂ ਇਹ ਜਾਣਕਾਰੀ ਵੀ ਸਾਂਝੀ ਗਈ ਕਿ 25 ਸਵਾਲਾਂ ਦੇ 25 ਅੰਕਾਂ ਵਾਲੀ ਇਸ ਪ੍ਰੀਖਿਆ ਵਿੱਚ ਹਰ ਸਿੱਖਿਆ ਸੰਸਥਾ ਦੇ 25 ਵਿਦਿਆਰਥੀ ਸ਼ਾਮਲ ਕੀਤੇ ਜਾਂਦੇ ਹਨ ਅਤੇ ਇਸ ਕਾਰਜ ਨੂੰ ਹਲਕੇ ਦੇ 25 ਵਿੱਦਿਅਕ ਅਦਾਰਿਆਂ ਵਿੱਚ ਕਰਾਉਣ ਦਾ ਟੀਚਾ ਮਿੱਥਿਆ ਗਿਆ ਹੈ। ਇਸ ਪ੍ਰੀਖਿਆ ਦੇ ਸਹਿਯੋਗ ਹਿੱਤ ਲੈਕਚਰਾਰ ਰਜਿੰਦਰ ਸ਼ਰਮਾ, ਪ੍ਰੇਮ ਸਿੰਘ ਸੁਰਾਪੁਰ, ਅਮਨਪ੍ਰੀਤ ਕੌਰ ਅਤੇ ਸਮੁੱਚੇ ਸਟਾਫ਼ ਦਾ ਨਿੱਘਾ ਸਹਿਯੋਗ ਰਿਹਾ।

# ਕ੍ਰਿਸ਼ੀ ਵਿਗਿਆਨ ਕੇਂਦਰ ਖੇੜੀ ਨੇ ਕੌਮੀ ਪੋਸ਼ਣ ਮਹੀਨਾ ਮਨਾਇਆ

**ਸੰਗਰੂਰ (ਦਲਜੀਤ ਕੌਰ ਭਵਾਨੀਗੜ੍ਹ )–** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਖੇੜੀ ਵੱਲੋਂ ਡਾ। ਮਨਦੀਪ ਸਿੰਘ ਦੀ ਅਗਵਾਈ ਅਧੀਨ ਕੌਮੀ ਪੋਸ਼ਣ ਮਹੀਨਾ ਮਨਾਇਆ ਗਿਆ। ਜਿਸ ਦੌਰਾਨ ਪਿੰਡ ਮੰਗਵਾਲ ਅਤੇ ਸਤੌਜ ਵਿਖੇ ਕਿਸਾਨ ਅਤੇ ਕਿਸਾਨ ਬੀਬੀਆਂ ਨੂੰ ਪੌਸ਼ਟਿਕ ਖੁਰਾਕ ਅਤੇ ਪੌਸ਼ਟਿਕ ਘਰੇਲੂ ਬਗੀਚੀ ਬਾਰੇ ਜਾਣਕਾਰੀ ਦਿੱਤੀ ਗਈ। ਇਹਨਾਂ ਪ੍ਰੋਗਰਾਮਾਂ ਮੌਕੇ ਡਾ: ਮਨਦੀਪ ਸਿੰਘ, ਐਸੋਸੀਏਟ ਡਾਇਰੈਕਟਰ (ਟਰੇਨਿੰਗ), ਕ੍ਰਿਸ਼ੀ ਵਿਗਿਆਨ ਕੇਂਦਰ, ਖੇੜੀ ਨੇ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੂੰ ਕੌਮੀ ਪੋਸ਼ਣ ਮਹੀਨੇ ਦੇ ਇਤਿਹਾਸ ਅਤੇ ਮਹੱਤਤਾ ਬਾਰੇ ਵਿਸਥਾਰ–ਪੂਰਵਕ ਜਾਣਕਾਰੀ ਦਿੰਦਿਆਂ ਘਰੇਲੂ ਪੱਧਰ 'ਤੇ ਫਲਾਂ ਅਤੇ ਸਬਜੀਆਂ ਦੀ ਪੌਸ਼ਟਿਕ ਬਗੀਚੀ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਤੋਂ ਇਲਾਵਾ ਉਹਨਾਂ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੂੰ ਕਣਕ, ਜੌਂ, ਛੋਲੇ ਅਤੇ ਸਰੋਂ ਦੀਆਂ ਵਧੇਰੇ ਖੁਰਾਕੀ ਗੁਣਵੱਤਾ ਵਾਲੀਆਂ ਅਤੇ ਸੁਧਰੀਆਂ ਕਿਸਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਉਹਨਾਂ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਤਾਲਮੇਲ ਕਰਕੇ ਸਹਾਇਕ ਧੰਦੇ ਅਪਣਾਉਣ ਲਈ ਵੀ ਪ੍ਰੇਰਿਤ ਕੀਤਾ।




ਡਾ। ਰਵਿੰਦਰ ਕੌਰ, ਸਹਾਇਕ ਪ੍ਰੋਫੈਸਰ (ਬਾਗਬਾਨੀ) ਨੇ ਕਿਹਾ ਕਿ ਸਹੀ ਪੋਸ਼ਣ ਵਿਅਕਤੀ ਦੇ ਸਰਵਪੱਖੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇੱਕ ਸੰਤੁਲਿਤ ਖੁਰਾਕ ਮਨੁੱਖੀ ਸਰੀਰ ਦੇ ਨਿਰਵਿਘਨ ਕੰਮ ਕਰਨ ਬਹੁਤ ਹੀ ਅਹਿਮ ਮੰਨੀ ਜਾਂਦੀ ਹੈ। ਉਹਨਾਂ ਨੇ ਕਿਸਾਨਾਂ ਅਤੇ ਕਿਸਾਨ ਸੁਆਣੀਆਂ ਨੂੰ ਰੋਜ਼ਾਨਾ ਖੁਰਾਕ ਵਿੱਚ ਵੱਖ–ਵੱਖ ਕਿਸਮਾਂ ਦੀਆਂ ਸਬਜ਼ੀਆਂ ਅਤੇ ਫਲਾਂ ਨੂੰ ਸ਼ਾਮਲ ਕਰਨ 'ਤੇ ਜ਼ੋਰ ਦਿੱਤਾ। ਡਾ ਅਸ਼ੋਕ ਕੁਮਾਰ ਸਹਾਇਕ ਪ੍ਰੋਫੈਸਰ (ਭੂਮੀ ਵਿਗਿਆਨ) ਨੇ ਘਰੇਲੂ ਸਬਜ਼ੀ ਬਗੀਚੀ ਵਿੱਚ ਦੇਸੀ ਖਾਦਾਂ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ। ਇਹਨਾਂ ਕੈਂਪਾਂ ਦੌਰਾਨ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ ਐਸ ਸੀ ਐਸ ਪੀ ਸਕੀਮ ਤਹਿਤ ਸਰਦੀ ਰੁੱਤ ਦੀਆਂ ਸਬਜ਼ੀਆਂ ਦੇ ਬੀਜਾਂ ਦੀਆਂ ਕਿੱਟਾਂ ਦੀਆਂ ਪ੍ਰਦਰਸ਼ਨੀਆਂ ਵੀ ਦਿੱਤੀਆਂ ਗਈਆਂ ਤਾਂ ਜੋ ਉਹ ਆਪਣੇ ਪਰਿਵਾਰ ਲਈ ਤਾਜ਼ੀ ਅਤੇ ਨਰੋਈ ਸਬਜ਼ੀ ਪੈਦਾ ਕਰ ਸਕਣ। ਇਸ ਤੋਂ ਇਲਾਵਾ ਉਹਨਾਂ ਨੂੰ ਟਮਾਟਰਾਂ ਦੀ ਪਨੀਰੀ ਅਤੇ ਘਰੇਲੂ ਸਬਜ਼ੀ ਬਗੀਚੀ ਬਾਰੇ ਖੇਤੀ ਸਾਹਿਤ ਵੀ ਮੁਹੱਈਆ ਕਰਵਾਇਆ ਗਿਆ।

# ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਵਿਖੇਂ ਗੁਰੂ ਘਰ ਦੀ ਕਮੇਟੀ ਵੱਲੋ ਡਾਕਟਰ ਨਰਿੰਦਰ ਸਿੰਘ ਕੰਗ ਸਮੇਤ ਤਿੰਨ ਸ਼ਖ਼ਸੀਅਤਾ ਨੂੰ ਸਨਮਾਨਿਤ ਕੀਤਾ



**ਨਿਊਯਾਰਕ, 12 ਸਤੰਬਰ (ਰਾਜ ਗੋਗਨਾ )—** ਬੀਤੇਂ ਦਿਨ ਡਾ: ਨਰਿੰਦਰ ਸਿੰਘ ਕੰਗ, ਸਾਬਕਾ ਸਰਪੰਚ ਪਿੰਡ ਖੱਸਣ ਤਹਿਸੀਲ ਭੁਲੱਥ ਜੋ ਵਿੱਦਿਅਕ ਅਤੇ ਵਾਤਾਵਰਣ ਮਾਮਲਿਆਂ ਵਿੱਚ ਚਾਰ ਵਾਰ ਰਾਸ਼ਟਰੀ ਪੁਰਸਕਾਰ, ਅਤੇ ਗਲੋਬਲ ਐਵਾਰਡੀ ਵੀ ਹਨ।ਅੱਜ ਕੱਲ ਉਹ ਅਮਰੀਕਾ ਦੇ ਦੌਰੇ ਤੇ ਨਿਊਯਾਰਕ ਆਏ ਹੋਏ ਹਨ।ਜਿੱਥੇ ਉਹ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਨਿਊਯਾਰਕ ਗੁਰਦੁਆਰਾ ਸਾਹਿਬ ਵਿਖੇਂ ਨਮਸਤਕ ਹੋਏ ਜਿੱਥੇ ਗੁਰੂ ਘਰ ਦੀ ਕਮੇਟੀ ਵੱਲੋ ਹੋਰ ਦੋ ਪਤਵੰਤਿਆਂ ਦੇ ਨਾਲ ਡਾਕਟਰ ਨਰਿੰਦਰ ਸਿੰਘ ਕੰਗ ਨੂੰ ਸਿਰਪਓ ਦੇ ਕੇ ਉਹਨਾ ਨੂੰ ਸਨਮਾਨਿਤ ਕੀਤਾ ਗਿਆ। ਉਹਨਾਂ ਨਾਲ ਕਮੇਟੀ ਦੇ ਸਾਬਕਾ ਪ੍ਰਧਾਨ ਸ: ਗੁਰਦੇਵ ਸਿੰਘ ਕੰਗ, ਮੋਜੂਦਾ ਗੁਰੂ ਘਰ ਕਮੇਟੀ ਦੇ ਪ੍ਰਧਾਨ ਸ਼ਃ ਜਤਿੰਦਰ ਸਿੰਘ ਬੋਪਾਰਾਏ, ਗੁਰੂ ਘਰ ਦੇ ਹੈੱਡ ਗ੍ਰੰਥੀ ਗਿਆਨੀ ਧਰਮਵੀਰ ਸਿੰਘ ਜੀ, ਅਸ਼ੋਕ ਕੁਮਾਰ ਸ਼ਰਮਾਂ ਖੱਸਣ (ਜੇ।ਐਮ।ਡੀ। ਗਰੁੱਪ) ਅਤੇ ਗੁਰੂ ਘਰ ਕਮੇਟੀ ਦੇ ਮੈਂਬਰ ਨਾਲ ਖੜੇ ਦਿਖਾਈ ਦੇ ਰਹੇ ਹਨ।

# ਖੇਡ ਸਹੂਲਤਾਂ ਨੂੰ ਤਰਸਦੀਆਂ ਅਕੈਡਮੀਆਂ ਸਿਰਫ ਨਾਮ ਦੀਆਂ ਰਹਿ ਗਈਆਂ

**ਬਲਜਿੰਦਰ ਮਾਨ**

ਅੱਜ ਦਾ ਯੁਗ ਤਕਨੀਕ ਦਾ ਯੁੱਗ ਹੈ। ਇਸ ਲਈ ਖਿਡਾਰੀ ਨੂੰ ਆਧੁਨਿਕ ਤਕਨੀਕ ਅਤੇ ਆਧੁਨਿਕ ਸਾਜ਼ੋ–ਸਮਾਨ ਨਾਲ ਲੈਸ ਕਰਨ ਦੀ ਜ਼ਰੂਰਤ ਹੈ। ਪਿਛਲੀ ਸਰਕਾਰ ਨੇ ਮਿਡਲ ਸਕੂਲਾਂ 'ਚੋਂ ਪੀਟੀਆਈ ਦੀ ਪੋਸਟ ਖਤਮ ਕਰਕੇ ਵੱਡਾ ਨੁਕਸਾਨ ਕੀਤਾ ਸੀ। ਹੋਰ ਅਧਿਆਪਕ ਰੁਚੀ ਅਨੁਸਾਰ ਤਿਆਰੀ ਤਾਂ ਕਰਵਾਉਂਦੇ ਹਨ ਪਰ ਅਸਲੀ ਜਾਣਕਾਰੀ ਤਾਂ ਉਸ ਵਿਸ਼ੇ ਦੇ ਮਾਹਿਰ ਹੀ ਦੇ ਸਕਦੇ ਹਨ। ਸਕੂਲ ਪੱਧਰ 'ਤੇ ਤਿਆਰ ਕੀਤੇ ਜਾ ਰਹੇ ਖਿਡਾਰੀਆਂ ਦੀ ਡਾਈਟ ਅਤੇ ਕੋਚਿੰਗ ਦਾ ਵੀ ਵਧੀਆ ਪ੍ਰਬੰਧ ਕੀਤਾ ਜਾਵੇ।

ਹਰ ਸਕੂਲ ਦੇ ਹੋਣਹਾਰ ਖਿਡਾਰੀਆਂ ਦੀ ਵਿਸ਼ੇਸ਼ ਕੈਂਪਾਂ ਰਾਹੀ ਕੋਚਿੰਗ ਕਰਵਾਉਣੀ ਲਾਜ਼ਮੀ ਕੀਤੀ ਜਾਵੇ। ਜਿਹੜੇ ਖਿਡਾਰੀ ਬਲਾਕ ਜਾਂ ਕਲੱਸਟਰ ਪੱਧਰ 'ਤੇ ਮੱਲਾਂ ਮਾਰਦੇ ਹਨ, ਉਹਨਾਂ ਦੇ ਵਿਸ਼ੇਸ਼ ਕੈਂਪ ਲਗਾ ਕੇ ਤਿਆਰੀ ਕਰਵਾਉਣੀ ਚਾਹੀਦੀ ਹੈ। ਮੁਕਾਬਲਿਆਂ ਵਿਚ ਹੁੰਦੀਆਂ ਹੇਰਾਫੇਰੀਆਂ ਰੋਕਣ ਦੀ ਖਾਸ ਜ਼ਰੂਰਤ ਹੈ। ਭਾਈ ਭਤੀਜਾਵਾਦ ਕਾਰਨ ਕਈ ਵਾਰ ਯੋਗ ਖਿਡਾਰੀ ਰਹਿ ਜਾਂਦੇ ਹਨ। ਯੁਵਕ ਸੇਵਾਵਾਂ ਵਿਭਾਗ ਪੰਜਾਬ ਨੂੰ ਪਿੰਡਾਂ ਦੀਆਂ ਖੇਡ ਕਲੱਬਾਂ ਅਤੇ ਨੌਜਵਾਨ ਕਲੱਬਾਂ ਨੂੰ ਸਰਗਰਮ ਕਰਨ ਦੀ ਜ਼ਰੂਰਤ ਹੈ। ਹੁਣ ਕਾਗਜ਼ੀ ਕੰਮ ਨਹੀਂ ਸਗੋਂ ਜ਼ਮੀਨੀ ਪੱਧਰ 'ਤੇ ਸਭ ਕੁਝ ਕਰਨ ਦੀ ਜ਼ਰੂਰਤ ਹੈ। ਨਹਿਰੂ ਯੁਵਾ ਕੇਂਦਰ ਸੰਗਠਨ (ਭਾਰਤ ਸਰਕਾਰ) ਦਾ ਵੀ ਇਹਨਾਂ ਗਤੀਵਿਧੀਆਂ ਵਿਚ ਸਹਿਯੋਗ ਲਿਆ ਜਾ ਸਕਦਾ ਹੈ। ਜਿਹੜੇ ਕਲੱਬ ਦਹਾਕਿਆਂ ਤੋਂ ਖੇਡ ਸਰਗਰਮੀਆਂ ਕਰ ਰਹੇ ਹਨ, ਉਹਨਾਂ ਦੇ ਪ੍ਰਬੰਧਕਾਂ ਦੀ ਰਾਇ ਵੀ ਖੇਡ ਨੀਤੀ ਵਿਚ ਸ਼ਾਮਲ ਹੋਵੇ। ਇਹਨਾਂ ਸੰਸਥਾਵਾਂ ਦੀ ਸਰਪ੍ਰਸਤੀ ਕਰਨੀ ਵੀ ਸਰਕਾਰ ਦਾ ਟੀਚਾ ਹੋਣਾ ਚਾਗੀਦਾ ਹੈ। ਹਰ ਪਿੰਡ ਦੇ ਖਿਡਾਰੀ ਦੀ ਪ੍ਰਗਤੀ ਵਾਸਤੇ ਵਿਸ਼ੇਸ਼ ਉਪਰਾਲੇ ਕਰਨੇ ਪਿੰਡ ਦੀ ਪੰਚਾਇਤ ਦੀ ਜ਼ਿੰਮੇਵਾਰੀ ਬਣਦੀ ਹੈ ਕਿਉਂਕਿ ਪਿੰਡ ਦਾ ਨਾਮ ਉਸ ਨੇ ਮਸ਼ਹੂਰ ਕਰਨਾ ਹੁੰਦਾ ਹੈ।



ਕਾਫੀ ਸਮਾਂ ਪਹਿਲਾਂ ਸਰਕਾਰ ਨੇ ਖੇਡ ਅਕੈਡਮੀਆਂ ਬਣਾਉਣ ਦੀ ਤਜਵੀਜ਼ ਲਿਆਂਦੀ ਸੀ ਜਿਸ ਤਹਿਤ ਇਲਾਕੇ ਦੀ ਮਸ਼ਹੂਰ ਖੇਡ ਦੀ ਅਕੈਡਮੀ ਬਣਾਈ ਜਾਣੀ ਸੀ। ਇਸ ਤਹਿਤ ਉਸ ਇਲਾਕੇ ਦੇ ਖਿਡਾਰੀਆਂ ਨੂੰ ਅੱਗੇ ਵਧਣ ਦਾ ਮੌਕਾ ਮਿਲਣਾ ਸੀ। ਇਹਨਾਂ ਦੀ ਕਾਰਜ ਪ੍ਰਣਾਲੀ ਵੀ ਸ਼ੱਕ ਦੇ ਘੇਰੇ ਹੇਠ ਹੀ ਰਹੀ। ਖੇਡ ਵਿਭਾਗ ਅਤੇ ਸਿੱਖਿਆ ਵਿਭਾਗ ਵਿਚ ਆਪਸੀ ਤਾਲਮੇਲ ਦੀ ਕਮੀ ਕਾਰਨ ਇਸ ਸਕੀਮ ਦਾ ਇਲਾਕਿਆਂ ਨੂੰ ਪੂਰਾ ਲਾਭ ਨਹੀਂ ਮਿਲ ਸਕਿਆ। ਸਹੂਲਤਾਂ ਨੂੰ ਤਰਸਦੀਆਂ ਅਕੈਡਮੀਆਂ ਸਿਰਫ ਨਾਮ ਦੀਆਂ ਅਕੈਡਮੀਆਂ ਰਹਿ ਗਈਆਂ। ਫਿਰ ਸਿਆਸੀ ਦਖਲ ਨੇ ਇਹਨਾਂ ਦੀ ਹਾਲਤ ਹੋਰ ਪਤਲੀ ਕਰ ਦਿੱਤੀ। ਇਲਾਕੇ ਦੀ ਖੇਡ ਦੇ ਵਿਕਾਸ ਲਈ ਅਕੈਡਮੀਆਂ ਦੀ ਉਸਾਰੀ ਸਮੇਂ ਦੀ ਮੰਗ ਹੈ ਬਸ਼ਰਤੇ ਇਹਨਾਂ ਵਿਚ ਆਧੁਨਿਕ ਤਕਨੀਕ ਨਾਲ ਲੈਸ ਸਟਾਫ ਅਤੇ ਸਾਜ਼ੋ–ਸਮਾਨ ਹੋਵੇ। ਮਾਹਿਲਪੁਰ ਦੀ ਫੁੱਟਬਾਲ ਅਕੈਡਮੀ ਅਤੇ 1975 ਵਿਚ ਬਣੇ ਖੇਡ ਵਿੰਗ ਦੀਆਂ ਪ੍ਰਾਪਤੀਆਂ ਤੇ ਘਾਟਾਂ ਦੀ ਚਰਚਾ ਸਰਕਾਰੇ ਦਰਬਾਰੇ ਅਕਸਰ ਗੂੰਜਦੀ ਰਹੀ ਹੈ। ਇਸ ਸ਼ਹਿਰ ਨੂੰ 'ਸਾਕਰ ਸਿਟੀ' ਦਾ ਦਰਜਾ ਦੇਣ ਦਾ ਸੰਕਲਪ ਅੱਜ ਤਕ ਪੂਰਾ ਨਹੀਂ ਹੋਇਆ ਜਦਕਿ ਇਸ ਇਲਾਕੇ ਨੇ ਏਸ਼ੀਆ ਦੇ ਕਪਤਾਨ ਅਰਜਨ ਐਵਾਰਡੀ ਉਲੰਪੀਅਨ ਜਰਨੈਲ ਸਿੰਘ, ਅਰਜਨ ਐਵਾਰਡੀ ਗੁਰਦੇਵ ਸਿੰਘ ਗਿੱਲ, ਮਨਜੀਤ ਸਿੰਘ, ਹਰਦੀਪ ਸੰਘਾ ਅਤੇ ਪਰਮਿੰਦਰ ਸਿੰਘ ਵਰਗੇ ਸੈਂਕੜੇ ਖਿਡਾਰੀ ਪੈਦਾ ਕੀਤੇ ਹਨ। ਇੰਨੀਆਂ ਪ੍ਰਾਪਤੀਆਂ ਦੇ ਬਾਵਜੂਦ ਕੋਈ ਵੀ ਸਰਕਾਰ ਇਥੇ ਕੌਮਾਂਤਰੀ ਪੱਧਰ ਦਾ ਸਟੇਡੀਅਮ ਅਤੇ ਖੇਡ ਮੈਦਾਨ ਤਿਆਰ ਨਹੀਂ ਕਰ ਸਕੀ। ਇਸੇ ਤਰ੍ਹਾਂ ਸੰਸਾਰਪੁਰ ਦਾ ਨਾਮ ਹਾਕੀ ਜਗਤ ਵਿਚ ਬੜੇ ਅਦਬ ਨਾਲ ਲਿਆ ਜਾਂਦਾ ਹੈ। ਪੰਜਾਬ ਦੇ ਹਰ ਇਲਾਕੇ ਦੀ ਆਪੋ–ਆਪਣੀ ਪਿਆਰੀ ਅਤੇ ਨਿਆਰੀ ਖੇਡ ਹੈ ਜਿਸ ਦੇ ਵਿਕਾਸ ਲਈ ਇਹ ਯਤਨ ਅਕੈਡਮੀਆਂ ਰਾਹੀਂ ਹੋਣੇ ਲੋੜੀਂਦੇ ਹਨ। ਸਕੂਲਾਂ ਵਿਚ ਤਿਆਰ ਹੋ ਰਹੇ ਚੋਣਵੇਂ ਖਿਡਾਰੀਆਂ ਦੀ ਤਿਆਰੀ ਕੌਮੀ ਅਤੇ ਕੌਮਾਂਤਰੀ ਮੁਕਾਬਲਿਆਂ ਵਾਸਤੇ ਇਹਨਾਂ ਅਕੈਡਮੀਆਂ ਵਿਚ ਕਰਵਾਈ ਜਾ ਸਕਦੀ ਹੈ। ਨਾਮਕਰਨ ਨਾਲ ਕੁਝ ਨਹੀਂ ਬਣਨਾ ਸਗੋਂ ਸੰਸਾਰ ਪੱਧਰੀ ਅਧੁਨਿਕ ਢਾਂਚਾ ਉਸਾਰ ਕੇ ਹੀ ਬਿਹਤਰ ਨਤੀਜਿਆਂ ਦੀ ਆਸ ਲਾਈ ਜਾ ਸਕਦੀ ਹੈ। ਕਾਰਪੋਰੇਟ ਘਰਾਣਿਆਂ ਨੂੰ ਟੀਮਾਂ ਨੂੰ ਸਪਾਂਸਰ ਕਰਨਾ ਚਾਹੀਦਾ ਹੈ ਜਿਸ ਨਾਲ ਉਹਨਾਂ ਦੇ ਉਦਪਾਦ ਦੀ ਵਿਕਰੀ ਵਧੇਗੀ ਅਤੇ ਪੰਜਾਬੀਆਂ ਦੀ ਸ਼ਾਨ ਨੂੰ ਚਾਰ ਚੰਨ ਲੱਗਣਗੇ।

ਪਿੰਡਾਂ ਦੀ ਖਾਲੀ ਪਈ ਜ਼ਮੀਨ ਨੂੰ ਖੇਡ ਮੈਦਾਨਾਂ ਵਿਚ ਤਬਦੀਲ ਕਰਨਾ ਚਾਹੀਦਾ ਹੈ। ਨੇੜਲੇ ਪੰਜਾਂ ਸੱਤਾਂ ਪਿੰਡਾਂ ਵਾਸਤੇ ਕੋਚਿੰਗ ਸੈਂਟਰ ਬਣਾਇਆ ਜਾਵੇ ਜਿਥੇ ਲਾਗਲੇ ਪਿੰਡਾਂ ਦੇ ਗੱਭਰੂ ਅਤੇ ਮੁਟਿਆਰਾਂ ਆਪੋ–ਆਪਣਾ ਅਭਿਆਸ ਕਰ ਸਕਣ। ਉਹਨਾਂ ਦੀ ਕੋਚਿੰਗ ਵਾਸਤੇ ਮਾਹਿਰ ਕੋਚ ਸ਼ਾਮ ਸਵੇਰੇ ਹਾਜ਼ਰ ਹੋਣ ਤਾਂ ਕਿ ਉਹਨਾਂ ਦੀ ਖੇਡ ਕਲਾ ਨਿਖਰ ਸਕੇ। ਪਿੰਡ, ਸੈਂਟਰ, ਕਲੱਸਟਰ, ਬਲਾਕ ਜ਼ਿਲ੍ਹਾ ਅਤੇ ਰਾਜ ਪੱਧਰੀ ਮੁਕਾਬਲੇ ਕਰਵਾਏ ਜਾਣ ਤਾਂ ਜੋ ਖਿਡਾਰੀਆਂ ਵਿਚ ਮੁਕਾਬਲਾ ਤੇ ਉਤਸ਼ਾਹ ਵਧ ਸਕੇ। ਹੋਣਹਾਰ ਖਿਡਾਰੀਆਂ ਦੀ ਪੜ੍ਹਾਈ ਅਤੇ ਖੇਡ ਕੋਚਿੰਗ ਦਾ ਸਾਰਾ ਜ਼ਿੰਮਾ ਸਰਕਾਰ ਨੂੰ ਚੁੱਕਣਾ ਚਾਹੀਦਾ ਹੈ। ਜਿੱਤਾਂ ਮਗਰੋਂ ਉਹਨਾਂ ਵਾਸਤੇ ਨੌਕਰੀਆਂ ਅਤੇ ਮਾਣ ਸਨਮਾਨ ਵਿਚ ਕੋਈ ਕਮੀ ਨਾ ਰਹੇ। ਬਾਲ ਮਾਨਸਿਕਤਾ ਨੂੰ ਨੈੱਟ ਦੇ ਮਾਇਆ–ਜਾਲ ਨੇ ਰੱਦੀ ਕਰ ਦਿੱਤਾ ਹੈ। ਇਸ ਤੋਂ ਬਚਣ ਲਈ ਕੇਂਦਰ ਸਰਕਾਰ ਨੇ ਵੀ ਦੇਸੀ ਭਾਰਤੀ ਖੇਡਾਂ ਨੂੰ ਸਕੂਲ ਸਿਲੇਬਸ ਦਾ ਹਿੱਸਾ ਬਣਾਉਣ ਦੀ ਪਹਿਲਕਦਮੀ ਕੀਤੀ ਹੈ। ਤੇਜ਼ੀ ਨਾਲ ਗਿਰਾਵਟ ਵਲ ਵਧ ਰਹੀ ਮਾਨਸਿਕਤਾ ਨੂੰ ਬਚਾਉਣ ਦਾ ਹੱਲ ਵਿਹਲੇ ਮਨ ਨੂੰ ਖੇਡ ਗਤੀਵਿਧੀਆਂ ਵਿਚ ਲਾਉਣਾ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਬਚਾਉਣ ਲਈ ਘੜੀ ਜਾ ਰਹੀ ਨਵੀਂ ਖੇਡ ਨੀਤੀ ਵਿਚ ਇਹ ਸਾਰੇ ਨੁਕਤੇ ਸ਼ਾਮਲ ਕਰਨਾ ਸਮੇਂ ਦੀ ਮੁੱਖ ਲੋੜ ਹੈ।

# 'ਭਾਰਤ ਜੋੜੋ ਯਾਤਰਾ' ਤੈਅ ਕਰੇਗਾ ਰਾਹੁਲ ਗਾਂਧੀ ਦਾ ਸਿਆਸੀ ਭਵਿੱਖ

**ਜੇ ਸਿੰਘ 'ਭਡਿਆਰ'**

ਕਾਂਗਰਸ ਨੂੰ ਸਿਆਸੀ ਦੌਰ ਤੋਂ ਬਾਹਰ ਕੱਢਣ ਲਈ ਜਨਤਾ ਨਾਲ ਸਿੱਧੇ ਜੁੜਨ ਦੀ ਸਭ ਤੋਂ ਵੱਡੀ ਮੁਹਿੰਮ 'ਭਾਰਤ ਜੋੜੋ ਯਾਤਰਾ' ਅਰੰਭ ਦਿੱਤੀ ਹੈ। ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਪਾਰਟੀ ਦੇ ਭਵਿੱਖ ਦੀ ਦਸ਼ਾ ਤੇ ਦਿਸ਼ਾ ਤੈਅ ਕਰਨ ਲਈ ਕੰਨਿਆਕੁਮਾਰੀ ਤੋਂ ਕਸ਼ਮੀਰ ਤਕ ਦੀ 3570 ਕਿਲੋਮੀਟਰ ਲੰਬੀ ਪੈਦਲ ਯਾਤਰਾ ਕਰ ਰਹੇ ਹਨ। ਕਾਂਗਰਸ ਦੇ ਨਵੇਂ ਪ੍ਰਧਾਨ ਦੀ ਚੋਣ ਕਰਵਾਏ ਜਾਣ ਦੇ ਐਲਾਨ ਦਰਮਿਆਨ ਸ਼ੁਰੂ ਹੋ ਰਹੀ ਇਹ ਯਾਤਰਾ ਰਾਹੁਲ ਗਾਂਧੀ ਦੇ ਸਿਆਸੀ ਭਵਿੱਖ ਲਈ ਵੀ ਸਭ ਤੋਂ ਫ਼ੈਸਲਾਕੁੰਨ ਸਾਬਿਤ ਹੋ ਸਕਦੀ ਹੈ। 'ਭਾਰਤ ਜੋੜੋ ਯਾਤਰਾ' ਦੀ ਰੂਪਰੇਖਾ ਤੇ ਤਿਆਰੀਆਂ ਤੋਂ ਸਾਫ਼ ਹੈ ਕਿ ਕਾਂਗਰਸ ਇਸ ਜ਼ਰੀਏ ਨਾ ਸਿਰਫ਼ ਜਨਤਾ ਨਾਲ ਟੁੱਟੇ ਸੰਵਾਦ ਦੀ ਤਾਰ ਜੋੜਨ ਦੀ ਕੋਸ਼ਿਸ਼ ਕਰੇਗੀ ਸਗੋਂ ਰਾਹੁਲ ਦਾ ਲੋਕਾਂ ਦੇ ਆਗੂ ਦਾ ਅਕਸ ਬਣਾਉਣ 'ਚ ਕੋਈ ਕਸਰ ਨਹੀਂ ਛੱਡੇਗੀ।

ਇੱਥੇ ਜ਼ਿਕਰਯੋਗ ਹੈ ਕਿ 2014 'ਚ ਕੇਂਦਰ ਦੀ ਸੱਤਾ ਤੋਂ ਬਾਹਰ ਹੋਣ ਤੋਂ ਬਾਅਦ ਕਾਂਗਰਸ ਦਾ ਸਿਆਸੀ ਗ੍ਰਾਫ ਲਗਾਤਾਰ ਹੇਠਾਂ ਡਿੱਗਦਾ ਜਾ ਰਿਹਾ ਹੈ। 2019 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਰਾਹੁਲ ਗਾਂਧੀ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ੇ ਨੇ ਮੁਸ਼ਕਲਾਂ 'ਚ ਹੋਰ ਵਾਧਾ ਕੀਤਾ ਹੈ। ਸੂਬਿਆਂ 'ਚ ਵੀ ਪਾਰਟੀ ਦੇ ਸੁੰਗੜਦੇ ਦਾਇਰੇ ਨੇ ਕਾਂਗਰਸ 'ਚ ਬੀਤੇ ਕਰੀਬ ਢਾਈ ਸਾਲਾਂ ਤੋਂ ਅਸੰਤੋਸ਼ ਦਾ ਦੌਰ ਸ਼ੁਰੂ ਕੀਤਾ ਹੈ। ਕਈ ਦਿੱਗਜ ਪਾਰਟੀ ਛੱਡ ਚੁੱਕੇ ਹਨ ਤੇ ਗ਼ੁਲਾਮ ਨਬੀ ਆਜ਼ਾਦ ਇਸ ਦੀ ਸਭ ਤੋਂ ਤਾਜ਼ਾ ਕੜੀ ਹਨ। ਇਨ੍ਹਾਂ ਚੁਣੌਤੀਆਂ ਦਰਮਿਆਨ ਰਾਹੁਲ ਗਾਂਧੀ ਦੇ ਦੁਬਾਰਾ ਪ੍ਰਧਾਨ ਬਣਨ 'ਚ ਦਿਲਚਸਪੀ ਨਾ ਦਿਖਾਉਣਾ ਕਾਂਗਰਸ 'ਚ ਹਲਚਲ ਪੈਦਾ ਕਰ ਰਿਹਾ ਹੈ। ਉਦੈਪੁਰ 'ਚ ਹੋਏ ਨਵਸੰਕਲਪ ਚਿੰਤਨ ਕੈਂਪ 'ਚ ਪਾਰਟੀ ਲੀਡਰਸ਼ਿਪ ਇਸ ਸਿੱਟੇ 'ਤੇ ਪੁੱਜੀ ਕਿ ਕਾਂਗਰਸ ਦੀ ਮਜ਼ਬੂਤ ਸਿਆਸੀ ਵਾਪਸੀ ਹੀ ਮੁਸ਼ਕਲਾਂ ਤੋਂ ਉੱਭਰਨ ਦਾ ਇੱਕੋ-ਇਕ ਰਾਹ ਹੈ।

**ਕੰਟੇਨਰ ਵਿੱਚ ਕੀ-ਕੀ ਨੇ ਸਹੂਲਤਾ?**

ਕਾਂਗਰਸ ਦੀ 150 ਦਿਨਾਂ ਤੱਕ ਚੱਲਣ ਵਾਲੀ ਇਹ ਯਾਤਰਾ ਕੰਨਿਆਕੁਮਾਰੀ ਤੋਂ ਸ਼ੁਰੂ ਹੋਈ ਹੈ ਤੇ ਇਸ ਦੀ ਅਗਵਾਈ ਵਾਇਨਾਡ ਤੋਂ ਸੰਸਦ ਤੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਕਰ ਰਹੇ ਹਨ। ਜ਼ਿਕਰ ਕਰ ਦਈਏ ਕਿ ਕਾਂਗਰਸ ਦੀ ਭਾਰਤ ਜੋੜੋ ਯਾਤਰਾ ਵਿੱਚ ਮੌਜੂਦ ਯਾਤਰੀਆਂ ਲਈ ਰਾਤ ਵੇਲੇ ਸੌਣ ਲਈ ਕੰਟੇਨਰਾਂ ਦਾ ਖ਼ਾਸ ਤੌਰ 'ਤੇ ਪ੍ਰਬੰਧ ਕੀਤਾ ਗਿਆ ਹੈ ਤੇ ਇਹ ਕੰਟੇਨਰ ਯਾਤਰਾ ਦੇ ਨਾਲ-ਨਾਲ ਹੀ ਚਲਦੇ ਹਨ।



ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ, ਕਾਂਗਰਸ ਦੇ ਮੁੱਖ ਸਕੱਤਰ ਜੈਰਾਮ ਰਾਮੇਸ਼ ਨੇ ਕਿਹਾ ਕਿ ਰਾਹੁਲ ਗਾਂਧੀ ਤੇ ਪਾਰਟੀ ਦੀ ਭਾਰਤ ਜੋੜੋ ਯਾਤਰਾ ਵਿੱਚ ਸ਼ਾਮਲ ਕਾਂਗਰਸ ਦੇ ਕਰੀਬ 230 ਪੈਦਲ ਯਾਤਰੀ ਟਰੱਕਾਂ ਵਿੱਚ ਲੱਗੇ 60 ਕੰਟੇਨਰਾਂ ਵਿੱਚ ਰਾਤ ਲੰਘਾਉਣਗੇ। ਇਨ੍ਹਾਂ ਟਰੱਕਾਂ ਨੂੰ ਰੋਜ਼ਾਨਾ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ 'ਤੇ ਲਜਾਇਆ ਜਾਵੇਗਾ।

ਕਾਂਗਰਸ ਨੇ ਭਾਰਤ ਜੋੜੋ ਯਾਤਰਾ ਦੇ ਅਧਿਕਾਰਕ ਟਵਿੱਟਰ 'ਤੇ ਕੰਟੇਨਰਾਂ ਦਾ ਵੀਡੀਓ ਵੀ ਸਾਂਝਾ ਕੀਤਾ ਹੈ। ਇਸ ਵੀਡੀਓ ਵਿੱਚ ਕੰਟੇਨਰਾਂ ਦੇ ਨੇੜੇ ਕਾਂਗਰਸ ਦੇ ਵਰਕਰ ਆਰਾਮ ਕਰਦੇ ਵਿਖਾਏ ਦੇ ਰਹੇ ਹਨ। ਵੀਡੀਓ ਸਾਂਝੀ ਕਰਨ ਮੌਕੇ ਕੈਪਸ਼ਨ ਵਿੱਚ ਲਿਖਿਆ ਹੈ, "ਆਰਾਮ ਹੈ, ਰੁਕੇ ਨਹੀਂ ਇਹ ਸਾਡੇ ਯਾਤਰੀਆਂ ਦਾ ਰੈਣ ਬਸੇਰਾ ਹੈ ਜੋ ਕੈਂਪ ਵਿੱਚ ਬੈਠ ਕੇ ਵੀ ਸਵੇਰਾ ਦੀ ਰਾਹ ਤੱਕ ਰਹੇ ਹਨ। ਜਜ਼ਬਾ ਹੈ ਫਿਰ ਉੱਠ ਕੇ ਚੱਲਣ ਦਾ, ਭਾਰਤ ਜੋੜਣ ਦਾ," ਜੇ ਕੰਟੇਨਰ ਵਿੱਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਗੱਲ ਕੀਤੀ ਜਾਵੇ ਤਾਂ ਇਸ ਵਿੱਚ ਟੀ।ਵੀ ਨਹੀਂ ਬੱਸ ਇੱਕ ਪੱਖਾ ਲੱਗਿਆ ਮਿਲੇਗਾ। ਕੁਝ ਕੰਟੇਨਰਾਂ ਵਿੱਚ ਇੱਕ ਬੈੱਡ, ਕੁਝ ਵਿੱਚ ਦੋ ਤੇ ਕਈਆਂ ਵਿੱਚ 4 ਤੋਂ ਲੈ ਕੇ 12 ਤੱ ਬੈੱਡ ਲਾਏ ਗਏ ਹਨ। ਜਦੋਂ ਕੰਟੇਨਰਾਂ ਵਿੱਚ ਏਸੀ ਹੋਣ ਦੀ ਗੱਲ ਪੁੱਛੀ ਗਈ ਤਾਂ ਉਨ੍ਹਾਂ ਗੋਲ-ਮੋਲ ਜਵਾਬ ਦਿੰਦਿਆਂ ਕਿਹਾ ਕਿ ਅਜਿਹੇ ਮੌਸਮ ਵਿੱਚ ਏਸੀ ਦੀ ਵਰਤੋਂ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ।ਇਸ ਯਾਤਰਾ ਵਿੱਚ 230 ਦੇ ਕਰੀਬ ਲੋਕ ਪੈਦਲ ਯਾਤਰਾ ਕਰ ਰਹੇ ਹਨ ਤੇ ਇਸ ਲਈ ਉਨ੍ਹਾਂ ਲਈ 60 ਕੰਟੇਨਰਾਂ ਦਾ ਪ੍ਰਬੰਧ ਕੀਤਾ ਗਿਆ ਹੈ। ਹਰ ਲੰਘਦੇ ਦਿਨ ਦੀ ਯਾਤਰਾ ਦੇ ਨਾਲ-ਨਾਲ ਕੰਟੇਨਰਾਂ ਨੂੰ ਵੀ ਨਾਲ-ਨਾਲ ਟਰੱਕਾਂ ਤੇ ਲਿਜਾਇਆ ਜਾ ਰਿਹਾ ਹੈ।

**ਵਿਦੇਸ਼ੀ ਟੀ-ਸ਼ਰਟ ਪਾ ਕੇ ਭਾਰਤ ਜੋੜਨ ਨਿਕਲੇ ਨੇ ਰਾਹੁਲ ਬਾਬਾ-ਸ਼ਾਹ**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਾਂਗਰਸ ਨੇਤਾ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' 'ਤੇ ਚੁਟਕੀ ਲੈਂਦਿਆਂ ਕਿਹਾ ਕਿ ਉਨ੍ਹਾਂ ਨੂੰ ਪਹਿਲਾਂ ਭਾਰਤ ਦਾ ਇਤਿਹਾਸ ਪੜ੍ਹਨਾ ਚਾਹੀਦਾ ਹੈ। ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਹੁਣੇ ਹੀ ਰਾਹੁਲ ਬਾਬਾ ਵਿਦੇਸ਼ੀ ਟੀ-ਸ਼ਰਟ ਪਾ ਕੇ ਉਹ ਭਾਰਤ ਨੂੰ ਜੋੜਨ ਲਈ ਨਿਕਲੇ ਹਨ। ਉਨ੍ਹਾਂ ਕਿਹਾ ਕਿ ਮੈਂ ਰਾਹੁਲ ਬਾਬਾ ਅਤੇ ਕਾਂਗਰਸੀਆਂ ਨੂੰ ਸੰਸਦ 'ਚ ਦਿੱਤੇ ਗਏ ਉਨ੍ਹਾਂ ਦੇ ਇਕ ਭਾਸ਼ਣ ਦੀ ਯਾਦ ਦਿਵਾਉਂਦਾ ਹਾਂ।

ਰਾਹੁਲ ਗਾਂਧੀ ਨੇ ਕਿਹਾ ਸੀ ਕਿ ਭਾਰਤ ਇੱਕ ਰਾਸ਼ਟਰ ਨਹੀਂ ਹੈ। ਰਾਹੁਲ ਬਾਬਾ, ਤੁਸੀਂ ਇਹ ਕਿਹੜੀ ਕਿਤਾਬ ਵਿੱਚ ਪੜ੍ਹਿਆ ਹੈ? ਇਹ ਉਹ ਰਾਸ਼ਟਰ ਹੈ ਜਿਸ ਲਈ ਲੱਖਾਂ-ਲੱਖਾਂ ਲੋਕਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ। ਅਮਿਤ ਸ਼ਾਹ ਨੇ ਕਿਹਾ ਕਿ ਰਾਹੁਲ ਗਾਂਧੀ ਭਾਰਤ ਨੂੰ ਜੋੜਨ ਲਈ ਨਿਕਲੇ ਹਨ, ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਭਾਰਤ ਦਾ ਇਤਿਹਾਸ ਪੜ੍ਹਨ ਦੀ ਲੋੜ ਹੈ।

**ਗ੍ਰਹਿ ਮੰਤਰੀ ਦੇ ਮਫ਼ਲਰ ਦੀ ਕੀਮਤ 80 ਹਜ਼ਾਰ ਰੁਪਏ-ਗਹਿਲੋਤ**

ਰਾਹੁਲ ਗਾਂਧੀ ਦੀ 'ਮਹਿੰਗੀ' ਟੀ-ਸ਼ਰਟ ਨੂੰ ਲੈ ਕੇ ਭਾਜਪਾ ਆਗੂਆਂ ਵਲੋਂ ਸਵਾਲ ਚੁੱਕੇ ਜਾਣ 'ਤੇ ਪਲਟਵਾਰ ਕਰਦੇ ਹੋਏ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਦਾਅਵਾ ਕੀਤਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਮਫ਼ਲਰ ਦੀ ਕੀਮਤ 80,000 ਰੁਪਏ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਜਪਾ ਆਗੂ ਢਾਈ-ਢਾਈ ਲੱਖ ਰੁਪਏ ਦੇ ਚਸ਼ਮੇ ਪਹਿਨਦੇ ਹਨ। ਮੁੱਖ ਮੰਤਰੀ ਗਹਿਲੋਤ ਨੇ ਕਿਹਾ ਕਿ ਕਾਂਗਰਸ ਆਗੂ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਕਾਫੀ ਸਫ਼ਲ ਸਿੱਧ ਹੋ ਰਹੀ ਹੈ ਅਤੇ ਇਸ ਕਾਰਨ ਭਾਜਪਾ ਦੇ ਆਗੂ ਬੌਖਲਾ ਗਏ ਹਨ। ਗਹਿਲੋਤ ਨੇ ਯਾਤਰਾ ਬਾਰੇ ਪੁੱਛੇ ਜਾਣ 'ਤੇ ਪੱਤਰਕਾਰਾਂ ਨੂੰ ਕਿਹਾ ਕਿ ਯਾਤਰਾ ਬਹੁਤ ਸਫ਼ਲ ਚੱਲ ਰਹੀ ਹੈ। ਜਨਤਾ ਤੋਂ ਬਹੁਤ ਸ਼ਾਨਦਾਰ ਪ੍ਰਤੀਕਿਰਿਆ ਮਿਲੀ ਹੈ। ਰਾਹੁਲ ਗਾਂਧੀ ਜੋ ਸੰਦੇਸ਼ ਦੇ ਰਹੇ ਹਨ, ਜਨਤਾ ਉਸ ਨੂੰ ਅਪਣਾ ਰਹੀ ਹੈ।

# ਗਵਰਨਰ ਪੰਜਾਬ ਮਾਨਯੋਗ ਸ੍ਰੀ ਬਨਵਾਰੀ ਲਾਲ ਪਰੋਹਿਤ ਜੀ ਬਾਰਡਰ ਰੇਂਜ ਦੇ ਪਿੰਡਾਂ ਦੇ ਸਰਪੰਚਾਂ-ਪੰਚਾਂ ਨਾਲ ਕੀਤੀ ਵਿਸੇਸ ਮੀਟਿੰਗ

**ਪਠਾਨਕੋਟ-** ਬਾਰਡਰ ਦੇ ਨਾਲ ਲਗਦੇ ਪਿੰਡਾਂ ਵਿੱਚ ਮਾਈਨਿੰਗ ਦਾ ਹੋਣਾ ਵੀ ਦੇਸ ਦੀ ਸੁਰੱਖਿਆ ਵਿਵਸਥਾ ਵਿੱਚ ਬਹੁਤ ਵੱਡਾ ਖਤਰਾ ਹੈ ਅਤੇ ਦੇਸ ਦੀ ਸੁਰੱਖਿਆ ਪ੍ਰਤੀ ਜਾਗਰੂਕ ਰਹਿਣ ਦੇ ਲਈ ਬਾਰਡਰ ਦੇ ਨਾਲ ਲਗਦੇ ਪਿੰਡਾਂ ਦਾ ਜਾਗਰੂਕ ਹੋਣਾ ਬਹੁਤ ਹੀ ਜਰੂਰੀ ਹੈ ਅਤੇ ਇਸ ਦੇ ਲਈ ਸਮੇਂ ਦੀ ਲੋੜ ਹੈ ਕਿ ਪਿੰਡਾਂ ਅੰਦਰ ਸੁਰੱਖਿਆ ਸਮਿਤੀਆਂ ਗਠਿਤ ਕੀਤੀਆ ਜਾਣ। ਇਹ ਪ੍ਰਗਟਾਵਾ ਸ੍ਰੀ ਬਨ-ਵਾਰੀ ਲਾਲ ਪਰੋਹਿਤ ਗਵਰਨਰ ਪੰਜਾਬ ਨੇ ਅੱਜ ਪਠਾਨਕੋਟ ਵਿਖੇ ਪੰਡਿਤ ਦੀਨ ਦਿਆਲ ਉਪਾਧਿਆਏ ਆੱਡੀਟੋਰੀਅਮ ਵਿੱਚ ਜਿਲ੍ਹਾ ਪਠਾਨਕੋਟ ਅਧੀਨ ਬਾਰਡਰ ਨਾਲ ਲਗਦੇ ਪਿੰਡਾਂ ਦੇ ਸਰਪੰਚਾਂ ਅਤੇ ਪੰਚਾਂ ਨਾਲ ਇੱਕ ਵਿਸੇਸ ਮੀਟਿੰਗ ਦੋਰਾਨ ਕੀਤਾ।






ਅਪਣੇ ਸੰਬੋਧਨ ਦੋਰਾਨ ਗਵਰਨਰ ਪੰਜਾਬ ਸ੍ਰੀ ਬਨਵਾਰੀ ਲਾਲ ਪਰੋਹਿਤ ਜੀ ਨੇ ਕਿਹਾ ਕਿ ਪੂਰੇ ਪੰਜਾਬ ਅੰਦਰ ਨਜਾਇਜ ਮਾਈਨਿੰਗ ਦਾ ਮੂਦਾ ਬਹੁਤ ਵੱਡਾ ਹੈ ਅਤੇ ਇਹ ਮਾਈਨਿੰਗ ਹੁਣ ਦੇਸ ਦੇ ਲਈ ਖਤਰਾ ਬਣਦੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਬਾਰਡਰ ਦੇ ਨਾਲ ਇੰਨੀ ਜਿਆਦਾ ਮਾਈਨਿੰਗ ਹੋ ਗਈ ਹੈ ਕਿ ਸਰਾਰਤੀ ਤੱਤਵ ਉਨ੍ਹਾਂ ਖੱਡਾਂ ਦਾ ਫਾਇਦਾ ਉਠ-ਾਉਂਦੇ ਹੋਏ ਦੇਸ ਅੰਦਰ ਦਾਖਲ ਹੋ ਸਕਦੇ ਹਨ ਜਿਨ੍ਹਾਂ ਦੇ ਕੱਲ ਨੂੰ ਨਤੀਜੇ ਹੋਰ ਵੀ ਗੰਭੀਰ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਅੱਜ ਉਹ ਬਾਰਡਰ ਰੇਂਜ ਵਿੱਚ ਆਉਂਦੇ ਪਿੰਡਾਂ ਨੂੰ ਜਾਗਰੂਕ ਕਰਨ ਆਏ ਹਨ ਕਿ ਦੇਸ ਦੀ ਸੁਰੱਖਿਆ ਵਿਵਸਥਾ ਨੂੰ ਬਣਾਈ ਰੱਖਣ ਦੇ ਲਈ ਸਾਡਾ ਸਾਰਿਆਂ ਦਾ ਜਾਗਰੂਕ ਹੋਣਾ ਬਹੁਤ ਹੀ ਲਾਜਮੀ ਹੈ। ਉਨ੍ਹਾਂ ਕਿਹਾ ਕਿ ਬਾਰਡਰ ਦੇ ਨਾਲ ਲਗਦੇ 6 ਜਿਲ੍ਹਿਆਂ ਅੰਦਰ ਇਕ ਲਹਿਰ ਲਿਆਉਂਣ ਦੀ ਜਰੂਰਤ ਹੈ। ਉਨ੍ਹਾਂ ਕਿਹਾ ਕਿ ਸਰਪੰਚ ਅਪਣੇ ਪਿੰਡਾਂ ਅੰਦਰ ਸੁਰੱਖਿਆ ਸਮਿਤੀਆਂ ਦਾ ਗਠਨ ਕਰਨ ਤਾਂ ਜੋ ਭਵਿੱਖ ਵਿੱਚ ਅਗਰ ਕਿਸੇ ਵੀ ਤਰ੍ਹਾਂ ਦੀ ਸਮਗਲਿੰਗ ਜਿਵੈਂ ਮਾਈਨਿੰਗ ਆਦਿ ਇਸ ਬਾਰੇ ਪੁਲਿਸ ਨੂੰ, ਪ੍ਰਸਾਸਨ ਨੂੰ ਅਗਾਹ ਕਰ ਸਕਣ। ਉਨ੍ਹਾਂ ਕਿਹਾ ਕਿ ਅਗਰ ਲੋਕ ਜਾਗਰੂਕ ਹੁੰਦੇ ਹਨ ਤਾਂ ਬਾਰਡਰ ਦੇ ਨਾਲ ਲਗਦੇ ਪਿੰਡਾਂ ਵਿੱਚ ਜੋ ਧਰਤੀ ਦੇ ਖਣਿਜ ਪਦਾਰਥਾਂ ਦੀ ਲੁੱਟ ਚਲ ਰਹੀ ਹੈ ਇਸ ਨੂੰ ਠੱਲ ਪਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸਮੇਂ ਦੀ ਜਰੂਰਤ ਹੈ ਕਿ ਅਸੀਂ ਦੇਸ ਦੀ ਸੁਰੱਖਿਆ ਲਈ ਜਾਗਰੁਕ ਹੋ ਕੇ ਚਲੀਏ ਅਤੇ ਕਿਸੇ ਵੀ ਤਰ੍ਹਾਂ ਦੀ ਸੱਕੀ ਗਤੀਵਿਧੀ ਬਾਰੇ ਪੁਲਿਸ ਅਤੇ ਪ੍ਰਸਾਸਨ ਨੂੰ ਸਰਪੰਚ ਦੇ ਮਾਧਿਅਮ ਰਾਹੀਂ ਸੂਚਿਤ ਕੀਤਾ ਜਾਵੇ।

ਜਿਕਰਯੋਗ ਹੈ ਕਿ ਅੱਜ ਮਾਨਯੋਗ ਗਵਰਨਰ ਪੰਜਾਬ ਸ੍ਰੀ ਬਨਵਾਰੀ ਲਾਲ ਪਰੋਹਿਤ ਜੀ ਵੱਲੋਂ ਜਿਲ੍ਹਾ ਪਠਾਨਕੋਟ ਦੇ ਆੱਡੀਟੋਰੀਅਮ ਵਿੱਚ ਜਿਲ੍ਹਾ ਪਠਾਨਕੋਟ ਅਧੀਨ ਬਾਰਡਰ ਰੇਂਜ ਵਿੱਚ ਆਉਂਦੇ ਪਿੰਡਾਂ ਦੇ ਪੰਚਾਂ ਸਰਪੰਚਾਂ ਨਾਲ ਵਿਸੇਸ ਮੀਟਿੰਗ ਰੱਖੀ ਗਈ ਸੀ। ਸਮਾਗਮ ਦਾ ਸੁਭਅਰੰਭ ਸਹੀਦ ਮੱਖਣ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਰਾਸਟਰੀ ਗਾਇਨ ਨਾਲ ਕੀਤਾ ਗਿਆ। ਸਮਾਰੋਹ ਦੋਰਾਨ ਸ੍ਰੀ ਵਿਜੈ ਕੁਮਾਰ ਜੰਜੂਆ ਮੁੱਖ ਸਕੱਤਰ ਪੰਜਾਬ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਅਤੇ ਪੰਜਾਬ ਦੇ ਗੋਰਵਮਯ ਇਤਹਾਸ ਤੇ ਰੋਸਨੀ ਪਾਈ।

ਸਮਾਰੋਹ ਦੇ ਅੰਤ ਵਿੱਚ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵੱਲੋਂ ਜਿਲ੍ਹਾ ਪਠਾਨਕੋਟ ਦੀ ਭਗੋਲਿਕ ਅਤੇ ਇਤਿਹਾਸਿਕ ਗਤੀਵਿਧੀਆਂ ਤੇ ਰੋਸਨੀ ਪਾਈ ਅਤੇ ਪੰਜਾਬ ਦੀ ਧਰਤੀ ਨੂੰ ਸਹੀਦਾਂ ਅਤੇ ਸੁਰਬੀਰਾਂ ਦੀ ਧਰਤੀ ਕਹਿ ਕੇ ਯਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਪਠਾਨਕੋਟ ਲਈ ਖੁਸੀ ਦੀ ਗੱਲ ਹੈ ਕਿ ਮਾਨਯੋਗ ਗਵਰਨਰ ਪੰਜਾਬ ਆਪ ਆ ਕੇ ਬਾਰਡਰ ਨਾਲ ਲਗਦੇ ਪਿੰਡਾਂ ਦੇ ਸਰਪੰਚਾਂ ਪੰਚਾਂ ਦੇ ਨਾਲ ਗੱਲਬਾਤ ਕਰ ਰਹੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਉਨ੍ਹਾਂ ਵੱਲੋਂ ਦਿੱਤੇ ਆਦੇਸਾਂ ਦੀ ਪਾਲਣਾ ਕਰਦਿਆ ਭਵਿੱਖ ਵਿੱਚ ਕਾਰਜ ਕੀਤੇ ਜਾਣਗੇ। ਉਨ੍ਹਾਂ ਇਸ ਮੋਕੇ ਤੇ ਸਮਾਗਮ ਵਿੱਚ ਪਹੁੰਚੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸਮਾਰੋਹ ਦਾ ਅੰਤ ਸਹੀਦ ਮੱਖਣ ਸਿੰਘ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਰਾਸਟਰੀ ਗਾਇਨ ਨਾਲ ਕੀਤਾ ਗਿਆ।

ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਵਿਜੈ ਕੁਮਾਰ ਜੰਜੂਆ ਮੁੱਖ ਸਕੱਤਰ ਪੰਜਾਬ, ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ , ਗੋਰਵ ਯਾਦਵ ਡਾਇਰੈਕਟਰ ਜਰਨਲ ਆਫ ਪੁਲਿਸ ਪੰਜਾਬ, ਜੇ ਐਮ ਬਾਲਾਮੁਰੂਗਨ ਪ੍ਰਿੰਸੀਪਲ ਸੈਕਟਰੀ ਟੂ ਗਵਰਨਰ ਪੰਜਾਬ, ਨੀਲਕੰਠ ਅਵਹਦ ਪ੍ਰਭਾਰੀ ਸੈਕਟਰੀ, ਮੋਹਨੀਸ ਚਾਵਲਾ ਆਈ।ਜੀ। ਬਾਰਡਰ ਰੇਂਜ ਅੰਮ੍ਰਿਤਸਰ, ਗੁਰਪ੍ਰੀਤ ਕੌਰ ਸਪਰਾ ਡਿਵੀਜਨਲ ਕਮਿਸਨਰ ਜਲੰਧਰ ਡਿਵੀਜਨ ਜਲੰਧਰ, ਅਸਵਨੀ ਸਰਮਾ ਵਿਧਾਇਕ ਪਠਾਨਕੋਟ, ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ, ਹਰਕਮਲਪ੍ਰੀਤ ਸਿੰਘ ਖੱਖ ਐਸਐਸਪੀ ਪਠਾਨਕੋਟ, ਵਿਭੂਤੀ ਸਰਮਾ ਚੇਅਰਮੈਨ ਪੀਟੀਡੀਸੀ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਵੀ ਹਾਜਰ ਸਨ।

**- ਰਾਜਿੰਦਰ ਸਿੰਘ ਪਠਾਨਕੋਟ**

# ਸਰਕਾਰੀ ਸੀਨੀਅਰ ਸਕੈਡਰੀ ਸਕੂਲ ਘੋਹ ਵਿਖੇ ਟੀਚਰ ਫੈਸਟ ਕਰਵਾਇਆ ਗਿਆ

**ਪਠਾਨਕੋਟ, 12 ਸਤੰਬਰ (ਰਾਜਿੰਦਰ ਸਿੰਘ ਰਾਜਨ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘੋਹ ਵਿਖੇ ਬਲਾਕ ਧਾਰ-2 ਦਾ ਟੀਚਰ ਫੈਸਟ ਸਫਲਤਾ ਪੂਰਵਕ ਕਰਵਾਇਆ ਗਿਆ। ਟੀਚਰ ਫੈਸਟ ਵਿੱਚ ਮੈਥ ਅਤੇ ਅੰ-ਗਰੇਜ਼ੀ ਵਿਸ਼ੇ ਦੇ ਅਧਿਆਪਕਾਂ ਨੇ ਆਪਣੇ ਵਿਸ਼ੇ ਨਾਲ ਸੰਬੰਧਤ ਮਾਡਲ ਅਤੇ ਚਾਰਟ ਨਾਲ ਭਾਗ ਲਿਆ, ਜਿਸ ਨੂੰ ਉਨ੍ਹਾਂ ਵਲੋਂ ਆਪਣੇ ਵਿਸ਼ੇ ਦੀ ਬਹੁਤ ਹੀ ਵਧੀਆ ਢੰਗ ਨਾਲ ਵਿਆਖਿਆ ਕੀਤੀ ਗਈ। ਇਹ ਸਾਰਾ ਪ੍ਰੋਗਰਾਮ ਸਟੇਟ ਅਵਾਰਡੀ ਪ੍ਰਿੰਸੀਪਲ ਸ੍ਰੀ ਜੋਗਿੰਦਰ ਕੁਮਾਰ ਅਤੇ ਬੀ ਐਨ ਓ ਧਾਰ -2 ਪ੍ਰਿੰਸੀਪਲ ਸ੍ਰੀ ਬਲਵੀਰ ਵਿਰਦੀ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ।




ਇਸ ਦੌਰਾਨ ਉਨ੍ਹਾਂ ਦੇ ਨਾਲ ਮੈਡਮ ਰੇਣੂ ਸੈਣੀ ਹੈਡ ਮਿਸਟਰੈਸ ਸਹਸ ਸ਼ਾਹਪੁਰ ਕੰਡੀ, ਸ੍ਰੀ ਬਲਵੀਰ ਜੱਗੀ ਲੈਕ ਅੰਗਰੇਜ਼ੀ, ਸ ਮਨਜੀਤ ਸਿੰਘ ਲੈਕ ਮੈਥ ਨੇ ਜੱਜ ਦੀ ਭੂਮਿਕਾ ਨਿਭਾਈ। ਮੈਥ ਵਿਸ਼ੇ ਵਿੱਚ ਸ। ਬਿਕਰਮਜੀਤ ਸਿੰਘ, ਮੈਥ ਮਾਸਟਰ ਸਸਸਸ ਮਾਧੋਪੁਰ ਕੈਂਟ ਨੇ ਪਹਿਲਾ ਸਥਾਨ ਹਾਸਿਲ ਕੀਤਾ ਅਤੇ ਅੰਗਰੇਜ਼ੀ ਵਿਸ਼ੇ ਵਿੱਚ ਪਹਿਲਾ ਸਥਾਨ ਸ੍ਰੀ ਸੰਦੀਪ ਕੁਮਾਰ, ਅੰਗਰੇਜ਼ੀ ਮਾਸਟਰ ਸਸਸਸ ਮਾਧੋਪੁਰ ਕੈਂਟ ਨੇ ਹਾਸਿਲ ਕੀਤਾ। ਜੇਤੂ ਅਧਿਆਪਕਾਂ ਨੂੰ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ ਅਤੇ ਸਾਰੇ ਪ੍ਰਤਿਭਾਗੀਆਂ ਦਾ ਇਸ ਟੀਚਰ ਫੈਸਟ ਵਿੱਚ ਭਾਗ ਲੈਣ ਤੇ ਧੰਨਵਾਦ ਵੀ ਕੀਤਾ ਗਿਆ।

# ਨੂਪੁਰ ਸ਼ਰਮਾ ਨੂੰ ਸੁਪਰੀਮ ਕੋਰਟ ਤੋਂ ਰਾਹਤ



**ਨਵੀਂ ਦਿੱਲੀ-** ਭਾਜਪਾ ਦੀ ਸਾਬਕਾ ਬੁਲਾਰੀ ਨੂਪੁਰ ਸ਼ਰਮਾ ਦੀ ਗ੍ਰਿਫਤਾਰੀ ਨੂੰ ਲੈ ਕੇ ਦਾਇਰ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ ।ਅਦਾਲਤ ਨੇ ਕਿਹਾ ਕਿ ਇਸ ਦੇ ਦੂਰਗਾਮੀ ਨਤੀਜੇ ਹੁੰਦੇ ਹਨ । ਪੈਗੰਬਰ ਮੁਹੰਮਦ 'ਤੇ ਕਥਿਤ ਇਤਰਾਜ਼ਯੋਗ ਟਿੱ-ਪਣੀ ਦੇ ਚਲਦਿਆਂ ਨੂਪੁਰ ਸ਼ਰਮਾ ਖਿਲਾਫ ਕਾਰਵਾਈ ਤੇ ਗ੍ਰਿਫਤਾਰੀ ਦੀ ਮੰਗ ਕੀਤੀ ਗਈ ਸੀ ।ਚੀਫ ਜਸਟਿਸ ਯੂ।ਯੂ। ਲਲਿਤ, ਜਸਟਿਸ ਰਵਿੰਦਰ ਭੱਟ ਅਤੇ ਜਸਟਿਸ ਪੀ।ਐਸ। ਨਰਸਿਮਹਾ ਦੀ ਬੈਂਚ ਨੇ ਸੁਣਵਾਈ ਦੌਰਾਨ ਕਿਹਾ ਕਿ ਇਹ ਵੇਖਣ 'ਵਿਚ ਨੁਕਸਾਨ ਨਹੀਂ ਪਹੁੰਚਾਉਣ ਵਾਲਾ ਲਗਦਾ ਹੈ ਪਰ ਭਵਿੱਖ 'ਵਿਚ ਇਸ ਦੇ ਗੰਭੀਰ ਨਤੀਜੇ ਹੋ ਸਕਦੇ ਹਨ । ਬੈਂਚ ਨੇ ਕਿਹਾ ਕਿ ਅਦਾਲਤ ਨੂੰ ਨਿਰਦੇਸ਼ ਦਿੰਦੇ ਸਮੇਂ ਹਮੇਸ਼ਾ ਚੌਕਸ ਰਹਿਣਾ ਚਾਹੀਦਾ ਹੈ । ਅਦਾਲਤ ਨੇ ਪਟੀਸ਼ਨਰ ਨੂੰ ਪਟੀਸ਼ਨ ਵਾਪਸ ਲੈਣ ਦਾ ਸੁਝਾਅ ਦਿੱਤਾ । ਪਟੀਸ਼ਨ 'ਵਿਚ ਦਲੀਲ ਦਿੱਤੀ ਗਈ ਸੀ ਕਿ ਨੂਪੁਰ ਸ਼ਰਮਾ ਨੇ ਪੈਗੰਬਰ ਮੁਹੰਮਦ ਤੇ ਮੁਸਲਿਮ ਭਾਈਚਾਰੇ ਖਿਲਾਫ ਇਤਰਾਜ਼ਯੋਗ ਟਿੱਪਣੀ ਕੀਤੀ, ਇਸ ਲਈ ਉਸ ਘਟਨਾ ਦੀ ਸੁਤੰਤਰ ਤੇ ਨਿਰਪੱਖ ਜਾਂਚ ਦੀ ਮੰਗ ਕੀਤੀ ਗਈ ਸੀ।

# ਰੈਜ਼ੀਡੈਂਟ-21 ਵੀਜ਼ੇ—ਠਾਹ-ਠਾਹ ਜਾਰੀ- 99,262 ਲੋਕਾਂ ਨੂੰ ਲੱਗ ਗਿਆ ਹੈ ਹੁਣ ਤੱਕ ਰੈਜ਼ੀਡੈਂਟ ਵੀਜ਼ਾ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਇਮੀਗ੍ਰੇਸ਼ਨ ਨਿਊਜ਼ੀਲੈਂਡ '2021 ਰੈਜ਼ੀਡੈਂਟ ਵੀਜ਼ਾ' ਸ਼੍ਰੇਣੀ ਤਹਿਤ 1 ਦਸੰਬਰ ਤੋਂ 2021 ਤੋਂ ਅਰਜ਼ੀਆਂ ਲੈਣੀਆਂ ਸ਼ੁਰੂ ਕੀਤੀਆਂ ਸਨ ਅਤੇ ਪਹਿਲਾ ਵੀਜ਼ਾ 6 ਦਸੰਬਰ ਨੂੰ ਲਾ ਕੇ ਰੈਜ਼ੀਡੈਂਟ ਵੀਜ਼ਿਆਂ ਦੀਆਂ ਮੋਹਰਾਂ ਦੀ ਸ਼ਿਆਹੀ ਭਰ ਕੇ ਸਾਹਮਣੇ ਰੱਖ ਲਈਆਂ ਸਨ। 11 ਸਤੰਬਰ ਤੱਕ ਜਾਰੀ ਅੰਕੜਿਆਂ ਅਨੁਸਾਰ ਹੁਣ ਤੱਕ ਕੁੱਲ 106,054 ਅਰਜ਼ੀਆਂ ਪ੍ਰਾਪਤ ਕੀਤੀਆਂ ਗਈਆਂ ਹਨ ਜਿਨ੍ਹਾਂ ਦੇ ਵਿਚੋਂ 53,046 ਅਰਜ਼ੀਆਂ ਪਾਸ ਕਰ ਦਿੱਤੀਆਂ ਗਈਆਂ ਹਨ ਅਤੇ 99,262 ਤੋਂ ਵੱਧ ਲੋਕ ਰੈਜੀਡੈਂਟ ਵੀਜ਼ਾ ਪ੍ਰਾਪਤ ਕਰ ਚੁੱਕੇ ਹਨ। ਕੁੱਲ ਪ੍ਰਾਪਤ ਅਰਜ਼ੀਆਂ ਦੇ ਵਿਚ 2,14,415 ਲੋਕ ਸ਼ਾਮਿਲ ਨੇ ਜਿਨ੍ਹਾਂ ਨੇ ਰੈਜੀਡੈਂਟ ਵੀਜ਼ੇ ਪ੍ਰਾਪਤ ਕਰਨੇ ਨੇ। 128 ਅਰਜ਼ੀਆਂ ਅਯੋਗ ਵੀ ਪਾਈਆਂ ਗਈਆਂ ਹਨ। ਇਹ ਸਾਰਾ ਕੁਝ ਇਮੀਗ੍ਰੇਸ਼ਨ ਨੇ 18 ਮਹੀਨਿਆਂ ਦੇ ਵਿਚ ਨਿਬੇੜਨਾ ਹੈ ਅਤੇ ਦਸੰਬਰ ਤੱਕ ਬਹੁਤਿਆਂ ਦੇ ਹੋਰ ਵੀਜ਼ੇ ਲੱਗ ਸਕਦੇ ਹਨ। ਦਿਤੇ ਵੇਰਵੇ ਅਨੁਸਾਰ ਅਜੇ 1,15, 025 ਹੋਰ ਲੋਕਾਂ ਦੇ ਪੱਕੇ ਹੋਣ ਦੀ ਆਸ ਬਣੀ ਹੋਈ ਹੈ।

**ਮੰਗਦੇ ਥੋੜਾ-ਮਿਲਦਾ ਜਿਆਦਾ-ਕਹਿੰਦੇ ਵਾਰ-ਵਾਰ ਕਿੱਥੇ ਆਉਣਗੇ ਹੁਣੇ ਚੱਕ ਲ ਵਿਜ਼ਟਰ ਵੀਜੇ ਵਾਧੂ ਮਿਆਦ ਵਾਲੇ**

ਅੱਜਕੱਲ੍ਹ ਕਈਆਂ ਦੇ ਜਲਦੀ ਜਲਦੀ ਵਿਜ਼ਟਰ ਵੀਜੇ ਵੀ ਲੱਗ ਰਹੇ ਹਨ ਅਤੇ ਕਈਆਂ ਨੂੰ ਉਡੀਕ ਵਾਲੀ




ਤਾਰ ਉਤੇ ਸੁੱਕਣਾ ਵੀ ਪਾਇਆ ਹੋਇਆ ਹੈ। ਪਤਾ ਲੱਗਾ ਹੈ ਕਿ ਕਈ ਲੋਕਾਂ ਨੇ ਘੱਟ ਸਮੇਂ ਲਈ ਵੀਜ਼ਾ ਮੰਗਿਆ ਸੀ, ਪਰ ਇਮੀਗ੍ਰੇਸ਼ਨ ਵਾਲਿਆਂ ਨੇ ਲੰਬੀ ਮਿਆਦ ਵਾਲੇ ਵੀਜ਼ੇ ਲਾ ਕੇ ਝੱਟਦੇਣੀ ਜਹਾਜ਼ ਦੀਆਂ ਟਿਕਟਾਂ ਟਟੋਲਣ ਵੱਲ ਇਸ਼ਾਰਾ ਕਰ ਦਿੱਤਾ। ਹੋ ਸਕਦਾ ਇਹ ਸੋਚਿਆ ਹੋਵੇ ਕਿ ਇਹ ਵਾਰ-ਵਾਰ ਵੀਜ਼ੇ ਨਾ ਮੰਗਣ ਇਸ ਕਰਕੇ ਆਪਣੀ ਮਰਜ਼ੀ ਦੇ ਨਾਲ ਹੀ ਮਲਟੀ ਐਂਟਰੀ ਵਾਲੇ ਤੇ ਲੰਬੀ ਮਿਆਦ ਵਾਲੇ ਵੀਜ਼ੇ ਦੇ ਦਿੱਤੇ ਜਾਣ, ਉਹ ਵੀ ਤਿੰਨ-ਤਿੰਨ ਸਾਲਾਂ ਲਈ। ਇਸ ਫੈਸਲੇ ਤੋਂ ਬਾਅਦ ਕੁਝ ਲੋਕ ਜੋ ਇਕ ਕਦਮ ਅੱਗੇ ਤੱਕ ਸੋਚਦੇ ਹਨ, ਬਿਨਾਂ ਕਿਸੀ ਆਧੁਨਿਕ ਮਸ਼ੀਨ ਦੇ ਨਬਜ਼ ਵੇਖ ਕੇ ਰੋਗ ਦੱਸ ਦਿੰਦੇ ਹਨ, ਇਸ ਗੱਲ ਦਾ ਇਹ ਪ੍ਰਭਾਵ ਲੈ ਰਹੇ ਕਿ ਜਿਹੜੇ ਸਿਆਣੇ ਬੰਦਿਆਂ ਨੂੰ ਉਹ ਤਿੰਨ-ਤਿੰਨ ਸਾਲ ਦਾ ਵਿਜ਼ਟਰ ਵੀਜਾ ਦੇ ਰਹੇ ਹਨ, ਉਸ ਤੋਂ ਲਗਦਾ ਹੈ ਕਿ ਉਹ ਇਹ ਨਹੀਂ ਚਾਹੁੰਦੇ ਕਿ ਉਹ ਇਥੇ ਪੱਕੇ ਹੋ ਕੇ ਰਹਿਣ। ਸ਼ਾਇਦ ਉਹ ਚਾਹੁੰਦੇ ਹਨ ਕਿ ਬੱਸ ਆਉਂਦੇ ਜਾਂਦੇ ਰਹੋ।।ਰੌਣਕਾਂ ਲੱਗੀਆਂ ਰਹਿਣ। ਕਾਰੋਬਾਰ ਚਲਦੇ ਰਹਿਣ। ਮਾਪਿਆਂ ਦੇ ਪੱਕੇ ਹੋਣ ਵਾਲੀ ਸ਼੍ਰੇਣੀ ਵਾਲੀ ਫਾਈਲ ਅਜੇ ਫਾਈਲ ਰੈਕ ਦੇ ਉਪਰਲੇ ਪਾਸੇ ਕਿਤੇ ਟਿਕਾਈ ਹੋਈ ਲਗਦੀ ਹੈ, ਜਿਸ ਨੂੰ ਚੁੱਕਣ ਲਈ ਅਜੇ ਕੋਈ 'ਸਟੈਪ ਲੈਡਰ' ਦਾ ਖੜਕਾ ਸੁਣਾਈ ਨਹੀਂ ਦਿੰਦਾ। ਇਸ ਪਿੱਛੇ ਸਚਾਈ ਕੀ, ਹੈ। ਹਿਸਾਬ ਆਪਣਾ-ਆਪਣਾ।

# ਮਜ਼ਦੂਰਾਂ ਦੇ ਸਾਂਝੇ ਮੋਰਚੇ ਵਲੋਂ ਤਿੱਖੇ ਤੇਵਰ ਵਿਖਾਉਣ ਉਪਰੰਤ ਵਿੱਤ ਮੰਤਰੀ ਨੇ ਜਥੇਬੰਦੀਆਂ ਨਾਲ ਕੀਤੀ ਮੀਟਿੰਗ





**ਚੰਡੀਗੜ੍ਹ/ਸੰਗਰੂਰ (ਦਲਜੀਤ ਕੌਰ ਭਵਾਨੀਗੜ੍ਹ)–** ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂਆਂ ਨਾਲ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਚੰਡੀਗੜ੍ਹ ਵਿਖੇ ਉਹਨਾਂ ਦੇ ਦਫ਼ਤਰ ਵਿੱਚ ਹਾਂ ਪੱਖੀ ਰੂਪ ਵਿੱਚ ਮੀਟਿੰਗ ਹੋਈ।ਜਿਸ ਵਿੱਚ ਮਨਰੇਗਾ ਦੇ ਬਕਾਇਆਂ ਸੰਬੰਧੀ ਤੁਰੰਤ ਨੋਟਿਸ ਜਾਰੀ ਕਰਨ ਦਾ ਫ਼ੈਸਲਾ ਕੀਤਾ,ਕਰਜ਼ੇ ਸਮੇਤ ਵਿੱਤ ਮੰਤਰੀ ਨਾਲ ਸੰਬੰਧਿਤ ਮੰਗਾਂ ਦੇ ਹੱਲ ਲਈ 29 ਸਤੰਬਰ ਨੂੰ ਪੰਜਾਬ ਭਵਨ ਵਿਖੇ ਮੀਟਿੰਗ ਤਹਿ ਕੀਤੀ ਗਈ ਅਤੇ ਬਾਕੀ ਮੰਗਾਂ ਜਿਨ੍ਹਾਂ ਦਾ ਪਹਿਲੀਆਂ ਮੀਟਿੰਗਾਂ ਵਿੱਚ ਮੁੱਖ ਮੰਤਰੀ ਵੱਲੋਂ ਮੰਨਣ ਦਾ ਭਰੋਸਾ ਦਿੱਤਾ ਗਿਆ ਸੀ, ਉਹਨਾਂ ਮੰਗਾਂ ਨੂੰ ਲਾਗੂ ਕਰਵਾਉਣ ਲਈ 3 ਅਕਤੂਬਰ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨਾਲ ਮੀਟਿੰਗ ਕਰਨ ਦਾ ਭਰੋਸਾ ਦਿੱਤਾ ਗਿਆ।

ਵਿੱਤ ਮੰਤਰੀ ਨਾ਼ਲ ਮੀਟਿੰਗ ਚ ਹਾਜ਼ਰ ਸਾਂਝੇ ਮਜ਼ਦੂਰ ਮੋਰਚੇ ਦੀ ਸਫਲਤਾ ਤਰਫੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਾਲੌਦ, ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਦਰਸ਼ਨ ਨਾਹਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਗੁਲਜ਼ਾਰ ਗੌਰੀਆ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਪ੍ਰਧਾਨ ਤਰਸੇਮ ਪੀਟਰ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਲਖਵੀਰ ਲੌਂਗੋਵਾਲ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਜਨਰਲ ਸਕੱਤਰ ਹਰਵਿੰਦਰ ਸਿੰਘ ਸੇਮਾਂ ਨੇ ਐਲਾਨ ਕੀਤਾ ਕਿ ਜੇਕਰ ਮੁੱਖ ਮੰਤਰੀ ਨਾਲ ਮੀਟਿੰਗ ਸੰਬੰਧੀ ਅੱਜ ਦੁਪਹਿਰ 2130 ਵਜੇ ਤੱਕ ਅਧਿਕਾਰਤ ਤੌਰ ਉੱਤੇ ਲਿਖਤੀ ਪੱਤਰ ਨਾ ਮਿਲਿਆ ਤਾਂ ਪਟਿਆਲਾ-ਬਠਿੰਡਾ ਨੈਸ਼ਨਲ ਹਾਈਵੇ ਜਾਮ ਕੀਤਾ ਜਾਵੇਗਾ। ਜਿਸ ਉਪਰੰਤ ਅਧਿਕਾਰਤ ਤੌਰ ਉੱਤੇ 3 ਅਕਤੂਬਰ ਨੂੰ ਬਾਅਦ ਦੁਪਹਿਰ 3,30 ਵਜੇ ਮੁੱਖ ਮੰਤਰੀ ਦੇ ਚੰਡੀਗੜ੍ਹ ਦਫ਼ਤਰ ਵਿਖੇ ਉਹਨਾਂ ਨਾਲ ਜਥੇਬੰਦੀਆਂ ਦੀ ਮੀਟਿੰਗ ਦਾ ਪੱਤਰ ਮਜ਼ਦੂਰਾਂ ਦੇ ਸੰਗਰੂਰ ਇਕੱਠ ਵਿਚ ਪ੍ਰਸ਼ਾਸਨਿਕ ਅਧਿਕਾਰੀਆਂ ਵਲੋਂ ਮਜ਼ਦੂਰ ਆਗੂਆਂ ਨੂੰ ਸੌਂਪਿਆ ਗਿਆ।

ਜਿਸ ਉਪਰੰਤ ਸਾਂਝੇ ਮੋਰਚੇ ਦੇ ਆਗੂਆਂ ਕ੍ਰਿਸ਼ਨ ਚੌਹਾਨ, ਪ੍ਰਗਟ ਸਿੰਘ ਕਾਲਾਝਾੜ, ਭਗਵੰਤ ਸਮਾਉਂ, ਅਵਤਾਰ ਸਿੰਘ ਰਸੂਲਪੁਰ, ਬਲਦੇਵ ਸਿੰਘ ਨੂਰਪੁਰੀ, ਜ਼ੋਰਾ ਸਿੰਘ ਨਸਰ-ਾਲੀ ਅਤੇ ਬਿੱਕਰ ਸਿੰਘ ਹਥੋਆਂ ਨੇ ਐਲਾਨ ਕੀਤਾ ਕਿ ਜੇਕਰ ਵਿੱਤ ਮੰਤਰੀ ਅਤੇ ਮੁੱਖ ਮੰਤਰੀ ਨਾਲ ਹੋਣ ਵਾਲੀਆਂ ਮੀਟਿੰਗਾਂ ਵਿੱਚ ਮੰਨੀਆਂ ਮਜ਼ਦੂਰ ਮੰਗਾਂ ਨੂੰ ਲਾਗੂ ਨਾ ਕੀਤਾ ਗਿਆ ਅਤੇ ਰਹਿੰਦੀਆਂ ਮੰਗਾਂ ਦਾ ਕੋਈ ਹੱਲ ਨਾ ਨਿਕਲਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ 7 ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ,ਪੰਜਾਬ ਖੇਤ ਮਜ਼ਦੂਰ ਯੂਨੀਅਨ,ਦਿ-ਹਾਤੀ ਮਜ਼ਦੂਰ ਸਭਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਪੰਜਾਬ ਖੇਤ ਮਜ਼ਦੂਰ ਸਭਾ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਤਿੰਨ ਰੋਜ਼ਾ ਮੁੱਖ ਮੰਤਰੀ ਦੇ ਘਰ ਅੱਗੇ ਲੱਗੇ ਮੋਰਚੇ ਵਿੱਚ ਮਜ਼ਦੂਰਾਂ ਦੀਆਂ ਮੰਗਾਂ ਵਿੱਚ ਇਹ ਮੰਗਾਂ ਮਗਨਰੇਗਾ ਤਹਿਤ ਟੱਬਰ ਦੇ ਸਾਰੇ ਬਾਲਗ ਮੈਂਬਰਾਂ ਨੂੰ ਸਾਰਾ ਸਾਲ ਕੰਮ ਦੇਣ, ਮਗਨਰੇਗਾ ਸਮੇਤ ਹੋਰਨਾਂ ਕੰਮਾਂ ਦੀ ਦਿਹਾੜੀ 700 ਰੁਪੈ ਕਰਨ, ਪੰਚਾਇਤੀ ਜ਼ਮੀਨ ਦਾ ਤੀਜੇ ਹਿੱਸੇ ਦਾ ਹੱਕ ਦਲਿਤਾਂ ਨੂੰ ਅਮਲ ਵਿੱਚ ਦੇਣ,ਅਲਾਟ ਪਲਾਟਾਂ ਦੇ ਮਜ਼ਦੂਰਾਂ ਨੂੰ ਕਬਜ਼ੇ ਦੇਣ, ਲੋੜਵੰਦ ਪਰਿਵਾਰਾਂ ਨੂੰ ਰਿਹਾਇਸ਼ੀ ਪਲਾਟ ਅਲਾਟ ਕਰਨ,ਲਾਲ ਲਕੀਰ ਰਹਿੰਦੇ ਪਰਿਵਾਰਾਂ ਨੂੰ ਮਾਲਕੀ ਹੱਕ ਦੇਣ, ਮਕਾਨ ਉਸਾਰੀ ਲਈ ਗ੍ਰਾਂਟ ਦਿੱਤੀ ਜਾਵੇ, ਗੁਲਾਬੀ ਸੁੰਡੀ ਕਾਰਨ ਖ਼ਰਾਬ ਨਰਮੇ ਅਤੇ ਮੀਹਾਂ ਕਾਰਨ ਮਰੀਆਂ ਫਸਲਾਂ ਦਾ ਮਜ਼ਦੂਰਾਂ ਨੂੰ ਮੁਆਵਜ਼ਾ ਦੇਣ, ਮਾਈਕਰੋਫਾਈਨਾਂਸ ਕੰਪਨੀਆਂ ਸਮੇਤ ਸਰਕਾਰੀ ਤੇ ਗੈਰ-ਸਰਕਾਰੀ ਕਰਜ਼ੇ ਮੁਆਫ਼ ਕੀਤੇ ਜਾਣ, ਸਹਿਕਾਰੀ ਸਭਾਵਾਂ ਵਿੱਚ ਬੇਜ਼ਮੀਨੇ ਮਜ਼ਦੂਰਾਂ ਨੂੰ ਬਿਨ੍ਹਾਂ ਸ਼ਰਤ ਮੈਂਬਰਸ਼ਿਪ ਦਿੱਤੀ ਜਾਵੇ, ਤਿੱਖੇ ਭੂਮੀ ਸੁਧਾਰ ਕਰਕੇ ਵਾਧੂ ਜ਼ਮੀਨਾਂ ਬੇਜ਼ਮੀਨੇ ਲੋਕਾਂ ਵਿੱਚ ਵੰਡ ਕਰਨ, ਬੁਢਾਪਾ, ਵਿਧਵਾ, ਅੰਗਹੀਣ ਪੈਨਸ਼ਨਾਂ ਦੀ ਰਾਸ਼ੀ 5 ਹਜ਼ਾਰ ਰੁਪਏ ਕੀਤੀ ਜਾਵੇ ਅਤੇ ਉਮਰ ਹੱਦ ਘਟਾ ਕੇ 55-58 ਸਾਲ ਕੀਤੀ ਜਾਵੇ ਆਦਿ ਸ਼ਾਮਲ ਸਨ। ਤਿੰਨੋਂ ਦਿਨ ਮੋਰਚੇ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ ਸੈਂਕੜੇ ਪਿੰਡਾਂ ਦੇ ਹਜ਼ਾਰਾਂ ਮਜ਼ਦੂਰ ਮਰਦ,ਔਰਤਾਂ, ਬੱਚੇ ਪੂਰੇ ਉਤਸ਼ਾਹ ਨਾਲ ਸ਼ਾਮਲ ਹੋਏ। ਵਿੱਤ ਮੰਤਰੀ ਨਾਲ ਹੋਈ ਮੀਟਿੰਗ ਵਿੱਚ ਮਜ਼ਦੂਰ ਆਗੂ ਗੁਰਨਾਮ ਸਿੰਘ ਦਾਊਦ, ਦੇਵੀ ਕੁਮਾਰੀ, ਹਰਮੇਸ਼ ਮਾਲੜੀ, ਕਸ਼ਮੀਰ ਸਿੰਘ ਘੁੱਗਸ਼ੋਰ, ਦਿਲਬਾਗ ਸਿੰਘ ਜ਼ੀਰਾ, ਗੋਬਿੰਦ ਛਾਜਲੀ ਅਤੇ ਗੁਰਵਿੰਦਰ ਸਿੰਘ ਬੋਹੜਾ ਵੀ ਹਾਜ਼ਰ ਸਨ।

# ਆਰਐੱਮਪੀਆਈ ਦੇ ਸੂਬਾਈ ਅਜਲਾਸ ਦੀਆਂ ਜ਼ੋਰਦਾਰ ਤਿਆਰੀਆਂ ਜਾਰੀ: ਪਾਸਲਾ

## ਸ਼ਹੀਦ ਊਧਮ ਸਿੰਘ, ਗ਼ਦਰੀ ਬੀਬੀ ਗੁਲਾਬ ਕੌਰ ਅਤੇ ਕਾਮਰੇਡ ਸਤਵੰਤ ਸਿੰਘ ਨੂੰ ਸਮਰਪਿਤ ਕੀਤੇ ਜਾਣਗੇ ਨਗਰ, ਹਾਲ ਅਤੇ ਮੰਚ: ਜਾਮਾਰਾਏ

**ਸੁਨਾਮ ਊਧਮ ਸਿੰਘ ਵਾਲਾ (ਦਲਜੀਤ ਕੌਰ ਭਵਾਨੀਗੜ੍ਹ)–** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੀ ਪੰਜਾਬ ਰਾਜ ਕਮੇਟੀ ਦੀ ਇਤਿਹਾਸਕ ਪਿੰਡ ਜਖੇਪਲ ਵਿਖੇ 25-27 ਸਤੰਬਰ, 2022 ਨੂੰ ਹੋਣ ਜਾ ਰਹੀ ਸੂਬਾਈ ਜਥੇਬੰਦਕ ਕਾਨਫਰੰਸ ਦੀਆਂ ਜ਼ੋਰਦਾਰ ਤਿਆਰੀਆਂ ਚੱਲ ਰਹੀਆਂ ਹਨ।

ਅੱਜ ਇੱਥੋਂ ਜਾਰੀ ਇੱਕ ਸਾਂਝੇ ਬਿਆਨ ਰਾਹੀਂ ਉਕਤ ਜਾਣਕਾਰੀ ਦਿੰਦਿਆਂ ਪਾਰਟੀ ਦੇ ਸੂਬਾ ਕਮੇਟੀ ਮੈਂਬਰ ਸਾਥੀ ਮੱਖਣ ਸਿੰਘ ਜਖੇਪਲ ਅਤੇ ਜਿਲ੍ਹਾ ਸਕੱਤਰ ਸਾਥੀ ਊਧਮ ਸਿੰਘ ਸੰਤੋਖਪੁਰਾ ਨੇ ਦੱਸਿਆ ਕਿ ਕਾਨਫਰੰਸ ਦੀ ਸਫਲਤਾ ਲਈ ਸਲਾਹ-ਮਸ਼ਵਰਾ ਕਰਨ ਅਤੇ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ, ਰਾਜ ਕਮੇਟੀ ਦੇ ਕਾਰਜਕਾਰੀ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ, ਸੂਬਾਈ ਆਗੂ ਗੁਰਦਰਸ਼ਨ ਬੀਕਾ ਅਤੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੇ ਜਨਰਲ ਸਕੱਤਰ



ਧਰਮਿੰਦਰ ਸਿੰਘ ਉਚੇਚੇ ਜਖੇਪਲ ਪਹੁੰਚੇ।

ਸੂਬਾਈ ਅਤੇ ਜਿਲ੍ਹਾ ਆਗੂਆਂ ਨੇ ਦੱਸਿਆ ਕਿ ਕਾਨਫਰੰਸ ਦੇ ਪਹਿਲੇ ਦਿਨ 'ਸਾਥੀ ਵਿਦਿਆ ਦੇਵ ਲੌਂਗੋਵਾਲ ਪੰਡਾਲ' ਵਿੱਚ ਇੱਕ ਜਨਤਕ ਇਕੱਠ ਅਤੇ ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਉਨ੍ਹਾਂ ਅੱਗੋਂ ਕਿਹਾ ਕਿ ਸੰਯੋਗ ਮੈਰਿਜ ਪੈਲੇਸ ਜਖੇਪਲ ਵਿਖੇ ਹੋਣ ਜਾ ਰਹੀ ਕਾਨਫਰੰਸ ਵਾਲੇ ਇਲਾਕੇ ਨੂੰ 'ਸ਼ਹੀਦ ਊਧਮ ਸਿੰਘ ਨਗਰ' ਦਾ ਨਾਂ ਦਿੱਤਾ ਜਾਵੇਗਾ ਜਦਕਿ ਹਾਲ ਅਤੇ ਮੰਚ ਗ਼ਦਰੀ ਬੀਬੀ ਗੁਲਾਬ ਕੌਰ ਅਤੇ ਸਾਥੀ ਸਤਵੰਤ ਸਿੰਘ ਨੂੰ ਸਮਰਪਿਤ ਹੋਣਗੇ।

ਆਗੂਆਂ ਨੇ ਦੱਸਿਆ ਕਿ ਕਾਨਫਰੰਸ ਵਿੱਚ ਹਾਜਰ ਡੈਲੀਗੇਟ ਸੰਘ ਪਰਿਵਾਰ ਦੀ ਅਗਵਾਈ ਵਾਲੀਆਂ ਫਿਰਕੂ-ਫਾਸ਼ੀਵਾਦੀ ਤਾਕਤਾਂ ਅਤੇ ਮੋਦੀ ਸਰਕਾਰ ਲੋਕ ਦੋਖੀ ਨਵਉਦਾਰਵਾਦੀ ਨੀਤੀਆਂ ਖਿਲਾਫ਼ ਲੜੇ ਜਾਣ ਵਾਲੇ ਭਵਿੱਖ ਦੇ ਸੰਗਰਾਮਾਂ ਦੀ ਨਿੱਗਰ ਵਿਉਂਤਬੰਦੀ ਅਤੇ ਨਵੀਂ ਸੂਬਾਈ ਟੀਮ ਦੀ ਚੋਣ ਕਰਨਗੇ।

# ਮਿਸੀਸਿੱਪੀ ਸੂਬੇ ਦੇ ਸ਼ਹਿਰ ਟੂਪੇਲੋ ਵਿਖੇਂ ਇਕ ਪੰਜਾਬੀ ਸਟੋਰ ਕਲਰਕ ਦੀ ਗੋਲੀ ਮਾਰ ਕੇ ਹੱਤਿਆ





**ਨਿਊਯਾਰਕ,14 ਸਤੰਬਰ (ਰਾਜ ਗੋਗਨਾ)—** ਬੀਤੇਂ ਦਿਨ ਅਮਰੀਕਾ ਦੇ ਸੂਬੇ ਮਿੱਸੀਸਿਪੀ ਦੇ ਸ਼ਹਿਰ ਟੂਪੇਲੋ ਵਿੱਚ ਇਕ ਗੈਸ ਸਟੇਸ਼ਨ ਦੇ ਨਾਲ ਸਥਿੱਤ ਸਟੋਰ ਤੇ ਕੰਮ ਕਰਦੇ ਇੱਕ ਪੰਜਾਬੀ ਮੂਲ ਦੇ ਸਟੋਰ ਕਲਰਕ ਦੀ ਇਕ ਕਾਲੇ ਮੂਲ ਦੇ ਲੁਟੇਰੇ ਵੱਲੋ ਲੁੱਟ ਖੋਹ ਕਰਕੇ ਗੋਲੀ ਮਾਰ ਕੇ ਉਸ ਦੀ ਹੱਤਿਆ ਕਰ ਦੇਣ ਦੀ ਮੰਦਭਾਗੀ ਸੂਚਨਾ ਸਾਹਮਣੇ ਆਈ ਹੈ। ਜਿਸ ਨੇ ਰਿਵਾਲਵਰ ਦੀ ਨੋਕ ਤੇ ਉੱਥੇ ਕੰਮ ਕਰ ਰਹੇ ਪੰਜਾਬੀ 33 ਸਾਲਾ ਪਰਮਵੀਰ ਸਿੰਘ ਦੇ ਸਿਰ ਚ' ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਜਦ ਕਿ ਸਟੋਰ ਕਲਰਕ ਨੇ ਉਸ ਨਾਲ ਕੈਮਰਿਆਂ ਦੀ ਫੁਟੇਜ ਦੀ ਜਾਂਚ ਮੁਤਾਬਿਕ ਕੋਈ ਵੀ ਤਕਰਾਰ ਨਹੀਂ ਕੀਤਾ ਉਸ ਨੇ ਡਕੈਤੀ ਦੀ ਕੋਸ਼ਿਸ਼ ਦੌਰਾਨ ਪੰਜਾਬੀ ਸਟੋਰ ਕਲਰਕ ਪਰਮਵੀਰ ਸਿੰਘ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ ਪੁਲਿਸ ਨੇ ਦੋਸ਼ੀ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਜੱਜ ਦੇ ਸਾਹਮਣੇ ਉਹ ਬੀਤੇਂ ਦਿਨ ਮੰਗਲਵਾਰ ਨੂੰ ਪੇਸ਼ ਕੀਤਾ ਗਿਆ। ਪੁਲਿਸ ਨੇ ਕਿਹਾ ਕਿ ਕੈਮਰਿਆਂ ਦੀ ਫੁਟੇਜ ਦੀ ਛਾਣਬੀਨ ਕਰਨ ਤੇ ਸਟੋਰ ਕਲਰਕ ਪਰਮਵੀਰ ਸਿੰਘ ਨੇ ਉਸ ਨੂੰ ਕੁਝ ਪੈਸੇ ਸਮਰਪਣ ਕੀਤੇ ਅਤੇ ਕੋਪਲੈਂਡ ਲਈ ਉਸ ਨੇ ਆਪਣੀ ਜਾਨ ਬਚਾਉਣ ਲਈ ਤਿਜੋਰੀ ਖੋਲ੍ਹ ਦਿੱਤੀ। ਕ੍ਰਿਸ਼ ਕੋਪਲੈਂਡ ਨੇ ਫਿਰ ਵੀ ਕਲਰਕ ਸਿੰਘ ਨੂੰ ਫਰਸ਼ 'ਤੇ ਜਾਣ ਦਾ ਹੁਕਮ ਦਿੱਤਾ, ਅਤੇ ਕਾਊਂਟਰ 'ਤੇ ਛਾਲ ਮਾਰ ਕੇ ਫਿਰ ਪੀੜਤ ਨੂੰ ਗੋਲੀ ਮਾਰ ਦਿੱਤੀ। ਪੁਲਿਸ ਨੇ ਕਾਲੇ ਮੂਲ ਦੇ ਹਤਿਆਰੇ ਜਿਸ ਦੀ ਪਹਿਚਾਣ ਕੋਪਲੈਂਡ ਵਜੋ ਹੋਈ ਹੈ। ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਜੋ ਜੇਲ ਵਿੱਚ ਬੰਦ ਹੈ। ਪੁਲਿਸ ਅਨੁਸਾਰ ਹੱਤਿਆ ਕਰਨ ਵਾਲੇ ਕ੍ਰਿਸ਼ ਕੋਪਲੈਂਡ ਨਾਂ ਦੇ ਕਾਲੇ ਮੂਲ ਦੇ ਵਿਅਕਤੀ ਦਾ ਅਪਰਾਧਿਕ ਇਤਿਹਾਸ ਹੈ। ਉਸ 'ਤੇ ਇਸ ਤੋ ਪਹਿਲਾਂ ਵੀ ਚੋਰੀ ਦੇ ਕਈ ਦੋਸ਼ ਸਨ।ਮਾਰੇ ਗਏ ਪਰਮਵੀਰ ਸਿੰਘ ਦਾ ਪੰਜਾਬ ਤੋ ਪਿਛੋਕੜ ਜਿਲ੍ਹਾ ਕਪੂਰਥਲਾ ਦਾ ਪਿੰਡ ਢਪੱਈ ਦੱਸਿਆ ਜਾਂਦਾ ਹੈ। ਜੋ ਮਾਪਿਆ ਦਾ ਇਕਲੌਤਾ ਪੁੱਤਰ ਸੀ ।

# ਯੂਕੇ: ਗਾਇਕਾ ਤੇ ਅਦਾਕਾਰਾ ਰਾਜ ਕੌਰ ਦਾ ਵਿਸ਼ੇਸ਼ ਸਨਮਾਨ





**ਬਰਮਿੰਘਮ/ ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਪੰਜਾਬੀ ਸੰਗੀਤ ਜਗਤ ਦੀ ਝੋਲੀ 'ਤਲਵਾਰ ਖਾਲਸੇ ਦੀ', 'ਜਾਗ ਜਾ ਪੰਜਾਬੀਆ', 'ਮਕਸਦ', 'ਮੈਂ ਤਾਂ ਨੱਚਣਾ' ਵਰਗੇ ਮਕਬੂਲ ਗੀਤ ਪਾਉਣ ਵਾਲੀ ਗਾਇਕਾ ਤੇ ਅਦਾਕਾਰਾ ਰਾਜ ਕੌਰ ਦਾ ਵਿਸ਼ੇਸ਼ ਸਨਮਾਨ ਦਵਿੰਦਰ ਸਿੰਘ ਸੋਢੀ, ਸੁੱਖੀ ਸ਼ੇਰਗਿੱਲ ਅਰੂਪਿੰਦਰ ਸਿੱਧੂ, ਜੁਝਾਰ ਸਿੰਘ ਆਦਿ ਦੇ ਉੱਦਮਾਂ ਨਾਲ ਕੀਤਾ ਗਿਆ। ਗੁਰੂ ਕੀ ਨਗਰੀ ਸੁਲਤਾਨਪੁਰ ਲੋਧੀ ਕਪੂਰਥਲਾ 'ਚ ਜੰਮੀ ਪਲੀ ਰਾਜ ਕੌਰ "ਨੀ ਮੈਂ ਸੱਸ ਕੁੱਟਣੀ", "ਮੁਕਤੀ", "ਗਾਂਧੀ ਫੇਰ ਆ ਗਿਆ", "ਗੁਰਮੁੱਖ", "ਨਿਸ਼ਾਨਾ", "ਹੱਸਦੇ ਹਸਾਉਂਦੇ ਰਹੋ" ਤੇ ਨਵੀਂ ਆ ਰਹੀ ਫਿਲਮ "ਤੂ ਜੁਦਾ" ਵਿੱਚ ਅਦਾਕਾਰੀ ਵੀ ਕਰ ਚੁੱਕੀ ਹੈ। ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਦਵਿੰਦਰ ਸੋਢੀ, ਸੁੱਖੀ ਸ਼ੇਰਗਿੱਲ ਨੇ ਕਿਹਾ ਕਿ ਮਿਹਨਤ ਦੇ ਬਲਬੂਤੇ 'ਤੇ ਵੱਖਰੀ ਪਛਾਣ ਬਣਾਉਣ ਵਾਲੇ ਕਲਾਕਾਰਾਂ ਦਾ ਮਾਣ ਸਨਮਾਨ ਕਰਨਾ ਸਾਡਾ ਸਭ ਦਾ ਮੁੱਢਲਾ ਫਰਜ਼ ਹੋਣਾ ਚਾਹੀਦਾ ਹੈ। ਜੇਕਰ ਅਸੀਂ ਅਸਲ ਹੱਕਦਾਰ ਨੂੰ ਬਣਦਾ ਮਾਣ ਦੇਵਾਂਗੇ ਤਾਂ ਹੀ ਮਿਹਨਤ ਕਰਕੇ ਕਲਾ ਖੇਤਰ ਵਿੱਚ ਆਉਣ ਵਾਲਿਆਂ ਦੀ ਹਾਜ਼ਰੀ ਵਧੇਗੀ। ਨਹੀਂ ਤਾਂ ਆਲਮ ਇਹ ਹੈ ਕਿ ਅਸੀਂ ਪੰਜਾਬੀ ਇਲਤਾਂ ਮਸਖਰੀਆਂ ਵਿੱਚ ਹੀ ਆਪਣੇ ਹੀਰੇ ਰੋਲ ਰਹੇ ਹਾਂ ਤੇ ਜਿਹਨਾਂ ਪੱਲੇ ਕੱਖ ਨਹੀਂ ਉਹਨਾਂ ਨੂੰ ਸਿਰਾਂ 'ਤੇ ਬਿਠਾ ਕੇ ਖੁਦ ਦੀ ਹੀ ਅਕਲ ਦਾ ਜਲੂਸ ਕੱਢ ਰਹੇ ਹਾਂ। ਇਸ ਸਮੇਂ ਬੋਲਦਿਆਂ ਰਾਜ ਕੌਰ ਨੇ ਕਿਹਾ ਕਿ ਉਹਨਾਂ ਦਾ ਯੂਕੇ ਇਹ ਦੂਜਾ ਗੇੜਾ ਹੈ। ਯੂਕੇ ਦੇ ਦਰਸ਼ਕਾਂ, ਸ੍ਰੋਤਿਆਂ ਵੱਲੋਂ ਮਿਲਿਆ ਪਿਆਰ ਹਮੇਸ਼ਾ ਯਾਦ ਰਹੇਗਾ।

# ਕੈਲੀਫੋਰਨੀਆ ਦੇ ਜੰਗਲਾਂ ਨੂੰ ਲੱਗੀ ਅੱਗ 'ਤੇ ਕਾਬੂ ਪਾਉਣਾ ਹੋਇਆ ਮੁਸ਼ਕਿਲ



**ਸੈਕਰਾਮੈਂਟੋ 14 ਸਤੰਬਰ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਵਿਚ ਵੱਖ ਵੱਖ ਥਾਵਾਂ 'ਤੇ ਲੱਗੀ ਅੱਗ ਉਪਰ ਕਾਬੂ ਪਾਉਣ ਦੇ ਯਤਨ ਜਾਰੀ ਹਨ ਪਰੰਤੂ ਸਮੱਸਿਆ ਇਹ ਹੈ ਕਿ ਅੱਗ ਨਵੇਂ ਖੇਤਰਾਂ ਵਿਚ ਲੱਗ ਰਹੀ ਹੈ। ਰਾਜ ਦੇ ਮੋਸਕੂਇਟੋ ਖੇਤਰ ਵਿਚ ਲੱਗੀ ਤਾਜਾ ਅੱਗ ਨੇ ਭਿਆਨਕ ਰੂਪ ਅਪਣਾ ਲਿਆ ਹੈ ਤੇ ਅੱਗ ਬੁਝਾਊ ਅਮਲਾ ਅੱਗ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਪੱਬਾਂ ਭਾਰ ਹੋਇਆ ਪਿਆ ਹੈ। ਅੱਗ ਸੀਏਰਾ ਨੇਵਾਡਾ ਦੀਆਂ ਪਹਾੜੀਆਂ ਵਿਚ ਸੁੱਕੇ ਜੰਗਲ ਵਿਚ ਫੈਲ ਗਈ ਹੈ। ਹੁਣ ਤੱਕ 46 ਇਮਾਰਤਾਂ ਸੜਕੇ ਸਵਾਹ ਹੋ ਗਈਆਂ ਹਨ। ਐਲ ਡੋਰਾਡੋ ਤੇ ਪਲੇਸਰ ਕਾਊਂਟੀਆਂ ਦੇ ਜੰਗਲ ਵਿਚ ਅੱਗ ਸਿਖਰ 'ਤੇ ਪੁੱਜੀ ਤਪਸ਼ ਦੌਰਾਨ 6 ਸਤੰਬਰ ਨੂੰ ਲੱਗੀ ਸੀ। ਤਕਰੀਬਨ 50000 ਏਕੜ ਜੰਗਲ ਨੂੰ ਅੱਗ ਨੇ ਆਪਣੀ ਲਪੇਟ ਵਿਚ ਲੈ ਲਿਆ ਹੈ। ਕੈਲੀਫੋਰਨੀਆ ਦੇ ਅੱਗ ਬੁਝਾਊ ਵਿਭਾਗ ਅਨੁਸਾਰ ਅਜੇ ਤੱਕ 18% ਅੱਗ ਉਪਰ ਹੀ ਕਾਬੂ ਪਾਇਆ ਗਿਆ ਹੈ। ਦੋ ਦਰਜਨ ਘਰ ਤੇ 21 ਹੋਰ ਇਮਾਰਤਾਂ ਅੱਗ ਦੀ ਭੇਟ ਚੜ ਚੁੱਕੀਆਂ ਹਨ। 5800 ਹੋਰ ਇਮਾਰਤਾਂ ਨੂੰ ਖਤਰਾ ਪੈਦਾ ਹੋ ਗਿਆ ਹੈ ਉਸ ਕਿਸੇ ਵੇਲੇ ਵੀ ਅੱਗ ਦੀ ਲਪੇਟ ਵਿਚ ਆ ਸਕਦੀਆਂ ਹਨ। 11000 ਤੋਂ ਵਧ ਲੋਕ ਆਪਣੇ ਘਰ ਛੱਡ ਕੇ ਜਾ ਚੁੱਕੇ ਹਨ। ਮੋਸਕੂਇਟੋ ਦੀ ਅੱਗ ਕਾਰਨ ਉੱਤਰੀ ਕੈਲੀਫੋਰਨੀਆ ਵਿਚ ਸਿਹਤ ਦੇ ਪੱਖ ਤੋਂ ਹਾਲਾਤ ਨਿਘਰ ਗਏ ਹਨ। ਧੂੰਏਂ ਕਾਰਨ ਲੋਕਾਂ ਨੂੰ ਸਾਹ ਲੈਣ ਵਿਚ ਤਕਲੀਫ ਆ ਰਹੀ ਹੈ ਮਿਸ਼ੀਗਨ ਬਲੱਫ ਰੋਡ ਦੇ ਨਾਲ ਅੱਗ ਨੇ ਭਾਰੀ ਨੁਕਸਾਨ ਪਹੁੰਚਾਇਆ ਹੈ। ਕਾਰਾਂ ਤੇ ਇਮਾਰਤਾਂ ਨੂੰ ਆਪਣੀ ਲਪੇਟ ਵਿਚ ਲਿਆ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਉੱਤਰ ਪੂਰਬੀ ਖੇਤਰ ਵਿਚ ਅੱਗ ਉਪਰ ਅਜੇ ਤੱਕ ਕਾਬੂ ਨਹੀਂ ਪਾਇਆ ਜਾ ਸਕਿਆ ਹੈ ਤੇ ਅੱਗ ਅੱਗੇ ਫੈਲ ਰਹੀ ਹੈ।

ਪੱਛਮੀ ਰਾਜਾਂ ਵਿਚ ਜੰਗਲ ਨੂੰ ਲੱਗੀ ਅੱਗ ਨੇ ਅਸਮਾਨ ਉਪਰ ਧੂੰਏਂ ਦੀ ਚਾਦਰ ਵਿਛਾ ਦਿੱਤੀ ਹੈ। ਕੈਲੀਫੋਰਨੀਆ, ਵਾਸ਼ਿੰਗਟਨ, ਓਰਗੇਨ ਤੇ ਇਦਾਹੋ ਵਿਚ ਹਵਾ ਵਿਚਲੀ ਗੁਣਵਤਾ ਬਾਰੇ ਚਿਤਾਵਨੀ ਦਿੱਤੀ ਗਈ ਹੈ। ਮੋਸਕਿਊਟੋ ਅੱਗ ਕਾਰਨ ਨੇਵਾਡਾ ਵਿਚ ਫੈਲੇ ਧੂੰਏਂ ਨੇ ਲੋਕਾਂ ਲਈ ਮੁਸੀਬਤਾਂ ਖੜੀਆਂ ਕਰ ਦਿੱਤੀਆਂ ਹਨ।

# ਕੜਕਦੀ ਗਰਮੀ ਅਤੇ ਸਰਦੀ ਵਿੱਚ ਮਿੱਡ-ਡੇ-ਮੀਲ ਤਿਆਰ ਕਰਨ ਵਾਲੇ ਵਰਕਰਾਂ ਦਾ ਮਾਣ ਭੱਤਾ ਹਰ ਮਹੀਨੇ 7 ਤਾਰੀਖ ਤੱਕ ਜਾਰੀ ਕਰੇ ਸਰਕਾਰ- ਟੂਰਾ



ਐਸਸੀ/ਬੀਸੀ ਮੁਲਾਜ਼ਮ ਵਰਗ ਦੀ ਆਵਾਜ਼ ਬੁਲੰਦ ਕਰਨ ਵਾਲੀ ਜੱਥੇਬੰਦੀ ਗਜ਼ਟਿਡ ਅਤੇ ਨਾਨ ਗਜ਼ਟਿਡ ਐਸ।ਸੀ/ਬੀ।ਸੀ ਇੰਪਲਾਈਜ਼ ਵੈੱਲਫ਼ੇਅਰ ਫ਼ੈਡਰੇਸ਼ਨ ਇਕਾਈ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਐਡੀਸ਼ਨਲ ਸਟੇਟ ਪ੍ਰਧਾਨ ਸ੍ਰੀ ਸਤਵੰਤ ਟੂਰਾ, ਸ੍ਰੀ ਮਨਜੀਤ ਗਾਟ ,ਸ੍ਰੀ ਲਖਵੀਰ ਚੰਦ ਅਤੇ ਵਿਨੋਦ ਕੁਮਾਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਦੀ ਅਲੋਚਨਾਂ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਸਰਕਾਰੀ ਅਤੇ ਏਡਿਡ ਸਕੂਲਾਂ ਵਿੱਚ ਮਿਡ ਡੇ ਮੀਲ ਦਿੱਤਾ ਜਾ ਰਿਹਾ ਹੈ, ਪਰ ਇਸਦੀ ਕੁਕਿੰਗ ਕਾਸਟ ਅਤੇ ਕੜਕਦੀ ਗਰਮੀ, ਸਰਦੀ, ਮੀਂਹ ਹਨੇਰੀ ਵਿੱਚ ਖਾਣਾ ਬਣਾਉਣ ਵਾਲੇ ਵਰਕਰਾਂ ਦਾ ਮਾਣ ਭੱਤਾ ਜਿਹੜਾ ਕਿ ਸਿਰਫ 3000 ਹਜ਼ਾਰ ਰੁਪਏ ਹੈ ਉਹ ਵੀ ਕਦੇ ਵਿਭਾਗ ਵੱਲੋਂ ਸਮੇਂ ਸਿਰ ਨਹੀਂ ਭੇਜਿਆ ਜਾਂਦਾ।ਸ੍ਰੀ ਟੂਰਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕਰੀਬ ਢਾਈ ਮਹੀਨੇ ਹੋ ਗਏ, ਪਿਛਲੇ ਦੋ ਮਹੀਨੇ ਦਾ ਮਾਣ ਭੱਤਾ ਮਿਡ ਡੇਅ ਮੀਲ ਵਰਕਰਾਂ ਨੂੰ ਜਾਰੀ ਨਹੀਂ ਕੀਤਾ ਗਿਆ। ਇਸਦੇ ਬਾਵਜੂਦ ਵੀ ਉਹ ਬੜੀ ਇਮਾਨਦਾਰੀ ਨਾਲ ਕੰਮ ਕਰ ਰਹੇ ਹਨ ਪਰ ਉਨ੍ਹਾਂ ਵਿਚ ਸਰਕਾਰ ਪ੍ਰਤੀ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ।ਸ੍ਰੀ ਟੂਰਾ ਅਤੇ ਗਾਟ ਨੇ ਅੱਗੇ ਕਿਹਾ ਕਿ ਸਰਕਾਰ ਇਕ ਅਜਿਹਾ ਨਿਯਮ ਬਣਾਵੇ ਜਿਸ ਨਾਲ ਮਿਡ ਡੇ ਮੀਲ ਵਰਕਰਾਂ ਦਾ ਮਾਣ ਭੱਤਾ ਹਰ ਮਹੀਨੇ ਪਹਿਲੇ ਹਫ਼ਤੇ ਉਨ੍ਹਾਂ ਦੇ ਖਾਤਿਆਂ ਵਿੱਚ ਆ ਜਾਵੇ । ਕਿਉਂਕਿ ਹਰ ਵਰਕਰ ਨੂੰ ਭਾਵੇਂ ਥੋੜ੍ਹਾ ਮਾਣ ਭੱਤਾ ਮਿਲਦਾ ਪਰ ਉਹਨਾਂ ਨੂੰ ਇੱਕ ਆਸ ਤੇ ਫ਼ਿਕਰ ਹੁੰਦੀ ਹੈ ਕਿ ਘਰ ਦਾ ਖਰਚਾ ਚਲਾਉਣ ਲਈ ਕਿਵੇਂ ਪ੍ਰਬੰਧ ਕਰਨਾ ਹੈ। ਕੁਕਿੰਗ ਕਾਸਟ ਸਬੰਧੀ ਲਖਵੀਰ ਚੰਦ ਅਤੇ ਵਿਨੋਦ ਕੁਮਾਰ ਨੇ ਜਾਣਕਾਰੀ ਦਿੰਦੇ ਕਿਹਾ ਕਿ ਮਿਡ ਡੇ ਮੀਲ ਲਈ ਵਰਤੇ ਜਾਂਦੇ ਰਾਸ਼ਨ ਜਿਵੇਂ ਦਾਲਾਂ, ਘਿਓ, ਤੇਲ ਆਦਿ ਦੀਆਂ ਕੀਮਤਾਂ ਵਿੱਚ ਪਿਛਲੇ ਦੋ ਸਾਲਾਂ ਵਿੱਚ ਲਗਪਗ 75 ਪ੍ਰਤੀਸ਼ਤ ਵਾਧਾ ਹੋਇਆ ਹੈ ਪਰ ਪਿਛਲੇ ਦੋ ਸਾਲਾਂ ਤੋਂ ਕੁਕਿੰਗ ਕਾਸਟ ਵਿਚ ਬਿਲਕੁਲ ਵੀ ਵਾਧਾ ਨਹੀਂ ਕੀਤਾ ਗਿਆ।

ਉਨ੍ਹਾਂ ਨੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਕੁਕਿੰਗ ਕਾਸਟ ਵਿੱਚ ਵੀ ਵਧੀ ਮਹਿੰਗਾਈ ਦੇ ਆਧਾਰ ਤੇ ਵਾਧਾ ਕੀਤਾ ਜਾਵੇ ਅਤੇ ਕੁਕਿੰਗ ਕਾਸਟ ਮਹੀਨਾਵਾਰ ਜਾਰੀ ਕੀਤੀ ਜਾਵੇ। ਪ੍ਰੈਸ ਨੂੰ ਜਾਣਕਾਰੀ ਦੇਣ ਸਮੇਂ ਸਤਨਾਮ ਗਿੱਲ, ਬਲਵਿੰਦਰ ਲੀਰ, ਅਮਰਿੰਦਰ ਸਿੰਘ, ਗਿਆਨ ਚੰਦ ਵਾਹਦ, ਰਾਮਪਾਲ ਜਸਵੀਰ ਲਾਲ, ਗੁਰਸੇਵਕ ਸਿੰਘ, ਸੁਖਦੇਵ ਸਿੰਘ ਕਮਲੇਸ਼ ਕੌਰ , ਅਸ਼ੋਕ ਮੂਲਨਿਵਾਸੀ, ਕੁਲਦੀਪ ਰਾਮ, ਸੁਰਜੀਤ ਲਾਲ, ਗਿਆਨ ਸਿੰਘ ਅਤੇ ਹੋਰ ਕਈ ਸਾਥੀ ਹਾਜ਼ਰ ਸਨ।

# ਮਹਾਰਿਸ਼ੀ ਵਾਲਮੀਕ ਟੈਪਲ ਯੂਬਾ ਸਿਟੀ ਵਿਖੇ ਜਨਮ ਦਿਹਾੜਾ ਬਾਬਾ ਜੀਵਨ ਸਿੰਘ ਜੀ ਦਾ ਜਨਮ ਦਿਹਾੜਾ ਸਰਧਾ ਪੂਰਵਕ ਮਨਾਇਆ ਗਿਆ






























Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html







My Struggle in Life:

Das Pawar, Ishwar: 9781682131558:

Amazon.com: Book

https://www.amazon.com/Struggle-Life-Ishwar-Das-Pawar/dp/1682131556


# ਯੂਬਾ ਸਿਟੀ ਦੇ ਸਿੱਖ ਆਗੂ ਤੇ ਸਮਾਜਸੇਵੀ ਦੀਦਾਰ ਸਿੰਘ ਬੈਂਸ ਦੀ ਮੌਤ 'ਤੇ ਗਹਿਰਾ ਦੁੱਖ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)-** ਸਿੱਖ ਗੁਰਦੁਆਰਾ ਯੂਬਾ ਸਿਟੀ ਦੇ ਬਾਨੀ ਤੇ ਨਾਮਵਰ ਸਮਾਜਸੇਵੀ ਦੀਦਾਰ ਸਿੰਘ ਬੈਂਸ ਦੀ ਮੌਤ ਤੇ ਸਿਆਟਲ ਦੇ ਪੰਜਾਬੀ ਭਾਈਚਾਰੇ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਦੀਦਾਰ ਸਿੰਘ ਬੈਂਸ ਨੇ ਅਮਰੀਕਾ ਆ ਕੇ ਪੰਜਾਬੀ ਭਾਈਚਾਰੇ ਤੇ ਸਿੱਖ ਕੌਮ ਦਾ ਨਾਂ ਦੁਨੀਆਂ 'ਚ ਰੌਸ਼ਨ ਕੀਤਾ ਹੈ। ਉਹ ਯੂਬਾ ਸਿਟੀ ਦੇ ਧਨਾਢ, ਸਿੱਖ ਕੌਮ ਦੇ ਸਿਰਕੱਢ ਆਗੂ ਤੇ ਸਮਾਜ ਸੇਵੀ ਕਰਕੇ ਜਾਣੇ ਜਾਂਦੇ ਸਨ, ਜਿਹਨਾਂ ਨੇ ਸਖਤ ਮਿਹਨਤ ਕਰਕੇ ਸਿੱਖ ਕੌਮ ਦਾ ਨਾਂ ਚਮਕਾਇਆ, ਸਿਆਟਲ ਦੇ ਸਮੁੱਚੇ ਪੰਜਾਬੀ ਭਾਈਚਾਰੇ ਨੇ ਖਬਰ ਸੁਣਦਿਆਂ ਦੁੱਖ ਪ੍ਰਗਟ ਕੀਤਾ ਅਤੇ ਸਿੱਖ ਕੌਮ 'ਚ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਪ੍ਰਮਾਤਮਾ ਉਹਨਾਂ ਦੀ ਵਿਛੜੀ ਆਤਮਾ ਨੂੰ ਸ਼ਾਂਤੀ ਬਖਸ਼ੇ ਅਤੇ ਸਿੱਖ ਕੌਮ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਕੈਲੀਫੋਰਨੀਆ ਦੇ ਧਨਾਢ ਸਿੱਖ ਆਗੂ ਦੀਦਾਰ ਸਿੰਘ ਬੈਂਸ ਨਹੀਂ ਰਹੇ

(ਸਫਾ 1 ਦੀ ਬਾਕੀ)

ਵੱਖ ਵੱਖ ਸਮੇਂ ਤੇ ਸੈਂਕੜੇ ਗਰੀਬ ਕੁੜੀਆਂ ਦੇ ਵਿਆਹ ਕੀਤੇ । ਉਨਾਂ ਵਲੋਂ ਯੂਬਾ ਸਿਟੀ ਵਿੱਚ ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 14 ਏਕੜ ਜਮੀਨ ਸਿੱਖ ਪ੍ਰਚਾਰ ਲਈ ਦਾਨ ਦਿੱਤੀ ਗਈ। ਜਿੰਦਗੀ ਦੌਰਾਨ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਪ੍ਰਧਾਨ ਰਹੇ, ਇਸ ਤੋਂ ਇਲਾਵਾ ਪਟਨਾ ਸਾਹਿਬ ਲਈ ਦਾਨ, ਬਰੂ ਸਾਹਿਬ ਸੰਸਥਾ ਦੇ ਦਾਨੀ ਤੇ ਪ੍ਰਬੰਧਕ, ਅਨੰਦਪੁਰ ਸਾਹਿਬ ਖਾਲਸਾ ਹੈਰੀਟਜ ਲਈ ਦਾਨ, ਅਮਰੀਕਾ ਵਿੱਚ ਵਿਸਕਾਂਸਿਨ ਗੁਰਦੁਆਰਾ ਚ ਵਾਪਰੀ ਘਟਨਾ ਦੇ ਪੀੜਤਾਂ ਲਈ ਵੱਡਮੁਲਾ ਦਾਨ ਯੂਬਾ ਸਿਟੀ ਗੁਰਦੁਆਰਾ ਲਈ ਤੇ ਫਰੀਮਾਂਟ ਲਈ ਉਨਾਂ ਵਲੋਂ ਦਾਨ ਦਿੱਤਾ ਗਿਆ ਸੀ ਇਸ ਤੋਂ ਇਲਾਵਾ ਅਮਰੀਕਾ ਤੇ ਕਨੇਡਾ ਦੇ ਵੱਖ ਵੱਖ ਗੁਰਦੁਆਰਿਆਂ ਲਈ ਲੱਖਾ ਡਾਲਰ ਦਾਨ ਕੀਤੇ ਗਏ। ਸਥਾਨਕ ਸਰਕਾਰਾਂ ਚ ਆਫੀਸਰ ਲਾਬੀ ਤੇ ਕਾਂਗਰਸਮੈਂਨ ਤੇ ਸੈਨੇਟਰਜ ਸਰਦਾਰ ਦਿਦਾਰ ਸਿੰਘ ਬੈਂਸ ਦਾ ਬਹੁਤ ਸਤਿਕਾਰ ਕਰਦੇ ਸਨ। ਇੱਕ ਸਮੇਂ ਪ੍ਰੈਜੀਡੈਂਸ਼ੀਅਲ ਰਾਊਂਡ ਟੇਬਲ ਦੇ ਮੈਂਬਰ ਰਹੇ । ਇਸ ਤੋਂ ਇਲਾਵਾ ਤੇ ਪੀਚ ਕਿੰਗ ਰਹੇ ਤੇ ਪੀਚ ਐਸੋਸੀਏਸ਼ਨ ਅਮਰੀਕਾ ਦੇ ਮੈਂਬਰ ਰਹੇ।

ਅੱਜ ਭਾਵੇਂ ਦਿਦਾਰ ਸਿੰਘ ਬੈਂਸ ਸਾਡੇ ਚ ਨਹੀਂ ਰਹੇ ਪਰ ਸਿੱਖ ਭਾਈਚਾਰੇ ਵਲੋਂ ਉਨਾਂ ਦੀ ਦੇਣ ਨੂੰ ਭੁੱਲਣਾ ਅਸੰਭਵ ਹੈ। ਸਰਦਾਰ ਦਿਦਾਰ ਸਿੰਘ ਬੈਂਸ ਦਾ ਪੰਜਾਬ ਵਿਚਲਾ ਪਿੰਡ ਨੰਗਲ ਖੁਰਦ ਨੇੜੇ ਮਾਹਿਲਪੁਰ, ਹੁਸ਼ਿਆਰਪੁਰ ਹੈ। ਉਹ ਆਪਣੇ ਪਿਛੇ ਪਤਨੀ ਸੰਤੀ ਬੈਂਸ, ਬੇਟਾ ਅਜੀਤ ਸਿੰਘ ਬੈਂਸ, ਬੇਟੀ ਦਲਜੀਤ ਕੌਰ, ਬੇਟਾ ਕਰਮਦੀਪ ਸਿੰਘ ਬੈਂਸ, ਸਟਰ ਕਾਊਂਟੀ ਸੁਪਰਵਾਈਜਰ ਨੂੰ ਅਤੇ ਆਪਣੇ ਵੱਡੇ ਭਰਾ ਦਿਲਬਾਗ ਸਿੰਘ ਬੈਂਸ ਤੇ ਜਸਵੰਤ ਸਿੰਘ ਬੈਂਸ ਨੂੰ ਪਿਛੇ ਛੱਡ ਗਏ। ਮਹਾਨ ਦਾਨੀ ਸਰਦਾਰ ਦਿਦਾਰ ਸਿੰਘ ਬੈਂਸ ਨੂੰ ਉਨਾਂ ਵਲੋਂ ਕੀਤੇ ਕਾਰਜਾਂ ਬਦਲੇ ਕਦੇ ਭੁਲਾਇਆ ਨਹੀਂ ਜਾ ਸਕਦਾ।

# ਨਵੀਂ ਸਰਕਾਰ ਅਵਾਰਾ ਡੰਗਰਾਂ ਬਾਰੇ ਵੀ ਸੋਚੇ

ਨਵੀਂ ਸਰਕਾਰ ਨੂੰ ਬਣੀ ਨੂੰ ਕਈ ਮਹੀਨੇ ਹੋ ਗਏ ਪਰ ਅਜੇ ਤੱਕ ਅਵਾਰਾ ਡੰਗਰਾਂ ਦੀ ਸਾਂਭ ਸੰਭਾਲ ਕੋਈ ਨੀਤੀ, ਬਿਆਨ ਸਾਹਮਣੇ ਨਹੀਂ ਆਇਆ। ਇਹ ਬਹੁਤ ਵੱਡਾ ਮਸਲਾ ਨਹੀਂ ਹੈ ਜੋ ਹੱਲ ਨਹੀਂ ਹੋ ਸਕਦਾ, ਅਗਰ ਸਰਕਾਰ ਸੁਹਿਰਦਾ ਨਾਲ ਇਸ ਵੱਲ ਧਿਆਨ ਦੇਵੇ ਤਾਂ ਇਹ ਕੋਈ ਵੱਡੀ ਗੱਲ ਨਹੀਂ ਹੋਵੇਗੀ ਜਿਸ ਨਾਲ ਬਹੁਤ ਸਾਰੀਆਂ ਜਾਨਾਂ ਅਜਾਈਂ ਜਾਣ ਤੋਂ , ਕਿਸਾਨਾਂ ਦੀਆਂ ਫਸਲਾਂ ਦੇ ਉਜਾੜੇ ਆਦਿ ਤੋਂ ਲੋਕਾਂ ਨੂੰ ਰਾਹਤ ਮਿਲੇਗੀ।

ਪੰਜਾਬ ਦੀਆਂ ਸੜਕਾਂ ਤੇ ਅਵਾਰਾ ਡੰਗਰ ਪਹਿਲੀ ਸਰਸਰੀ ਨਜ਼ਰੇ ਹੀ ਝੁੰਡਾਂ ਦੇ ਰੂਪ ਵਿੱਚ ਦੇਖਣ ਨੂੰ ਮਿਲਣਗੇ। ਰੋਜ਼ਾਨਾ ਅਖਬਾਰਾਂ ਅੰਦਰ ਅਵਾਰਾ ਡੰਗਰਾਂ ਨਾਲ ਦੁਰਘਟਨਾਵਾਂ ਦਾ ਜ਼ਿਕਰ ਅਕਸਰ ਹੁੰਦਾ ਹੈ। ਦਿਨੋਂ ਦਿਨ ਪੰਜਾਬ ਅੰਦਰ ਵੱਧ ਰਹੇ ਅਵਾਰਾ ਡੰਗਰਾਂ ਤੋਂ ਲੋਕਾਂ ਦੀਆਂ ਜਾਨਾਂ ਨੂੰ ਵਧੇਰੇ ਖਤਰਾ ਹੋ ਰਿਹਾ ਹੈ।

ਕਈ ਥਾਵਾਂ ਤੇ ਅਵਾਰਾ ਡੰਗਰਾਂ ਨਾਲ ਮਾਰੇ ਲੋਕਾਂ ਲਈ ਸਥਾਨਕ ਪ੍ਰਸਾਸ਼ਨ ਖਿਲਾਫ ਮੁਆਵਜ਼ੇ ਲਈ ਮੁਕੱਦਮੇ ਵੀ ਦਰਜ਼ ਕਰਾਏ ਗਏ ਹਨ। ਸਾਰੇ ਸ਼ਹਿਰਾਂ ਦੀਆਂ ਲੋਕ ਹਿੱਤ 'ਚ ਕੰਮ ਕਰਨ ਵਾਲੀਆਂ ਜਥੇਬੰਦੀਆਂ ਨੂੰ ਵੀ ਅੱਗੇ ਆ ਕੇ ਇਨ੍ਹਾਂ ਅਵਾਰਾ ਡੰਗਰਾਂ ਤੋਂ ਹੋਰ ਜਾਨਾਂ ਬਚਾਉਣ ਲਈ ਸ਼ੰਘਰਸ਼ ਵਿੱਢਣ ਦੀ ਤੁਰੰਤ ਲੋੜ ਹੈ , ਕਿਉਂ ਕਿ ਹੁਣ ਕਈ ਥਾਂਵਾਂ ਤੇ ਦੁੱਖਦਾਈ ਘਟਨਾਵਾਂ ਵਾਪਰ ਚੁੱਕੀਆਂ ਹਨ ਕਿਉਂ ਕਿ ਇਹ ਅਵਾਰਾ ਡੰਗਰ ਖੂੰਖਾਰ ਜੰਗਲੀ ਬਿਰਤੀ ਦੇ ਬਣ ਚੁੱਕੇ ਹਨ ਜਿਹੜੇ ਕਿ ਸੜਕਾਂ ਤੇ ਤੁਰੇ ਜਾਂਦੇ ਰਾਹੀਆਂ ਨੂੰ ਸਿੰਗਾਂ ਤੇ ਚੁੱਕ ਪਟਕਾ ਪਟਕਾ ਮਾਰ ਰਹੇ ਹਨ । ਹਰ ਰੋਜ਼ ਕੋਈ ਨਾ ਕੋਈ ਖਬਰ ਅਵਾਰਾ ਡੰਗਰਾਂ ਨਾਲ ਦੁਰਘਟਨਾ'ਚ ਜਖ਼ਮੀ ਹੋਣ ਜਾਂ ਮਰਨ ਵਾਲਿਆਂ ਦੀ ਹੁੰਦੀ ਹੈ।ਇਨ੍ਹਾਂ ਡੰਗਰਾਂ ਦੇ ਝੁੰਡਾਂ ਦੇ ਝੁੰਡ ਸੜਕਾਂ ਤੇ ਫਿਰਦੇ ਅਤੇ ਬੈਠੇ ਆਮ ਦਿਖਾਈ ਦਿੰਦੇ ਹਨ ਜੋ ਰਾਤ ਵੇਲੇ ਵੱਡੇ ਹਾਦਸੇ ਦਾ ਕਾਰਨ ਬਣ ਜਾਂਦੇ ਹਨ । ਬਹੁਤੀਆਂ ਸੜਕਾਂ ਤੇ ਸੈਰ ਕਰਨ ਵਾਲਿਆਂ ਲਈ ਵੀ ਰਸਤਾ ਸੁਰੱਖਿਅਤ ਨਹੀਂ ਹੈ।ਕਈ ਥਾਵਾਂ ਤੇ ਬਾਂਦਰਾਂ ਦੀ ਗਿਣਤੀ ਵੀ ਬਹੁਤ ਵੱਧੀ ਹੋਈ ਹੈ।

ਸੜਕਾਂ ਤੋਂ ਲੰਘਣ ਵਾਲਿਆਂ ਨੂੰ ਇਨ੍ਹਾਂ ਅਵਾਰਾ ਡੰਗਰਾਂ,ਬਾਂਦਰਾਂ ਆਦਿ ਕੋਲੋਂ ਲੰਘਣਾ ਬਹੁਤ ਮੁਸਕਲ ਹੋ ਜਾਂਦਾ ਹੈ ਕਿਉਂ ਕਿ ਇਹ ਜਾਨਵਰ ਢੀਠ ਕਿਸਮ ਦੀ ਬਿਰਤੀ ਦੇ ਬਣ ਚੁੱਕੇ ਹਨ , ਹਾਰਨ ਮਾਰਨ ਜਾਂ ਕਿਸੇ ਆਵਾਜ਼ ਦੇਣ ਨਾਲ ਛੇਤੀ ਛੇਤੀ ਇਹ ਡੰਗਰ ਰਸਤਾ ਨਹੀਂ ਦਿੰਦੇ। ਸਕੂਲਾਂ,ਕਾਲਜਾਂ ਵਿੱਚ ਪੜ੍ਹਦੇ ਬੱਚੇ ਮਜਬੂਰੀਵਸ਼ ਰੋਜ਼ਾਨਾ ਇਨ੍ਹਾਂ ਸੜਕਾਂ ਤੋਂ ਡਰ ਡਰ ਕੇ ਲੰਘਦੇ ਹਨ।ਸਕੂਲ,ਕਾਲਜ ਟਿਊਸ਼ਨ ਜਾਣ ਵਾਲੀਆਂ ਇੱਕਲੀਆਂ ਲੜਕੀਆਂ ਲਈ ਇਹੋ ਜਿਹੇ ਰਸਤਿਆ ਤੋਂ ਦੀ ਲੰਘਣਾ ਹੋਰ ਵੀ ਮੁਸ਼ਕਲ ਹੈ। ਮਾਪਿਆਂ ਦੇ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਆਉਣ ਤੱਕ ਸਾਹ ਸੂਤੇ ਰਹਿੰਦੇ ਹਨ। ਭੂਸਰੇ ਸਾਨ੍ਹ ਕਈ ਵਾਰ ਲੰਘ ਰਹੇ ਰਾਹੀਆਂ ਤੇ ਹਮਲਾ ਕਰਕੇ ਜਖ਼ਮੀ ਕਰ ਦਿੰਦੇ ਹਨ।ਇਨ੍ਹਾਂ ਅਵਾਰਾ ਡੰਗਰਾਂ ਲਈ ਚਾਰਾ ਅਕਸਰ ਹੀ ਲੋਕ ਸੜਕ ਦੇ ਕਿਨਾਰਿਆਂ ਤੇ ਸੁੱਟ ਜਾਂਦੇ ਹਨ ਜਿਸ ਨਾਲ ਕਈ ਵਾਰੀ ਲੰਘ ਰਹੇ ਰਾਹੀਆਂ ਦੇ ਐਕਸੀਡੈਂਟ ਹੋ ਜਾਂਦੇ ਹਨ ਕਿਉਂਕਿ ਕਈ ਵਾਰੀ ਦੂਸਰੀ ਸਾਈਡ ਤੋਂ ਡੰਗਰ ਦੌੜ ਕੇ ਖਾਣ ਲਈ ਆਉਂਦੇ ਹਨ।ਲੋਕ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ ਤੇ ਗੰਦ ਅਤੇ ਆਵਾਜਾਈ 'ਚ ਵਿਘਣ ਵੀ ਪੈਂਦਾ ਹੈ। ਸਰਕਾਰ ਨੂੰ ਚਾਹੀਦਾ ਤਾਂ ਇਹ ਹੈ ਕਿ ਘੱਟੋ ਘੱਟ ਆਵਾਰਾ ਗਊਆਂ, ਸਾਨ੍ਹਾਂ, ਵੱਛੜਿਆਂ ਆਦਿ ਨੂੰ ਫੜ੍ਹ ਕੇ ਨੇੜੇ ਦੀਆਂ ਗਊਸ਼ਾਲਾਵਾਂ ਵਿੱਚ ਭੇਜੇ। ਗਊਧਨ ਨੂੰ ਸਾਂਭਣ ਲਈ ਭਾਵੇਂ ਸਰਕਾਰ ਨੇ ਪੰਜਾਬ ਗਊ ਸੇਵਾ ਕਮਿਸ਼ਨ ਐਕਟ, 2014 ਅਧੀਨ 'ਪੰਜਾਬ ਗਊ ਸੇਵਾ ਕਮਿਸ਼ਨ' ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਗਊ, ਸਾਨ੍ਹ, ਬਲਦ, ਵੱਛੇ-ਵੱਛੜੀਆਂ ਦੀ ਸੁਰੱਖਿਆ ਅਤੇ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸ਼ੌਂਪੀ ਗਈ ਹੈ।ਇਸ ਲਈ ਫੰਡ ਦੀ ਬਜਟ ਵਿੱਚ ਵਿਵਸਥਾ ਕੀਤੀ ਜਾਂਦੀ ਹੈ ਜਿਸ ਨਾਲ ਗਊ-ਪਰਿਵਾਰ ਦੀ ਸੰਭਾਲ ਕਰਨੀ ਹੈ ਅਤੇ ਮੱਨੁਖੀ ਅੱਤਿਆਚਾਰ ਤੋਂ ਬਚਾਉਣਾ ਹੈ। ਜਖ਼ਮੀ ਬੇਵਸ਼ ਡੰਗਰਾਂ ਦੀ ਤਰਸਯੋਗ ਹਾਲਤ ਦੇਖੀ ਨਹੀਂ ਜਾਂਦੀ ਜਦੋਂ ਜਖ਼ਮਾਂ ਨੂੰ ਕੁੱਤੇ, ਪੰਛੀ ਨੋਚਕੇ ਤੜਫਾਉਂਦੇ ਹਨ, ਕਈਆਂ ਦੇ ਕੀੜੇ ਪੈ ਜਾਂਦੇ ਹਨ।ਪਰ ਬਿਮਾਰ, ਜਖ਼ਮੀ, ਬੁੱਢੇ ਡੰਗਰਾਂ ਦੀ ਹਾਲਤ ਬਹੁਤ ਮਾੜੀ ਹੈ ਜੋ ਸੜਕਾਂ, ਗਲੀਆਂ ਆਦਿ 'ਚ ਘੁੰਮਦੇ ਰਹਿੰਦੇ ਹਨ, ਜੇ ਕਿਸੇ ਘਰ ਮੂਹਰੇ ਇਹੋ ਜਿਹਾ ਡੰਗਰ ਇੱਕ ਵਾਰੀ ਬੈਠ ਜਾਵੇ ਤਾਂ ਉਸ ਨੂੰ ਉਠਾਉਣਾ ਔਖਾ ਕੰਮ ਹੈ ਕਈ ਵਾਰੀ ਉਹ ਉਥੇ ਹੀ ਪ੍ਰਾਣ ਤਿਆਗ ਦਿੰਦਾ ਹੈ ਤਾਂ ਉਸ ਨੂੰ ਚੁੱਕਵਾਉਣ ਲਈ ਪਲਿਓਂ ਪੈਸੇ ਦੇਣੇ ਪੈਂਦੇ ਹਨ ਨਹੀਂ ਤਾਂ ਸੜਿਆਂਦ ਪੈਦਾ ਹੋਣ ਕਾਰਨ ਬਿਮਾਰੀ ਫੈਲਣ ਦਾ ਡਰ ਰਹਿੰਦਾ ਹੈ। ਸਰਕਾਰ ਨੇ ਮਰੇ ਹੋਏ ਡੰਗਰ , ਜਾਨਵਰ ਆਦਿ ਚੁਕਵਾਉਣ ਤੋਂ ਪਾਸਾ ਹੀ ਵੱਟਿਆ ਹੋਇਆ ਹੈ ਸਬੰਧਤ ਮਹਿਕਮੇ ਕਿਉਂ ਨਹੀਂ ਪ੍ਰਬੰਧ ਕਰਦੇ ਪਰ ਉਂਝ ਸਰਕਾਰ ਲੋਕਾਂ ਦੀ ਸਿਹਤ ਨੂੰ ਪਹਿਲ ਦੇ ਆਧਾਰ ਤੇ ਤਵੱਜੋਂ ਦੇਣ ਦੀ ਗੱਲ ਕਰਦੀ ਹੈ।



ਮੇਜਰ ਸਿੰਘ ਨਾਭਾ
91-94635-53962

ਗਊਆਂ ਦੀ ਸੇਵਾ ਸੰਭਾਲ ਲਈ ਵਧੇਰੇ ਫੰਡ ਇਕੱਠਾ ਕਰਨ ਲਈ ਸਥਾਨਕ ਸਰਕਾਰਾਂ ਵਲੋਂ ਗਊ ਸੈੱਸ ਲਾ ਰੱਖਿਆ ਹੈ। ਪਰ ਗਊਧਨ ਦੀ ਸੰਭਾਲ ਲਈ ਸਰਕਾਰ ਵਲੋਂ ਕੋਈ ਠੋਸ ਨੀਤੀ ਸਾਹਮਣੇ ਨਹੀਂ ਆਈ।ਹਿੰਦੂ ਸੰਗਠਨ ਵੀ ਇਸ ਮਸਲੇ ਪ੍ਰਤੀ ਗੰਭੀਰ ਨਹੀਂ, ਉਨ੍ਹਾਂ ਨੂੰ ਵੀ ਹਰੇਕ ਸ਼ਹਿਰ ਵਿੱਚ ਸਰਕਾਰ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ।ਬਾਜ਼ਾਰਾਂ ਵਿੱਚ ਆਮ ਆਵਾਰਾ ਡੰਗਰ ਘੁੰਮ ਰਹੇ ਹਨ ਜੋ ਲੋਕਾਂ ਦਾ ਜਾਨ ਅਤੇ ਮਾਲ ਦਾ ਨੁਕਸਾਨ ਅਕਸਰ ਕਰਦੇ ਰਹਿੰਦੇ ਹਨ।ਸ਼ੋਸ਼ਲ ਮੀਡੀਆ ਤੇ ਲੜਦੇ ਭਿੜਦੇ ਡੰਗਰਾਂ ਨਾਲ ਰਾਹਗੀਰਾਂ ਦੇ ਹੋਏ ਐਕਸ਼ੀਡੈਂਟਾਂ ਕਾਰਣ ਹੋਈਆਂ ਮੌਤਾਂ ਦੀਆਂ ਵੀਡੀਉਜ਼ ਅਕਸਰ ਦੇਖਣ ਨੂੰ ਮਿਲਦੀਆਂ ਹਨ।ਇਨ੍ਹਾਂ ਮੌਤਾਂ ਲਈ ਸਰਕਾਰ ਵਲੋਂ ਪਰਿਵਾਰਾਂ ਨੂੰ ਨਾ ਤਾਂ ਦੋ ਸ਼ਬਦ ਹਮਦਰਦੀ ਦੇ ਬੋਲ ਕੇ ਦਿਲਾਸ਼ਾ ਅਤੇ ਨਾ ਹੀ ਕੋਈ ਮੁਆਵਜ਼ਾ ਦਿੱਤਾ ਜਾਂਦਾ ਹੈ।

ਲੋਕਾਂ ਦੀ ਸੁਰੱਖਿਆ ਯਕੀਨੀ ਬਨਾਉਣਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ।ਲੋਕਤੰਤਰੀ ਸਰਕਾਰ ਦਾ ਫਰਜ ਹੈ ਕਿ ਉਹ ਲੋਕਾਂ ਦੀਆਂ ਗੰਭੀਰ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰੇ। ਜੇ ਸਰਕਾਰ ਸੁਹਿਰਦਤਾ ਨਾਲ ਲੋਕਾਂ ਦੀ ਆਵਾਜ਼ ਸੁਣੇਗੀ ਤਾਂ ਹੀ ਉਹ ਲੋਕਾਂ 'ਚ ਲੋਕਪ੍ਰਿਆ ਹੋ ਸਕਦੀ ਹੈ ਜੋ ਕਿ ਇਸ ਸਰਕਾਰ ਲਈ ਬਿਜਲੀ ਮੁਆਫ ਕਰਨ ਦੇ ਫੈਸਲੇ ਨਾਲੋਂ ਸਸਤਾ ਕਾਰਜ ਹੈ, ਜਿਸ ਦੀ ਕਿਸੇ ਨੇ ਮੰਗ ਵੀ ਨਹੀਂ ਸੀ ਕੀਤੀ। ਸੋ ਇਸ ਤਰ੍ਹਾਂ ਲੋਕ ਹਿਤ 'ਚ ਫੈਸਲਾ ਲੈ ਕੇ ਇਨ੍ਹਾਂ ਜੰਗਲੀ ਜੀਵਾਂ ਅਤੇ ਅਵਾਰਾ ਡੰਗਰਾਂ ਦੁਆਰਾ ਆਮ ਲੋਕਾਂ ਦੇ ਜਾਨੀ-ਮਾਲੀ ਨੁਕਸਾਨ ਅਤੇ ਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਨੂੰ ਤੁਰੰਤ ਰੋਕਣ ਲਈ ਉਪਰਾਲਾ ਕਰਨਾ ਚਾਹੀਦਾ ਹੈ।

# ਸੰਗਤੀ ਇਕੱਠਾਂ ਵਿੱਚ ਵਰਤਣ ਲਈ ਵਿਲੱਖਣ ਜੁਗਤਿ

ਸੰਗਤੀ ਇਕੱਠਾਂ ਵਿੱਚ ਵਰਤਣ ਲਈ ਵਿਲੱਖਣ ਜੁਗਤਿ

ਕੁੱਝ ਦਿਨ ਪਹਿਲਾਂ ਮੈਂ ਗਿਆ ਆਪਣੇ ਸ਼ਹਿਰ ਸੈਨਹੋਜ਼ੇ ਦੇ ਗੁਰਦੁਆਰਾ ਸਾਹਿਬ ਵਿਖੇ।ਕੁੱਝ ਚਿਰ ਦੀਵਾਨ ਵਿੱਚ ਹਾਜਰੀ ਭਰਨ ਉਪਰੰਤ ਜਦ ਮੈਂ ਉੱਠ ਕੇ ਕਾਰ ਕੋਲ ਆਇਆ ਤਾਂ ਜੇਬ ਵਿੱਚ ਚਾਬੀ ਹੈ ਨਾ! ਆਪਣੀਆਂ ਸਾਰੀਆਂ ਜੇਬ੍ਹਾਂ ਫਰੋਲੀਆਂ... ਪਰ ਚਾਬੀ ਗਾਇਬ ! ਚੇਤੇ ਕਰਨ ਲੱਗ ਪਿਆ ਕਿ ਕਿੱਥੇ ਡਿਗੀ ਹੋ ਸਕਦੀ ਐ ! ਜਿੱਥੇ ਸੰਗਤ ਵਿੱਚ ਬੈਠਾ ਸਾਂ ਉੱਥੇ ਜਾ ਕੇ ਦੇਖਿਆ, ਲੰਗਰ ਵਿੱਚ ਪੁੱਛਿਆ ਗਿੱਛਿਆ...। ਜਿੱਥੇ ਜੋੜੇ ਪਾਏ ਸੀ ਉੱਥੇ ਗਿਆ...। ਕਿਤਾਬਾਂ ਦੇ ਸਟਾਲ 'ਤੇ ਇੱਕ ਕਿਤਾਬ ਲਈ ਸੀ ਉੱਥੇ ਭਾਈ ਨੂੰ ਪੁਛਿਆ, ਪਰ ਚਾਬੀ ਕਿਤੋਂ ਨਾ ਲੱਭੀ!

ਫੋਨ ਕਰਕੇ ਘਰੇ ਪਈ ਦੂਸਰੀ ਚਾਬੀ ਮੰਗਵਾਉਣ ਬਾਰੇ ਸੋਚਿਆ ਤਾਂ ਘਰ ਵਾਲ਼ੀ ਵਲੋਂ ਮਾਰੇ ਜਾਣ ਵਾਲ਼ੇ ਗਰਮਾਂ-ਗਰਮ 'ਸੰਭਾਵੀ ਤਾਅ੍ਹਨੇ ਮਿਹਣੇ' ਮੇਰੇ ਪਹਿਲੋਂ ਹੀ ਕੰਨਾਂ 'ਚ ਗੂੰਜਣ ਲੱਗ ਪਏ -'ਕਿੱਥੇ ਗੁਆਚੇ ਰਹਿਨੇ ਤੁਸੀਂ? ...।। ਚਾੜ੍ਹਤਾ ਚੰਦ ਅੱਜ ਫੇਰ??...।। ਫਲਾਂ-ਢੀਂਗ!!' ਇਸ ਲਈ ਸੋਚਿਆ ਕਿ ਚਾਬੀ ਤਾਂ ਅੱਜ ਐਥੋਂ ਹੀ ਲੱਭ ਕੇ ਲਿਜਾਣੀ ਆਂ ਜੋ ਮਰਜੀ ਹੋ ਜਏ !

ਹਨ੍ਹੇਰਾ ਹੋ ਰਿਹਾ ਸੀ...। ਲਟਬੌਰਾ ਜਿਹਾ ਹੋ ਕੇ ਮੈਂ ਚਾਬੀ ਕਿੱਥੇ ਡਿਗੀ ਹੋਵੇ ਗੀ ਬਾਰੇ ਸੋਚਦਾ ਗੁਰਦੁਆਰਾ ਕੰਪਲੈਕਸ ਵਿੱਚ ਹੀ ਐਧਰ ਉੱਧਰ ਘੁੰਮਣ ਲੱਗਾ!

ਏਨੇ ਨੂੰ ਦਫਤਰ ਦੇ ਬਾਹਰਵਾਰ ਟੇਬਲ 'ਤੇ ਪਏ ਗੱਤੇ ਦੇ ਡੱਬੇ ਵੱਲ੍ਹ ਮੇਰੀ ਨਿਗਾਹ ਗਈ! ਡੱਬੇ ਉੱਤੇ 'ਗੁਆਚਾ-ਲੱਭਿਆ' ਲਿਖਿਆ ਦੇਖਿਆ ਤਾਂ ਭੱਜ ਕੇ ਉਸ ਵਿੱਚ ਝਾਕਿਆ-ਇੱਕ ਐਨ੍ਹਕ, ਇੱਕ ਕੜਾ ਅਤੇ ਦੋ ਛੱਲਿਆਂ ਸਮੇਤ ਚਾਬੀਆਂ ਪਈਆਂ!



ਜਿਨ੍ਹਾਂ 'ਚੋਂ ਇੱਕ ਚਾਬੀ ਮੇਰੀ ਸੀ ! ਖੁਸ਼ੀ ਨਾਲ ਮੇਰੀਆਂ ਵਾਛਾਂ ਖਿੜ ਗਈਆਂ!!

ਗੁਰਦੁਆਰਾ ਸਾਹਿਬ ਵਿੱਚ ਇਹ ਜੁਗਤਿ ਬਣਾਉਣ ਵਾਲੇ ਕਿਸੇ ਭਲੇ ਪੁਰਸ਼ ਦੇ ਸਤਿਕਾਰ ਲਈ ਮੇਰਾ ਸਿਰ ਝੁਕ ਗਿਆ। ਮੈਂ ਸੋਚਿਆ ਕਿ ਲੋਕ ਭਲਾਈ ਕਰਨ ਅਤੇ ਇਮਾਨਦਾਰੀ ਦੇ ਪ੍ਰਚਾਰ ਪਸਾਰ ਵਾਲ਼ੀ ਇਸ ਜੁਗਤਿ ਬਾਰੇ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ। ਸੰਗਤ ਰੂਪੀ ਇਕੱਠਾਂ ਵਿੱਚ ਇਹ ਬਹੁਤ ਲਾਹੇਵੰਦ ਰਹੇ ਗੀ!!

**-ਤਰਲੋਚਨ ਸਿੰਘ ਦੁਪਾਲ ਪੁਰ**
001-408-915-1268

## 20 ਸਤੰਬਰ 2022 ਤੱਕ ਚੱਲਣ ਵਾਲੇ ਇਤਿਹਾਸਕ ਜੋੜ ਮੇਲੇ ’ਤੇ ਵਿਸ਼ੇਸ਼

# ਇਤਿਹਾਸਕ ਜੋੜ ਮੇਲਾ “ਗੁਰੂ ਕੀ ਢਾਬ” ਦੇ ਇਤਿਹਾਸ ’ਤੇ ਇੱਕ ਝਾਤ

ਸਾਡਾ ਪੰਜਾਬ ਪੂਰੇ ਸੰਸਾਰ ਵਿੱਚ ਗੁਰੂਆਂ ਪੀਰਾਂ ਅਤੇ ਸ਼ਹੀਦਾਂ ਦੀ ਧਰਤੀ ਵਜੋਂ ਪ੍ਰਸਿੱਧ ਹੈ, ਇੱਥੇ ਪੂਰਾ ਸਾਲ ਹੀ ਕਿਤੇ ਨਾਂ ਕਿਤੇ ਕੋਈ ਨਾਂ ਕੋਈ ਧਾਰਮਿਕ,ਸ਼ਹੀਦੀ,ਸਭਿਆਚਾਰਕ ਆਦਿ ਮੇਲੇ ਲਗਦੇ ਹੀ ਰਹਿੰਦੇ ਹਨ। ਇਹਨਾਂ ਵਿੱਚੋਂ ਜੈਤੋ (ਫਰੀਦਕੋਟ)-ਮਾਲਵੇ ਵਿਚ ਲੱਗਣ ਵਾਲੇ ਵੱਡੇ ਅਤੇ ਇਤਿਹਾਸਕ ਜੋੜ ਮੇਲਿਆਂ ਵਿਚ ਜੈਤੋ ਨੇੜੇ ਪਿੰਡ ਗੁਰੂ ਕੀ ਢਾਬ ਵਿਖੇ ਮਨਾਏ ਜਾਣ ਵਾਲੇ ਜੋੜ ਮੇਲੇ ਦੀ ਆਪਣੀ ਵਿਸ਼ੇਸ਼ ਧਰਮਿਕ, ਸਮਾਜਿਕ, ਇਤਿਹਾਸਕ ਅਤੇ ਰਾਜਨੀਤਕ ਮਹੱਤਤਾ ਹੈ। ਇਹ ਸਥਾਨ ਜੈਤੋ-ਕੋਟਕਪੂਰਾ ਸੜਕ ਤੇ ਜੈਤੋ ਤੋਂ 6 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ, ਜਿਸ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ।

'ਸੂਰਜ ਪ੍ਰਕਾਸ਼’ ਗਰੰਥ ਦੇ ਹਵਾਲੇ ਨਾਲ ਇਤਿਹਾਸ ਵਿੱਚ ਦੱਸਿਆ ਗਿਆ ਹੈ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਕੋਟਕਪੂਰਾ ਤੋਂ ਖਦਰਾਣੇ ਦੀ ਢਾਬ ਨੂੰ ਜਾਣ ਲਈ ਜੈਤੋ ਵੱਲ ਆ ਰਹੇ ਸਨ ਤਾਂ ਤੀਸਰੇ ਪਹਿਰ ਸੰਗਤ ਸਮੇਤ ਇਸ ਸਥਾਨ ਤੇ ਮੌਜੂਦ ਸ਼ਰੀਂਹ ਦੇ ਇਕ ਵੱਡੇ ਦਰੱਖਤ ਹੇਠਾਂ ਆ ਕੇ ਬੈਠ ਗਏ। ਇਤਿਹਾਸ ਵਿੱਚ ਦੱਸਿਆ ਗਿਆ ਹੈ ਕਿ ਸਾਰੀ ਸੰਗਤ ਆਰਾਮ ਕਰ ਰਹੀ ਸੀ ਕਿ ਸ਼ਰੀਂਹ ਦੇ ਦਰੱਖਤ ਵਿਚੋਂ ਇਕ ਵਿਅਕਤੀ ਨਿਕਲਿਆ ਅਤੇ ਉਸ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ। ਗੁਰੂ ਜੀ ਨੇ ਉਸ ਦਾ ਨਾਂ ਲੈ ਕੇ ਕਿਹਾ 'ਰਾਜ਼ੀ ਹੈਂ ਹੁਸੈਨ ਮੀਆਂ’ ਤਾਂ ਉਹ ਵਿਅਕਤੀ ਗੁਰੂ ਜੀ ਦੇ ਮੁੱਖ ਚੋਂ ਆਪਣਾ ਨਾਂ ਸੁਣ ਕੇ ਬਹੁਤ ਖੁਸ਼ ਹੋਇਆ ਅਤੇ ਕਹਿਣ ਲੱਗਿਆ 'ਆਪ ਜੀ ਦੇ ਦਰਸ਼ਨਾਂ ਦੀ ਬੜੇ ਚਿਰ ਤੋਂ ਤਾਂਘ ਸੀ। ਅੱਜ ਤੁਹਾਡਾ ਦੀਦਾਰ ਕਰਕੇ ਮੈਨੂੰ ਅਥਾਹ ਪ੍ਰਸੰਨਤਾ ਹੋਈ ਹੈ।

ਮੈਨੂੰ ਲੱਗਦਾ ਜਿਵੇਂ ਮੇਰੇ ਪਾਪਾਂ ਦਾ ਨਾਸ਼ ਹੋ ਗਿਆ ਹੋਵੇ ਅਤੇ ਮੇਰਾ ਕਲਿਆਣ ਹੋ ਗਿਆ ਹੋਵੇ।’ ਏਨਾ ਕਹਿ ਕੇ ਉਹ ਵਿਅਕਤੀ ਉਥੋਂ ਚਲਿਆ ਗਿਆ। ਬਾਅਦ ਵਿਚ ਸਿੱਖ ਸੰਗਤ ਨੇ ਗੁਰੂ ਜੀ ਤੋਂ ਪੁੱਛਿਆ ਕਿ ਮਹਾਰਾਜ!

ਇਹ ਸੁੰਦਰ ਸਰੂਪ ਵਾਲਾ ਵਿਅਕਤੀ ਕੌਣ ਸੀ ਤਾਂ ਗੁਰੂ ਜੀ ਨੇ ਦੱਸਿਆ ਕਿ ਇਹ ਇਕ ਸ਼ਹੀਦ ਸੀ ਜੋ ਕਿਸੇ ਵਿਘਨ ਕਾਰਨ ਮੁਕਤੀ ਪ੍ਰਾਪਤ ਨਹੀਂ ਸੀ ਕਰ ਸਕਿਆ ਅਤੇ ਅੱਜ ਇਸ ਦੀ ਮੁਕਤੀ ਹੋ ਗਈ ਹੈ। 'ਸੂਰਜ ਪ੍ਰਕਾਸ਼’ ਗਰੰਥ ਵਿਚ ਇਸ ਸਥਾਨ ਨੂੰ 'ਦੋਦਾ ਤਾਲ’ ਦਾ ਨਾਂ ਦਿੱਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਇਸ ਤੀਰਥ ਅਸਥਾਨ ਤੇ ਇਸ਼ਨਾਨ ਕਰਨ ਵਾਲਾ ਮੁਕਤੀ ਪ੍ਰਾਪਤ ਕਰੇਗਾ।

ਇਸ ਇਤਿਹਾਸਕ ਸਥਾਨ ਉਪਰ ਸਿੱਖ ਸ਼ਰਧਾਲੂਆਂ ਵੱਲੋਂ ਇਕ ਸ਼ਾਨਦਾਰ ਗੁਰਦੁਆਰਾ ਸਾਹਿਬ ਦਾ ਨਿਰਮਾਣ ਕੀਤਾ ਗਿਆ ਹੈ। ਇਥੇ ਅੱਠ ਚੁੰਡਾ ਸਰੋਵਰ ਹੈ ਅਤੇ ਸ਼ਰਧਾਲੂਆਂ ਦਾ ਵਿਸ਼ਵਾਸ ਹੈ ਕਿ ਇਥੇ ਇਸ਼ਨਾਨ ਕਰਨ ਨਾਲ ਅਠਰਾਹ ਦੀ ਬੀਮਾਰੀ ਦੂਰ ਹੋ ਜਾਂਦੀ ਹੈ।





ਪ੍ਰਮੋਦ ਧੀਰ ਜੈਤੋ
91-98550-31081

ਇਥੇ ਮਨਾਇਆ ਜਾਣ ਵਾਲਾ ਜੋੜ ਮੇਲਾ ਹਰ ਸਾਲ ਇਕ 31 ਭਾਦੋਂ ਨੂੰ ਸ਼ੁਰੂ ਹੁੰਦਾ ਹੈ ਅਤੇ ਤਿੰਨ ਅੱਸੂ ਨੂੰ ਪੂਰੇ ਸਿਖਰਾਂ ਤੇ ਹੁੰਦਾ ਹੈ , ਜਦੋਂ ਹਜਾਰਾਂ ਦੀ ਗਿਣਤੀ ਵਿਚ ਦੂਰੋਂ ਨੇੜਿਓਂ ਪਹੁੰਚੇ ਸ਼ਰਧਾਲੂ ਇਥੇ ਮੱਥਾ ਟੇਕਦੇ ਹਨ ਅਤੇ ਇਸ਼ਨਾਨ ਕਰਦੇ ਹਨ। ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਇਤਿਹਾਸਕ ਧਰਤੀ 'ਗੁਰੂ ਕੀ ਢਾਬ’ ਦਾ ਸਲਾਨਾ 5 ਦਿਨਾਂ ਜੋੜ ਮੇਲਾ ਇਸ ਵਾਰ 16 ਸਤੰਬਰ ਤੋਂ 20 ਸਤੰਬਰ 2021 ਤੱਕ ਮਨਾਇਆ ਜਾ ਰਿਹਾ ਹੈ। ਇਥੇ ਦੀਵਾਨ ਸਜਦੇ ਹਨ ਅਤੇ ਢਾਡੀ ਜੱਥੇ ਸਿੱਖ ਇਤਿਹਾਸ ਦੀਆਂ ਵਾਰਾਂ ਅਤੇ ਕਵੀਸ਼ਰੀ ਪੇਸ਼ ਕਰਦੇ ਹਨ। ਤਿੰਨ ਅੱਸੂ ਨੂੰ ਇਥੇ ਕੀਤੀ ਜਾਂਦੀ ਰਾਜਸੀ ਕਾਨਫਰੰਸ ਵੀ ਇਸ ਮੇਲੇ ਦੀ ਰੌਣਕ, ਸ਼ਾਨ ਅਤੇ ਮਹੱਤਤਾ ਵਿਚ ਵਾਧਾ ਕਰਦੀ ਹੈ। ਮੇਲੇ ਦੌਰਾਨ ਪਿੰਡ ਵਾਸੀਆਂ ਵਿਚਲਾ ਚਾਅ ਅਤੇ ਉਨ੍ਹਾਂ ਦੀ ਪ੍ਰਾਹੁਣਾਚਾਰੀ ਵੇਖਣਯੋਗ ਹੁੰਦੀ ਹੈ।

ਇਸ ਮੇਲੇ ਦੌਰਾਨ ਵੱਖ ਵੱਖ ਖੇਡਾਂ ਆਦਿ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਦੂਰੋਂ ਨੇੜੇ ਦੇ ਪਿੰਡਾਂ ਤੋਂ ਬੱਚੇ, ਨੌਜਵਾਨ, ਬਜੁਰਗ ਵੱਡੀ ਗਿਣਤੀ ਵਿੱਚ ਟਰੈਕਟਰ ਟਰਾਲੀਆਂ, ਟਰੱਕਾਂ,ਬੱਸਾਂ, ਕਾਰਾਂ, ਮੋਟਰ ਸਾਈਕਲਾਂ ਆਦਿ ਤੇ ਇਸ ਮੇਲੇ ਦਾ ਆਨੰਦ ਲੈਣ ਲਈ ਆਉਂਦੇ ਹਨ।

ਇਸ ਮੇਲੇ ਦੀਆਂ ਤਿਆਰੀਆਂ ਮਹੀਨਾਂ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ। ਇਸ ਮੌਕੇ ਵੱਡੀ ਗਿਣਤੀ ’ਚ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕਰਦੀਆਂ ਹਨ।

## ਕਾਵਿ ਵਿਅੰਗ/ ਮਿਸ਼ਨ ਚੌਵੀ ਦੀ ਚੋਣ ਵਾਲ਼ਾ

ਲੁੱਟ ਪਹਿਲੋਂ ਹੀ ਪਈ ਹੈ ਪਾਣੀਆਂ ਦੀ
ਹੁਣ ਪੰਜਾਬ ਨਹੀਂ ਹੱਕਾਂ ਨੂੰ ਖੋਣ ਵਾਲ਼ਾ।

ਤਾਣਾ-ਬਾਣਾ ਹੈ ਸੌੜੀਆਂ ਸਿਆਸਤਾਂ ਦਾ
‘ਬੇਈਮਾਨੀ ਦੀ ਚੱਕੀ’ ਨੂੰ ਝੋਣ ਵਾਲ਼ਾ।

ਚਿੰਤਾ ਕਈਆਂ ਨੂੰ ਨਵੇਂ ਲੁਟੇਰਿਆਂ ਦੀ
ਕੋਈ ਆਖਦਾ ਕੁਝ ਨਹੀਂ ਹੋਣ ਵਾਲ਼ਾ।

ਮਦਰ ਦੇਸ ਨੂੰ ਬੰਜਰ ਨਹੀਂ ਹੋਣ ਦੇਣਾ
ਲੜੀਏ ਹੱਕ ਲਈ ਵਿਰਸਾ ਨ੍ਹੀ ਰੋਣ ਵਾਲ਼ਾ।

‘ਰਾਇਪੇਰੀਅਨ ਲਾਅ’ ਦੇ ਸਾਹਮਣੇ ਜੀ
ਦੱਸੋ ਕਿਹੜਾ ਕਾਨੂੰਨ ਖਲੋਣ ਵਾਲ਼ਾ।

ਐੱਸਵਾਈਐੱਲ ਦੇ ਮੁੱਦੇ ਨੂੰ ਕਹਿਣ ਲੋਕੀ
ਇਹ ਤਾਂ ਮਿਸ਼ਨ ਹੈ
‘ਚੌਵੀ ਦੀ ਚੋਣ’ ਵਾਲ਼ਾ !



ਤਰਲੋਚਨ ਸਿੰਘ
ਦੁਪਾਲ ਪੁਰ
001-408-915-1268


SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
✓ DPF Filter Cleaning
✓ Clutch
✓ Transmission
✓ New/Used Tires
✓ Oil Changes
✓ Wheel Balancing
✓ Truck & Trailer Repair
✓ All Major & Minor Repairs
✓ We Do Aluminum Welding
✓ Computer Check
✓ Differential
✓ Inspections
✓ Van/Reefer Work
WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
We Provide Towing &
24/7 Mobile Road Services
For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA MasterCard AMERICAN EXPRESS DISCOVER NETWORK


1003 Moffat Blvd, Manteca CA 95336
209-239-1551

# ਵਿਸ਼ਵ ਆਤਮ ਹੱਤਿਆ ਰੋਕਥਾਮ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਇੰਟਰਨੈਸ਼ਨਲ ਐਸੋਸਿਏਸ਼ਨ ਫਾਰ ਸੁਸਾਇਡ ਪ੍ਰੀਵੈਂਸ਼ਨ-ਆਈਏਐਸਪੀ, ਵਿਸ਼ਵ ਸਿਹਤ ਸੰਗਠਨ ਅਤੇ ਵਰਲਡ ਫੈਡਰੇਸ਼ਨ ਫਾਰ ਮੈਂਟਲ ਹੈਲਥ ਵਲੋਂ ਹਰ ਸਾਲ 10 ਸਤੰਬਰ ਨੂੰ ਵਿਸ਼ਵ ਆਤਮ ਹੱਤਿਆ ਰੋਕਥਾਮ ਦਿਵਸ ਵਜੋਂ ਮਨਾਇਆ ਜਾਂਦਾ ਹੈ। ਵਿਸ਼ਵ ਵਿੱਚ ਆਤਮ ਹੱਤਿਆਵਾਂ ਦੇ ਵੱਧ ਰਹੇ ਮਾਮਲਿਆਂ ਨੂੰ ਵੇਖਦੇ ਹੋਏ ਸਾਲ 2003 ਵਿੱਚ ਇਸ ਦਿਨ ਦੀ ਸ਼ੁਰੂਆਤ ਕੀਤੀ ਗਈ ਸੀ। ਪਹਿਲੀ ਵਿਸ਼ਵ ਆਤਮ ਹੱਤਿਆ ਰਿਪੋਰਟ 2014 ਵਿੱਚ ਜਾਰੀ ਕੀਤੀ ਗਈ ਸੀ ਜੋਕਿ ਆਤਮ ਹੱਤਿਆਵਾਂ ਦੀ ਰੋਕਥਾਮ ਤੇ ਕੇਂਦਰਿਤ ਸੀ ਅਤੇ ਵਿਸ਼ਵ ਸਰਵਜਨਕ ਸਿਹਤ ਏਜੰਡੇ ਸਬੰਧੀ ਪਹਿਲ ਬਣਾਉਣ ਲਈ ਕਿਹਾ ਗਿਆ ਸੀ। ਵਿਸ਼ਵ ਆਤਮ ਹੱਤਿਆ ਰੋਕਥਾਮ ਦਿਵਸ ਲਈ ਸਾਲ 2021 ਤੋਂ 2023 ਲਈ ਵਿਸ਼ੇਸ਼ ਥੀਮ 'ਕਾਰਵਾਈ ਦੁਆਰਾ ਉਮੀਦ ਬਣਾਉਣਾ' ਰੱਖਿਆ ਗਿਆ ਹੈ। ਇਸ ਦਿਨ ਦਾ ਮੁੱਖ ਮੰਤਬ ਆਤਮ ਹੱਤਿਆ ਸਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਹੈ ਅਤੇ ਆਤਮ ਹੱਤਿਆਵਾਂ ਨੂੰ ਘਟਾਉਣ ਲਈ ਕੰਮ ਕਰਨਾ ਹੈ। ਆਤਮ ਹੱਤਿਆਵਾਂ ਦੀਆਂ ਘਟਨਾਵਾਂ ਸਬੰਧੀ ਸਹੀ ਅਤੇ ਮੁਕੰਮਲ ਅੰਕੜੇ ਸਾਹਮਣੇ ਨਹੀਂ ਆ ਰਹੇ ਹਨ। ਵਿਸ਼ਵ ਸਿਹਤ ਸੰਗਠਨ ਨਾਲ ਜੁੜ੍ਹੇ 183 ਵਿੱਚੋਂ ਸਿਰਫ 80 ਦੇਸ਼ਾਂ ਨੇ ਹੀ ਇਸ ਸਬੰਧੀ ਸਹੀ ਅੰਕੜੇ ਇਕੱਠੇ ਕੀਤੇ ਹਨ ਅਤੇ ਬਹੁਤੇ ਘੱਟ ਅਤੇ ਮੱਧਿਅਮ ਆਮਦਨ ਵਾਲੇ ਦੇਸ਼ ਭਰੋਸੇਯੋਗ ਜਾਣਕਾਰੀ ਅਤੇ ਅੰਕੜੇ ਇਕੱਠੇ ਨਹੀਂ ਕਰ ਰਹੇ ਹਨ। ਇਸ ਸਬੰਧੀ ਪ੍ਰਾਪਤ ਵੱਖ-ਵੱਖ ਅੰਕੜਿਆਂ ਅਨੁਸਾਰ ਆਤਮ ਹੱਤਿਆਵਾਂ ਕਰਨ ਦਾ ਰੁਝਾਨ ਵੱਧ ਰਿਹਾ ਹੈ ਅਤੇ ਹਰ 40 ਸਕਿੰਟ ਵਿੱਚ ਆਤਮ ਹੱਤਿਆ ਦੀ ਘਟਨਾ ਵਾਪਰ ਰਹੀ ਹੈ ਅਤੇ ਸਾਲ ਵਿੱਚ ਲੱਗਭੱਗ 08 ਲੱਖ ਵਿਅਕਤੀ ਆਤਮ ਹੱਤਿਆ ਨਾਲ ਮਰਦੇ ਹਨ ਅਤੇ ਇਨ੍ਹਾਂ ਵਿੱਚੋਂ ਲੱਗਭੱਗ 135000 ਭਾਵ 17 ਫਿਸਦੀ ਭਾਰਤੀ ਹੀ ਹਨ। ਵਿਸ਼ਵ ਵਿੱਚ ਹੋਣ ਵਾਲੀਆਂ ਕੁੱਲ ਮੌਤਾਂ ਵਿੱਚੋਂ 1.3 ਫਿਸਦੀ ਆਤਮ ਹੱਤਿਆ ਦੇ ਕਾਰਨ ਹੀ ਹੁੰਦੀਆਂ ਹਨ ਅਤੇ ਇਹ ਮੌਤ ਦਾ 17ਵਾਂ ਪ੍ਰਮੁੱਖ ਕਾਰਨ ਹੈ। ਵਿਸ਼ਵ ਸਿਹਤ ਸੰਗਠਨ ਵਲੋਂ ਜਾਰੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਔਸਤਨ ਇੱਕ ਲੱਖ ਪਿੱਛੇ 10.5 ਵਿਅਕਤੀਆਂ ਨੇ ਆਤਮ ਹੱਤਿਆ ਕੀਤੀ ਹੈ ਅਤੇ ਇਹ ਵੀ ਗੰਭੀਰ ਚਿੰਤਾ ਦਾ ਕਾਰਨ ਹੈ ਕਿ ਆਤਮ ਹੱਤਿਆ ਕਰਨ ਵਾਲਿਆਂ ਵਿੱਚ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ। ਵੱਖ-ਵੱਖ ਦੇਸ਼ਾਂ ਵਿੱਚ ਇਹ ਆਤਮ ਹੱਤਿਆਵਾਂ ਦੀ ਦਰ 01 ਲੱਖ ਪਿੱਛੇ 5 ਤੋਂ 30 ਵਿਅਕਤੀਆਂ ਦੀ ਹੈ। ਆਤਮ ਹੱਤਿਆਵਾਂ ਦੀਆਂ ਲੱਗਭੱਗ 79 ਫਿਸਦੀ ਘਟਨਾਵਾਂ ਘੱਟ ਅਤੇ ਮੱਧਿਅਮ ਆਮਦਨੀ ਵਾਲੇ ਦੇਸ਼ਾਂ ਵਿੱਚ ਵਾਪਰਦੀਆਂ ਹਨ ਅਤੇ ਇਨ੍ਹਾਂ ਦੇਸ਼ਾਂ ਵਿੱਚ ਇਹ ਦਰ ਇੱਕ ਲੱਖ ਪਿੱਛੇ 11.5 ਤੱਕ ਪਹੁੰਚ ਰਹੀ ਹੈ। ਉੱਚ ਆਮਦਨ ਵਾਲੇ ਦੇਸ਼ਾਂ ਵਿੱਚ ਮਹਿਲਾਵਾਂ ਦੇ ਮੁਕਾਬਲੇ ਲੱਗਭੱਗ ਤਿੰਨ ਗੁਣਾ ਪੁਰਸ਼ ਵੱਧ ਆਤਮ ਹੱਤਿਆਵਾਂ ਕਰਦੇ ਹਨ ਜਦਕਿ ਘੱਟ ਅਤੇ ਮੱਧਿਅਮ ਆਮਦਨ ਵਾਲੇ ਦੇਸ਼ਾਂ ਵਿੱਚ ਆਤਮ ਹੱਤਿਆਵਾਂ ਕਰਨ ਵਾਲੇ ਪੁਰਸ਼ਾਂ ਅਤੇ ਮਹਿਲਾਵਾਂ ਦੀ ਗਿਣਤੀ ਲੱਗਭੱਗ ਬਰਾਬਰ ਹੀ ਰਹਿੰਦੀ ਹੈ। ਆਤਮ ਹੱਤਿਆ ਇੱਕ ਵਿਸ਼ਵ ਵਿਆਪੀ ਚਿੰਤਾ ਹੈ ਅਤੇ ਹਰੇਕ ਦੇਸ਼ ਵਿੱਚ ਇਹ ਜਨਤਕ ਸਿਹਤ ਦਾ ਗੰਭੀਰ ਮੁੱਦਾ ਹੈ। ਆਤਮ ਹੱਤਿਆ ਦੇ ਕਾਰਨਾਂ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਨੌਜਵਾਨਾਂ ਵਿੱਚ ਆਤਮ ਹੱਤਿਆਵਾਂ ਦੇ ਪ੍ਰਮੁੱਖ ਕਾਰਨਾਂ ਵਿੱਚ ਪੜ੍ਹਾਈ ਦਾ ਦਬਾਓ, ਵਿਗੜ ਰਹੇ ਰਿਸ਼ਤੇ, ਭਵਿੱਖ ਦੀ ਚਿੰਤਾ ਆਦਿ ਸ਼ਾਮਲ ਹਨ। ਸੜ੍ਹਕ ਦੁਰਘਟਨਾ ਵਿੱਚ ਲੱਗੀਆਂ ਗੰਭੀਰ ਸੱਟਾਂ 15-29 ਸਾਲ ਦੇ ਨੌਜਵਾਨਾਂ ਵਿੱਚ ਆਤਮ ਹੱਤਿਆ ਦਾ ਮੁੱਖ ਕਾਰਨ ਹਨ ਅਤੇ 15-19 ਸਾਲਾਂ ਦੇ ਨੌਜਵਾਨਾਂ ਵਿੱਚ ਆਤਮ ਹੱਤਿਆ ਦੇ ਮੁੱਖ ਕਾਰਨ ਆਪਸੀ ਹਿੰਸਾ ਦੀਆਂ ਘਟਨਾਵਾਂ ਹਨ। ਮਹਿਲਾਵਾਂ ਦੁਆਰਾ ਆਤਮ ਹੱਤਿਆ ਦੀ ਕੋਸ਼ਿਸ਼ ਜਿਆਦਾ ਕੀਤੀ ਜਾਂਦੀ ਹੈ ਮਹਿਲਾਵਾਂ ਵਿੱਚ ਮਾਤਰਤਿਵ ਹਾਲਤਾਂ ਵੀ ਆਤਮ ਹੱਤਿਆਵਾਂ ਦਾ ਪ੍ਰਮੁੱਖ ਕਾਰਨ ਹਨ। ਆਤਮ ਹੱਤਿਆ ਕਰਨ ਦੇ ਸਭ ਤੋਂ ਵੱਧ ਪ੍ਰਚੱਲਿਤ ਤਰੀਕਿਆਂ ਵਿੱਚ ਫਾਂਸੀ ਲਗਾਉਣਾ, ਜ਼ਹਿਰ ਖਾਣਾ, ਖੁਦ ਨੂੰ ਅੱਗ ਲਗਾਉਣਾ, ਪਾਣੀ ਵਿੱਚ ਡੁੱਬਣਾ, ਰੇਲ ਗੱਡੀ ਅੱਗੇ ਛਲਾਂਗ ਲਗਾਉਣਾ ਆਦਿ ਸਾਮਿਲ ਹਨ। ਆਤਮ ਹੱਤਿਆਵਾਂ ਦੀਆਂ ਘਟਨਾਵਾਂ ਨੂੰ ਰੋਕਿਆ ਜਾ ਸਕਦਾ ਹੈ। ਅੰਤਰਰਾਸਟਰੀ ਆਤਮ ਹੱਤਿਆ ਰੋਕਥਾਮ ਸੰਗਠਨ-ਆਈ ਏ ਐਸ ਪੀ ਦੇ ਪ੍ਰਧਾਨ ਪ੍ਰੋਫੈਸਰ ਰੋਰੀ ਓ ਕੋਨੋਰ ਅਨੁਸਾਰ "ਜਿਵੇਂ ਕਿ ਅਸੀਂ ਇੱਕ ਅਜਿਹੀ ਦੁਨੀਆਂ ਦੇ ਅਪਣੇ ਦ੍ਰਿਸ਼ਟੀਕੋਣ ਤੇ ਕੰਮ ਕਰਨਾ ਜਾਰੀ ਰੱਖਦੇ ਹਾਂ ਜਿੱਥੇ ਬਹੁਤ ਘੱਟ ਲੋਕ ਆਤਮ




ਹੱਤਿਆ ਦੁਆਰਾ ਅਪਣੀ ਜਾਨ ਗੁਆਂਉਦੇ ਹਨ, ਸਾਡਾ ਮੰਨਣਾ ਹੈ ਕਿ ਕਾਰਵਾਈ ਦੁਆਰਾ ਉਮੀਦ ਬਣਾਉਣਾ ਇੱਕ ਆਸ਼ਾਵਾਦੀ ਸੁਨੇਹਾ ਹੈ ਜਿਸਦਾ ਉਦੇਸ਼ ਲੋਕਾਂ ਵਿੱਚ ਇਸ ਗੁੰਝਲਦਾਰ ਵਿਸ਼ੇ ਨਾਲ ਜੁੜ੍ਹੇ ਰਹਿਣ ਲਈ ਵਿਸ਼ਵਾਸ਼ ਪੈਦਾ ਕਰਨਾ ਹੈ।'' ਸਾਲ 2021 ਤੋਂ 2023 ਤੱਕ ਇਸ ਥੀਮ 'ਕਾਰਵਾਈ ਦੁਆਰਾ ਉਮੀਦ ਬਣਾਉਣਾ' ਦੁਆਰਾ ਆਤਮ ਹੱਤਿਆਵਾਂ ਸਬੰਧੀ ਰੋਕਥਾਮ ਦੀ ਇੱਕ ਲਹਿਰ ਪੈਦਾ ਕਰਨ, ਵਿਉਹਾਰ ਵਿੱਚ ਬਦਲਾਓ ਲਿਆਉਣ ਲਈ ਮਹੱਤਵਪੂਰਨ ਕੰਮ ਕੀਤਾ ਜਾਵੇਗਾ। ਵੱਖ ਵੱਖ ਅੰਤਰਰਾਸ਼ਟਰੀ ਸੰਗਠਨਾ ਦੀਆ ਕੋਸ਼ਿਸ਼ਾਂ ਦੇ ਬਾਬਜੂਦ ਵੀ ਆਤਮ ਹੱਤਿਆਵਾਂ ਨੂੰ ਰੋਕਣ ਸਬੰਧੀ ਠੋਸ ਰਣਨੀਤੀ ਤਿਆਰ ਕਰਨ ਲਈ ਅਜੇ ਤੱਕ ਦੁਨੀਆਂ ਦੇ ਸਿਰਫ 38 ਦੇਸ਼ਾਂ ਨੇ ਹੀ ਕਾਰਵਾਈ ਕੀਤੀ ਹੈ। ਭਾਰਤ ਵਿੱਚ ਆਤਮ ਹੱਤਿਆਵਾਂ ਨਾਲ ਹੋਣ ਵਾਲੀਆਂ ਮੌਤਾਂ ਵਿੱਚ 15 ਤੋਂ 35 ਸਾਲ ਦੇ ਉਮਰ ਦੇ ਨੌਜਵਾਨਾਂ ਦੀ ਗਿਣਤੀ ਬਹੁਤ ਜਿਆਦਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਵਿੱਚ ਸਾਲ 2021 ਵਿੱਚ ਆਤਮ ਹੱਤਿਆਵਾਂ ਕਾਰਨ 1.64 ਲੱਖ ਮੌਤਾਂ ਹੋਈਆਂ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਆਤਮ ਹੱਤਿਆਵਾਂ ਕਰਨ ਵਾਲਿਆਂ ਵਿੱਚ 1.19 ਲੱਖ ਮਰਦ, 45,026 ਔਰਤਾਂ ਅਤੇ 28 ਟਰਾਂਸਜੈਂਡਰ ਸ਼ਾਮਲ ਹਨ। ਕੋਵਿਡ-19 ਮਹਾਮਾਰੀ ਤੋਂ ਪਹਿਲਾਂ ਦੇ ਸਾਲਾਂ ਦੇ ਮੁਕਾਬਲੇ 2020 ਅਤੇ 2021 ਵਿਚ ਅਜਿਹੀਆਂ ਮੌਤਾਂ ਵਿਚ ਤੇਜ਼ੀ ਨਾਲ ਵਾਧਾ ਦੇਖਿਆ ਗਿਆ ਹੈ। ਗ੍ਰਹਿ ਮੰਤਰਾਲੇ ਦੇ ਅਧੀਨ ਕੰਮ ਕਰਨ ਵਾਲੇ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਕ ਸਾਲ 2020 ਵਿੱਚ ਦੇਸ਼ ਭਰ ਵਿੱਚ 1.53 ਲੱਖ ਲੋਕਾਂ ਦੀ ਆਤਮ ਹੱਤਿਆਵਾਂ ਨਾਲ ਮੌਤ ਦਰਜ ਕੀਤੀ ਗਈ। ਰਿਪੋਰਟ ਮੁਤਾਬਕ 2019 ਵਿੱਚ ਆਤਮ ਹੱਤਿਆਵਾਂ ਦੀ ਗਿਣਤੀ 1.39 ਲੱਖ, 2018 ਵਿੱਚ 1.34 ਲੱਖ, 2017 ਵਿੱਚ 1.29 ਲੱਖ ਸੀ ਜੋਕਿ 2020 ਅਤੇ 2021 ਵਿੱਚ ਇਹ 1.50 ਲੱਖ ਤੋਂ ਜ਼ਿਆਦਾ ਹੋ ਗਈ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਉਰੋ ਸਾਲ 1967 ਤੋਂ ਆਤਮ ਹੱਤਿਆਵਾਂ ਨਾਲ ਮੌਤ ਦੇ ਅੰਕੜੇ ਇਕੱਠੇ ਕਰ ਰਿਹਾ ਹੈ ਜਦੋਂ ਦੇਸ਼ ਵਿੱਚ ਕੈਲੰਡਰ ਸਾਲ ਵਿੱਚ 38829 ਮੌਤਾਂ ਹੋਈਆਂ ਸਨ। ਸਾਲ 1984 ਵਿੱਚ ਦੇਸ਼ ਵਿੱਚ ਪਹਿਲੀ ਵਾਰ ਆਤਮ ਹੱਤਿਆਵਾਂ ਦੀ ਗਿਣਤੀ 50 ਹਜ਼ਾਰ ਦੇ ਅੰਕੜੇ ਨੂੰ ਪਾਰ ਕਰ ਗਈ ਸੀ ਅਤੇ 1991 ਵਿੱਚ 75 ਹਜ਼ਾਰ ਦੇ ਅੰਕੜੇ ਨੂੰ ਪਾਰ ਕਰ ਗਈ ਸੀ। ਸਾਲ 1998 ਵਿੱਚ ਆਤਮ ਹੱਤਿਆਵਾਂ ਦਾ ਅੰਕੜਾ ਇਕ ਲੱਖ ਨੂੰ ਪਾਰ ਕਰ ਗਿਆ ਸੀ ਕਿਉਂਕਿ ਉਸ ਸਾਲ 1.04 ਲੱਖ ਮੌਤਾਂ ਹੋਈਆਂ ਸਨ। ਤਾਮਿਲਨਾਡੂ, ਮਹਾਂਰਾਸ਼ਟਰ, ਪੱਛਮੀ ਬੰਗਾਲ, ਮੱਧ ਪ੍ਰਦੇਸ਼ ਅਤੇ ਕਰਨਾਟਕਾ ਵਿੱਚ ਸਭ ਤੋਂ ਵੱਧ ਆਤਮ ਹੱਤਿਆਵਾਂ ਦੇ ਮਾਮਲੇ ਰਿਕਾਰਡ ਹੋਏ ਹਨ ਅਤੇ ਪੂਰੇ ਦੇਸ਼ ਵਿੱਚ ਵਾਪਰੀਆਂ ਆਤਮ ਹੱਤਿਆਵਾਂ ਦੀਆਂ ਘਟਨਾਵਾਂ ਵਿੱਚ ਲੱਗਭੱਗ ਅੱਧੀਆਂ ਇਨ੍ਹਾਂ ਪੰਜ ਸੂੱਬਿਆਂ ਵਿੱਚ ਹੀ ਵਾਪਰੀਆਂ ਹਨ। ਵੱਖ-ਵੱਖ ਰਾਜਾਂ ਸਬੰਧੀ ਪ੍ਰਾਪਤ ਅੰਕੜਿਆਂ ਅਨੁਸਾਰ ਤਾਮਿਲਨਾਡੂ ਵਿੱਚ 12.5 ਫਿਸਦੀ, ਮਹਾਂਰਾਸ਼ਟਰ 11.9 ਫਿਸਦੀ, ਪੱਛਮੀ ਬੰਗਾਲ 11.0 ਫਿਸਦੀ ਆਤਮ ਹੱਤਿਆਵਾਂ ਹੋਈਆਂ ਹਨ। ਪੁਰਸ਼ ਅਤੇ ਮਹਿਲਾ ਆਤਮ ਹੱਤਿਆ ਦਾ ਅਨੁਪਾਤ 2:1 ਰਿਹਾ ਹੈ। ਭਾਰਤ ਵਿੱਚ ਆਤਮ ਹੱਤਿਆਵਾਂ ਦੇ 02 ਪ੍ਰਮੁੱਖ ਕਾਰਨ ਮਾਨਸਿਕ ਵਿਕਾਰ ਅਤੇ ਕਿਸਾਨਾਂ ਦਾ ਕਰਜੇ ਵਿੱਚ ਫਸੇ ਹੋਣਾ ਹੈ। ਕਿਸਾਨਾਂ ਅਤੇ ਖੇਤ ਮਜਦੂਰਾਂ ਵਿੱਚ ਆਤਮ ਹੱਤਿਆਵਾਂ ਦੀ ਦਰ ਲਗਾਤਾਰ ਵੱਧ ਰਹੀ ਹੈ। ਇਸਦਾ ਸਭ ਤੋਂ ਵੱਡਾ ਕਾਰਨ ਬੈਂਕਾਂ ਤੋਂ ਲਿਆ ਕਰਜਾ ਹੈ। ਪੰਜਾਬ ਜੋਕਿ ਖੇਤੀ ਪ੍ਰਧਾਨ ਸੂੱਬਾ ਹੈ ਵਿੱਚ ਕਿਸਾਨਾਂ ਅਤੇ ਖੇਤ ਮਜਦੂਰਾਂ ਨੇ ਵੱਡੇ ਪੱਧਰ ਤੇ ਆਤਮ ਹੱਤਿਆਵਾਂ ਕੀਤੀਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਰਿਪੋਰਟਾਂ ਅਨੁਸਾਰ ਸਾਲ 2000 ਤੋਂ ਲੈਕੇ 2018 ਤੱਕ ਦੇ ਸਮੇਂ ਦੌਰਾਨ ਹੀ ਲੱਗਭੱਗ 3330 ਕਿਸਾਨਾਂ ਅਤੇ 730 ਖੇਤ ਮਜਦੂਰਾਂ ਨੇ ਆਤਮ ਹੱਤਿਆਵਾਂ ਕੀਤੀਆਂ ਹਨ ਅਤੇ ਇਨ੍ਹਾਂ ਵਿੱਚੋਂ ਬਹੁਤੀਆਂ ਘਟਨਾਵਾਂ ਦਾ ਮੁੱਖ ਕਾਰਨ ਆਰਥਿਕਤਾ ਹੀ ਬਣਿਆ ਹੈ। ਆਤਮ ਹੱਤਿਆ ਦੇ ਸਾਹਮਣੇ ਆਏ ਹੋਰ ਕਾਰਨਾਂ ਵਿੱਚ ਵਿਆਹੁਤਾ ਜੀਵਨ ਸਬੰਧੀ ਝਗੜੇ, ਪ੍ਰਿਖਿਆ ਵਿੱਚ ਫੇਲ ਹੋਣਾ, ਕੋਈ ਗੰਭੀਰ ਬਿਮਾਰੀ ਹੋਣਾ, ਨਸ਼ਿਆਂ ਵਿੱਚ ਫਸੇ ਹੋਣਾ, ਗਰੀਬੀ, ਬੇਰੋਜ਼ਗਾਰੀ, ਜਾਇਦਾਦ ਦੇ ਝਗੜੇ, ਵਿੱਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਨੂੰ ਹੁੰਦੀ ਮਾਨਸਿਕ ਪ੍ਰੇਸ਼ਾਨੀ ਅਤੇ ਰੈਗਿੰਗ, ਧਾਰਮਿਕ ਅਧਾਰ ਤੇ ਅਪਣੀ ਜਾਨ ਦਾ ਬਲਿਦਾਨ ਦੇਣਾ, ਕਿਸੇ ਖਾਸ ਵਿਅਕਤੀ ਦੀ ਮੌਤ ਤੇ ਦੁਖੀ ਹੋਕੇ ਅਪਣੀ ਜਾਨ ਦੇਣਾ, ਸਮਾਜਿਕ ਰਾਜਨੀਤਿਕ ਅੰਦੋਲਨਾਂ ਵਿੱਚ ਅਪਣੀ ਜਾਨ ਦਾ ਬਲਿਦਾਨ ਦੇਣਾ ਆਦਿ ਸ਼ਾਮਿਲ ਹਨ। ਸਾਲ 2020 ਵਿੱਚ ਵਿਸ਼ਵ ਪੱਧਰ ਤੇ ਫੈਲੀ ਕੋਰੋਨਾ ਮਹਾਂਮਾਰੀ ਕਾਰਨ ਪ੍ਰੇਸ਼ਾਨੀ ਵਿੱਚ ਵੀ ਕਈ ਵਿਅਕਤੀਆਂ ਨੇ ਦੁਖੀ ਹੋਕੇ ਆਤਮ ਹੱਤਿਆ ਕੀਤੀ ਹੈ। ਸਾਡੇ ਦੇਸ਼ ਵਿੱਚ ਸਮੇਂ-ਸਮੇਂ ਤੇ ਕਈ ਬਹੁਤ ਹੀ ਮਹੱਤਵਪੂਰਨ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਵਿਅਕਤੀਆਂ ਵਲੋਂ ਆਤਮ ਹੱਤਿਆ ਕਰਨ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜੋਕਿ ਬਾਕੀ ਲੋਕਾਂ ਲਈ ਵੀ ਨਿਰਾਸ਼ਾ ਵਧਾ ਰਹੀਆਂ ਹਨ। ਭਾਰਤ ਵਿੱਚ ਆਤਮ ਹੱਤਿਆ ਦੇ ਮੁੱਖ ਤਰੀਕਿਆਂ ਵਿੱਚ ਲੱਗਭੱਗ 33 ਫਿਸਦੀ ਜਹਿਰ ਖਾਣਾ, 26 ਫਿਸਦੀ ਰੱਸੇ ਨਾਲ ਲਟਕਣਾ ਸ਼ਾਮਿਲ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਉਰੋ ਨੇ ਸਾਲ 2021 ਲਈ ਆਪਣੀ ਸਾਲਾਨਾ ਰਿਪੋਰਟ ਵਿੱਚ ਕਿਹਾ ਹੈ ਕਿ ਪੇਸ਼ੇਵਰ ਜਾਂ ਜਿੰਦਗੀ ਦੇ ਕੈਰੀਅਰ ਨਾਲ ਜੁੜ੍ਹੀਆਂ ਸਮੱਸਿਆਵਾਂ, ਅਲੱਗ-ਥਲੱਗ ਰਹਿਣ ਦੀ ਭਾਵਨਾ, ਦੁਰਵਿਹਾਰ, ਹਿੰਸਾ, ਪਰਿਵਾਰਕ ਸਮੱਸਿਆਵਾਂ, ਮਾਨਸਿਕ ਵਿਕਾਰ, ਨਸ਼ਿਆਂ ਦੀ ਆਦਤ, ਵਿੱਤੀ ਨੁਕਸਾਨ, ਗੰਭੀਰ ਬਿਮਾਰੀ ਆਦਿ ਆਤਮ ਹੱਤਿਆ ਕਰਨ ਦੇ ਵੱਖ-ਵੱਖ ਕਾਰਨ ਹਨ।

ਵੱਖ ਵੱਖ ਦੇਸ਼ਾਂ ਵਿੱਚ ਆਤਮ ਹੱਤਿਆਵਾਂ ਨੂੰ ਘਟਾਉਣ ਲਈ ਕਈ ਕਦਮ ਚੁੱਕੇ ਗਏ ਹਨ। ਆਤਮ ਹੱਤਿਆ ਦੀ ਰੋਕਥਾਮ ਸਬੰਧੀ ਸ਼੍ਰੀ ਲੰਕਾ ਵਿੱਚ ਕੀਤੇ ਗਏ ਸਰਵੇਖਣ ਅਤੇ ਚੁੱਕੇ ਗਏ ਕਦਮਾਂ ਨੂੰ ਸਭ ਤੋਂ ਵੱਧ ਪ੍ਰਭਾਵਸ਼ਾਲੀ ਮੰਨਿਆ ਗਿਆ ਹੈ। ਇੱਥੇ ਲਗਾਈਆਂ ਗਈਆਂ ਰੋਕਾਂ ਅਤੇ ਕੀਤੀ ਗਈ ਸੱਖਤੀ ਨਾਲ ਆਤਮ ਹੱਤਿਆਵਾਂ ਦੀਆਂ ਘਟਨਾਵਾਂ ਵਿੱਚ ਲੱਗਭੱਗ 70 ਫਿਸਦੀ ਕਮੀ ਆਈ ਹੈ ਅਤੇ 1995 ਤੋਂ 2015 ਦੌਰਾਨ ਲੱਗਭੱਗ 93000 ਵਿਅਕਤੀਆਂ ਦੀ ਜਾਨ ਬਚਾਈ ਗਈ ਹੈ। ਕੋਰੀਆ ਵਿੱਚ ਵੀ ਇਸ ਸਬੰਧੀ ਕਾਫੀ ਸਫਲਤਾ ਮਿਲੀ ਹੈ ਜਿੱਥੇ ਸਾਲ 2000 ਵਿੱਚ ਪੈਰਾਕਬਾਟ ਕੀੜੇਮਾਰ ਦਵਾਈ ਨਾਲ ਵੱਡੀ ਗਿਣਤੀ ਵਿੱਚ ਆਤਮ ਹੱਤਿਆਵਾਂ ਹੋਈਆਂ ਸਨ ਅਤੇ 2011-2012 ਵਿੱਚ ਇਸ ਤੇ ਪਾਬੰਦੀ ਲਗਾਉਣ ਕਾਰਨ ਇਸ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ ਕਾਫੀ ਕਮੀ ਆਈ ਹੈ। ਸਾਡੇ ਦੇਸ਼ ਵਿੱਚ ਵੀ ਇਸ ਸਬੰਧੀ ਕੁੱਝ ਕਦਮ ਚੁੱਕੇ ਗਏ ਹਨ ਜਿਵੇਂ ਕਿ ਵਿੱਦਿਅਕ ਅਦਾਰਿਆਂ ਵਿੱਚ ਰੈਗਿੰਗ ਤੇ ਪਾਬੰਦੀ ਲਗਾਈ ਗਈ ਹੈ, ਕਈ ਕੀਟਨਾਸ਼ਕਾਂ ਦੀ ਵਿਕਰੀ ਲਈ ਸੱਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਕਰਜੇ ਵਿੱਚ ਫਸੇ ਕਿਸਾਨਾਂ, ਖੇਤ ਮਜਦੂਰਾਂ ਅਤੇ ਹੋਰ ਵਿਅਕਤੀਆਂ ਨੂੰ ਰਾਹਤ ਦਿਤੀ ਗਈ ਹੈ। ਹਰ ਵਿਅਕਤੀ ਦੀ ਜਿੰਦਗੀ ਪਰਿਵਾਰ, ਸਮਾਜ, ਦੇਸ਼ ਅਤੇ ਵਿਸ਼ਵ ਲਈ ਬਹੁਮੁੱਲੀ ਹੈ ਅਤੇ ਆਤਮ ਹੱਤਿਆ ਕਾਰਨ ਹੋਣ ਵਾਲੀ ਮੌਤ ਉਸ ਵਿਅਕਤੀ ਦੇ ਪਰਿਵਾਰ, ਦੋਸਤਾਂ, ਸਾਥੀਆਂ, ਸਮਾਜ ਅਤੇ ਦੇਸ਼ ਲਈ ਵੱਡਾ ਘਾਟਾ ਰਹਿੰਦੀ ਹੈ। ਆਤਮ ਹੱਤਿਆ ਦੀਆਂ ਘਟਨਾਵਾਂ ਅਤੇ ਇਸ ਨਾਲ ਹੋਣ ਵਾਲੀਆਂ ਮੌਤਾਂ ਨੂੰ ਕਾਫੀ ਹੱਦ ਤੱਕ ਰੋਕਿਆ ਅਤੇ ਘਟਾਇਆ ਜਾ ਸਕਦਾ ਹੈ। ਇਸ ਲਈ ਸਾਰੇ ਦੇਸ਼ਾਂ ਨੂੰ ਅਪਣੇ ਰਾਸ਼ਟਰੀ ਸਿਹਤ ਅਤੇ ਸਿੱਖਿਆ ਦੀਆਂ ਨੀਤੀਆਂ ਵਿੱਚ ਆਤਮ ਹੱਤਿਆ ਦੀ ਰੋਕਥਾਮ ਲਈ ਰਣਨੀਤੀਆਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਆਤਮ ਹੱਤਿਆ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਾਰੇ ਨਾਗਰਿਕਾਂ ਨੂੰ ਜਾਗਰੁਕ ਕਰਨਾ ਚਾਹੀਦਾ ਹੈ।

ਸਰਕਾਰਾਂ ਅਤੇ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂਆਂ, ਬੁੱਧੀਜੀਵੀਆਂ ਨੂੰ ਇਸ ਸਮੱਸਿਆ ਪ੍ਰਤੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਅਤੇ ਇਸਦੇ ਹੱਲ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ। ਅਸੀਂ ਸਾਰੇ ਮਿਲਕੇ ਉਮੀਦ ਪੈਦਾ ਕਰ ਸਕਦੇ ਹਾਂ ਅਤੇ ਕਿਸੇ ਵਿਅਕਤੀ ਦੀ ਲਈ ਦੀ ਰੌਸ਼ਨੀ ਬਣ ਸਕਦੇ ਹਾਂ।

# ਸਰਹਿੰਦ ਨਿਵਾਸੀ ਹਰਪਾਲ ਸਿੰਘ ਸੋਢੀ ਦੇ "ਇੰਡੀਆਂ ਬੁੱਕ ਆਫ ਰਿਕਾਰਡ" ਵਿੱਚ ਦੋ ਰਿਕਾਰਡ ਦਰਜ ਹੋਏ

**ਫਤਹਿਗੜ੍ਹ ਸਾਹਿਬ-** ਕਹਿੰਦੇ ਨੇ ਕਿ ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਸ਼ੌਂਕ ਵੀ ਅਜਿਹਾ ਪਾਲਣਾ ਜਿਸ ਲਈ ਟਾਈਮ ਵੀ ਚਾਹੀਦਾ ਹੈ ਅਤੇ ਪੈਸਾ ਵੀ। ਪਰੰਤੂ ਸੀਨੇ ਖਿੱਚ ਜਿਨਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ.....। ਜਦੋਂ ਮਨ ਠਾਣ ਲਏ ਕਿ ਇਹ ਕੰਮ ਕਰਨਾ ਹੈ ਤਾਂ ਕਰਨਾ ਹੀ ਹੈ। ਇਹ ਗੱਲ ਸੱਚ ਕਰ ਵਿਖਾਈ ਹੈ ਸਰਹਿੰਦ ਨਿਵਾਸੀ ਸ੍ਰੀ ਹਰਪਾਲ ਸਿੰਘ ਸੋਢੀ ਪੁੱਤਰ ਸਵਰਗਵਾਸੀ ਧਰਮਪਾਲ ਸਿੰਘ ਸੋਢੀ ਨੇ। ਜਿਲ੍ਹਾ ਫਤਹਿਗੜ੍ਹ ਸਾਹਿਬ ਦੇ ਸਰਹਿੰਦ ਸ਼ਹਿਰ ਤੋਂ 2 ਕਿਲੋਮੀਟਰ ਦੀ ਦੂਰੀ 'ਤੇ ਪਿੰਡ ਖਾਨਪੁਰ ਸੋਢੀਆਂ ਵਿਖੇ 9 ਸਤੰਬਰ 1975 ਵਿੱਚ ਸ੍ਰੀਮਤੀ ਪਰਮਜੀਤ ਕੌਰ ਦੀ ਕੁੱਖੋਂ ਜਨਮੇ ਹਰਪਾਲ ਸਿੰਘ ਸੋਢੀ ਜੋ ਕਿ ਅੱਜ ਕੱਲ੍ਹ ਆਪਣੇ ਪਰਿਵਾਰ ਸਮੇਤ ਸੋਢੀ ਕਾਲੋਨੀ, ਹਮਾਯੂੰਪੁਰ ਵਾਰਡ ਨੰਬਰ 9 ਵਿੱਚ ਰਹਿ ਰਹੇ ਹਨ। ਸ੍ਰੀ ਸੋਢੀ ਨੇ ਬੀ ਜੈੱਡ ਐਫ ਐਸ ਖਾਲਸਾ ਸਕੂਲ ਹਮਾਯੂੰਪੁਰ ਅਤੇ ਅਸੋਕਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਕੂਲੀ ਪੜ੍ਹਾਈ ਅਤੇ ਬੀ ਕਾਮ ਮਾਤਾ ਗੁਜਰੀ ਕਾਲਜ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਕਰਨ ਤੋਂ ਬਾਅਦ ਪੰਜ ਵਿਸ਼ਿਆਂ ਵਿੱਚ ਪੋਸਟ ਗ੍ਰੇਜੁਏਟ ਪੱਤਰ ਵਿਵਹਾਰ ਰਾਹੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਸ ਕੀਤੀਆਂ।

ਪੁਰਾਤਨ ਵਸਤਾਂ ਸਾਂਭਣ ਵਾਲੇ ਪਿੰਡ ਦੀਵਾਲਾ ਦੇ ਨੌਜਵਾਨ ਤਸਵਿੰਦਰ ਸਿੰਘ ਬੜੈਚ ਨਾਲ ਗੱਲਬਾਤ ਕਰਦੇ ਹੋਏ ਸ੍ਰੀ ਸੋਢੀ ਨੇ ਦੱਸਿਆ ਕਿ ਬਚਪਨ ਵਿੱਚ ਸੰਨ 1986 ਵਿੱਚ ਉਸ ਨੂੰ ਸੰਗੀਤ ਸੁਣਨ ਦਾ ਸ਼ੌਂਕ ਪਿਆ ਅਤੇ ਹੋਲੀ ਹੋਲੀ ਸੰਗੀਤ ਇਕੱਠਾ ਕਰਨ ਦਾ ਸ਼ੌਂਕ ਪੈ ਗਿਆ। ਸ੍ਰੀ ਸੋਢੀ ਨੇ ਆਪਣੇ ਘਰ ਵਿੱਚ ਆਪਣੇ ਬੇਟੇ ਦੇ ਨਾਮ 'ਤੇ "ਹਰਵੀਰ ਮਿਉਜ਼ੀਕਲ ਲਾਈਬ੍ਰੇਰੀ'' ਦਾ ਨਿਰਮਾਣ ਕੀਤਾ ਹੈ। ਜਿਸ ਵਿੱਚ ਪੰਜਾਬੀ ਅਤੇ ਹਿੰਦੀ ਸਿਨੇਮਾ ਦਾ ਪੂਰਨ ਇਤਿਹਾਸ ਅਤੇ 1904 ਤੋਂ ਲੈ ਕੇ ਸਤੰਬਰ 2022 ਤੱਕ ਰੀਲੀਜ ਫਿਲਮਾਂ/ ਐਲਬੈਮਾਂ/ ਹਰ





ਕਲਾਕਾਰਾਂ/ ਗਾਇਕ ਅਤੇ ਸੰਗੀਤਕਾਰਾਂ ਦੇ ਪੂਰੇ ਗੀਤ ਡਿਜੀਟਲ ਦੇ ਰੂਪ ਵਿੱਚ ਕੰਪਿਊਟਰ ਵਿੱਚ ਇਕੱਠੇ ਕੀਤੇ ਹੋਏ ਹਨ ਅਤੇ 2300 ਦੇ ਕਰੀਬ ਪੁਰਾਣੇ ਤਵੇ/ ਰਿਕਾਰਡ, 8000 ਕੈਸਟਾਂ/ਸੀਡੀ/ਡੀਵੀਡੀ ਵਿੱਚ ਫਿਲਮਾਂ ਆਦਿ ਸਮਾਨ ਇਕੱਠਾ ਕੀਤਾ ਹੋਇਆ ਹੈ। ਸ੍ਰੀ ਸੋਢੀ ਦੇ "ਇੰਡੀਆਂ ਬੁੱਕ ਆਫ ਰਿਕਾਰਡ'' ਵਿਚ ਦੋ ਰਿਕਾਰਡ ਦਰਜ ਹੋਏ ਹਨ। ਪਹਿਲਾਂ ਰਿਕਾਰਡ 1932 ਤੋਂ ਸਤੰਬਰ 2022 ਤੱਕ ਰੀਲੀਜ 11235 ਹਿੰਦੀ ਫਿਲਮਾਂ ਦੇ 74629 ਗਾਣਿਆਂ ਦਾ ਵੱਡਾ ਸੰਗ੍ਰਹਿ ਅਤੇ ਦੂਜਾ ਰਿਕਾਰਡ ਇੰਟਰਨੈਸ਼ਨਲ ਮਰਹੂਮ ਗਾਇਕ ਸਿੱਧੂ ਮੂਸੇਵਾਲੇ ਦੇ ਲਿਖੇ ਅਤੇ ਗਾਏ 239 ਗਾਣਿਆਂ ਦਾ ਸੰਗ੍ਰਹਿ, ਜਿਨਾਂ ਦੀ ਗਿਣਤੀ 268 ਤੱਕ ਪਹੁੰਚ ਗਈ ਹੈ। ਇਸ ਤੋਂ ਇਲਾਵਾ ਸ੍ਰੀ ਸੋਢੀ ਪੰਜਾਬੀ ਫਿਲਮਾਂ ਵਿਚ ਗਾਏ ਗਾਣਿਆਂ 'ਤੇ ਵੀ ਦਿਨ ਰਾਤ ਖੋਜ ਕਰ ਰਹੇ ਹਨ ਅਤੇ ਅਗਲੇ ਸਾਲ ਤੱਕ ਪੰਜਾਬੀ ਫਿਲਮਾਂ 'ਤੇ ਵੀ ਰਿਕਾਰਡ ਕਾਇਮ ਕਰਨਗੇ। ਸ੍ਰੀ ਸੋਢੀ ਨੇ ਇੱਕ ਵਾਰ ਵਿੱਚ ਦੋ ਰਿਕਾਰਡ ਇਕੱਠੇ ਕਾਇਮ ਕਰਕੇ ਹੈਰਾਨ ਕਰਨ ਵਾਲਾ ਕੰਮ ਕੀਤਾ ਹੈ ਅਤੇ ਆਪਣੇ ਸੋਢੀ ਪਰਿਵਾਰ, ਪਿੰਡ ਖਾਨਪੁਰ, ਸ਼ਹਿਰ ਸਰਹਿੰਦ, ਜਿਲ੍ਹਾ ਫਤਹਿਗੜ੍ਹ ਸਾਹਿਬ ਅਤੇ ਪੰਜਾਬ ਦਾ ਨਾਮ ਦੁਨੀਆਂ ਵਿੱਚ ਰੌਸ਼ਨ ਕੀਤਾ ਹੈ। ਬੇਸੱਕ, ਭਾਵੇਂ ਹਿੰਦੀ ਫਿਲਮਾਂ ਮੁੰਬਈ ਵਿੱਚ ਬਣਦੀਆਂ ਹਨ ਪਰੰਤੂ ਸਾਰੀਆਂ ਫਿਲਮਾਂ ਦੇ ਗੀਤ ਅਤੇ ਇਤਿਹਾਸ ਜਿਲ੍ਹਾ ਫਤਹਿਗੜ੍ਹ ਸਾਹਿਬ ਦੇ ਸ਼ਹਿਰ ਸਰਹਿੰਦ ਵਿਚ ਇਕੱਠਾ ਹੋ ਰਿਹਾ ਹੈ। ਸ੍ਰੀ ਸੋਢੀ ਦੀ ਇਸ ਮਹਾਨ ਪ੍ਰਾਪਤੀ ਤੇ ਜਿਲ੍ਹਾ ਪ੍ਰਸਾਸ਼ਣ ਫਤਹਿਗੜ੍ਹ ਸਾਹਿਬ ਅਤੇ ਪੰਜਾਬ ਸਰਕਾਰ ਨੂੰ ਵਿਸ਼ੇਸ਼ ਸਨਮਾਨ ਦੇ ਕੇ ਹੋਸਲਾ ਅਫਜਾਈ ਕਰਨੀ ਚਾਹੀਦੀ ਹੈ।

ਸ੍ਰੀ ਸੋਢੀ ਅੱਜਕੱਲ੍ਹ ਸਿਹਤ ਵਿਭਾਗ ਅਧੀਨ ਚੱਲ ਰਹੇ ਨੈਸ਼ਨਲ ਹੈਲਥ ਮਿਸ਼ਨ ਅਧੀਨ ਜਿਲ੍ਹਾ ਫਤਹਿਗੜ੍ਹ ਸਾਹਿਬ ਦੇ ਦਫਤਰ ਸਿਵਲ ਸਰਜਨ ਵਿਖੇ ਬਤੌਰ ਸਕੂਲ ਹੈਲਥ ਪ੍ਰੋਗਰਾਮ ਕਮ ਆਰ ਬੀ ਐਸ ਕੇ ਕੋਆਰਡੀਨੇਟਰ ਵਜੋਂ ਸੇਵਾਵਾਂ ਦੇ ਰਹੇ ਹਨ ਅਤੇ ਐਨ ਐਚ ਐਮ ਇੰਪਲਾਈਜ਼ ਯੂਨੀਅਨ ਪੰਜਾਬ ਦੇ ਜਿਲ੍ਹਾ, ਰਾਜ ਅਤੇ ਨੈਸ਼ਨਲ ਪੱਧਰ ਦੇ ਸਿਰਕੱਢਵੇਂ ਲੀਡਰ ਵੀ ਹਨ। ਇਨਾਂ ਦੀ ਪਤਨੀ ਸ੍ਰੀਮਤੀ ਹੇਮਲਤਾ ਬਤੌਰ ਬਲਾਕ ਕੋਆਰਡੀਨੇਟਰ ਪੋਸਣ ਅਭਿਆਨ ਤਹਿਤ ਸੀ ਡੀ ਪੀ ਓ ਦਫਤਰ ਸਰਹਿੰਦ ਡੀ ਸੀ ਕੰਪਲੈਕਸ ਜਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਤਾਇਨਾਤ ਹਨ। ਸ੍ਰੀ ਸੋਢੀ ਨੇ ਦੱਸਿਆ ਕਿ ਇਸ ਮੁਕਾਮ ਤੱਕ ਪਹੁੰਚਾਉਣ ਵਿੱਚ ਇਨ੍ਹਾਂ ਦੇ ਪੂਰੇ ਪਰਿਵਾਰ ਤੋਂ ਇਲਾਵਾ ਇਨਾਂ ਦੇ ਛੋਟੇ ਭਰਾ ਸ੍ਰੀ ਬਲਬੀਰ ਸਿੰਘ ਸੋਢੀ, ਗੁਰਜੀਤ ਸਿੰਘ ਸੋਢੀ ਅਤੇ ਦੋਸਤ ਸ੍ਰੀ ਬਲਦੇਵ ਕ੍ਰਿਸਨ ਕੁਕੀ, ਸ੍ਰੀ ਰਮੇਸ ਪ੍ਰਭਾਕਰ, ਸ੍ਰੀ ਚਰਨਜੀਤ ਬੱਤਰਾ, ਇਕਬਾਲ ਸਿੰਘ, ਡਾ ਸੰਦੀਪ ਰਾਏ, ਜਸਵਿੰਦਰ ਸਿੰਘ, ਅਨਿਲ ਕੁਮਾਰ, ਜਗਦੀਸ ਅਰੋੜਾ, ਸ੍ਰੀ ਰਮੇਸ ਵੋਹਰਾ, ਸ੍ਰੀ ਰਮੇਸ ਅਗਰਵਾਲ ਜੱਬਲਪੁਰ, ਸ੍ਰੀ ਗਿਰਧਾਰੀਲਾਲ ਜੋਧਪੁਰ, ਵਿਜੈ ਕੁਮਾਰ ਮੁਲਤਾਨੀ, ਸ੍ਰੀ ਤੇਜਿੰਦਰ ਮਿਗਲਾਨੀ, ਸ੍ਰੀ ਰਣਜੋਧ ਸਿੰਘ, ਸ੍ਰੀ ਸੁਨੀਲ ਕੁਮਾਰ, ਬੰਸੀਲਾਲ ਆਦਿ ਦਾ ਵਿਸ਼ੇਸ ਯੋਗਦਾਨ ਹੈ।

# ਪਰਾਲੀ ਦੀ ਸਮੱਸਿਆ ਦਾ ਨਿਦਾਨ



ਗੋਬਿੰਦਰ ਸਿੰਘ ਢੀਂਡਸਾ
ਪਿੰਡ ਤੇ ਡਾਕ ਬਰੜ੍ਹਵਾਲ (ਧੂਰੀ)

ਝੋਨਾ-ਕਣਕ ਫਸਲ ਪ੍ਰਣਾਲੀ ਉੱਤਰ ਪੱਛਮੀ ਭਾਰਤੀ ਮੈਦਾਨੀ ਇਲਾਕਿਆਂ ਹੇਠ ਪੰਜਾਬ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਸੂਬਿਆਂ ਦਾ 4,1 ਮਿਲੀਅਨ ਹੈਕਟੇਅਰ ਖੇਤਰ ਆਉਂਦਾ ਹੈ ਅਤੇ ਇਸ ਪ੍ਰਣਾਲੀ ਵਿੱਚ 75 ਫੀਸਦੀ ਤੋਂ ਜਿਆਦਾ ਖੇਤਰ ਦੀ ਕਟਾਈ ਕੰਬਾਇਨਾਂ ਦੁਆਰਾ ਕੀਤੀ ਜਾਂਦੀ ਹੈ। ਜ਼ਿਆਦਾਤਰ ਕਣਕ ਦੀ ਪਰਾਲੀ ਦੀ ਤੂੜੀ ਕਰ ਲਈ ਜਾਂਦੀ ਹੈ ਜੋ ਕਿ ਪਸ਼ੂਆਂ ਦੇ ਚਾਰੇ ਵਿੱਚ ਮੁੱਖ ਰੂਪ ਵਿੱਚ ਵਰਤੀ ਜਾਂਦੀ ਹੈ ਜਦਕਿ ਝੋਨੇ ਦੀ ਪਰਾਲੀ ਵਿੱਚ ਲਿਗਨਿਨ (6-7 ਫੀਸਦੀ) ਦੀ ਘੱਟ ਮਾਤਰਾ ਅਤੇ ਸਿਲਿਕਾ (12-16 ਫੀਸਦੀ) ਦੀ ਵੱਧ ਮਾਤਰਾ ਕਾਰਨ ਇਸਨੂੰ ਘੱਟ ਗੁਣਵੱਤਾ ਵਾਲਾ ਚਾਰਾ ਮੰਨ੍ਹਿਆ ਜਾਂਦਾ ਹੈ, ਇਹ ਪਾਚਣਸ਼ਕਤੀ ਨੂੰ ਘੱਟ ਕਰਦਾ ਹੈ, ਸੋ ਜ਼ਿਆਦਾਤਰ ਝੋਨੇ ਦੀ ਪਰਾਲੀ ਨੂੰ ਅੱਗ ਲਾ ਕੇ ਖੇਤ ਖਾਲੀ ਕੀਤੇ ਜਾਂਦੇ ਹਨ।

ਹਰ ਵਰ੍ਹੇ ਦੀ ਤਰ੍ਹਾਂ ਅਕਤੂਬਰ ਸ਼ੁਰੂ ਹੋਣ ਦੇ ਲਾਗੇ ਹੀ ਝੋਨੇ ਦੀ ਫ਼ਸਲ ਦੀ ਕਟਾਈ ਸ਼ੁਰੂ ਹੋ ਜਾਵੇਗੀ। ਸਰਕਾਰੀ ਨੀਤੀਆਂ ਦੇ ਵਿਰੋਧ ਵਿੱਚ ਜਾਂ ਮਜ਼ਬੂਰੀਵਸ ਕਿਸਾਨ ਪਰਾਲੀ ਨੂੰ ਖੇਤਾਂ ਵਿੱਚ ਅੱਗ ਲਾਉਣਗੇ ਅਤੇ ਸਰਕਾਰ ਅੱਗ ਲਾਉਣ ਵਾਲਿਆਂ ਨੂੰ ਜ਼ੁਰਮਾਨੇ ਕਰੇਗੀ। ਜਦੋਂ ਤੱਕ ਇਸ ਗੰਭੀਰ ਸਮੱਸਿਆ ਦਾ ਪੁਖਤਾ ਹੱਲ ਨਹੀਂ ਲੱਭਿਆ ਜਾਂਦਾ, ਓਨੀ ਦੇਰ ਇਹ ਸਮੱਸਿਆ ਬਣੀ ਰਹੇਗੀ। ਤਿੰਨ ਦਹਾਕੇ ਪਹਿਲਾਂ ਸ਼ੈਲਰਾਂ 'ਚ ਮਿਲਿੰਗ ਤੋਂ ਬਾਅਦ ਝੋਨੇ ਦੇ ਛਿਲਕੇ ਦੇ ਅੰਬਾਰ ਵੇਖੇ ਜਾਂਦੇ ਸਨ, ਮੁਫ਼ਤ ਵਿੱਚ ਵੀ ਛਿਲਕੇ ਨੂੰ ਕੋਈ ਨਹੀਂ ਲੈਂਦਾ ਸੀ, ਆਖ਼ਰ ਤਕਨੀਕ ਵਿਕਸਿਤ ਹੋਈ ਤਾਂ ਹੁਣ ਸ਼ੈਲਰ ਮਾਲਕ 5-7 ਕਿਲੋ ਛਿਲਕਾ ਵੀ ਖਰਾਬ ਨਹੀਂ ਹੋਣ ਦਿੰਦੇ ਤੇ ਇਸ ਨੂੰ ਵੇਚ ਕੇ ਕਮਾਈ ਕਰਦੇ ਹਨ ਅਜਿਹਾ ਕੁਝ ਹੀ ਪਰਾਲੀ ਵਾਸਤੇ ਕਰਨਾ ਪੈਣਾ ਹੈ। ਮੁਕੱਦਮੇਬਾਜ਼ੀ ਕਿਸੇ ਮਸਲੇ ਦਾ ਹੱਲ ਨਹੀਂ ਹੈ, ਕਿਸਾਨਾਂ ਨਾਲ ਟਕਰਾਅ ਰੋਕਣ ਲਈ ਮਸਲੇ ਦਾ ਹੱਲ ਕੱਢਣ 'ਤੇ ਜ਼ੋਰ ਦੇਣਾ ਚਾਹੀਦਾ ਹੈ।

ਰੁਪਈਏ ਦੀ ਮਾਚਿਸ ਨਾਲ ਪਰਾਲੀ ਨੂੰ ਅੱਗ ਲਾਉਣ ਦੇ ਫਾਇਦੇ ਨਾ-ਮਾਤਰ ਪਰੰਤੂ ਨੁਕਸਾਨ ਡਾਢੇ ਹਨ ਜਿਹਨਾਂ ਦੇ ਸਿੱਟੇ ਭਿਆਨਕ ਹਨ। ਇੱਕ ਟਨ (1000 ਕਿਲੋਗ੍ਰਾਮ) ਪਰਾਲੀ (ਅਵਸ਼ੇਸ਼) ਵਿੱਚ ਤਕਰੀਬਨ 5,5 ਕਿਲੋਗ੍ਰਾਮ ਨਾਈਟ੍ਰੋਜਨ, 2,3 ਕਿਲੋਗ੍ਰਾਮ ਫਾਸਫੋਰਸ, 2,5 ਕਿਲੋਗ੍ਰਾਮ ਪੋਟਾਸ਼, 1,2 ਕਿਲੋਗ੍ਰਾਮ ਸਲਫ਼ਰ ਅਤੇ 400 ਕਿਲੋਗ੍ਰਾਮ ਕਾਰਬਨ ਹੁੰਦਾ ਹੈ ਜੋ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਨਸ਼ਟ ਹੋ ਜਾਂਦਾ ਹੈ। ਇਹਨਾਂ ਪੋਸ਼ਕ ਤੱਤਾਂ ਤੋਂ ਇਲਾਵਾ ਮਿੱਟੀ ਦਾ ਤਾਪਮਾਨ, ਪੀ।ਐੱਚ।, ਨਮੀ, ਮਿੱਟੀ ਵਿੱਚ ਮੌਜੂਦ ਫਾਸਫੋਰਸ ਅਤੇ ਜੈਵਿਕ ਤੱਤ ਵੀ ਪ੍ਰਭਾਵਿਤ ਹੁੰਦੇ ਹਨ।

ਪਰਾਲੀ ਪ੍ਰਬੰਧਨ ਸੰਬੰਧੀ ਦੋ ਤਰੀਕੇ ਹਨ ਇਨ ਸੀਟੂ (In-istu) ਅਤੇ ਐਕਸ ਸੀਟੂ (Ex-istu) । ਇਨ ਸੀਟੂ ਵਿੱਚ ਪਰਾਲੀ ਨੂੰ ਖੇਤ ਵਿੱਚ ਖਾਦ ਦੇ ਰੂਪ ਵਿੱਚ ਮਿਲਾ ਦਿੱਤਾ ਜਾਂਦਾ ਹੈ ਜਦਕਿ ਐਕਸ ਸੀਟੂ ਵਿੱਚ ਪਰਾਲੀ ਨੂੰ ਖੇਤ ਤੋਂ ਬਾਹਰ ਲਿਜਾਇਆ ਜਾਂਦਾ ਹੈ। ਇਨ ਸੀਟੂ ਪ੍ਰਕਿਰਿਆ ਵਿੱਚ ਕੰਬਾਇਨ ਨਾਲ ਸੁਪਰ ਸਟ੍ਰਾ ਮੈਨੇਜਮੈਂਟ ਸਿਸਟਮ (Super SMS) ਦੀ ਵਰਤੋਂ ਕਰਨੀ ਸ਼ਾਮਿਲ ਹੈ ਜੋ ਕਿ ਪਰਾਲੀ ਨੂੰ 4-5 ਇੰਚ ਦੇ ਛੋਟੇ ਛੋਟੇ ਟੁਕੜਿਆਂ ਵਿੱਚ ਕੱਟ ਕੇ ਸਾਮਾਨ ਰੂਪ ਵਿੱਚ ਖੇਤ ਵਿੱਚ ਸੁੱਟਦਾ ਹੈ। ਇਸ ਸਿਸਟਮ ਨੂੰ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਦੁਆਰਾ 2016 ਵਿੱਚ ਵਿਕਸਿਤ ਕੀਤਾ ਗਿਆ। ਸਟ੍ਰਾ ਚਾਪਰ/ਸ਼੍ਰੈਡਰ ਦੀ ਵਰਤੋਂ ਵੀ ਸਾਧਾਰਨ ਵਢਾਈ ਤੋਂ ਬਾਦ ਪਰਾਲੀ ਨੂੰ ਛੋਟੇ ਛੋਟੇ ਟੁਕੜਿਆਂ ਵਿੱਚ ਕੱਟ ਕੇ ਖੇਤ ਵਿੱਚ ਫੈਲਾਉਣ ਲਈ ਕੀਤੀ ਜਾਂਦੀ ਹੈ। ਤੂੜੀ ਕਰਨ ਲਈ ਸਟ੍ਰਾ ਰੀਪਰ/ਕੰਬਾਇਨ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮਲਚਰ ਦੀ ਵਰਤੋਂ ਵੀ ਘਾਹ, ਝਾੜੀਆਂ, ਗੰਨੇ ਦੇ ਅਵਸ਼ੇਸ਼, ਪਰਾਲੀ ਅਤੇ ਮੱਕੀ ਦੇ ਅਵਸ਼ੇਸ਼ ਆਦਿ ਨੂੰ ਵੀ ਛੋਟੇ ਛੋਟੇ ਟੁਕੜਿਆਂ 'ਚ ਕੱਟ ਕੇ ਜ਼ਮੀਨ ਤੇ ਫੈਲਾਉਣ ਲਈ ਵਰਤਿਆ ਜਾ ਸਕਦਾ ਹੈ। ਇੱਕ ਹੀ ਸਮੇਂ ਮਿੱਟੀ ਨੂੰ ਕੱਟਣ, ਪਲਟਣ ਅਤੇ ਤੋੜਨ ਲਈ ਰਿਵਰਸੀਬਲ ਮੋਲਡ ਬੋਰਡ ਹਲ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪਰਾਲੀ ਨੂੰ ਛੋਟੇ ਛੋਟੇ ਟੁਕੜਿਆਂ ਵਿੱਚ ਕੱਟ ਕੇ ਮਿੱਟੀ ਵਿੱਚ ਮਿਲਾਉਣ ਲਈ ਰੋਟਾਵੇਟਰ ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ, 1।5 ਮੀਟਰ ਤੋਂ ਘੱਟ ਚੌੜਾਈ ਵਾਲੇ ਰੋਟਾਵੇਟਰ ਲਈ 35 ਤੋਂ 45 ਹਾਰਸ ਪਾਵਰ ਵਾਲਾ ਟਰੈਕਟਰ ਅਤੇ 1।5 ਮੀਟਰ ਤੋਂ ਵੱਧ ਚੌੜਾਈ ਵਾਲੇ ਰੋਟਾਵੇਟਰ ਲਈ 45-55 ਹਾਰਸ ਪਾਵਰ ਟਰੈਕਟਰ ਲੋੜੀਂਦਾ ਹੈ।



ਜੇਕਰ ਖੇਤ ਵਿੱਚ ਪਰਾਲੀ ਦੀ ਮਾਤਰਾ ਘੱਟ ਹੈ ਤਾਂ ਜੀਰੋ ਟਿਲ ਡ੍ਰਿਲ ਮਸ਼ੀਨ ਨਾਲ ਝੋਨੇ ਦੀ ਕਟਾਈ ਤੋਂ ਤੁਰੰਤ ਬਾਦ ਬਿਨ੍ਹਾ ਜੁਤਾਈ ਕੀਤੇ ਸਿੱਧੀ ਕਣਕ ਬੀਜੀ ਜਾ ਸਕਦੀ ਹੈ। ਹੈਪੀ ਸੀਡਰ ਦੀ ਵਰਤੋਂ ਨਾਲ ਪਰਾਲੀ ਵਾਲੇ ਖੇਤ ਵਿੱਚ ਕਿਸਾਨ ਸਿੱਧੀ ਬਿਜਾਈ ਕਰ ਸਕਦੇ ਹਨ। ਇਸ ਵਿੱਚ ਇੱਕ ਸ਼ਾਫਟ ਦੇ ਉੱਪਰ ਫਲੇਲ ਟਾਇਪ ਬਲੇਡ ਲੱਗੇ ਹੁੰਦੇ ਹਨ ਅਤੇ ਇਹਨਾਂ ਦੇ ਠੀਕ ਪਿੱਛੇ ਕਣਕ ਦੀ ਬਿਜਾਈ ਲਈ ਫਾਲੇ ਲੱਗੇ ਹੁੰਦੇ ਹਨ, ਹੈਪੀ ਸੀਡਰ ਦੀ ਵਰਤੋਂ ਲਈ ਡਬਲ ਕਲੱਚ ਵਾਲੇ ਟਰੈਕਟਰ ਨੂੰ ਪਹਿਲ ਦੇਣੀ ਚਾਹੀਦੀ ਹੈ। ਸੁਪਰ ਸੀਡਰ ਦੀ ਖਾਸੀਅਤ ਇਹ ਹੈ ਕਿ ਇਸ ਨਾਲ ਝੋਨੇ ਅਤੇ ਕਪਾਹ ਵਾਲੇ ਖੇਤਾਂ ਵਿੱਚ ਕਣਕ ਦੀ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ, ਇਸ ਨੂੰ ਇੱਕ ਵਾਰ ਚਲਾਉਣ ਤੇ ਹੀ ਖੇਤ ਵਿੱਚ ਜੁਤਾਈ, ਪਰਾਲੀ ਨੂੰ ਮਿੱਟੀ ਵਿੱਚ ਮਿਲਾਉਣਾ ਅਤੇ ਕਣਕ ਦੀ ਸਿੱਧੀ ਬਿਜਾਈ ਹੋ ਜਾਂਦੀ ਹੈ। ਇਸ ਮਸ਼ੀਨ ਦਾ ਵਜ਼ਨ ਲਗਭਗ 850 ਤੋਂ 1000 ਕਿਲੋਗ੍ਰਾਮ ਹੁੰਦਾ ਹੈ।

ਪਰਾਲੀ ਦੇ ਐਕਸ ਸੀਟੂ ਪ੍ਰਬੰਧਨ ਵਿੱਚ ਪਰਾਲੀ ਦੀ ਗੱਠਾਂ ਬਣਾ ਕੇ ਖੇਤ ਤੋਂ ਬਾਹਰ ਕੱਢਣਾ ਵੀ ਲਾਭਦਾਇਕ ਸਿੱਧ ਹੋ ਸਕਦਾ ਹੈ। ਇਹਨਾਂ ਗੱਠਾਂ ਦੀ ਵਰਤੋਂ ਬ੍ਰਿਕੇਟ ਬਣਾਉਣ, ਬਾਇਓਗੈਸ ਬਣਾਉਣ, ਪਾਵਰ ਪਲਾਂਟ ਵਿੱਚ ਈਧਨ ਦੇ ਰੂਪ ਵਿੱਚ, ਪਸ਼ੂ ਚਾਰਾ, ਗੱਤਾ ਫੈਕਟਰੀ ਵਿੱਚ ਕਾਗਜ਼ ਆਦਿ ਬਣਾਉਣ ਵਿੱਚ, ਜੈਵਿਕ ਖਾਦ ਬਣਾਉਣ, ਖੁੰਭ ਉਤਪਾਦਨ ਆਦਿ ਲਈ ਵਰਤੋਂ ਵਿੱਚ ਲਿਆ ਜਾ ਸਕਦਾ ਹੈ। ਐਕਸ ਸੀਟੂ ਵਿੱਚ ਸ੍ਰਬ ਮਾਸਟਰ/ਰੋਟਰੀ ਸਲੇਸਰ, ਹੇ ਰੈਕ ਅਤੇ ਬੇਲਰ ਆਦਿ ਉਪਯੋਗੀ ਮਸ਼ੀਨਾਂ ਹਨ।

ਪਰਾਲੀ ਪ੍ਰਬੰਧਨ ਸੰਬੰਧੀ ਮਸ਼ੀਨਾਂ ਦੀ ਖਰੀਦ ਉੱਤੇ ਸਰਕਾਰ ਤਰਫ਼ੋਂ ਕਿਸਾਨਾਂ ਨੂੰ ਸਬਸਿਡੀ ਦੀ ਵੀ ਸਹੂਲਤ ਦਿੱਤੀ ਜਾਂਦੀ ਹੈ। ਕੇਂਦਰੀ ਖੇਤੀ ਖੋਜ ਕੇਂਦਰ ਵੱਲੋਂ ਪੂਸਾ ਡੀਕੰਪੋਜ਼ਰ ਤਕਨੀਕ ਲਿਆਂਦੀ ਗਈ ਜਿਸ 'ਚ ਕੈਪਸੂਲ, ਗੁੜ ਤੇ ਵੇਸਣ ਦਾ ਘੋਲ ਤਿਆਰ ਕਰਕੇ ਪਰਾਲੀ 'ਤੇ ਛਿੜਕਾਅ ਕੀਤਾ ਜਾਂਦਾ ਹੈ। ਖੇਤੀ ਮਾਹਿਰਾਂ ਅਨੁਸਾਰ ਇਸ ਛਿੜਕਾਅ ਨਾਲ ਪਰਾਲੀ ਗਲ ਕੇ ਖਾਦ ਬਣ ਜਾਵੇਗੀ।

ਪਰੰਤੂ ਕਿਸਾਨਾਂ ਅਨੁਸਾਰ ਇਹ ਸਮਾਂ ਜਿਆਦਾ ਲੈਂਦਾ ਹੈ ਜਦਕਿ ਝੋਨੇ ਦੀ ਕਟਾਈ ਅਤੇ ਕਣਕ ਦੀ ਬਿਜਾਈ ਵਿੱਚ ਮਸਾਂ 20-25 ਦਿਨਾਂ ਦਾ ਘੱਟ ਸਮਾਂ ਹੀ ਹੁੰਦਾ ਹੈ। ਜ਼ਮੀਨ ਕਿਸਾਨ ਦਾ ਮਾਂ-ਬੱਚਾ ਸਭ ਕੁਝ ਹੈ ਤੇ ਉਸਨੂੰ ਜਾਣਬੁੱਝ ਕੇ ਨੁਕਸਾਨ ਪਹੁੰਚਾਉਣਾ ਕੋਈ ਵੀ ਕਿਸਾਨ ਨਹੀਂ ਚਾਹੇਗਾ। ਕਿਸਾਨਾਂ ਵਿੱਚ ਇਸ ਸੰਬੰਧੀ ਵੱਧ ਤੋਂ ਵੱਧ ਜਾਗਰੂਕਤਾ ਅਤੇ ਯੋਗ ਉਪਲੱਬਧ ਸਾਧਨ ਤੇ ਉਪਾਅ ਹੀ ਪਰਾਲੀ ਦੀ ਸਮੱਸਿਆ ਦੇ ਨਿਦਾਨ ਵਿੱਚ ਸਹਾਈ ਸਿੱਧ ਹੋ ਸਕਦੇ ਹਨ।

# ਪੰਜਾਂ ਸਾਲਾਂ ਤੋਂ ਮੰਜੇ ਤੇ ਪਿਆ ਹੈ ਗੱਭਰੂ ਜਵਾਨ ਪੁੱਤ, ਸਮੂਹ ਸਮਾਜ ਸੇਵੀ ਜਥੇਬੰਦੀਆਂ ਮਦਦ ਲਈ ਆਉਣ ਅੱਗੇ

ਸੋਹਣਾ ਸੁਨੱਖਾ ਗੱਭਰੂ ਸੀ ਰਾਕੇਸ਼ ਕੁਮਾਰ ਸੋਨੂੰ ਜਿਹੜਾ ਘਰਾਂ ਵਿੱਚ ਪਲੰਬਰ ਦਾ ਕੰਮ ਕਰਕੇ ਆਪਣੇ ਘਰ ਨੂੰ ਪਾਲ ਰਿਹਾ ਸੀ ਪਰ ਦੋ ਹਜਾਰ ਸਤਾਰਾਂ (2017)ਵਿੱਚ ਕੋਟ ਈਸੇ ਖਾਂ ਤੋਂ ਮੋਗੇ ਜਾਂਦੇ ਪਤਾ ਹੀ ਨਹੀਂ ਲੱਗਾ ਕਿ ਕਿਵੇ ਸਕੂਟਰ ਦੇ ਮਗਰੋਂ ਸੜਕ ਤੇ ਡਿੱਗ ਪਿਆ ਥੋੜੇ ਚਿਰ ਬਾਅਦ ਜਦ ਹੋਸ਼ ਆਈ ਤਾਂ ਲੱਤਾਂ ਤੇ ਬਾਹਵਾਂ ਬਿਲਕੁਲ ਹੀ ਨਹੀ ਹਿੱਲੀਆਂ। ਸੋਬਤੀ ਹਸਪਤਾਲ ਲੁਧਿਆਣਾ ਵਾਲਿਆਂ ਨੇ ਅੱਠ ਦਿਨ ਅਲਾਜ ਕੀਤਾ, ਮਿਸ਼ਨ ਹਸਪਤਾਲ ਫਿਰੋਜ਼ਪੁਰ ਵਾਲਿਆਂ ਨੇ ਅਠਾਰਾਂ ਦਿਨ ਇਲਾਜ ਕੀਤਾ, ਪੀ ਜੀ ਆਈ ਚੰਡੀਗੜ੍ਹ ਵਾਲਿਆਂ ਨੇ ਤਿੰਨ ਚਾਰ ਦਿਨ ਇਲਾਜ ਕੀਤਾ । ਫਿਰ ਫ਼ਰੀਦਕੋਟ ਮੈਡੀਕਲ ਹਸਪਤਾਲ ਵਾਲਿਆ ਨੇ ਇਕ ਹਫ਼ਤਾ ਰੱਖਣ ਤੋ ਬਾਅਦ ਜਵਾਬ ਦੇ ਦਿਤਾ ਤੇ ਘਰ ਲਿਜਾ ਕੇ ਸੇਵਾ ਕਰ ਲਉ। ਘਰ ਲਿਆ ਕੇ ਆਪਣਾ ਡਾਕਟਰੀ ਮੰਜਾ ਵੀ ਮੁੱਲ ਲਿਆ ਤੇ ਆਕਸੀਜਨ ਦਾ ਸਿਲੰਡਰ ਕਿਰਾਏ ਤੇ ਲਿਆ ਕੇ ਘਰੇ ਹੀ ਆਪੇ ਆਪਣੇ ਪੁੱਤ ਨੂੰ ਆਕਸੀਜਨ ਲਾਉਂਦੇ ਰਹੇ। ਸੋਹਣੇ ਸੁਨੱਖੇ ਗੱਭਰੂ ਪੁੱਤ ਨੂੰ ਮੰਜੇ ਨਾਲ ਮੰਜਾ ਹੁੰਦਾ ਵੇਖ ਇਹ ਸਦਮਾ ਨਾ ਸਹਾਰਦਾ ਹੋਇਆ ਪਿਓ ਤਿੰਨ ਮਹੀਨੇ ਬਾਅਦ ਦੁਨੀਆਂ ਚੋਂ ਚੜ੍ਹਾਈ ਕਰ ਗਿਆ ਫੇਰ ਸਾਰੀ ਮੁਸੀਬਤ ਬੁੱਢੀ ਮਾਂ ਤੇ ਆਣ ਪਈ। ਬੜੀਆਂ ਰਿਪੋਰਟਾਂ, ਐਕਸਰੇ, ਐਮ ਆਰ ਕਰਵਾਈਆਂ ਪਰ ਕਿਸੇ ਵੀ ਰਿਪੋਰਟ ਵਿਚ ਕੋਈ ਬਿਮਾਰੀ ਨਹੀ ਆਈ ਕਿਸੇ ਨੇ ਰੀੜ ਦੀ ਹੱਡੀ, ਕਿਸੇ ਨੇ ਮਣਕੇ, ਕਿਸੇ ਨੇ ਕੁਝ ਕਿਸੇ ਨੇ ਕੁਝ ਕਿਹਾ। ਫੇਰ ਕਿਸੇ ਦੇ ਦੱਸਣ ਮੁਤਾਬਕ ਹਠੂਰ ਤੋਂ ਹੋਮੋਪੈਥਿਕ ਦੀ ਦਵਾਈ ਸ਼ੁਰੂ ਕੀਤੀ। ਇਸੇ ਤਰ੍ਹਾਂ ਡਿੱਕੋ ਡੋਲੇ



ਖਾਂਦਿਆਂ ਵਿਲਕਦਿਆਂ, ਰੋਂਦਿਆਂ, ਕੁਰਲਾਉਂਦਿਆਂ ਅੱਜ ਪੰਜ ਸਾਲ ਦਾ ਸਮਾਂ ਬੀਤ ਚੁੱਕਾ ਹੈ ਇਸ ਸਫਰ ਦੌਰਾਨ ਕੋਟ ਈਸੇ ਖਾਂ ਭਗਤ ਪੂਰਨ ਸਿੰਘ ਸੇਵਾ ਸੋਸਾਇਟੀ ਵਾਲਿਆਂ ਨੇ ਕੁਝ ਮਦਦ ਕੀਤੀ ਕੁਝ ਹੋਰ ਲੋਕਾਂ ਨੇ ਵੀ ਬਣਦੀ ਮਦਦ ਕੀਤੀ ਪਰ ਹੁਣ ਘਰ ਦਾ ਗੁਜ਼ਾਰਾ ਕਰਨਾ ਬੜਾ ਮੁਸ਼ਕਲ ਹੋ ਗਿਆ ਹੈ।



ਘਰ ਚੋਂ ਇੱਕੋ ਇੱਕ ਕਮਾਉਣ ਵਾਲਾ ਪੁੱਤ ਮੰਜੇ ਤੇ ਹੈ ਇਕ ਜਵਾਕ ਸਰਕਾਰੀ ਸਕੂਲ ਨੌਵੀਂ ਕਲਾਸ ਵਿੱਚ ਪੜ੍ਹਦਾ ਹੈ ਪਤਨੀ ਹੈ ਮਾਤਾ ਹੈ ਪਰ ਖਾਣ ਪੀਣ ਦੀ ਬਹੁਤ ਹੀ ਜਿਆਦਾ ਤੰਗੀ ਹੈ। ਉਸ ਦੇ ਦੱਸਣ ਮੁਤਾਬਕ ਇਸ ਦੁੱਖ ਦੀ ਘੜੀ ਵਿਚ ਉਸ ਦੀ ਬਾਂਹ ਉਸ ਦੇ ਸਾਲੇ ਗੌਰਵ ਸ਼ਰਮਾ ਨੇ ਫੜੀ ਹੈ ਜਿਹੜਾ ਹਰ ਮਹੀਨੇ ਪੰਜ ਹਜ਼ਾਰ ਰੁਪਿਆ ਘਰ ਦੇ ਸੋਦੇ ਪੱਤੇ ਵਾਸਤੇ ਮਦਦ ਕਰ ਰਿਹਾ ਹੈ ਬਾਕੀ ਬਜੁਰਗ ਮਾਤਾ ਮਹੀਨੇ ਮੱਸਿਆ ਨੂੰ ਘਰਾਂ ਵਿੱਚੋ ਜਾ ਕੇ ਜੋ ਵੀ ਕੁਝ ਦੇ ਦੇਵੇ, ਲਿਆ ਕੇ ਘਰ ਦਾ ਗੁਜਾਰਾ ਚਲਾਉਂਦੀ ਏ। ਹੁਣ ਤਾਂ ਪਿਛਲੇ ਪੰਜਾਂ ਸਾਲਾਂ ਤੇ ਮੰਜੇ ਤੇ ਲੰਮੇ ਪੈਣ ਨਾਲ ਸਰੀਰ ਤੇ ਜ਼ਖਮ ਵੀ ਹੋ ਚੁੱਕੇ ਨੇ ਹੁਣ ਤਾਂ ਉਠਣਾ ਬੈਠਣਾ ਵੀ ਔਖਾ ਹੋ ਗਿਆ ਹੈ। ਮੇਰੀ ਸਮੂਹ ਸਮਾਜ ਸੇਵੀ ਜਥੇਬੰਦੀਆਂ, ਕਲੱਬਾਂ, ਸੇਵਾ ਸੁਸਾਇਟੀਆਂ ਸੁਖਮਨੀ ਸੇਵਾ ਸੁਸਾਇਟੀਆਂ, ਐਨ ਆਈ ਵੀਰਾਂ, ਅਤੇ ਹੋਰ ਜੋ ਵੀ ਦੀਨ ਦੁਖੀਆਂ ਦੀ ਮਦਦ ਕਰਦੇ ਹਨ ਨੂੰ ਬੇਨਤੀ ਹੈ ਕਿ ਇਸ ਪਰਿਵਾਰ ਦੇ ਘਰ ਆ ਕੇ ਹਾਲਾਤ ਵੇਖ ਕੇ ਇਸ ਦੀ ਜਿੰਨੀ ਵੀ ਵੱਧ ਤੋ ਵੱਧ ਮਦਦ ਹੋਵੇ ਕਰਨੀ ਚਾਹੀਦੀ ਹੈ ਇਸ ਲਈ ਰਕੇਸ਼ ਕੁਮਾਰ ਸੋਨੂ ਦੇ ਮੁਬਾਇਲ ਨੰਬਰ (95924 47006) ਜਾ ਫੇਰ ਮੇਰੇ ਨਾਲ (94171 97395) ਤੇ ਸੰਪਰਕ ਕਰ ਸਕਦੇ ਹੋ ਜੀ ਧੰਨਵਾਦ।

**ਬੂਟਾ ਗੁਲਾਮੀਵਾਲਾ 91-94171-97395**

# ਮੈਂ ਸੰਭੂਕ ਨਹੀਂ

ਲਾਲ ਸਿੰਘ ਸੁਲਹਾਣੀ
91-98721-55120



ਮੈਂ ਸ਼ੰਭੂਕ ਨਹੀਂ
ਜੋ ਝੁਕਾਅ ਦੇਵੇ ਆਪਣੀ ਧੌਣ
ਸਮੇਂ ਦੇ ਭਗਵਾਨ ਸਾਹਵੇਂ
ਪੜ੍ਹਨ ਦੇ ਜਾਂ ਭਗਤੀ ਕਰਨ ਦੇ ਜੁਰਮ
ਚ।
ਨਾ ਹੀ ਮੈਂ ਏਕਲੱਵਯ ਹਾਂ ਜੋ
ਕਟਵਾ ਦੇਵੇ ਸੱਜੇ ਹੱਥ ਦਾ ਗੂਠਾ
ਗੁਰੂ ਦੱਛਣਾ ਵਜੋਂ।
ਮੈਂ ਭਵੀਸ਼ਨ ਵੀ ਨਹੀਂ,
ਜੋ ਦੁਸ਼ਮਣ ਸਫ਼ਾਂ 'ਚ ਰਲ
ਸੜਵਾ ਬਹੇ ਆਪਣੀ ਘੁੱਗ ਵੱਸਦੀ
ਸੁਨਹਿਰੀ ਲੰਕਾ।
ਮੈਂ ਪ੍ਰਹਿਲਾਦ ਵੀ ਨਹੀਂ
ਜੋ ਦੁਸ਼ਮਣ ਦਾ ਮੋਹਰਾ ਤੇ
ਬਣ ਜਾਵੇ ਆਪਣੀ ਕੁ਼ਲ ਦਾ ਘਾਤਕ।
ਤੇ ਨਾ ਹੀ ਮੈਂ ਸੁਗਰੀਵ ਹਾਂ
ਆਪਣੇ ਖਾਨਦਾਨੀ ਰਾਜ ਦੀ
ਤਬਾਹੀ ਦਾ ਬਣਨ ਵਾਲਾ ਜ਼ਰੀਆ।
ਨਾ ਹੀ ਮੈਂ ਬਗਾਨੀ ਤੀਵੀਂ ਦੀ
ਖਾਤਰ ਭਗਤ ਬਣ ਕੇ
ਆਪਣੀ ਹੀ ਪੂਛ ਨੂੰ
ਅੱਗ ਲਵਾਉਣ ਵਾਲਾ ਹਨੂੰਮਾਨ ਹਾਂ।
ਮੈਂ ਮੁਸੀਬਤ ਸਮੇਂ ਗੁਰੂ ਨੂੰ
ਅਨੰਦਪੁਰੀ ਦੇ ਘੇਰੇ ਚ ਛੱਡ ,
ਬੇਦਾਵਾ ਲਿਖਣ ਵਾਲਾ
ਮਹਾਂ ਸਿੰਘ ਵੀ ਨਹੀਂ ਹਾਂ।
ਨਾ ਹੀ ਮੈਂ ਕੱਚੀ ਗੜ੍ਹੀ 'ਚ
ਗੁਰੂ ਕਿਆਂ ਨੂੰ
ਦੁਸ਼ਮਣ ਦਾ ਘੇਰਾ ਪੁਆਉਣ ਵਾਲਾ
ਨੰਬਰਦਾਰ ਚਮਕੌਰਾ ਹਾਂ।
ਮੈਂ ਗੁਰੂ ਨੂੰ ਆਪਣੇ ਘਰੋਂ
ਦੁਰਕਾਰਨ ਵਾਲਾ
ਕਪੂਰਾ ਬਰਾੜ ਵੀ ਨਹੀਂ ਹਾਂ
ਤੇ ਨਾ ਹੀ ਔਖੇ ਵੇਲਿਆਂ ਚ
ਗੁਰੂ ਦੇ ਘੋੜੇ ਦੀਆਂ ਵਾਗਾਂ ਫੜ
ਰਾਹ ਰੋਕ ਕੇ
ਤਨਖਾਹਾਂ ਮੰਗਣ ਵਾਲਾ
ਕੋਈ ਬਰਾੜ ਦਾਨ ਸਿੰਘ।
ਮੈਂ ਫੋਕੀਆਂ ਫੜ੍ਹਾਂ ਮਾਰਕੇ
ਗੁਰੂ ਨੂੰ ਖੁਸ਼ ਕਰਨ ਵਾਲਾ
ਡੱਲਾ ਸਰਦਾਰ ਵੀ ਨਹੀਂ ਹਾਂ ਦੋਸਤ!
ਇਤਿਹਾਸ ਸਾਖੀ ਹੈ
ਮੈਂ ਜਾਨ ਹੂਲ ਕੇ ਕੀਤੀ ਐ
ਗੁਰੂਆਂ ਦੀ ਰਾਖੀ
ਜਾਣਦੀ ਐ ਦੁਨੀਆਂ ਸਾਰੀ,
ਕਦੇ ਨਹੀਂ ਕੀਤੀ ਗਦਾਰੀ,
ਜਾਬਰ ਦੀ ਵੰਗਾਰ ਕਬੂਲ ਕੇ
ਸਖਤ ਪਹਿਰਿਆਂ 'ਚ
ਹਾਕਮਾਂ ਦੇ ਪਾਕੇ ਅੱਖੀਂ ਘੱਟਾ,
"ਅਣਖ ਦੀ ਚਾਦਰ ਦਾ ਸੀਸ"
ਆਪਣੀ ਚਾਦਰ ਚ ਲਪੇਟ
ਚਾਂਦਨੀ ਚੌਕ ਚੋਂ
ਅਨੰਦਪੁਰ ਪੁਚਾਉਣ ਦੀ
ਜ਼ੁਰੱਅਤ ਵੇਖੀ ਐ ਮੇਰੀ
ਜ਼ਾਬਰ ਔਰੰਗਜ਼ੇਬ ਨੇ
ਜਨਾਬ!
ਐਵੇਂ ਨਹੀਂ ਦਸਮੇਸ਼ ਪਿਤਾ ਨੇ
ਛਾਤੀ ਨਾਲ ਘੁੱਟ ਕੇ
ਮੈਨੂੰ ਬਖਸ਼ਿਆ ਸੀ
"ਗੁਰੂ ਕੇ ਬੇਟੇ"
ਦਾ ਉੱਤਮ ਖ਼ਿਤਾਬ।
ਮੇਰੀ ਸੂਰਮਗਤੀ ਦੇ
ਕ੍ਰਿਸ਼ਮੇ ਜਾਣਦੀ ਐ
ਕੱਚੀ ਗੜ੍ਹੀ ,
ਜਿੱਥੇ ਸਵਾ ਲੱਖ ਨਾਲ ਲੜਨ ਦਾ
ਦਲੇਰੀ ਭਰਿਆ ਹੌਸਲਾ
ਵੇਖਿਆ ਸੀ ਸਮੇਂ ਨੇ।
ਗੁਰੂ ਦੇ ਬੰਦੂਕ ਪਰਖ਼ਣ ਸਮੇਂ
ਵੀ ਮੈਂ ਛਾਤੀ ਡਾਹ ਕੇ
ਸਾਮਰਤੱਖ ਖੜ੍ਹਾ ਸੀ।
ਮੋਈ ਕੌਮ ਨੂੰ ਨਵੀਂ
ਜ਼ਿੰਦਗੀ ਦੇਣ ਲਈ ਬੜਾ
ਬਿਖਮ ਤੇ ਲੰਮੇਰਾ ਐ
"ਜੈਤੇ ਤੋਂ ਜੀਵਨ ਸਿੰਘ "
ਬਣਨ ਦਾ ਪੰਧ।
ਮੈਂ ਹਥੇਲੀ ਤੇ ਸਿਰ ਰੱਖ ਕੇ
ਕੀਤੀ ਐ ਹਮੇਸ਼ਾ
ਮਜ਼੍ਹਬ ਦੀ ਰਾਖੀ।
ਐਵੇਂ ਨਹੀਂ ਮੇਰੇ ਸਿਰ ਤੇ ਸਜਾਈ
ਗੁਰੂ ਨੇ ਬੇਸ਼- ਕੀਮਤੀ ਕਲਗ਼ੀ।
"ਮਜ਼੍ਹਬੀ ਸਿੱਖ",
"ਮਾਰਸ਼ਲ ਕੌਮ" ਤੇ
"ਰੋਇਅਲ ਸਿੱਖ"
ਵਰਗੇ ਖ਼ਿਤਾਬ
ਐਵੇਂ ਨਹੀਂ ਮਿਲੇ ,
ਸੱਜਣਾਂ!
ਜ਼ੌਹਰ ਦਿਖਾਉਣੇ ਪੈਂਦੇ ਐ
ਜੰਗ ਦੇ ਮੈਦਾਨ ਚ ।
ਜਮਰੌਦ ਤੱਕ ਪਿੱਛਾ ਕਰਕੇ
ਮੋੜੀ ਐ ਦੁਸ਼ਮਣ ਦੀ ਭਾਜੀ,
ਤਾਂ ਹੀ ਤਾਂ ਮੰਨਦੀ ਐ
ਦੁਨੀਆਂ ਅੱਜ ਵੀ ਮੇਰਾ ਲੋਹਾ,
'ਵਿਸ਼ਵ ਦੇ
ਦਸ ਵੱਡੇ ਜਰਨੈਲਾਂ' ਚ
'ਪਹਿਲੇ ਨੰਬਰ' ਤੇ
ਸ਼ੁਮਾਰ ਹੈ ਮੇਰਾ ਨਾਂ।

# ਅਜ਼ਾਦੀ ਮੰਗਣ ਵਾਲਿਆਂ ਨੂੰ ਐਸਸੀ ਐਸਟੀ ਦੀ ਅਜ਼ਾਦੀ ਕਿਉਂ ਮਨਜ਼ੂਰ ਨਹੀਂ ਸੀ



ਹਰਦੀਪ ਸਿੰਘ ਚੁੰਬਰ
91-94636-01616

ਅਛੂਤ ਵਰਗ ਮੌਜੂਦਾ ਐਸਸੀ ਐਸਟੀ ਜੋ ਹਿੰਦੂਆਂ ਦੇ ਚਾਰੇ ਵਰਣਾਂ ਜੋ ਬਾਹਰ ਦਾ ਸਮਾਜ ਹੈ ਉਹਨਾ ਦਾ ਹਿੰਦੂ ਵਰਗ (ਚਾਰੇ ਵਰਣ ਬ੍ਰਾਹਮਣ, ਕਸ਼ਤਰੀ, ਵੈਸ਼ ਅਤੇ ਸ਼ੂਦਰ) ਵਰਣਵਾਦੀ ਆਪਸ ਵਿੱਚ ਛੂਹਣਯੋਗ ਸਮਾਜ ਦੋ ਵੱਖਰੇ ਸਮਾਜਿਕ ਅੰਗ ਹਨ। ਦੋਨਾਂ ਦਾ ਆਪਸ ਵਿੱਚ ਮਾਲਕ ਅਤੇ ਬੰਧੂਆ ਵਰਗਾ ਸਬੰਧ ਰਿਹਾ ਹੈ। ਅਛੂਤ ਵਰਗ ਮੌਜੂਦਾ ਐਸਸੀ ਐਸਟੀ ਦੀ ਵਰਣਵਾਦੀ ਆਪਸ ਵਿੱਚ ਛੂਹਣਯੋਗ ਸਮਾਜ ਪ੍ਰਤੀ ਰੋਸ ਅਤੇ ਬਗ਼ਾਵਤ ਹੋਣਾ ਸੁਭਾਵਕ ਹੈ ਪਰ ਹਿੰਦੂਆਂ ਦਾ ਉਹਨਾ ਦੇ ਪ੍ਰਤੀ ਕੀ ਪ੍ਰਤੀਕਰਮ ਹੋ ਸਕਦਾ ਹੈ? ਇਸ ਸਵਾਲ ਦਾ ਜਵਾਬ ਦੇਣ ਵਿੱਚ ਕੋਈ ਝਿਜਕ ਨਹੀਂ ਕਰ ਸਕਦਾ। ਕਿਉਂਕਿ ਇਹ ਸਪੱਸ਼ਟ ਹੈ ਕਿ ਹਿੰਦੂਆਂ ਦਾ ਰਵੱਈਆ ਵਿਰੋਧ ਵਾਲਾ ਰਿਹਾ ਹੈ। ਇਹ ਸਮਝਣਾ ਮੁਸ਼ਕਲ ਹੋ ਸਕਦਾ ਹੈ ਕਿ ਇਸ ਦਾ ਹਿੰਦੂਆਂ ਨੂੰ ਕਿਉਂ ਵਿਰੋਧ ਕਰਨਾ ਚਾਹੀਦਾ ਹੈ। ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ ਕਿ ਉਹ ਵਿਰੋਧ ਕਰ ਰਹੇ ਹਨ।

ਹਿੰਦੂਆਂ ਵੱਲੋਂ ਅਛੂਤਾਂ ਦੇ ਹੱਕਾਂ ਲਈ ਇਸ ਲੜਾਈ ਦਾ ਵਿਰੋਧ ਕਰਨ ਦੇ ਕਾਰਨਾਂ ਨੂੰ ਸਮਝਣਾ ਔਖਾ ਨਹੀਂ ਹੋਵੇਗਾ ਜੇਕਰ ਹਿੰਦੂਜਾਤੀਆਂ ਅਤੇ ਅਛੂਤਾਂ ਦੇ ਆਪਸੀ ਸਬੰਧਾਂ ਦੀਆਂ ਕੁਝ ਮਹੱਤਵਪੂਰਨ ਵਿਸ਼ੇਸ਼ਤਾਵਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ। ਸਭ ਤੋਂ ਪਹਿਲਾ ਅਤੇ ਪ੍ਰਮੁੱਖ ਵਿਚਾਰ ਜਿਸ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਹੈ, ਉਹ ਹੈ ਪੁਰਾਤਨ ਛੂਹਣਯੋਗ ( ਮੌਜੂਦਾ ਜਨਰਲ) ਵਰਗ ਅਤੇ ਅਛੂਤ (ਐਸਸੀ ਐਸਟੀ) ਵਿਚਕਾਰ ਤਿੱਖੀ ਵੰਡ। ਹਰ ਪਿੰਡ ਦੇ ਦੋ ਹਿੱਸੇ ਹੁੰਦੇ ਹਨ, ਛੂਹਣ ਵਾਲਿਆਂ ਦੇ ਮਹੱਲੇ ਅਤੇ ਅਛੂਤਾਂ ਦੇ ਮਹੱਲੇ। ਭੂਗੋਲਿਕ ਤੌਰ 'ਤੇ ਦੋਵੇਂ ਵੱਖ-ਵੱਖ ਹੁੰਦੇ ਹਨ। ਦੋਵਾਂ ਵਿਚਕਾਰ ਹਮੇਸ਼ਾ ਇੱਕ ਦੂਰੀ ਹੁੰਦੀ ਹੈ। ਕਿਸੇ ਵੀ ਕੀਮਤ 'ਤੇ ਇਨ੍ਹਾਂ ਵਿਚਕਾਰ ਕੋਈ ਨੇੜਤਾ ਜਾਂ ਰਿਸ਼ਤਾ ਨਹੀਂ ਹੈ। ਅਛੂਤਾਂ ਦੇ ਆਪਣੇ ਮਹੱਲੇ ਲਈ ਇੱਕ ਵੱਖਰਾ ਨਾਮ ਹੁੰਦਾ ਹੈ। ਮਾਲ ਪ੍ਰਸ਼ਾਸਨ ਜਾਂ ਡਾਕ ਸੰਚਾਰ ਦੇ ਉਦੇਸ਼ਾਂ ਲਈ ਅਛੂਤਾਂ ਦੇ ਕੁਆਰਟਰਾਂ ਨੂੰ ਪਿੰਡ ਵਿੱਚ ਸ਼ਾਮਲ ਕੀਤਾ ਗਿਆ ਹੈ। ਪਰ ਅਸਲ ਵਿੱਚ ਇਹ ਪਿੰਡ ਤੋਂ ਵੱਖਰਾ ਹੁੰਦਾ ਹੈ।



ਜਦੋਂ ਕਿਸੇ ਪਿੰਡ ਦਾ ਹਿੰਦੂ ਵਸਨੀਕ ਪਿੰਡ ਦੀ ਗੱਲ ਕਰਦਾ ਹੈ ਤਾਂ ਉਸ ਦਾ ਮਤਲਬ ਸਿਰਫ਼ ਜਾਤੀ ਹਿੰਦੂ ਜਾ ਪੰਜਾਬ ਵਿੱਚ ਜੱਟਾਂ ਦੇ ਨਿਵਾਸ ਅਤੇ ਉਨ੍ਹਾਂ ਦੇ ਕਬਜ਼ੇ ਵਾਲੇ ਇਲਾਕੇ ਨੂੰ ਸ਼ਾਮਲ ਕਰਨਾ ਹੁੰਦਾ ਹੈ। ਇਸੇ ਤਰ੍ਹਾਂ ਜਦੋਂ ਪੁਰਾਤਨ ਅਛੂਤ (ਐਸਸੀ ਐਸਟੀ) ਦੀ ਗੱਲ ਕਰਦਾ ਹੈ ਤਾਂ ਉਸ ਦਾ ਮਤਲਬ ਹੈ ਪੁਰਾਤਨ ਅਛੂਤ (ਐਸਸੀ ਐਸਟੀ) ਅਤੇ ਉਨ੍ਹਾਂ ਦੇ ਕਬਜ਼ੇ ਵਾਲੇ ਵਿਹੜੇ ਜਾ ਮੁਹੱਲੇ ਨੂੰ ਪਿੰਡ ਤੋਂ ਵੱਖ ਕਰਕੇ ਦੱਸਣਾ ਹੁੰਦਾ ਹੈ। ਇਸ ਤਰ੍ਹਾਂ ਹਰ ਪਿੰਡ ਵਿਚ ਐਸਸੀ ਐਸਟੀ ਦੇ ਅਤੇ ਹੋਰਾਂ ਦੇ ਵੱਖ-ਵੱਖ ਗਰੁੱਪ ਬਣਾਏ ਹੁੰਦੇ ਹਨ। ਉਨ੍ਹਾਂ ਵਿਚਕਾਰ ਕੇਵਲ ਬੋਲਚਾਲ, ਮੇਲ ਮਿਲਾਪਹੀ ਹੁੰਦਾ ਹੈ, ਰਿਸ਼ਤੇ, ਖਾਣ ਪੀਣ ਕੁਝ ਵੀ ਸਾਂਝਾ ਨਹੀਂ ਹੁੰਦਾ ਹੈ।

ਪਿੰਡ ਧੜਿਆਂ ਵਿੱਚ ਵੰਡ ਦੇ ਸਬੰਧ ਵਿੱਚ ਧਿਆਨ ਦੇਣ ਵਾਲੀ ਦੂਸਰੀ ਗੱਲ ਇਹ ਹੈ ਕਿ ਧੜੇ ਵੰਡ ਵਿੱਚ ਸ਼ਾਮਲ ਹੋਣ ਤੋਂ ਕੋਈ ਵੀ ਵਿਅਕਤੀ ਬਚ ਨਹੀਂ ਸਕਦਾ। ਪੁਰਾਤਨ ਛੂਹਣਯੋਗ ( ਮੌਜੂਦਾ ਜਨਰਲ) ਵਰਗ ਜਾਂ ਪੁਰਾਤਨ ਅਛੂਤ (ਐਸਸੀ ਐਸਟੀ) ਕਿਸੇ ਵੀ ਅਰਥ ਇਕੋ ਜਿਹੇ ਵਿਅਕਤੀ ਨਹੀਂ ਹਨ ਕਿਉਂਕਿ ਉਹਨਾਂ ਦੇ ਸਾਰੇ ਜਾਂ ਲਗਭਗ ਸਾਰੇ ਰਿਸ਼ਤੇ ਉਦੋਂ ਪੱਕੇ ਹੋ ਜਾਂਦੇ ਹਨ ਜਦੋਂ ਉਹ ਇੱਕ ਖਾਸ ਸਮੂਹ ਵਿੱਚ ਪੈਦਾ ਹੁੰਦੇ ਹਨ। ਉਹਨਾਂ ਦਾ ਕਿੱਤਾ, ਉਹਨਾਂ ਦਾ ਨਿਵਾਸ, ਉਹਨਾਂ ਦੇ ਦੇਵਤੇ ਅਤੇ ਉਹਨਾਂ ਦੀ ਰਾਜਨੀਤੀ ਸਭ ਉਹਨਾਂ ਲਈ ਉਸ ਸਮੂਹ ਦੁਆਰਾ ਪਹਿਲਾਂ ਹੀ ਨਿਰਧਾਰਤ ਕੀਤੀ ਗਈ ਹੁੰਦੀ ਹੈ ਜਿਸ ਨਾਲ ਉਹ ਸਬੰਧਿਤ ਹਨ। ਜਦੋਂ ਪੁਰਾਤਨ ਛੂਹਣਯੋਗ (ਮੌਜੂਦਾ ਜਨਰਲ) ਵਰਗ ਅਤੇ ਪੁਰਾਤਨ ਅਛੂਤ (ਐਸਸੀ ਐਸਟੀ) ਮਿਲਦੇ ਹਨ, ਤਾਂ ਉਹ ਮਨੁੱਖ ਤੋਂ ਮਨੁੱਖ, ਵਿਅਕਤੀ ਤੋਂ ਵਿਅਕਤੀ ਵਜੋਂ ਨਹੀਂ, ਸਗੋਂ ਸਮੂਹਾਂ ਦੇ ਮੈਂਬਰਾਂ ਜਾਂ ਵੱਖ-ਵੱਖ ਰਾਜਾਂ ਦੇ ਨਾਗਰਿਕਾਂ ਵਾਂਗ ਮਿਲਦੇ ਹਨ। ਇਸ ਤੱਥ ਦਾ ਇੱਕ ਪਿੰਡ ਵਿੱਚ ਧੜਿਆਂ ਦੇ ਆਪਸੀ ਸਬੰਧਾਂ ਉੱਤੇ ਮਹੱਤਵਪੂਰਨ ਪ੍ਰਭਾਵ ਪੈਂਦਾ ਹੈ।

ਰਿਸ਼ਤਾ ਆਦਿਮ ਸਮਾਜ ਵਿੱਚ ਵੱਖ-ਵੱਖ ਕਬੀਲਿਆਂ ਦੇ ਸਬੰਧਾਂ ਨਾਲ ਮਿਲਦਾ ਜੁਲਦਾ ਹੈ। ਆਦਿਮ ਸਮਾਜ ਵਿੱਚ ਕਬੀਲੇ ਵਿੱਚ ਅਜਨਬੀ ਦਾ ਕੋਈ ਸਥਾਨ ਨਹੀਂ। ਉਸ ਨਾਲ ਇੱਕ ਮਹਿਮਾਨ ਦੇ ਤੌਰ 'ਤੇ ਸਲੂਕ ਕੀਤਾ ਜਾ ਸਕਦਾ ਹੈ, ਪਰ ਉਹ ਕਿਸੇ ਵੀ ਕਬੀਲੇ ਦੇ ਹੱਥੋਂ "ਇਨਸਾਫ਼" ਦੀ ਮੰਗ ਨਹੀਂ ਕਰ ਸਕਦਾ। ਕਬੀਲੇ ਦਾ ਕਬੀਲੇ ਨਾਲ ਨਿਪਟਣਾ ਲੜਾਈ ਜਾਂ ਗੱਲਬਾਤ ਦਾ ਮਾਮਲਾ ਹੈ, ਕਾਨੂੰਨ ਦਾ ਨਹੀਂ; ਅਤੇ ਕਬੀਲਾ ਰਹਿਤ ਆਦਮੀ ਇੱਕ ਗੈਰਕਾਨੂੰਨੀ ਹੀ ਹੁੰਦਾ ਹੈ। ਪੁਰਾਤਨ ਅਛੂਤ (ਐਸਸੀ ਐਸਟੀ), ਪੁਰਾਤਨ ਛੂਹਣਯੋਗ ( ਮੌਜੂਦਾ ਜਨਰਲ) ਵਰਗ ਦੇ ਸਮੂਹ ਦਾ ਮੈਂਬਰ ਨਹੀਂ ਹੋ ਸਕਦਾ ਉਹਇੱਕ ਅਜਨਬੀ ਹੀ ਹੁੰਦਾ ਹੈ। ਉਹਨਾ ਵਿੱਚ ਕੋਈ ਰਿਸ਼ਤੇਦਾਰੀ ਨਹੀਂ ਹੋ ਸਕਦੀ। ਜੋ ਹੋ ਜਾਵੇ ਤਾਂ ਸਮਾਜਿਕ ਤੌਰ ਤੇ ਉਹ ਇੱਕ ਗੈਰਕਾਨੂੰਨੀ ਅਤੇ ਅਪਰਾਧ ਦੇ ਬਰਾਬਰ ਮੰਨਿਆਂ ਜਾਂਦਾ ਹੈ।

ਤੀਸਰੀ ਗੱਲ ਧਿਆਨ ਦੇਣ ਵਾਲੀ ਇਹ ਹੈ ਕਿ ਪੁਰਾਤਨ ਛੂਹਣਯੋਗ ( ਮੌਜੂਦਾ ਜਨਰਲ) ਵਰਗ ਅਤੇ ਪੁਰਾਤਨ ਅਛੂਤ (ਐਸਸੀ ਐਸਟੀ) ਦੋਹਾਂ ਦਾ ਆਪਸ ਵਿੱਚ ਰਿਸ਼ਤਾ ਤੈਅ ਹੋ ਗਿਆ ਹੈ। ਸਥਿਤੀ ਦਾ ਮਾਮਲਾ ਬਣ ਗਿਆ ਹੈ। ਇਸ ਰੁਤਬੇ ਨੇ ਪੁਰਾਤਨ ਅਛੂਤ (ਐਸਸੀ ਐਸਟੀ) ਲੋਕਾਂ ਨੂੰ ਪੁਰਾਤਨ ਛੂਹਣਯੋਗ (ਮੌਜੂਦਾ ਜਨਰਲ) ਵਰਗ ਦੇ ਮੁਕਾਬਲੇ ਘਟੀਆ ਦਰਜੇ ਦਾ ਦਰਜਾ ਦਿੱਤਾ ਹੈ। ਇਹ ਹੀਣਤਾ ਸਮਾਜਿਕ ਆਚਰਣ ਦੀ ਇੱਕ ਸੰਹਿਤਾ ਵਿੱਚ ਸ਼ਾਮਲ ਹੈ ਜਿਸਦੀ ਅਛੂਤਾਂ ਨੂੰ ਪਾਲਣਾ ਕਰਨੀ ਚਾਹੀਦੀ ਹੈ। ਇਹ ਕਿਹੋ ਜਿਹਾ ਕੋਡ ਹੈ, ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ। ਪੁਰਾਤਨ ਅਛੂਤ (ਐਸਸੀ ਐਸਟੀ) ਉਸ ਕੋਡ ਦੀ ਪਾਲਣਾ ਕਰਨ ਲਈ ਤਿਆਰ ਨਹੀਂ ਹੈ।

ਪੁਰਾਤਨ ਅਛੂਤ (ਐਸਸੀ ਐਸਟੀ), ਪੁਰਾਤਨ ਛੂਹਣਯੋਗ ( ਮੌਜੂਦਾ ਜਨਰਲ) ਵਰਗ ਦੇ ਰਿਸ਼ਤਾ ਨੂੰ ਪੁਰਾਤਨ ਛੂਹਣਯੋਗ ( ਮੌਜੂਦਾ ਜਨਰਲ) ਵਰਗ ਅਪਮਾਨ ਦਾ ਦਰਜਾ ਦਿੰਦੇ ਹਨ, ਇਸ ਵਿੱਚ ਕਤਲ ਅਤੇ ਹੋਰ ਸਜਾਵਾਂ ਅਦਾਲਤ ਵਿੱਚ ਕੇਸ ਪਹੁੰਚਣ ਤੋਂ ਪਹਿਲਾਂ ਹੀ ਆਪ ਸਹਿ ਕਰ ਲੈਂਦੇ ਹਨ। ਬਹੁਤ ਵਾਰ ਪੰਚਾਇਤਾਂ ਵੀ ਇਸ ਤਰਾਂ ਦੇ ਰਿਸ਼ਤਿਆਂ ਵਿੱਚ ਸਜਾਵਾਂ ਨਿਰਧਾਰਤ ਕਰ ਦਿੰਦੀਆਂ ਹਨ। ਅਜਿਹੇ ਰਿਸ਼ਤਿਆਂ ਵਿੱਚ ਪੁਰਾਤਨ ਅਛੂਤ (ਐਸਸੀ ਐਸਟੀ) ਦਾ ਨੁਕਸਾਨ ਹੋਣਾ ਤਹਿ ਹੁੰਦਾ ਹੈ।

ਪੁਰਾਤਨ ਛੂਹਣਯੋਗ ( ਮੌਜੂਦਾ ਜਨਰਲ) ਵਰਗ ਚਾਹੁੰਦਾ ਹੈ ਕਿ ਪੁਰਾਤਨ ਅਛੂਤ (ਐਸਸੀ ਐਸਟੀ) ਰੁਤਬੇ ਦੇ ਨਿਯਮਾਂ ਅਨੁਸਾਰ ਰਹਿਣ ਅਤੇ ਇਸ ਤੋਂ ਉੱਪਰ ਨਾ ਉੱਠਣ। ਇਸ ਤਰ੍ਹਾਂ, ਪਿੰਡ ਦੇ ਦੋ ਹਿੱਸੇ, ਪੁਰਾਤਨ ਛੂਹਣਯੋਗ ( ਮੌਜੂਦਾ ਜਨਰਲ) ਵਰਗ ਅਤੇ ਪੁਰਾਤਨ ਅਛੂਤ (ਐਸਸੀ ਐਸਟੀ), ਹੁਣ ਬਰਾਬਰ ਦੇ ਸਨਮਾਨ ਲਈ ਸੰਘਰਸ਼ ਕਰ ਰਹੇ ਹਨ ਜੋ ਜਨਰਲ ਵਾਲੇ ਸੋਚਦੇ ਹਨ ਕਿ ਉਹ ਹਮੇਸ਼ਾ ਲਈ ਉਸੇ ਦਾਇਰੇ ਵਿੱਚ ਰਹਿਣ। ਟਕਰਾਅ ਇੱਕ ਸਵਾਲ ਦੇ ਦੁਆਲੇ ਕੇਂਦਰਿਤ ਹੈ-ਇਸ ਰਿਸ਼ਤੇ ਦਾ ਆਧਾਰ ਕੀ ਹੋਣਾ ਚਾਹੀਦਾ ਹੈ?

ਇਹ ਉਹ ਸਵਾਲ ਹੈ ਜੋ ਹਿੰਦੂਆਂ ਨੂੰ ਪਰੇਸ਼ਾਨ ਕਰ ਰਿਹਾ ਹੈ। ਹਿੰਦੂ ਲੋਕ ਅਛੂਤਾਂ ਐਸਸੀ ਐਸਟੀ ਦੇ ਵਿਦਰੋਹ ਨੂੰ ਆਪਣੇ ਲੋਕਾਂ ਦੇ ਸਮਾਜਿਕ ਅਤੇ ਆਰਥਿਕ ਸੁਧਾਰ ਲਈ ਬਾਅਦ ਦੇ ਇੱਕ ਯਤਨ ਵਜੋਂ ਨਹੀਂ ਦੇਖਦਾ। ਉਹ ਐਸਸੀ ਐਸਟੀ ਦੀ ਇਸਬਰਾਬਰੀ ਦੀ ਕੋਸ਼ਿਸ਼ ਨੂੰ ਉਸਦੇ (ਜਨਰਲ ਸਮਾਜ) ਦੇ ਵਿਰੁੱਧ ਨਿਰਦੇਸ਼ਿਤ ਇੱਕ ਕੋਸ਼ਿਸ਼ ਦੇ ਰੂਪ ਵਿੱਚ ਵੇਖਦਾ ਹੈ, ਜਿਸ ਕਾਰਨ ਉਸ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਐਸਸੀ ਐਸਟੀ ਨੂੰ ਬੰਧੂਆ ਬਣਾਕੇ ਰੱਖਣ ਲਈ ਉਹਨਾ ਦੀ ਅਜ਼ਾਦੀ ਦੀ ਲੜਾਈ ਨੂੰ ਹਿੰਦੂ ਵਰਣਵਾਦੀ ਲੋਕ ਦਬਾਉਂਦੇ ਆਏ ਹਨ। ਬਹੁਤ ਵਾਰ ਮੁਸਲਮਾਨਾਂ ਨੇ ਵੀ ਉਹਨਾ ਵਰਗਾ ਰੁੱਖ ਅਖਤਿਆਰ ਕੀਤਾ ਜਾ ਚੁੱਪ ਰਹਿ ਕੇ ਹਿੰਦੂਆਂ ਦਾ ਸਾਥ ਦਿੱਤਾ ਹੈ। ਜਿਸ ਦੀ ਉਧਾਰਨ ਲੰਡਨ ਵਿੱਚ ਹੋਈ ਦੂਜੀ ਗੋਲਮੇਜ਼ ਕਾਨਫਰੰਸ ਵਿੱਚ ਗਾਂਦੀ ਦਾ ਭਾਸ਼ਨ ਹੈ ਅਤੇ ਗਾਂਦੀ ਦੁਆਰਾ ਡਾ ਅੰਬੇਡਕਰ ਦਾ ਵਿਰੋਧ। ਇਸ ਕਾਨਫਰੰਸ ਵਿੱਚ ਜਿਨਾਹ ਅਤੇ ਉਸ ਦੇ ਮੁਸਲਮਾਨ ਸਾਥੀਆਂ ਦਾ ਚੁੱਪ ਰਹਿਕੇ ਗਾਂਧੀ ਦੇ ਐਸਸੀ ਐਸਟੀ ਖਿਲਾਫ਼ ਦਿੱਤੇ ਭਾਸਣ ਦੀ ਸਪੋਰਟ ਕਰਨਾ ਹੈ। ਇਸ ਤਰਾਂ ਦੇ ਹੋਰ ਵੀ ਪੂਨਾ ਪੈਕਟ ਵਰਗੇ ਬਹੁਤ ਇਤਿਹਾਸ ਵਿੱਚ ਜਿਕਰ ਆਉਂਦੇ ਹਨ। ਮੁਸਲਮਾਨ ਸਮਾਜ ਬਹੁਤ ਵਾਰ ਜਦੋਂ ਹਿੰਦੂ ਵਰਣਵਾਦੀਆਂ ਦਾ ਵਿਰੋਧ ਕਰਦਾ ਰਿਹਾ ਹੈ, ਉਸ ਸਮੇਂ ਐਸਸੀ ਐਸਟੀ ਦੇ ਲਈ ਕੁੱਝ ਰਾਹਤ ਅਤੇ ਇਨਸਾਫ਼ ਵੀ ਦਿੰਦਾ ਰਿਹਾ ਹੈ।

ਹਿੰਦੂ ਵਰਣਵਾਦੀ ਸਮਾਜ ਦਾ ਅਛੂਤ ਆਵਰਣ ਸਮਾਜ ਉੱਤੇ ਉਹਨਾਂ ਦੇ ਬੰਧੂਆ ਨੁਮਾਂ ਸਬੰਧ ਜਿਸਨੂੰ ਗਾਂਧੀ ਨੇ ਪੂਨਾ ਪੈਕਟ ਕਰਕੇ ਹੋਰ ਵੀ ਪੱਕਾ ਕਰ ਦਿੱਤਾ। 17 ਅਗਸਤ 1932 ਦਾ ਦਿਨ ਸੀ ਜਿਸ ਦਿਨ ਬ੍ਰਿਟਿਸ਼ ਪ੍ਰਧਾਨ ਮੰਤਰੀ ਮੈਕਡੋਨਾਲਡ ਨੇ ਕਮਿਊਨਲ ਅਵਾਰਡ ਦੇ ਕੇ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਆਦਿ ਦੇ ਬਰਾਬਰ ਐਸਸੀ ਐਸਟੀ ਨੂੰ ਖੜਾ ਕਰ ਦਿੱਤਾ ਸੀ ਅਤੇ ਉਹ ਉਹਨਾ ਦੀ ਤਰਾਂ ਹੀ ਅਜ਼ਾਦ ਰਹਿ ਸਕਦੇ ਸਨ। ਲੇਕਿਨ ਗਾਂਧੀ ਨੂੰ ਅਛੂਤਾਂ ਦੀ ਅਜ਼ਾਦੀ ਹਜਮ ਨਹੀਂ ਹੋਈ, ਉਹਨਾ ਦੇ ਗੁਲਾਮ ਕਮਿਊਨਲ ਅਵਾਰਡ ਨਾਲ ਅਜ਼ਾਦ ਹੋ ਰਹੇ ਸਨ।

ਗਾਂਧੀ ਨੂੰ ਆਪਣੇ ਹਿੰਦੂ ਸ਼ੋਸ਼ਣ ਕਰਤਾ ਸਮਾਜ ਲਈ ਅੰਗਰੇਜਾਂ ਤੋਂ ਅਜ਼ਾਦੀ ਚਾਹੀਦੀ ਸੀ, ਲੇਕਿਨ ਉਹ ਸਮਾਜ ਜਿਹੜਾ ਹਜਾਰਾਂ ਸਾਲਾਂ ਤੋਂ ਹਿੰਦੂ ਵਰਣਵਾਦੀਆਂ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਆ ਰਿਹਾ ਸੀ ਉਸ ਨੂੰ ਅਜ਼ਾਦ ਕਰਨ ਨੂੰ ਤਿਆਰ ਨਹੀਂ ਸੀ। ਦੂਜੀ ਗੋਲਮੇਜ਼ ਕਾਨਫਰੰਸ ਦੇ ਭਾਸ਼ਨ ਵਿੱਚ ਦਰਜ ਹੈ ਕਿ ਉਸ ਨੇ ਇਹ ਧਮਕੀ ਦੇ ਕੇ ਕਹਿ ਦਿੱਤਾ ਸੀ ਕਿ ਜੇਕਰ ਅੰਗਰੇਜ਼ ਭਾਰਤ ਦੇ ਅਛੂਤਾਂ ਨੂੰ ਮੁਸਲਮਾਨਾਂ, ਸਿੱਖਾਂ, ਐਂਗਲੋ ਇੰਡੀਅਨ ਦੇ ਬਰਾਬਰ ਦੇ ਕੇ ਅਜ਼ਾਦੀ ਦਿੰਦੇ ਹਨ ਤਾਂ ਉਸ ਨੂੰ ਇਹ ਅਜ਼ਾਦੀ ਮਨਜ਼ੂਰ ਨਹੀਂ ਹੋਵੇਗੀ। ਉਹਨਾ ਦਿਨਾਂ ਵਿੱਚ ਸੀਵਰੇਜ਼ ਸਿਸਟਮ ਨਹੀਂ ਸੀ। ਭਾਰਤ ਦੇ ਅਛੂਤ ਜੋ ਸਵੇਰੇ ਹਿੰਦੂ ਵਰਣਵਾਦੀਆਂ ਦੇ ਘਰਾਂ ਵਿੱਚ ਉਹਨਾ ਦੇ ਪਖਾਨਿਆ, ਮਲ ਮੂਤਰ ਦੀ ਹੱਥੀਂ ਸਫਾਈ ਕਰਦੇ ਸਨ ਅਤੇ ਉਹਨਾਂ ਦੇ ਮੁਰਦਾ ਜਾਨਵਰਾਂ ਨੂੰ ਚੁੱਕਦੇ ਅਤੇ ਉਹਨਾ ਦੇ ਹੋਰ ਕਈ ਤਰਾਂ ਦੇ ਗੰਦ ਸਾਫ ਕਰਦੇ ਸਨ, ਉਹ ਲੋਕ ਬਰਾਬਰ ਹੋਣ ਨਾਲ ਇਸ ਤੋਂ ਇਨਕਾਰ ਕਰ ਸਕਦੇ ਸਨ। ਇਸ ਲਈ ਅਜਿਹੀ ਅਜ਼ਾਦੀ ਜਿਸ ਵਿੱਚ ਹਿੰਦੂ ਵਰਣਵਾਦੀਆਂ ਨੂੰ ਆਪਣੇ ਗੰਦੇ ਕੰਮ ਆਪ ਕਰਨੇ ਪੈਣ ਉਸ ਅਜ਼ਾਦੀ ਦੀ ਗਾਂਧੀ ਨੂੰ ਲੋੜ ਨਹੀਂ ਸੀ।

ਹਾਲਾਤ ਮੁਸਲਮਾਨਾ ਦੇ ਵੀ ਇਹੇ ਜਿਹੇ ਹੀ ਸਨ।ਭਾਰਤ ਦੇ ਅਛੂਤ ਜੋ ਸਵੇਰੇ ਉਹਨਾ ਦੇ ਘਰਾਂ ਵਿੱਚ ਉਹਨਾ ਦੇ ਪਖਾਨਿਆ, ਮਲ ਮੂਤਰ ਦੀ ਹੱਥੀਂ ਸਫਾਈ ਕਰਦੇ ਸਨ ਅਤੇ ਉਹਨਾ ਦੇ ਹੋਰ ਕਈ ਤਰਾਂ ਦੇ ਗੰਦ ਸਾਫ ਕਰਦੇ ਸਨ। ਉਹਨਾਂ ਦੀ ਮਾਨਸਿਕਤਾ ਵੀ ਗਾਂਧੀ ਦੇ ਹਿੰਦੂ ਲੋਕਾਂ ਦੀ ਤਰਾਂ ਸੀ ਉਹ ਵੀ ਉਸੇ ਤਰਾਂ ਸ਼ੋਸ਼ਣ ਕਰ ਰਹੇ ਸਨ। 1947 ਦੀ ਵੰਡ ਜੇ ਸਮੇਂ ਬਹੁਤ ਸਾਰੇ ਐਸਸੀ ਐਸਟੀ ਪਾਕਿਸਤਾਨ ਦੇ ਖੇਤਰ ਵਿੱਚੋਂ ਭਾਰਤ ਆਉਣਾ ਚਾਹੁੰਦੇ ਸਨ। ਉਹਨਾ ਨੂੰ ਭਾਰਤ ਆਉਣ ਤੋਂ ਰੋਕਿਆ ਗਿਆ। ਉਹਨਾ ਦੇ ਗੰਦੇ ਕੰਮਾਂ ਨੂੰ ਕੋਣ ਕਰੇਗਾ ਇਸ ਗਲ ਦਾ ਉਹਨਾ ਨੂੰ ਡਰ ਸੀ। ਡਾ। ਅੰਬੇਡਕਰ ਨੇ ਜਵਾਹਰ ਲਾਲ ਨੂੰ ਪੱਤਰ ਲਿਖ ਕੇ ਉਹਨਾ ਦੀ ਸਹਾਇਤਾ ਕਰਨ ਲਈ ਕਿਹਾ ਸੀ ਜਿਸ ਦਾ ਉਸ ਨੇ ਜਵਾਬ ਦੇ ਕਿਹਾ ਸੀ ਕਿ ਉਹ ਪੂਰੀ ਕੋਸ਼ਿਸ਼ ਕਰ ਰਿਹਾ ਹੈ।

ਗਾਂਧੀ ਦੇ ਹਿੰਦੂ ਸ਼ੋਸ਼ਣ ਕਰਤਾਵਾਂ ਅਤੇ ਜਿਨਾਹ ਦੇ ਮੁਸਲਮਾਨ ਭਰਾਵਾਂ ਅਛੂਤਾਂ ਵਿਰੋਧੀ ਮਾਨਸਿਕਤਾ ਨੇ ਭਾਰਤ ਦਾ ਅਛੂਤ (ਐਸਸੀ ਐਸਟੀ) ਵਰਗ ਨੂੰ ਗੁਲਾਮ ਬਣਾਕੇ ਰੱਖਣ ਦਾ ਵੱਡਾ ਕਾਰਨ ਸੀ ਕਿ ਉਹਨਾਂ ਦੇ ਕੰਮ ਉਹ ਅੱਜ 2022 ਵਿੱਚ ਵੀ ਉਹ ਹੀ ਕਰ ਰਹੇ ਹਨ। ਗਟਰਾਂ ਵਿੱਚ ਉਹ ਹੀ ਵੜਦੇ, ਮਰਦੇ, ਸੜਦੇ ਸਾਫ ਕਰ ਰਹੇ ਹਨ। ਉਹ ਹੀ ਲੋਕ ਇਹਨਾਂ ਦੀਆਂ ਸੜਕਾਂ ਦੀ ਸਫਾਈ ਸ਼ਹਿਰਾਂ, ਕਸਬਿਆਂ ਦੇ ਗੰਦ ਦੀਆਂ ਟਰਾਲੀਆਂ, ਟਰੱਕਾਂ ਨਾਲ ਢੋਂਦੇ ਨਜ਼ਰ ਆਉਂਦੇ ਹਨ। ਉਹ ਹੀ ਲੋਕ ਉਹਨਾ ਦੇ ਮੁਰਦਾ ਜਾਨਵਰਾਂ ਨੂੰ ਚੁੱਕਦੇ ਨਜ਼ਰ ਆਉਂਦੇ ਹਨ। ਇਹਨਾਂ ਦਾ ਸ਼ੋਸ਼ਣ ਕਰਨ ਲਈ ਸਾਰੇ ਇੱਕ ਹਨ ਬੰਗਾਲ, ਕੇਰਲ, ਮਣ-ਿਪੁਰ ਵਰਗੇ ਕਾਮਰੇਡਾਂ ਦੇ ਰਾਜ ਹੋਣ ਪੰਜਾਬ ਵਰਗੇ ਰਾਜ ਵਿੱਚ ਸਿੱਖ ਸਿਆਸਤਦਾਨਾਂ ਦਾ ਰਾਜ ਹੋਵੇ ਜਾ ਹੋਰ ਆਪਣੇ ਆਪ ਨੂੰ ਸਮਾਜਵਾਦੀ, ਸੁਧਾਰਵਾਦੀ, ਮਾਨਵਤਾਵਾਦੀ ਜਾ ਕੋਈ ਹੋਰ ਮਨਮੋਹਣੇ ਸ਼ਬਦ ਵਰਤਕੇ ਪਾਰਟੀ ਬਣਾ ਸੱਤਾ ਵਿੱਚ ਜਾ ਵਿਰੋਧ ਧਿਰ ਵਿੱਚ ਰਹੇ ਹੋਣ, ਹਜਾਰਾਂ ਸਾਲਾਂ ਉਹ ਹੀ ਉਹਨਾ ਕੰਮਾਂ ਨੂੰ ਕਰਦੇ ਆ ਰਹੇ ਹਨ।



ਜੁਲਾਈ 2022, ਨਵਾਂਸ਼ਹਿਰ 'ਚ ਸੀਵਰੇਜ 'ਚ ਜ਼ਹਿਰੀਲੀ ਗੈਸ ਚੜ੍ਹਨ ਕਾਰਨ ਦੋ ਵਿਅਕਤੀਆਂ ਦੀ ਮੌਤ

ਜੇ ਮਨ ਲਈਏ ਕਿ ਸੰਸਾਰ ਦੇ ਸਾਰੇ ਹੀ ਦੇਸ਼ਾਂ ਵਿੱਚ ਬਹੁਤ ਸਾਰੇ ਲੋਕ ਇਹਨਾਂ ਕੰਮਾਂ ਨੂੰ ਕਰ ਰਹੇ ਹਨ, ਇਹ ਸਹੀ ਹੈ। ਉਹਨਾਂ ਦੇ ਕੰਮ ਕਰਨ ਦੇ ਢੰਗਾਂ ਵਿੱਚ ਅਤੇ ਭਾਰਤ ਦੇ ਵਿੱਚ ਕੰਮ ਕਰਨ ਦੇ ਢੰਗਾਂ ਵਿੱਚ ਬਹੁਤ ਵੱਡਾ ਅੰਤਰ ਹੈ। ਉੱਨਤ ਦੇਸ਼ਾਂ ਵਿੱਚ ਬਹੁਤ ਸਾਰੇ ਕੰਮ ਮਸ਼ੀਨਾਂ ਨਾਲ ਕੀਤੇ ਜਾਂਦੇ ਹਨ। ਇਹੋ ਜਿਹੇ ਕੰਮ ਕਰਨ ਵਾਲਿਆਂ ਨੂੰ ਭਾਰਤ ਦੀ ਤਰਾਂ ਅਛੂਤ ਕਰਾਰ ਨਹੀਂ ਦਿੱਤਾ ਜਾਂਦਾ, ਉਹਨਾ ਨੂੰ ਬਰਾਬਰ ਦਾ ਦਰਜਾ ਹਾਸਲ ਹੈ। ਉਹਨਾ ਦੇ ਰਿਸ਼ਤੇ ਨਾਤੇ ਸਾਂਝੇ ਹਨ। ਉਹਨਾ ਨਾਲ ਕੋਈ ਹੋਰ ਰਿਸ਼ਤਾ ਅਤੇ ਖਾਣ ਪੀਣ ਲੋਕ ਸਾਂਝਾ ਕਰਦੇ ਹਨ। ਉਹ ਬਰਾਬਰ ਦੇ ਸ਼ਹਿਰੀ ਹਨ। ਉਹਨਾ ਨਾਲ ਰਿਸ਼ਤਾ ਕਰਨ ਨਾਲ ਕਿਸੇ ਦੀ ਇੱਜ਼ਤ ਅਣਖ ਦਾ ਸਵਾਲ ਨਹੀਂ ਬਣਦਾ। ਉੱਨਤ ਦੇਸ਼ਾਂ ਦੇ ਲੋਕ ਆਪਣੇ ਸਾਰੇ ਕੰਮ ਆਪ ਕਰ ਲੈਂਦੇ ਹਨ। ਇਹ ਭਾਰਤ ਵਿੱਚ ਨਹੀਂ ਹੋ ਸਕਦਾ। ਬੇਸ਼ੱਕ ਭਾਰਤੀ ਲੋਕ ਵਿਦੇਸ਼ਾਂ ਵਿੱਚ ਜਾ ਕੇ ਇਹੋ ਹੀ ਕੰਮ ਕਰਦੇ ਦੇਖੇ ਜਾ ਸਕਦੇ ਹਨ। ਭਾਰਤ ਵਿੱਚ ਐਸਸੀ ਐਸਟੀ ਲੋਕਾਂ ਦੇ ਹੁੰਦੇ ਉਹਨਾਂ ਲਈ ਕੰਮ ਕਰਨਾ, ਉਹ ਅਪਮਾਨ ਮੰਨਦੇ ਹਨ।

ਬੇਸ਼ੱਕ ਭਾਰਤ ਵਿੱਚ ਕਾਨੂੰਨ ਬਣ ਗਏ ਹਨ ਪਰ ਭਾਰਤੀ ਲੋਕਾਂ ਦੀ ਮਾਨਸਿਕਤਾ ਹੈ ਕਿ ਉਹ ਬਦਲਣਾ ਹੀ ਨਹੀਂ ਚਾਹੁੰਦੇ। ਆਰਥਿਕ ਤੌਰ ਤੇ ਕਮਜ਼ੋਰ ਹੋ ਸਕਦੇ ਹਨ, ਪਰ ਜਾਤੀ ਹੈਂਕੜ ਹੋਣ ਕਾਰਨ ਉਹ ਕੰਮ ਜਿਹੜੇ ਐਸਸੀ ਐਸਟੀ ਲੋਕ ਗਟਰਾਂ ਦੇ ਜਾ ਮੁਰਦਿਆਂ ਨੂੰ ਉਠਾਉਣ ਵਰਗੇ ਕਈ ਰੋਹ ਕਈ ਕੰਮ ਨਹੀਂ ਕਰ ਸਕਦੇ। ਉਹ ਜਨਰਲ ਵਰਗ ਦਾ ਸਮਾਜਿਕ ਸਥਾਨ ਉਹਨਾਂ ਦੇ ਗਲੇ ਦੀ ਹੱਡੀ ਬਣਿਆ ਹੋਇਆ ਹੈ। ਅਤੇ ਇਹੋ ਹੀ ਕਾਰਨ ਬਣ ਜਾਂਦਾ ਹੈ ਐਸਸੀ ਐਸਟੀ ਵਰਗ ਗੁਲਾਮ ਨਾ ਹੋਣ ਦੇ ਬਾਵਜੂਦ ਇੱਕ ਗਰੀਬ ਕਮਜ਼ੋਰ ਲੋਕ ਗੁਲਾਮੀ ਕਰਨ ਲਈ ਰਾਜੀ ਹੋ ਜਾਂਦੇ ਹਨ।

2016 ਜੁਲਾਈ ਵਿੱਚ ਗੁਜਰਾਤ ਵਿੱਚ ਜਦੋਂ ਮੁਰਦਾ ਗਾਂ ਦੀ ਚਮੜੀ ਉਤਾਰ ਰਹੇ ਐਸਸੀ ਸਮਾਜ ਦੇ 4-5 ਨੌਜਵਾਨਾਂ ਨੂੰ ਗੱਡੀ ਦੇ ਪਿੱਛੇ ਨੰਗੇ ਪਿੰਡੇ ਬੰਨ ਕੇ ਸ਼ਹਿਰ ਵਿੱਚ ਘੁਮਾਉਂਦੇ ਅਤੇ ਮਾਰਦੇ ਹੋਇਆ ਦੀਵਿਡੀਓ ਵਾਇਰਲ ਹੋਈ। ਬਹੁਤ ਵੱਡੇ ਪੱਧਰ ਉੱਤੇ ਰੋਸ ਪ੍ਰਦਰਸ਼ਨ ਹੋਏ। 15 ਅਗਸਤ 2016 ਨੂੰ ਅਜ਼ਾਦੀ ਦਿਵਸ ਉੱਤੇਇੱਕ 85-90 ਸਾਲਾਂ ਦੇ ਬ੍ਰਾਹਮਣ ਕਾਮਰੇਡਦਾ ਜਿਹੜਾ ਮੈਨੂੰ ਬਚਪਨ ਤੋਂ ਜਾਣਦਾ ਹੈ, ਉਹ ਗੁਜਰਾਤ ਦੇ ਐਸਸੀ ਸਮਾਜ ਦੇ ਪੀੜਤਾਂ ਪ੍ਰਤੀ ਹਮਦਰਦੀ ਕਰਦੇ ਮੈਨੂੰ ਕਹਿਣ ਲਗਾ, ਹਰਦੀਪ ਜੀ ਉਹਨਾ ਨੂੰ ਮਾਰਨਾ ਨਹੀਂ ਚਾਹੀਦਾ ਸੀ, ਆਖਰ ਕੰਮ ਉਹਨਾ ਨੇ ਹੀ ਕਰਨਾ ਹੈ, ਪਿਆਰ ਨਾਲ ਕੰਮ ਕਰਵਾ ਲੈਣਾ ਚਾਹੀਦਾ ਹੈ।ਬ੍ਰਾਹਮਣ ਦਿਮਾਗ ਦੀ ਇਹ ਗਲ ਸਮਝਣ ਸਮਝਾਣ ਲਈ ਕਾਫੀ ਹੈ ਕਿ ਕਿਉਂ ਨਹੀਂ ਭਾਰਤ ਦੇ ਐਸਸੀ ਐਸਟੀ ਲੋਕਾਂ ਦੇ ਕੰਮ ਅਤੇ ਕਦਰ ਨਹੀਂ ਬਦਲ ਪਾ ਰਹੀ।

2022 ਜੁਲਾਈ ਦੇ ਆਖਰੀ ਹਫ਼ਤੇਪੰਜਾਬ ਦੇ ਨਵਾਂਸ਼ਹਿਰ ਵਿੱਚ ਇੱਕ ਦਰਦਨਾਕ ਹਾਦਸਾ ਵਾਪਰਿਆ ਹੈ। ਇੱਥੋਂ ਦੇ ਕਸਬਾ ਬਲਾਚੌਰ ਵਿੱਚ ਸੀਵਰੇਜ਼ ਦੀ ਗੈਸ ਲੀਕ ਹੋਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿੱਚ ਇੱਕ ਵਿਅਕਤੀ ਸੀਵਰੇਜ਼ ਵਿਭਾਗ ਵਿੱਚ ਕੰਮ ਕਰਦਾ ਸੀ ਜਦਕਿ ਇੱਕ ਹੋਰ ਨੌਜਵਾਨ ਸੀਵਰੇਜ਼ ਕਰਮਚਾਰੀ ਦੀ ਮਦਦ ਲਈ ਗਟਰ ਵਿੱਚ ਵੜ ਗਿਆ ਸੀ ਅਤੇ ਉਸ ਦੀ ਵੀ ਗੈਸ ਚੜ੍ਹਨ ਕਾਰਨ ਮੌਤ ਹੋ ਗਈ ਸੀ। ਹਜਾਰਾਂ ਸਾਲਾਂ ਤੋਂ ਅਜਿਹੇ ਕਿੰਨੇ ਹੀ ਦਰਦਨਾਕ ਹਾਦਸੇ ਵਾਪਰਦੇ ਹਨ ਇੱਕ ਖਾਸ ਵਰਗ ਦੇ ਲੋਕਾਂ ਨਾਲ। ਇਕ ਮੌਤਾਂ ਕੁਦਰਤੀ ਨਹੀਂ ਖਾਸ ਵਰਗ ਦੇ ਲੋਕ ਹੀ ਸਮਾਜਿਕ ਸਾਜ਼ਿਸ਼ ਕਾਰਨ ਮੌਤ ਦਾ ਸ਼ਿਕਾਰ ਹੁੰਦੇ ਆ ਰਹੇ ਹਨ।

## ਨੀਰਜ ਚੋਪੜਾ ਡਾਇਮੰਡ ਲੀਗ ਜਿੱਤਣ ਵਾਲੇ ਪਹਿਲੇ ਭਾਰਤੀ ਬਣੇ




**ਲੁਸਾਨੇ-** ਉਲੰਪਿਕ ਚੈਂਪੀਅਨ ਜੈਵਲਿਨ ਥਰੋ (ਨੇਤਾ ਸੁੱਟਣ ਵਾਲੇ) ਖਿਡਾਰੀ ਨੀਰਜ ਚੋਪੜਾ ਨੇ ਸ਼ੁੱਕਰਵਾਰ ਨੂੰ ਇਕ ਹੋਰ ਇਤਿਹਾਸ ਰਚ ਦਿੱਤਾ। ਨੀਰਜ ਚੋਪੜਾ ਲੁਸਾਨੇ ਡਾਇਮੰਡ ਲੀਗ 2022 ਜਿੱਤਣ ਵਾਲੇ ਪਹਿਲੇ ਭਾਰਤੀ ਬਣ ਗਏ ਹਨ। ਨੀਰਜ ਚੋਪੜਾ ਨੇ 89।08 ਮੀਟਰ ਦੇ ਆਪਣੇ ਪਹਿਲੇ ਥਰੋ ਦੇ ਨਾਲ ਲੁਸਾਨੇ ਡਾਇਮੰਡ ਲੀਗ ਜਿੱਤੀ। ਦੇਸ਼ ਨੂੰ ਉਸ ਸਮੇਂ ਕਾਫੀ ਝਟਕਾ ਲੱਗਾ ਸੀ ਜਦੋਂ ਪਿਛਲੇ ਮਹੀਨੇ ਵਿਸ਼ਵ ਚੈਂਪੀਅਨਸ਼ਿਪ ਦੌਰਾਨ ਚਾਂਦੀ ਜਿੱਤਣ ਦੌਰਾਨ ਉਨ੍ਹਾਂ ਦੀ ਕਮਰ 'ਚ ਸੱਟ ਲੱਗਣ ਕਾਰਨ ਉਹ ਰਾਸ਼ਟਰਮੰਡਲ ਖੇਡਾਂ ਤੋਂ ਹਟ ਗਏ ਸਨ। ਹਰਿਆਣਾ 'ਚ ਪਾਣੀਪਤ ਦੇ ਕੋਲ ਖੰਡਰਾ ਪਿੰਡ ਦੇ ਰਹਿਣ ਵਾਲੇ ਨੀਰਜ ਚੋਪੜਾ ਡਾਇਮੰਡ ਲੀਗ ਜਿੱਤਣ ਵਾਲੇ ਪਹਿਲੇ ਭਾਰਤੀ ਬਣ ਗਏ ਹਨ। ਉਥੇ ਹੀ ਉਨ੍ਹਾਂ ਤੋਂ ਪਹਿਲਾਂ ਡਿਸਕਸ ਥਰੋ ਖਿਡਾਰੀ ਵਿਕਾਸ ਗੌੜਾ ਡਾਇਮੰਡ ਲੀਗ ਮੀਟਿੰਗ 'ਵਿਚ ਪਹਿਲੇ 3 ਵਿਚ ਰਹਿਣ ਵਾਲੇ ਇਕੋ ਇਕ ਭਾਰਤੀ ਸਨ।

# ਭਾਰਤ ਅਤੇ ਬੁੱਧ ਧਰਮ



ਹਰਦੀਪ ਸਿੰਘ ਚੁੰਬਰ
+91-94636-01616

ਭਾਰਤ ਸਿੱਧਾਰਥ ਗੌਤਮ ਅਤੇ ਬੁੱਧ ਧਰਮ ਦਾ ਜਨਮ ਸਥਾਨ ਹੈ। ਇਹ ਭਾਰਤ ਵਿੱਚ 543 ਬੀਸੀ ਤੋਂ ਵਧਿਆ। 1400 ਈਸਵੀ ਤੋਂ ਭਾਵ ਲਗਭਗ 2,000 ਸਾਲਾਂ ਤੱਕ ਪ੍ਰਭਾਵਸ਼ਾਲੀ ਸੀ। ਭਾਵੇਂ ਕਿ ਬੋਧੀ ਧਰਮ ਭਾਰਤ ਵਿੱਚ ਅਲੋਪ ਹੋਣ ਕਿਨਾਰੇ ਦਿਖਾਈ ਦਿੰਦਾ ਸੀ, ਪਰ ਫੇਰ ਵੀਬੁੱਧ ਦਾ ਨਾਮ ਬਹੁਤ ਸ਼ਰਧਾ ਨਾਲ ਭਾਰਤੀਆਂ ਦੇ ਮਨਾਂ ਵਿੱਚ ਹਮੇਸ਼ਾ ਰਿਹਾ ਹੈ। ਭਾਰਤ ਵਿੱਚ ਬੁੱਧ ਧਰਮ ਇੱਕ ਸੁੱਕਿਆ ਹੋਇਆ ਪੌਦਾ ਸੀ ਇਸ ਨੂੰ ਜੜ੍ਹਾਂ 'ਤੋਂ ਮਰਨ ਤੋਂ ਪਹਿਲਾਂ ਡਾ ਅੰਬੇਡਕਰ ਨੇ ਸੰਭਲ ਲਿਆ ਸੀ। ਬੁੱਧ ਧਰਮ ਭਾਰਤ ਲਈ ਕੋਈ ਬਾਹਰੀ ਜਾ ਕੋਈ ਘੁਸਪੈਂਠੀਆ ਧਰਮ ਨਹੀਂਸੀ ਜਿਸ 'ਤੇ ਭਾਰਤ ਨੂੰ ਚਿੰਤਾ ਕਰਨ ਦੀ ਲੋੜ ਸੀ। ਇਹ ਭਾਰਤ ਵਿੱਚ ਜੰਮਿਆ ਵਧਿਆ ਅਤੇ ਸੰਸਾਰ ਵਿੱਚ ਫੈਲ ਗਿਆ। ਬੁੱਧ ਧਰਮ ਦਾ ਪ੍ਰਮੁੱਖ ਸਿਧਾਂਤ ਮਾਨਵਤਾ ਭਾਈਚਾਰਾ, ਸਮਾਜਿਕ ਬਰਾਬਰੀ ਹੈ; ਬੁੱਧ ਧਰਮ ਤਰਕਸ਼ੀਲ ਧਰਮ ਹੈ ਜਿਸ ਵਿੱਚ ਅੰਧਵਿਸ਼ਵਾਸ ਲਈ ਕੋਈ ਥਾਂ ਨਹੀਂ ਹੈ।

**ਬੁੱਧ ਧਰਮ ਅਤੇ ਸਿਧਾਂਤ**

ਸੰਸਾਰ ਵਿੱਚ ਦੋ ਹੀ ਸਿਧਾਂਤ ਹਨ, ਮਾਨਵਤਾ ਲਈ ਬਰਾਬਰੀ ਸਵਿਕਾਰ ਕਰਨ ਦਾ ਸਿਧਾਂਤ ਅਤੇ ਮਾਨਵਤਾ ਦੀ ਬਰਾਬਰੀ ਸਵਿਕਾਰ ਨਾਂ ਕਰਨ ਦਾ ਸਿਧਾਂਤ। ਬੁੱਧ ਧਰਮ ਮਾਨਵਤਾ ਸਮਾਨਤਾ ਅਤੇ ਹਰ ਮਨੁੱਖ ਨੂੰ ਕਿਸੇ ਵੀ ਦੂਜੇ ਮਨੁੱਖ ਦੇ ਬਰਾਬਰ ਹੋਣ ਨੂੰ ਮਾਨਤਾ ਦਿੰਦਾ ਹੈ, ਬੁੱਧ ਧਰਮ ਮਨੁੱਖ ਅਤੇ ਸਮਾਜ ਲਈ ਘਾਤਕ ਨਸ਼ੇ, ਚੋਰੀਆਂ ਬੇਕਾਰੀਆਂ ਠੱਗੀਆਂ ਅਤੇ ਮਾਨਵ ਬੇਕਾਰੀਆਂ ਤੋਂ ਵਰਜਦਾ ਹੈ। ਅਜਿਹਾ ਨਹੀਂ ਹੈ, ਇਸ ਨੂੰ ਲਾਗੂ ਕਰਨ ਲਈ ਕਟੜਤਾ ਦਾ ਸਹਾਰਾ ਲੈਂਦਾ ਹੈ। ਉਹ ਮਨੁੱਖ ਨੂੰ ਗਿਆਨਵਾਨ ਬਣਾਉਣ ਦੀ ਗੱਲ ਕਰਦਾ ਹੈ, ਕਹਿੰਦਾ ਹੈ ਕਿ ਉਹ ਗਿਆਨ ਦੀ ਵਰਤੋਂ ਕਰਕੇ ਆਪਣੇ ਆਪ ਤਹਿ ਕਰੇ, ਮਾਨਵਤਾ ਬਰਾਬਰੀ, ਭਾਈਚਾਰਕ ਸਾਂਝ, ਕਰੁਨਾ ਦਇਆ, ਸ਼ਾਂਤੀ, ਸਾਂਝੀਵਾਲਤਾ, ਮਨੁੱਖਤਾ ਇੱਕ ਕੌਮ ਹੋਣ ਨਾਲ ਮਾਨਵਤਾ ਦਾ ਕਿੰਨਾ ਲਾਭ ਹੈ। ਉਹ ਮਨੁੱਖ ਦੇ ਹੱਥ ਸ਼ਕਤੀ ਦਿੰਦਾ ਹੈ, ਜ਼ਿੰਮੇਵਾਰੀ ਦਿੰਦਾ ਹੈ, ਜ਼ਿੰਮੇਵਾਰ ਬਣਾਉਂਦਾ ਹੋਇਆ ਭਰੋਸਾ ਕਰਦਾ ਹੈ। ਅੰਧ-ਵਸ਼ਵਾਸ ਤੋਂ ਰੋਕਦਾ ਹੈ, ਕਿਉਂ, ਕਿਵੇਂ, ਕਿਦਾਂ ਆਦਿ ਵਰਗਾ ਸਵਾਲ ਕਰਨ ਨੂੰ ਕਹਿੰਦਾ ਹੈ, ਗਿਆਨ ਵਿਗਿਆਨ ਨਾਲ ਤਰਕ ਕਰਨ ਨੂੰ ਕਹਿੰਦਾ ਹੈ, ਉਹਇਹ ਮਨੁੱਖ ਨੂੰ ਅਜ਼ਾਦ ਕਰਦਾ ਹੈ। ਉਹ ਮਨੁੱਖ ਉੱਤੇ ਕਿਸੇ ਖਾਸ ਪਹਿਰਾਵੇ ਜਾ ਬਾਹਰੀ ਦਿਖਾਵੇ ਦੀ ਪਹਿਚਾਣ ਬਣਾਉਣ ਜਾ ਖਾਣ ਜਾ ਨਾ ਖਾਣ ਦੀ ਪਾਬੰਦੀਆਂ ਨੂੰ ਨਹੀਂ ਥੋਪਦਾ। ਕਿ ਸਭ ਕੁੱਝ ਦੀ ਜਾਣਕਾਰੀ ਹਾਸਲ ਕਰਨ ਨੂੰ ਕਹਿੰਦਾ ਹੈ, ਗਿਆਨ ਅਤੇ ਵਿਗਿਆਨ ਨੂੰ ਮਨੁੱਖ ਦੀਆਂ ਸਾਰੀਆਂ ਇੰਦਰੀਆਂ ਨੂੰ ਜਗਾਉਂਦਾ ਕਹਿਣ ਦੀ ਹਿੰਮਤ ਰੱਖਦਾ ਕਿ ਐ ਮਨੁੱਖ ਕਿਸੇ ਦੀ ਕਹੇ ਹੋਏ ਦੀ ਜਾਂਚ ਕਰ ਪਰਖ ਕਰ ਜੇ ਸਹੀ ਹੋਵੇ ਤਾਂ ਹੀ ਮੰਨਣਾ। ਸੰਸਾਰ ਦੇ ਬਹੁਤ ਸਾਰੇ ਧਰਮ ਮਨੁੱਖ ਦਾ ਮਨ ਮਸਤਕ ਬੰਦ ਕਰਕੇ ਕੇਵਲ ਉਹਨਾ ਦੇ ਜਾ ਕਿਸੇ ਪੈਗੰਬਰ ਦੇ ਕਹੇ ਹੋਏ ਨੂੰ ਕਟੜਤਾ ਨਾਲ ਮੰਨ ਲੈਣ ਦਾ ਆਦੇਸ਼ ਦਿੰਦੇ ਹਨ। ਉਹ ਵਿਗਿਆਨ ਦਾ ਖੋਜ ਦੀ ਤਰਾਂ ਹੀ ਮੰਨਦੇ ਹਨ। ਲੇਕਿਨ ਬੁੱਧ ਧਰਮ ਵਿੱਚ ਅਜਿਹਾ ਕੁੱਝ ਵੀ ਨਹੀਂ ਹੈ, ਉਹ ਧਰਮ ਨਾਲੋਂ ਮਨੁੱਖ ਨੂੰ ਪਹਿਲ ਦਿੰਦਾ ਹੈ, ਮਨੁੱਖ ਦੇ ਭਲੇ ਲਈ ਸਮੇਂ ਸਥਾਨ ਅਤੇ ਹਾਲਾਤ ਮੁਤਾਬਿਕ ਬਦਲਣ ਦੀ ਇਜਾਜ਼ਤ ਦਿੰਦਾ ਹੈ, ਧਰਮ ਦਾ ਮੂਲ ਮੰਤਰ, "ਧਰਤੀ ਉੱਤੇ ਧਰਮ ਰਹੇ ਜਾ ਨਾਂ ਰਹੇ, ਮਨੁੱਖ ਅਤੇ ਮਨੁੱਖਤਾ ਜਿੰਦਾ ਰਹਿਣੀ ਚਾਹੀਦੀ ਹੈ"। ਮੌਜੂਦਾ ਸਮੇਂ ਮਨੁੱਖ ਨੇ ਐਨੇ ਵੱਡੇ ਪੱਧਰ ਉੱਤੇ ਘਾਤਕ ਹਥਿਆਰ ਬਣਾ ਲਏ ਹਨ ਕਿ ਜੇ ਇਹ ਸਾਰੇ ਚਲਾ ਦਿੱਤੇ ਜਾਣ ਤਾਂ ਧਰਤੀ ਉੱਤੇ ਜੀਵਨ ਨੂੰ ਖਤਮ ਕਰਨ ਦੀ ਸ਼ਕਤੀ ਰੱਖਦੇ ਹਨ। ਅਜਿਹੇ ਅਮਾਨਵੀ ਵਾਤਾਵਰਨ ਵਿੱਚ ਕੇਵਲ ਬੁੱਧ ਧਰਮ ਦੀ ਸਮਝ ਹੀ ਕੰਮ ਆ ਸਕਦੀ ਹੈ।

ਸੰਸਾਰ ਦਾ ਕੋਈ ਵੀ ਧਰਮ ਜਿਹੜਾ ਸਮਤਾ ਸਮਾਨਤਾ ਭਾਈਚਾਰਾ ਅਤੇ ਸਭ ਲਈ ਬਰਾਬਰੀ ਅਤੇ ਇਨਸਾਫ਼ ਦੀ ਗੱਲ ਕਰਦਾ ਹੋਇਆ ਮਨੁੱਖ ਨੂੰ ਬਰਾਬਰ ਮੰਨਦਾ ਅਤੇ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਕਿਸੇ ਵੀ ਤਰਾਂ ਦੇ ਸਵਾਲ ਕਰਨ ਤੋਂ ਨਹੀਂ ਰੋਕਦਾ ਉਸ ਨੂੰ ਬੋਧੀ ਜਾਂ ਬੁੱਧ ਅਰਥਾਤ ਬੁੱਧੀ ਤੋਂ ਕੰਮ ਲੈਣ ਵਾਲਾ ਬੁੱਧ ਹੀ ਕਿਹਾ ਜਾ ਸਕਦਾ ਹੈ, ਕਿਉਂਕਿ ਬੁੱਧ ਧਰਮ ਦਾ ਅਸਲੀ ਮਕਸਦ ਹੀ ਮਾਨਵਤਾ ਸਥਾਪਿਤ ਕਰਨਾ ਹੈ। ਮਨੁੱਖ ਦੀ ਬੁੱਧੀ ਨੂੰ ਖਤਮ ਕਰਨਾ, ਮਨੁੱਖ ਦੀ ਬੁੱਧੀ ਦੀ ਤਰਕਸ਼ੀਲਤਾ ਨੂੰ ਖਤਮ ਕਰ ਦੇਣਾ ਹੀ ਬੁੱਧ ਨਾ ਮਾਰਨਾ ਜਾ ਬੁੱਧ ਧਰਮ ਨੂੰ ਖਤਮ ਕਰਨਾ ਹੈ। ਕਦੇ ਵੀ ਮਨੁੱਖ ਦੀ ਬੁੱਧੀ ਦੀ ਤਰਕਸ਼ੀਲਤਾ ਨੂੰ ਖਤਮ ਕਰ ਦੇਣਾ ਵਾਲਾ ਧਰਮ ਨਹੀਂ ਹੋ ਸਕਦਾ।

ਡਾ। ਅੰਬੇਡਕਰ ਨੇ 4 ਦਸੰਬਰ 1954 ਨੂੰ ਰੰਗੂਨ (ਬਰਮਾ, ਮਿਆਂਮਾਰ) ਵਿਖੇ ਅੰਤਰਰਾਸ਼ਟਰੀ ਬੋਧੀ ਕਾਨਫਰੰਸ ਵਿੱਚ ਸ਼ਿਰਕਤ ਕੀਤੀ। ਉਹਨਾ ਕਿਹਾ ਕਿ ਬੋਧੀ ਧਰਮ ਨੂੰ ਬਰਮਾ ਤੋਂ ਬਾਹਰ ਫੈਲਾਉਣਾ ਸਾਸਾਨਾ ਕੌਂਸਲ ਦੇ ਉਦੇਸ਼ਾਂ ਵਿੱਚੋਂ ਭਾਰਤ ਪਹਿਲਾ ਦੇਸ ਮੰਨਣ ਦੀ ਸਲਾਹ ਦਿੱਤੀ ਕਿ ਉਨ੍ਹਾਂ ਦੇ ਯਤਨਾਂ ਦਾ ਕੇਂਦਰ ਬਣਾਉਣਾ ਚਾਹੀਦਾ ਹੈ। ਕੋਈ ਹੋਰ ਦੇਸ਼ ਬੁੱਧ ਧਰਮ ਵੱਲ ਆਉਣ ਲਈ ਇੰਨਾ ਧਿਆਨ ਨਹੀਂ ਦੇਵੇਗਾ ਜਿੰਨਾ ਭਾਰਤ ਦੇਵੇਗਾ।

ਜਿਨ੍ਹਾਂ ਕੋਲ ਕਿਸੇ ਤਰਾਂ ਦਾ ਆਪਣਾ ਆਰਾਮ ਦਾਇਕ ਜੀਵਨ ਨਹੀਂ ਅਤੇ ਨਾਂ ਹੀ ਹੋਰ ਕਿਸੇ ਤਰਾਂ ਦਾ ਕੁਝ ਗਵਾਉਣ ਲਈ ਹੁੰਦਾ ਤਾਂ ਧਰਮ ਗਰੀਬਾਂ ਨੂੰ ਬਿਹਤਰੀ ਦੀ ਉਮੀਦ ਦਿੰਦਾ, ਸਿੱਖਿਆ ਦਿੰਦਾ, ਉਸ ਦੀ ਤਰੱਕੀ ਲਈ ਚੰਗਾ ਮਾਹੌਲ ਅਤੇ ਹੋਰ ਕਈ ਬਰਾਬਰੀ ਦੇ ਉਪਰਾਲੇ ਕਰਦਾ ਹੈ,ਜੇ ਕਰ ਧਰਮਸਹੀ ਹੈ। ਮਨੁੱਖ ਦਾ ਮਨੁੱਖ ਨਾਲ ਜਾਤੀ ਸਮਾਜਿਕ ਆਰਥਿਕ ਰਾਜਨੀਤਿਕ ਜਾ ਹੋਰ ਕਈ ਚਰਾਂ ਦੇ ਵਿਤਕਰੇ ਖੜੇ ਕਰਨ ਵਾਲਾ ਧਰਮ ਨਹੀਂ ਰਾਜਨੀਤੀ ਹੁੰਦੀ ਹੈ, ਜ ਕਹਿ ਲਈ ਰਾਜਨੀਤੀ ਨੂੰ ਧਰਮ ਦਾ ਨਾਮ ਦੇ ਕੇ ਮਨੁੱਖ ਨਾਲ ਧਰਮ ਦੇ ਨਾਮ ਉੱਤੇ ਕੀਤਾ ਜਾਣ ਵਾਲਾ ਧੋਖਾ ਹੁੰਦਾ ਹੈ। ਅਮੀਰਾਂ ਨੂੰ ਧਰਮ ਬਦਲਣ ਨਾਲ ਬਹੁਤਾ ਕਰਕੇ ਹੋਰ ਸੁੱਖ ਸਹੂਲਤਾਂ ਦੀ ਉਮੀਦ 'ਤੇ ਰਹਿਣ ਦੀ ਬਹੁਤੀ ਲੋੜ ਨਹੀਂ ਹੁੰਦੀ। ਉਹਨਾਂ ਕੋਲ ਸਮਾਜਿਕ ਆਰਥਿਕ ਅਤੇ ਸ਼ਾਸਕੀ ਤੌਰ ਤੇ ਆਪਣੇ ਕਬਜ਼ੇ ਪਹਿਲਾਂ ਤੋਂ ਹੀ ਹੁੰਦੇ ਹਨ।

**ਡਾ ਅੰਬੇਡਕਰ ਦੇ ਕੁੱਝ ਸੁਝਾਅ**

ਬੁੱਧ ਧਰਮ ਪਰਿਵਰਤਨ ਹੋਣ ਲਈ ਬਾਪਤਿਸਤੇ ਦੀ ਤਰਾਂ ਕੋਈ ਰਸਮ ਨਹੀਂ ਹੈ ਅਰਥਾਤ ਬੁੱਧ ਦਾ ਇੱਕ ਆਮ ਚੇਲਾ ਬਣਨ ਲਈ। ਧਰਮ ਪਰਿਵਰਤਨ ਦੀ ਜੋ ਵੀ ਰਸਮ ਹੈ, ਉਹ ਭੀਖੂ ਬਣਨ ਲਈ, ਸੰਘ ਵਿੱਚ ਪ੍ਰਵੇਸ਼ ਕਰਨ ਲਈ ਹੈ।ਇਹੀ ਮੁੱਖ ਕਾਰਨ ਹੈ ਕਿ ਬੋਧੀ ਬਣਨ ਤੋਂ ਬਾਅਦ ਲੋਕ ਬੁੱਧ ਧਰਮ ਤੋਂ ਖਿਸਕ ਗਏ। ਡਾ। ਅੰਬੇਡਕਰ ਦਾ ਕਹਿਣਾ ਸੀ ਕਿ ਸਾਨੂੰ ਈਸਾਈ ਬਾਪਤਿਸਤੇ ਵਰਗੀ ਰਸਮ ਨਹੀਂ ਸ਼ੁਰੂ ਕਰਨੀ ਚਾਹੀਦੀ ਜਿਸ ਨੂੰ ਹਰ ਆਮ ਵਿਅਕਤੀ ਨੂੰ ਬੋਧੀ ਕਹਾਉਣ ਤੋਂ ਪਹਿਲਾਂ ਲੰਘਣਾ ਚਾਹੀਦਾ ਹੈ। ਸਿਰਫ਼ ਪੰਚ ਸੀਲਾਂ ਨੂੰ ਬੋਲਣਾ ਹੀ ਕਾਫ਼ੀ ਨਹੀਂ ਹੈ। ਵਿਅਕਤੀ ਨੂੰ ਇਹ ਮਹਿਸੂਸ ਕਰਾਉਣ ਲਈ ਕਈ ਹੋਰ ਨੁਕਤੇ ਜੋੜਨੇ ਚਾਹੀਦੇ ਹਨ ਕਿ ਉਹ ਹਿੰਦੂ ਹੋਣਾ ਛੱਡ ਕੇ ਨਵਾਂ ਮਨੁੱਖ ਬਣ ਰਿਹਾ ਹੈ।

ਬੋਧੀਆਂ ਦੇਬਹੁਤ ਸਾਰੇ ਆਮ ਪ੍ਰਚਾਰਕਾਂ ਦੀ ਨਿਯੁਕਤੀ ਜੋ ਆਲੇ-ਦੁਆਲੇ ਜਾ ਕੇ ਪ੍ਰਚਾਰ ਕਰ ਸਕਦੇ ਹਨ ਅਤੇ ਇਹ ਦੇਖ ਸਕਦੇ ਹਨ ਕਿ ਉਹ ਬੁੱਧ ਦੇ ਧੰਮ ਦੀ ਕਿੰਨੀ ਕੁ ਪਾਲਣਾ ਕਰ ਰਹੇ ਹਨ। ਆਮ ਪ੍ਰਚਾਰਕਾਂ ਨੂੰ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ ਅਤੇ ਦੂਜਾ ਉਹ ਵਿਆਹੇ ਵਿਅਕਤੀ ਹੋ ਸਕਦੇ ਹਨ। ਸ਼ੁਰੂ ਵਿੱਚ ਉਹ ਪਾਰਟ ਟਾਈਮ ਵਰਕਰ ਹੋ ਸਕਦੇ ਹਨ। ਇੱਕ ਬੋਧੀ ਧਾਰਮਿਕ ਸੈਮੀਨਰੀ ਦੀ ਸਥਾਪਨਾ ਜਿੱਥੇ ਪ੍ਰਚਾਰਕ ਬਣਨ ਦੀ ਇੱਛਾ ਰੱਖਣ ਵਾਲੇ ਵਿਅਕਤੀਆਂ ਨੂੰ ਬੁੱਧ ਧਰਮ ਸਿਖਾਇਆ ਜਾ ਸਕਦਾ ਹੈ ਅਤੇ ਦੂਜੇ ਧਰਮਾਂ ਦਾ ਤੁਲਨਾਤਮਕ ਅਧਿਐਨ ਵੀ ਕੀਤਾ ਜਾ ਸਕਦਾ ਹੈ। ਵਿਹਾਰ ਵਿੱਚ ਹਰ ਐਤਵਾਰ ਨੂੰ ਇੱਕ ਉਪਦੇਸ ਦੇ ਬਾਅਦ ਸਮੂਹਿਕ ਪੂਜਾ ਦੀ ਸ਼ੁਰੂਆਤ।ਬੋਧੀ ਵਿਸਿਆਂ ਦੇ ਨਿਬੰਧਾਂ ਨੂੰ ਸੱਦਾ ਦੇਣਾ ਅਤੇ ਪਹਿਲੇ ਤਿੰਨਾਂ ਨੂੰ ਕਾਫ਼ੀ ਮੁੱਲ ਦੇ ਇਨਾਮ ਦੇਣਾ ਲੇਖ ਹਿੰਦੂਆਂ, ਮੁਸਲਮਾਨਾਂ ਅਤੇ ਈਸਾਈਆਂ ਲਈ ਖੁੱਲ੍ਹੇ ਹੋਣੇ ਚਾਹੀਦੇ ਹਨ; ਹਾਈ ਸਕੂਲ ਅਤੇ ਕਾਲਜ ਜ਼ਰੂਰੀ ਸਹਾਇਕ ਹਨ। ਉਹ ਨੌਜਵਾਨਾਂ ਵਿੱਚ ਬੋਧੀ ਮਾਹੌਲ ਬਣਾਉਣ ਦਾ ਇਰਾਦਾ ਰੱਖਦੇ ਹਨ। ਇਸ ਤੋਂ ਇਲਾਵਾ ਉਹ ਨਾ ਸਿਰਫ਼ ਆਪਣਾ ਰਾਹ ਪੱਧਰਾ ਕਰਨਗੇ ਸਗੋਂ ਵਾਧੂ ਰਕਮ ਲਿਆਏਗਾ ਜਿਸ ਨੂੰ ਹੋਰ ਮਿਸ਼ਨਰੀ ਕੰਮਾਂ ਲਈ ਵਰਤਿਆ ਜਾ ਸਕਦਾ ਹੈ। ਇਹ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਜ਼ਿਆਦਾਤਰ ਕ੍ਰਿਸਚੀਅਨ ਮਿਸ਼ਨ ਆਪਣੀਆਂ ਗਤੀਵਿਧੀਆਂ ਨੂੰ ਵਿੱਤ ਦੇਣ ਲਈ ਵਾਧੂ ਮਾਲੀਏ ਤੋਂ ਫੰਡ ਲੱਭਦੇ ਹਨ ਜੋ ਉਹਨਾਂ ਦੁਆਰਾ ਚਲਾਏ ਜਾਂਦੇ ਸਕੂਲਾਂ ਅਤੇ ਕਾਲਜਾਂ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ।ਬੁੱਧ ਧਰਮ ਦੇ ਪ੍ਰਚਾਰ-ਪ੍ਰਸਾਰ ਦੇ ਰਾਹ ਵਿਚ ਆਈ ਇਸ ਰੁਕਾਵਟ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ। ਬੁੱਧ ਸਬੰਧ ਵਿਚ ਬੁੱਧ ਦੀਆਂ ਸਮਾਜਿਕ ਅਤੇ ਨੈਤਿਕ ਸਿੱਖਿਆਵਾਂ 'ਤੇ ਜ਼ੋਰ ਦੇਣ ਲਈ ਧਿਆਨ ਰੱਖਣਾ ਚਾਹੀਦਾ ਹੈ।



ਛੇਵੀਂ ਬੁੱਧਿਸ਼ਟ ਕੌਂਸ਼ਲ ਰੰਗੂਨ 1954

**ਬੁੱਧ ਧਰਮ ਨੂੰ ਅਲੋਪ ਕਰਨ ਦੀ ਕੋਸ਼ਿਸ਼**

ਬੁੱਧ ਧਰਮ ਭਾਰਤ ਵਿੱਚੋਂ ਅਲੋਪ ਨਹੀਂ ਹੋਇਆ, ਕਿਉਂਕਿ ਇਸਦੇ ਸਿਧਾਂਤ ਹਮੇਸ਼ਾ ਜਿੰਦਾ ਰਹੇ ਹਨ। ਮਾਨਵਤਾਵਾਦੀ ਬੁੱਧ ਧਰਮ ਮਾਨਵਤਾ ਦੇ ਮਰਨ ਨਾਲ ਹੀ ਖਤਮ ਹੋ ਸਕਦਾ ਹੈ। ਭਾਰਤ ਵਿੱਚ ਹਮੇਸ਼ਾ ਮਾਨਵਤਾ ਦੇ ਬਹੁਤ ਸਾਰੇ ਅੰਸ਼ ਜਿੰਦਾ ਰਹੇ ਹਨ। ਭਾਰਤ ਵਿੱਚੋਂ ਬੁੱਧ ਧਰਮ ਦੇ ਕੁੱਝ ਹੱਦ ਤੱਕ ਅਲੋਪ ਹੋਣ ਦੇ ਕਾਰਨ ਕਈ ਹਨ। ਬੁੱਧ ਧਰਮ ਸਭ ਤੋਂ ਪਹਿਲਾਂ ਬ੍ਰਾਹਮਣਾਂ ਦੁਆਰਾ ਤਾਕਤ, ਬੇਇਮਾਨੀ ਨਾਲ ਦਬਾਇਆ ਗਿਆ ਸੀ। ਬੁੱਧ ਧਰਮ ਮਾਨਵਤਾ ਬਰਾਬਰੀ ਉੱਤੇ ਧੜਾ ਹੈ, ਹਿੰਦੂ ਧਰਮ ਮਾਨਵ ਉੱਚ ਨੀਚ ਉੱਤੇ ਖੜਾ ਹੈ। ਇਹ ਤੱਥ ਬਹੁਤ ਸਾਰੇ ਲੋਕ ਜਾਣਦੇ ਹਨ ਕਿ ਸਮਰਾਟ ਅਸ਼ੋਕ ਦੇ ਉੱਤਰਾਧਿਕਾਰੀ ਆਖਰੀ ਮੌਰੀਆ ਸਮਰਾਟ ਨੂੰ ਪੁਸ਼ਯ ਮਿੱਤਰ ਨਾਮ ਦੇ ਬ੍ਰਾਹਮਣ ਕਮਾਂਡਰ-ਇਨ-ਚੀਫ ਦੁਆਰਾ ਕਤਲ ਕੀਤਾ ਗਿਆ ਸੀ, ਜਿਸਨੇ ਗੱਦੀ ਹਥਿਆ ਲਈ ਅਤੇ ਬ੍ਰਾਹਮਣਵਾਦ ਨੂੰ ਰਾਜ ਧਰਮ ਵਜੋਂ ਸਥਾਪਿਤ ਕੀਤਾ ਸੀ। ਇਸ ਨਾਲ ਭਾਰਤ ਵਿੱਚ ਬੁੱਧ ਧਰਮ ਦਾ ਦਮਨ ਹੋਇਆ ਜੋ ਇਸ ਦੇ ਪਤਨ ਦਾ ਇੱਕ ਕਾਰਨ ਹੈ। ਬੋਧੀਆਂ ਦੇ ਸਿਰਾਂ ਦੇ ਮੁੱਲ ਪਾ ਕੇ ਲੋਕਾਂ ਨੂੰ ਇਨਾਮ ਦਿੱਤੇ ਗਏ। ਕੁੱਝ ਮਾਰ ਦਿੱਤੇ ਗਏ ਕੁੱਝ ਪੂਰਬ, ਉੱਤਰ, ਦੱਖਣ ਦਿਸ਼ਾਵਾਂ ਵੱਲ ਜਾਨ ਬਚਾਉਣ ਲਈ ਦੌੜ ਗਏ। ਬ੍ਰਾਹਮਣਵਾਦ ਦੇ ਉਭਾਰ ਨੇ ਭਾਰਤ ਵਿੱਚ ਬੁੱਧ ਧਰਮ ਨੂੰ ਦਬਾਇਆਗਿਆ। ਜਾਤੀਵਾਦੀ ਸ਼ੋਸ਼ਣ ਕਰਕੇ ਬਹੁਤ ਸਾਰੇ ਭਾਰਤੀ ਮੂਲਨਿਵਾਸੀ ਜਿਹੜੇ ਬੋਧੀ ਬਣੇ ਹੋਏ ਸਨ ਉਹਨਾਂ ਨੂੰ ਜੀਵਨ ਦੇ ਹਰ ਸਾਧਨ ਸੰਸਾਧਨ ਤੋਂ ਬੇਦਖ਼ਲ ਕਰ ਦਿੱਤਾ। ਉਸ ਸਮੇਂਭਾਰਤ ਉੱਤੇ ਮੁਸਲਮਾਨਾਂ ਦੇ ਹਮਲਿਆਂ ਨੇ ਵੀ ਇਸਦੀ ਪੂਰੀ ਤਬਾਹੀ ਕੀਤੀ, ਹਿੰਸਾ ਦੁਆਰਾ ਇਸਨੇ ਵਿਹਾਰਾਂ ਨੂੰ ਤਬਾਹ ਕਰਨ ਅਤੇ ਭਿਖਸ਼ੂਆਂ ਨੂੰ ਮਾਰਨ ਦਾ ਕੰਮ ਅਰੰਭ ਕੀਤਾ।

**ਬੁੱਧ ਧਰਮ ਧਰਮ ਲਈ ਖ਼ਤਰਾ**

ਬੁੱਧ ਧਰਮ ਨੂੰ ਇਸਲਾਮ ਤੋਂ ਖ਼ਤਰਾ ਹੁਣ ਮੌਜੂਦ ਨਹੀਂ ਹੈ, ਉਸ ਨੂੰਬ੍ਰਾਹਮਣਵਾਦ ਤੋਂ ਖ਼ਤਰਾ ਮੌਜੂਦ ਹੈ, ਇਹ ਡਾ। ਅੰਬੇਡਕਰ ਦਾ ਕਹਿਣਾ ਸੀ। ਬ੍ਰਾਹਮਣਵਾਦ ਉਸਦਾ ਸਭ ਤੋਂ ਸਖ਼ਤ ਵਿਰੋਧੀ ਹੋਵੇਗਾ ਕਿਉਂਕਿ ਇੱਕ ਬ੍ਰਾਹਮਣ, ਬ੍ਰਾਹਮਣ ਹੀ ਰਹੇਗਾ ਭਾਵੇਂ ਉਹ ਕਿਸੇ ਵੀ ਰੰਗ ਜਾਂ ਢੰਗ ਦਾ ਧਾਰਨੀ ਹੋਵੇ ਜਾਂ ਉਹ ਕਿਸ ਪਾਰਟੀ ਵਿੱਚ ਸ਼ਾਮਲ ਹੋਵੇ। ਅਜਿਹਾ ਇਸ ਲਈ ਕਿਉਂਕਿ ਸਮਾਜਿਕ ਵਿਵਸਥਾ ਵਿੱਚ ਸਭ ਤੋਂ ਉਪਰ ਬੈਠਾ ਬ੍ਰਾਹਮਣ ਜਮਾਤੀ ਸਮਾਜਿਕ ਅਸਮਾਨਤਾ ਦੀ ਵਿਵਸਥਾ ਨੂੰ ਆਪਣੇ ਲਾਭ ਲਈ ਕਾਇਮ ਰੱਖਣਾ ਚਾਹੁੰਦੇ ਹਨ। ਇਹ ਦਰਜੇ ਦੀ ਅਸਮਾਨਤਾ ਹੀ ਹੈ ਬ੍ਰਾਹਮਣਾਂ ਨੂੰ ਸਭ ਤੋਂ ਉੱਪਰ ਹੀ ਰਹੇਗਾ ਉਹਗਿਆਨੀ ਹੋਵੇ ਜਾ ਨਾ ਹੋਵੇ, ਉਹ ਸਭ ਤੋਂ ਉੱਪਰ ਹੀ ਰਹੇਗਾ ਅਤੇ ਰਹਿਣ ਦੀ ਕੋਸ਼ਿਸ਼ ਕਰਦਾ ਰਹੇਗਾ, ਉਹ ਸਮਾਜਿਕ ਤੌਰ ਤੇ ਬਣੇ ਉੱਚ ਰੁਤਬੇ ਨੂੰ ਬਰਕਰਾਰ ਰੱਖਣ ਲਈ ਸਾਰੇ ਨੈਤਿਕਤਾ ਅਨੈਤਿਕਤਾ ਸਾਰੇ ਢੰਗ ਵਰਤਦਾ ਹੈ। ਅਜਿਹੇ ਕਾਰਨਾਂ ਦੇ ਕਾਰਨ ਹੀ ਹਿੰਦੂਆਂ ਦੁਆਰਾ ਬੁੱਧ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਜਾਂਦਾ ਹੈ।

ਬੁੱਧ ਧਰਮ ਸਮਾਨਤਾ ਵਿੱਚ ਵਿਸ਼ਵਾਸ ਰੱਖਦਾ ਹੈ। ਬੁੱਧ ਧਰਮ ਉਨ੍ਹਾਂ ਦੀ ਵਕਾਰ ਅਤੇ ਸ਼ਕਤੀ ਦੀ ਜੜ੍ਹ 'ਤੇ ਹਮਲਾ ਕਰਦਾ ਹੈ। ਇਸੇ ਲਈ ਬ੍ਰਾਹਮਣ ਇਸ ਨੂੰ ਨਫ਼ਰਤ ਕਰਦੇ ਹਨ। ਇਹ ਪੂਰੀ ਤਰ੍ਹਾਂ ਸੰਭਵ ਹੈ ਕਿ ਜੇਕਰ ਬ੍ਰਾਹਮਣਾਂ ਨੂੰ ਬੁੱਧ ਧਰਮ ਦੇ ਪੁਨਰ-ਸੁਰਜੀਤੀ ਦੇ ਅੰਦੋਲਨ ਦੀ ਅਗਵਾਈ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਤਾਂ ਉਹ ਇਸ ਨੂੰ ਤੋੜਨ ਜਾਂ ਗਲਤ ਦਿਸ਼ਾ ਦੇਣ ਲਈ ਆਪਣੀ ਸ਼ਕਤੀ ਦੀ ਵਰਤੋਂ ਕਰ ਸਕਦੇ ਹਨ। ਇਸ ਲਈ ਘੱਟੋ-ਘੱਟ ਸਾਡੀ ਲਹਿਰ ਦੇ ਸ਼ੁਰੂਆਤੀ ਦੌਰ ਵਿੱਚ ਉਨ੍ਹਾਂ ਨੂੰ ਸੱਤਾ ਦੇ ਅਹੁਦੇ ਤੋਂ ਬਾਹਰ ਕਰਨ ਦੀ ਸਾਵਧਾਨੀ ਬਹੁਤ ਜ਼ਰੂਰੀ ਹੈ ਇਹ ਕਹਿਣਾ ਸੀ ਡਾ ਅੰਬੇਡਕਰ ਦਾ।

**ਡਾ ਅੰਬੇਡਕਰ ਦਾ ਧਰਮ ਪਰਿਵਰਤਨ**

ਡਾ ਅੰਬੇਡਕਰ ਨੇ 1935-36 ਅਤੇ ਇਸ ਤੋਂ ਪਹਿਲਾਂ ਕਿਤਾਬਾਂ ਅਤੇ ਲੇਖਾਂ ਦੀ ਇੱਕ ਲੜੀ ਨੂੰ ਪ੍ਰਕਾਸ਼ਿਤ ਕਰਨ ਤੋਂ ਬਾਅਦ ਉਹ ਇਹ ਦਲੀਲ ਦਿੰਦੇ ਹਨ ਕਿ ਅਛੂਤਾਂ ਲਈ ਸਮਾਨਤਾ ਪ੍ਰਾਪਤ ਕਰਨ ਲਈ ਬੁੱਧ ਧਰਮ ਹੀ ਇੱਕੋ ਇੱਕ ਰਸਤਾ ਸੀ, ਅੰਬੇਡਕਰ ਨੇ ਧਰਮ ਪਰਿਵਰਤਨ ਦੇ ਆਪਣੇ ਇਰਾਦੇ ਦਾ ਐਲਾਨ ਕਰਨ ਤੋਂ 20 ਸਾਲਾਂ ਬਾਅਦ, 14 ਅਕਤੂਬਰ 1956 ਨੂੰ ਦੀਕਸ਼ਾਭੂਮੀ, ਨਾਗਪੁਰ ਵਿਖੇ ਜਨਤਕ ਤੌਰ 'ਤੇ ਧਰਮ ਪਰਿਵਰਤਨ ਕੀਤਾ। ਉਸ ਦੇ ਲਗਭਗ 3,65,000 ਅਨੁਯਾਈਆਂ ਨੇ ਉਸੇ ਸਮਾਰੋਹ ਵਿੱਚ ਬੁੱਧ ਧਰਮ ਅਪਣਾ ਲਿਆ। ਇਸ ਮੌਕੇ ਕਈ ਉੱਚ ਜਾਤੀ ਦੇ ਹਿੰਦੂਆਂ ਨੇ ਵੀ ਬੁੱਧ ਧਰਮ ਸਵੀਕਾਰ ਕਰ ਲਿਆ। ਨਾਗਪੁਰ ਤੋਂ ਬਾਅਦ, 16 ਅਕਤੂਬਰ 1956 ਨੂੰ, ਅੰਬੇਡਕਰ ਨੇ ਚੰਦਰਪੁਰ ਵਿਖੇ ਆਪਣੇ 300,000 ਤੋਂ ਵੱਧ ਪੈਰੋਕਾਰਾਂ ਨੂੰ ਦੁਬਾਰਾ ਬੁੱਧ ਧਰਮ ਦੀ ਦੀਕਸ਼ਾ ਦਵਾਈ, ਕਿਉਂਕਿ ਇਸ ਸਥਾਨ ਨੂੰ ਦੀਕਸ਼ਾਭੂਮੀਵਜੋਂ ਵੀ ਜਾਣਿਆ ਜਾਂਦਾ ਹੈ। ਅੰਬੇਡਕਰ ਦੇ ਇਸ ਧਰਮ ਪਰਿਵਰਤਨ ਤੋਂ ਪ੍ਰੇਰਿਤ ਹੋ ਕੇ, ਮਿਆਂਮਾਰ ਦੇ 5,000 ਤਾਮਿਲਾਂ ਨੇ 28 ਅਕਤੂਬਰ 1956 ਨੂੰ ਬਰਮਾ ਦੀ ਸੁਪਰੀਮ ਕੋਰਟ ਦੇ ਜੱਜ ਚੈਨ ਹਟੂਨ ਦੀ ਅਗਵਾਈ ਵਿੱਚ ਰੰਗੂਨ ਵਿੱਚ ਬੁੱਧ ਧਰਮ ਸਵੀਕਾਰ ਕਰ ਲਿਆ ਸੀ।

ਧਰਮ ਪਰਿਵਰਤਨ ਸਮਾਰੋਹ ਵਿੱਚ ਮੇਧਾਰਥੀ, ਉਸਦੇ ਮੁੱਖ ਚੇਲੇ ਭੋਜ ਦੇਵ ਮੁਦਿਤ, ਅਤੇ ਮਹਾਸਤਵੀਰ ਬੋਧਾਨੰਦ ਦੇ ਸ਼੍ਰੀਲੰਕਾਈ ਉੱਤਰਾਧਿਕਾਰੀ, ਭਾਂਤੇ ਪ੍ਰਗਿਆ ਨੰਦ ਨੇ ਸ਼ਿਰਕਤ ਕੀਤੀ। ਅੰਬੇਡਕਰ ਨੇ ਦਲਿਤਾਂ ਨੂੰ ਸਲਾਹ ਦਿੱਤੀ ਕਿ ਉਹ ਬੁੱਧ ਧਰਮ ਦੀਆਂ ਪੁਰਾਣੇ ਸਮੇਂ ਤੋਂ ਚਲ ਰਹੀਂ ਮੌਜੂਦਾ ਸ਼ਾਖਾਵਾਂ (ਥੇਰਵਾੜਾ, ਮਹਾਯਾਨ ਅਤੇ ਵਜ੍ਰਯਾਨ) ਵਿੱਚ ਨਾ ਫਸਣ। ਉਸ ਨੇ ਬੁੱਧ ਧਰਮ ਦੇ ਸੰਸਕਰਣ ਨੂੰ ਨਵਿਆਉਣ ਦਾ ਕੰਮ ਕੀਤਾ ਅਤੇ ਉਸ ਨੂੰ 'ਨਵ-ਬੁੱਧ ਧਰਮ' ਦਾ ਨਾਮ ਦਿੱਤਾ। ਬੁੱਧ ਧਰਮ ਦੀ ਦੀਕਸ਼ਾ ਲੈਣ ਦੇ ਬਾਅਦ ਇਸੇ 43 ਦਿਨਾਂ ਬਾਅਦ ਹੀ ਡਾ। ਅੰਬੇਡਕਰ ਦੀ ਮੌਤ ਹੋ ਗਈ ਸੀ। ਮੌਤ ਦਿ ਪਿੱਛੇ ਬਹੁਤ ਵੱਡੀ ਪੱਧਰ ਦੀ ਸਾਜ਼ਿਸ਼ ਹੋਣ ਦਾ ਸ਼ੱਕ ਮੰਨਿਆ ਜਾਂਦਾ ਹੈ।

---

## ਪੁਸਤਕ ਸਮੀਖਿਆ

**ਵਿਰਸੇ ਦੀ ਖੁਸ਼ਬੋਈ**
**ਲੇਖਿਕਾ-ਨਿਰਮਲਾ ਗਰਗ**
**ਪ੍ਰਕਾਸ਼ਕ- ਨਵਰੰਗ ਪਬਲੀਕੇਸ਼ਨ**
**ਮੁੱਲ-200 ਰੁਪਏ**
**ਸੰਪਰਕ-980318966**

ਨਿਰਮਲਾ ਗਰਗ ਲੇਖਿਕਾ ਦੇ ਸਾਹਿਤ ਚ ਯੋਗਦਾਨ ਤੋਂ ਉਹਨਾਂ ਦੀ ਸਾਹਿਤਕ ਖਾਸੀਅਤ ਦਾ ਅੰਦਾਜਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।ਉਹ ਪੰਜਾਬ ਦੇ ਸਿਰਕੱਢ ਅਤੇ ਮਹਾਨ ਕਵੀਸ਼ਰ ਸਵਰਗੀ ਨਸੀਬ ਚੰਦ ਪਾਤੜਾ ਦੀ ਬੇਟੀ ਹਨ।ਸੋ ਸਾਹਿਤਕ ਗੁੜਤੀ ਉਹਨਾਂ ਨੂੰ ਵਿਰਾਸਤ ਚੋਂ ਮਿਲੀ ਹੈ। ਹੱਥਲੀ ਪੁਸਤਕ 'ਵਿਰਸੇ ਦੀ ਖੁਸ਼ਬੋਈ' ਉਹਨਾਂ ਦਾ ਗੀਤਾਂ ਅਤੇ ਕਵਿਤਾਵਾਂ ਦੇ ਗੁਲਦਸਤੇ ਦਾ ਕਾਵਿ ਸੰਗ੍ਰਹਿ ਹੈ।ਉਹਨਾਂ ਦੀ ਇਹ ਪੁਸਤਕ ਨੂੰ ਪੜਦਿਆਂ ਸੱਭਿਆਚਾਰ ਦੀ ਅਸਲ ਤਸਵੀਰ ਮਨ ਚ ਸਿਰਜੀ ਜਾਂਦੀ ਹੈ। ਪਿਆਰ, ਮੁਹੱਬਤ, ਵਿਛੋੜਾ, ਮਿਲਾਪ, ਸੱਭਿਆਚਾਰਕ ਅਤੇ ਪਰਿਵਾਰਕ ਰਿਸ਼ਤਿਆ ਦੀਆਂ ਸਾਂਝਾਂ, ਪਹਿਰਾਵੇ, ਸਮਾਜਿਕ ਅਤੇ ਪਰਿਵਾਰਕ ਗਤੀਵਿਧੀਆਂ ਆਦਿ ਨੂੰ ਲੇਖਿਕਾ ਨੇ ਆਪਣੇ ਗੀਤਾਂ ਦੇ ਵਿਸ਼ੇ ਬਣਾਇਆ ਹੈ।ਸਭ ਤੋਂ ਮੁੱਖ ਗੱਲ ਗੀਤਾਂ ਦੇ ਵਿਸ਼ੇ ਸੱਭਿਆਚਾਰ ਦੇ ਦਾਇਰੇ ਅਤੇ ਬੰਦਸ਼ਾਂ ਦੀ ਗਵਾਹੀ ਭਰਦੇ ਹਨ।ਭੈਣ ਭਰਾ, ਪਤੀ ਪਤਨੀ, ਮਾਮੇ, ਮਾਸੀਆਂ, ਮਾਪਿਆਂ ਦੇ ਪਵਿੱਤਰ ਰਿਸ਼ਤੇ, ਤਿਉਹਾਰ, ਰਸਮਾਂ ਰਿਵਾਜ, ਪੇਂਡੂ ਮਾਹੌਲ, ਸੱਥਾਂ, ਭੱਠੀਆਂ, ਫਸਲਾਂ , ਸਰਹੱਦਾਂ ਤੇ ਲੜਦੇ ਵੀਰ ਜਵਾਨਾਂ ਦੀਆਂ ਗਾਥਾਵਾਂ ਆਦਿ ਨੂੰ ਉਹਨਾਂ ਪਰਮ ਅਗੇਤ ਨਾਲ ਉਭਾਰਿਆ ਹੈ। ਉਹਨਾਂ ਅੰਦਰ ਸਾਹਿਤ ਦੀ ਚਿਣਗ ਸਤਿਕਾਰਯੋਗ ਸਵਰਗੀ ਕਵੀਸ਼ਰ ਬਾਪੂ ਨਸੀਬ ਚੰਦ ਜੀ ਦੇ ਵਿਛੋੜੇ ਦੇ ਸਦਮੇ ਨੇ ਜਗਾਈ ਸੀ ਅਤੇ ਹੱਥਲੀ ਪੁਸਤਕ ਪੁਸਤਕ ਉਹਨਾਂ ਨੂੰ ਹੀ ਸਮਰਪਿਤ ਹੈ। ਉਹਨਾਂ ਦੇ ਗੀਤ ਦਾ ਵਜਨ ਕਦੇ ਡੋਲਦਾ ਨਹੀਂ ਅਤੇ ਸੁਰਤਾਲ ਚ ਬੱਝਿਆ ਹੁੰਦਾ ਹੈ। ਉਹ ਮਾਂ ਬੋਲੀ ਪੰਜਾਬੀ ਅਤੇ ਸੱਭਿਆਚਾਰਕ ਵਿਰਸੇ ਦੀ ਮੁਦੱਈ ਹੈ,ਇਹ ਸਤਰਾਂ ਉਹਦੀ ਸੂਹੀ ਸੋਚ ਦੀ ਗਵਾਹੀ ਦਿੰਦੀਆਂ ਹਨ-




ਸੱਭਿਆਚਾਰ ਹੈ ਗਰਕ ਰਿਹਾ,
ਵਾਰਿਸ ਕਿਉਂ ਮਦਹੋਸ਼ ਹੈ
ਅੱਜ ਜ਼ੱਰਾ ਜ਼ੱਰਾ ਕਣਕ ਰਿਹਾ
ਦੱਸੋ ਕੀਹਦਾ ਦੋਸ਼ ਹੈ

ਉਹਨਾਂ ਆਪਣੀਆਂ ਰਚਨਾਵਾਂ ਚ ਠੇਠ ਪੰਜਾਬੀ ਦੀ ਵਰਤੋਂ ਕਰਕੇ ਜ਼ਿੰਦਗੀ ਦੇ ਹਰ ਪਹਿਲੂ ਨੂੰ ਛੋਹਿਆ ਹੈ।ਉਹ ਦੀ ਆਪਣੀ ਬੁਲੰਦ ਅਤੇ ਸੁਰੀਲੀ ਆਵਾਜ਼ ਚ ਗੀਤ ਮਨ ਨੂੰ ਮੋਹ ਲੈਂਦੇ ਹਨ।'ਵਿਰਸੇ ਦੀ ਖੁਸ਼ਬੋਈ' ਉਹਨਾਂ ਦੂਸਰੀ ਪੁਸਤਕ ਪੰਜਾਬੀ ਸਾਹਿਤ ਦੀ ਝੋਲੀ ਪਾਈ ਹੈ ਅਤੇ ਇਹ ਪੜਨਯੋਗ ਪੁਸਤਕ ਹੈ।ਪੁਸਤਕ ਪੜਦਿਆਂ ਨੀਰਸਤਾ ਨਹੀਂ ਹੁੰਦੀ, ਸਗੋਂ ਦਿਲਚਸਪੀ ਦਾ ਗ੍ਰਾਫ ਵਧਦਾ ਹੀ ਜਾਂਦਾ ਹੈ।ਉਹਨਾਂ ਦੀ ਕਲਮ ਪ੍ਰਤੀ ਦੁਆਵਾਂ ਨਾਲ ਭਵਿੱਖ ਚ ਲੇਖਿਕਾ ਦੇ ਚੰਗੇਰੇ ਭਵਿੱਖ ਅਤੇ ਨਰੋਏ ਸਾਹਿਤ ਦੀ ਉਮੀਦ ਦੀ ਕਾਮਨਾ ਕਰਦੇ ਹਾਂ।

**ਇੰਜੀ ਸਤਨਾਮ ਸਿੰਘ ਮੱਟੂ 91-97797-08257**

## ਕੁਲਫੀ ਵਾਲਾ



ਚੌਰਸ ਜਿਹੇ ਵੱਡੇ ਡੱਬੇ ਨੂੰ,
ਸਾਈਕਲ ਅੱਗੇ ਧਰਿਆ।
ਰੇੜ੍ਹੀ ਵਾਲੇ ਅੰਕਲ ਜੀ ਨੇ,
ਕੁਲਫੀਆਂ ਨਾਲ ਭਰਿਆ।
ਆਪਣਾ ਹੋਕਾ ਦੇਣ ਲਈ,
ਹੱਥ 'ਚ ਹਾਰਨ ਫੜਿਆ।
ਪੌਂ ਪੌਂ ਪੌਂ ਕਰਦਾ ਹੋਇਆ,
ਗਲੀ ਵਿੱਚ ਆ ਵੜਿਆ।
ਉਸਦੀ ਅਵਾਜ਼ ਨੂੰ ਸੁਣਕੇ,
ਆਈ ਬੱਚਿਆਂ ਦੀ ਟੋਲੀ।
ਪੰਜ ਵਾਲੀ,ਦਸ ਵਾਲੀ ਦੇ,
ਉੱਚੀ ਸੁਰ 'ਚ ਜਾਣ ਬੋਲੀ।
ਸਵੇਰ ਤੋਂ ਰਾਤ ਪੈਣ ਤੱਕ,
ਕਿੰਨੇ ਹੀ ਚੱਕਰ ਲਾਉਦਾ।
ਬੇਈਮਾਨੀ ਕਰਦਾ ਨਹੀਂ,
ਭਾਵੇਂ ਘੱਟ ਹੀ ਕਮਾਉਦਾ।
ਕੁਲਫੀ ਦੀ ਰੇਹੜੀ ਵੇਖ ਕੇ,
ਈਸਟਾ ਦੀ ਇੱਛਾ ਹੋਈ,
ਪਾਪਾ ਨੂੰ ਮਨਾਉਣ ਖਾਤਿਰ,
ਉਹ ਝੂਠਾਮੂਠਾ ਜਿਹਾ ਰੋਈ।
ਮੋਹੀ, ਦਿਕਸ਼ੂ ਦੀ ਸੁਣੋ ਗੱਲ,
ਬਜ਼ਾਰੂ ਚੀਜ਼ਾਂ ਦਾ ਛੱਡੋ ਝੱਲ।
ਇਸ 'ਚ ਹੋਣ ਨਕਲੀ ਰੰਗ,
ਬਾਅਦ 'ਚ ਪੇਟ ਹੁੰਦਾ ਤੰਗ।

**- ਚਮਨਦੀਪ ਸ਼ਰਮਾ**
91-95010 33005



## ਗ਼ਜ਼ਲ

ਕੁੱਝ ਤਾਂ ਵੰਡ ਗ਼ਮਾਂ ਦਾ ਭਾਰ ਭਰਾਵਾ,
ਗੱਲੀਂ, ਬਾਤੀਂ ਨਾ ਤੂੰ ਸਾਰ ਭਰਾਵਾ।

ਵਿਹਲੇ ਰਹਿ ਕੇ ਰੋਟੀ ਕਦ ਮਿਲਦੀ ਹੈ,
ਇਹ ਮਿਲਦੀ ਕਰਕੇ ਕੰਮ, ਕਾਰ ਭਰਾਵਾ।

ਜੇ ਯੁਵਕਾਂ ਨੂੰ ਆਪੇ ਰੁਜ਼ਗਾਰ ਮਿਲੇ,
ਉਹ ਕਿਉਂ ਬੈਠਣ ਧਰਨੇ ਮਾਰ ਭਰਾਵਾ?

ਜੋ ਜਨਤਾ ਨੂੰ ਲੁੱਟ ਰਿਹੈ ਸਾਲਾਂ ਤੋਂ,
ਉਹ ਘੁੰਮੇ ਗ਼ਲ 'ਚ ਪਾ ਹਾਰ ਭਰਾਵਾ।

ਉਹ ਬੰਦੇ ਤੋਂ ਅੱਗੇ ਨਿਕਲ ਰਹੀ ਹੈ,
ਹੁਣ ਕਮਜ਼ੋਰ ਰਹੀ ਨਾ ਨਾਰ ਭਰਾਵਾ।

ਨਾ ਮੈਂ ਥੱਕਿਆ, ਨਾ ਅਜੇ ਸੂਰਜ ਡੁੱਬਿਆ,
ਮੈਂ ਕਿਉਂ ਮੰਨਾਂ ਆਪਣੀ ਹਾਰ ਭਰਾਵਾ?

ਉਸ ਨੂੰ ਹਰ ਕੋਈ ਚਾਅ ਨਾ' ਪੜ੍ਹਦਾ ਹੈ,
ਸੱਚ ਲਿਖੇ ਜਿਹੜੀ ਅਖਬਾਰ ਭਰਾਵਾ।

**ਮਹਿੰਦਰ ਸਿੰਘ ਮਾਨ**
91-99158-03554



### ਸਟੇਟ ਅਵਾਰਡੀ ਟੀਚਰ

# ਬਾਲ ਮਨਾਂ ਦਾ ਹਾਣੀ ਅਧਿਆਪਕ -ਜਸਵੀਰ ਸਿੰਘ

ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਮਾਹਿਲਪੁਰ ਨੇੜਲਾ ਪਿੰਡ ਕਹਾਰਪੁਰ ਆਪਣੇ ਅੰਤਰ ਰਾਸ਼ਟਰੀ ਪੱਧਰ ਦੇ ਫੁੱਟਬਾਲਰਾਂ ਕਰਕੇ ਮਸ਼ਹੂਰ ਹੈ। ਇਥੇ ਹੀ ਬਸ ਨਹੀਂ ਇੰਗਲੈਂਡ ਦੀ ਪਾਰਲੀਮੈਂਟ ਦੇ ਪਹਿਲੇ ਪੰਜਾਬੀ ਮੈਂਬਰ ਬਣਨ ਵਾਲੇ ਸਵਰਗਵਾਸੀ ਪਿਆਰਾ ਸਿੰਘ ਖਾਬੜਾ ਵੀ ਇਸੇ ਪਿੰਡ ਦੇ ਜੰਮਪਲ ਸਨ। ਸੰਤ ਬਾਬਾ ਹਰੀ ਸਿੰਘ ਕਹਾਰਪੁਰੀ ਜੀ ਨੇ 1946 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੀ ਸਥਾਪਨਾ ਕਰਕੇ ਇਸ ਇਲਾਕੇ ਨੂੰ ਵਿਦਿਅਕ ਅਤੇ ਖੇਡ ਖੇਤਰ ਵਿਚ ਮਾਲਾ ਮਾਲ ਕਰ ਦਿੱਤਾ। ਅਜਕਲ ਇਥੋਂ ਦਾ ਅਗਾਂਹਵਧੂ ਅਧਿਆਪਕ ਜਸਵੀਰ ਸਿੰਘ ਖਾਬੜਾ ਆਪਣੀ ਮਿਹਨਤ ਤੇ ਲਗਨ ਨਾਲ ਸਿੱਖਿਆ ਜਗਤ ਵਿਚ ਸੰਦਲੀ ਪੈੜਾਂ ਪਾ ਰਿਹਾ ਹੈ।ਉਸਨੂੰ ਜੇ ਚਿੰਤਾ ਹੈ ਤਾਂ ਸਿਰਫ ਸਿਰਫ ਵਿਦਿਆਰਥੀਆਂ ਦੀ।ਘਰ ਦੀ ਫਿਕਰ ਤਾਂ ਉਸਨੇ ਆਪਣੀ ਜੀਵਨ ਸਾਥਣ ਰਾਜਿੰਦਰ ਕੌਰ ਸਿਰ ਪਾਈ ਹੋਈ ਹੈ ਜੋ ਦਿਨ ਰਾਤ ਉਸ ਨਾਲ ਮੋਢਾ ਜੋੜੀ ਤੁਰੀ ਰਹਿੰਦੀ ਹੈ।ਸਕੂਲ ਸਮੇਂ ਤੋਂ ਬਾਅਦ ਉਹ ਦਫ਼ਤਰੀ ਕੰਮਾਂ ਲਈ ਬਲਾਕ ਜਾਂ ਜ਼ਿਲ੍ਹਾ ਦਫਤਰਾਂ ਵਿਚ ਉਚ ਅਧਿਕਾਰੀਆਂ ਸੰਗ ਜੁਟਿਆ ਰਹਿੰਦਾ ਹੈ। ਉਸਦਾ ਕਹਿਣਾ ਹੈ ਕਿ ਉਸਦਾ ਜੀਵਨ ਇਹਨਾਂ ਬੱਚਿਆਂ ਵਾਸਤੇ ਹੈ ਜੋ ਉਸ ਲਈ ਭਵਿੱਖ ਦੇ ਸਿਤਾਰੇ ਹਨ। ਜਸਵੀਰ ਸਿੰਘ ਦੀ ਪੜ੍ਹਾਉਣ ਦੀ ਵਿਧੀ ਜਿਥੇ ਆਧੁਨਿਕ ਹੈ ਉਥੇ ਉਹ ਮਨੋਵਿਗਿਆਨੀ ਵੀ ਹੈ। ਉਹ ਬੱਚੇ ਦੇ ਸਰਬਪੱਖੀ ਵਿਕਾਸ ਲਈ ਸਹਿ-ਵਿਦਿਅਕ ਅਤੇ ਖੇਡ ਗਤੀਵਿਧੀਆਂ ਵਿਚ ਰੁਝਿਆ ਦਿਖਾਈ ਦਿੰਦਾ ਹੈ। ਉਸਦੇ ਸਕੂਲ ਵਿਚ ਗੇੜਾ ਮਾਰੋ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਕਿਸੇ ਸਮਾਰਟ ਸਿਟੀ ਦੇ ਨਿੱਜੀ ਸਕੂਲ ਵਿਚ ਪੁੱਜ ਗਏ ਹੋਈਏ। ਉਸਨੇ ਆਪਣੇ ਸਾਥੀ ਅਧਿਆਪਕਾ ਦੇ ਸਹਿਯੋਗ ਨਾਲ ਸਰਕਾਰੀ ਐਲੀਮੈਂਟਰੀ ਸਕੂਲ ਨੂੰ ਸਭ ਤੋਂ ਅੱਗੇ ਲਿਆਂਦਾ ਤਾਂ ਸਿੱਖਿਆ ਸਕੱਤਰ ਸ਼੍ਰੀ ਕ੍ਰਿਸ਼ਨ ਕੁਮਾਰ ਨੇ ਉਸਦੀ ਪ੍ਰਸੰਸਾ ਕਰਦਿਆਂ ਆਪਣੀ ਫੇਸਬੁੱਕ ਪੇਜ ਸਕੂਲ ਤੇ ਸਕੂਲ ਸ਼ੇਅਰ ਕਰਕੇ ਸਭ ਨੂੰ ਪ੍ਰੇਰਿਤ ਕੀਤਾ। ਇਸ ਤਰ੍ਹਾਂ ਉਹ ਕਈਆਂ ਲਈ ਇਕ ਮਿਸਾਲ ਬਣ ਗਿਆ। ਸਕੂਲ ਸਰਗਰਮੀਆਂ ਦੇ ਨਾਲ ਨਾਲ ਪਿੰਡ ਦੀ ਪ੍ਰਗਤੀ ਲਈ ਵੀ ਸਮਾਜ ਭਲਾਈ ਗਤੀਵਿਧੀਆਂ ਵਿਚ ਮੂਹਰੀ ਭੂਮਿਕਾ ਨਿਭਾਉਂਦਾ ਹੈ। ਉਸਦਾ ਕਹਿਣਾ ਹੈ ਕਿ ਅਧਿਆਪਕ ਸਭ ਵਾਸਤੇ ਹੁੰਦਾ ਹੈ।

ਸਾਲ 1999 ਵਿਚ ਉਹ ਜਦੋਂ ਭੂੰਨੋਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਕਾਲੇਵਾਲ ਲੱਲੀਆਂ ਤੋਂ ਬਦਲੀ ਕਰਵਾ ਪੁੱਜਾ ਤਾਂ ਉਸਦੀ ਤਰਸਯੋਗ ਹਾਲਤ ਦੇਖਕੇ ਉਸਦਾ ਮਨ ਕੰਬ ਉਠਿਆ। ਬਸ ਇਸ ਕਾਂਬੇ ਨੇ ਉਸ ਅੰਦਰ ਇਕ ਨਵੀਂ ਰੂਹ ਫੂਕ ਦਿੱਤੀ। ਉਹ ਆਪਣੀ ਸਾਥਣ ਅਧਿਆਪਕ ਕਰਮਜੀਤ ਕੌਰ ਨੂੰ ਨਾਲ ਲੈ ਪਿੰਡ ਦੇ ਸਰਪੰਚ ਪਰਮਜੀਤ ਸਿੰਘ ਭੂੰਨੋਂ ਨੂੰ ਮਿਲਿਆ ਤਾਂ ਉਹਨਾਂ ਸਾਰਾ ਜ਼ਿੰਮਾ ਚੁੱਕ ਐਨ ਆਰ ਆਈ ਵੀਰਾਂ ਨੂੰ ਸਕੂਲ ਵੱਲ ਤੋਰ ਲਿਆ। ਫਿਰ ਦਿਨਾਂ ਮਹੀਨਿਆਂ ਵਿਚ ਹੀ ਪਿੰਡ ਦੇ ਸਹਿਯੋਗ ਨਾਲ ਸਕੂਲ ਦੀ ਕਾਇਆ ਕਲਪ ਹੋ ਗਈ। ਲੱਖਾਂ ਰੁਪਈਆਂ ਦੀ ਲਾਗਤ ਨਾਲ ਆਧੁਨਿਕ ਇਮਾਰਤ ਵਿਚ ਵੰਨ ਸੁਵੰਨਾਂ ਫਰਨੀਚਰ ਅਤੇ ਆਧੁਨਿਕ ਯੰਤਰ ਮੁਹਈਆ ਕਰ ਦਿੱਤੇ ਗਏ। ਇਸੇ ਮਿਹਨਤ ਦੇ ਨਤੀਜੇ ਵਜੋਂ ਸਕੂਲ ਦਾ ਦਾਖਲਾ ਤੀਹ ਤੋਂ ਵਧਕੇ ਸੱਤਰ ਤੱਕ ਜਾ ਪੁੱਜਾ।ਸਕੂਲ ਦੀ ਐਸੀ ਭੱਲ ਬਣੀ ਕਿ ਆਲੇ ਦੁਆਲੇ ਦੇ ਪਿੰਡਾਂ ਦੇ ਬੱਚੇ ਵੀ ਇਸ ਸਕੂਲ ਦਾਖਲ ਹੋਣ ਲੱਗੇ। ਉਹਨਾਂ ਦੀ ਸਹੂਲਤ ਕਈ ਪਿੰਡ ਵਾਸੀਆਂ ਨੇ ਸਕੂਲ ਵੈਨ ਦਾ ਪ੍ਰਬੰਧ ਕਰ ਦਿੱਤਾ। ਅਧਿਆਪਕ ਬੱਚਿਆਂ ਨੂੰ ਪੜ੍ਹਾਉਣ ਵਿਚ ਜੁਟੇ ਹੋਣ ਕਰਕੇ ਬੱਚੇ ਹਰ ਖੇਤਰ ਵਿਚ ਛਾਲਾਂ ਮਾਰਦੇ ਅੱਗੇ ਵਧ ਰਹੇ ਹਨ।

ਜਸਵੀਰ ਸਿੰਘ ਖਾਬੜਾ ਨੇ ਜਿਥੇ ਇਸ ਸਕੂਲ ਨੂੰ ਬੁਲੰਦੀਆਂ ਤੇ ਪਹੁੰਚਾਇਆ ਤਾਂ ਬਾਅਦ ਵਿਚ ਉਹ ਸਰਕਾਰੀ ਐਲੀਮੈਂਟਰੀ ਸਕੂਲ ਬਾੜੀਆਂ ਵਿਚ ਸੈਂਟਰ ਹੈਡ ਟੀਚਰ ਬਣਕੇ ਪੁੱਜ ਗਏ।ਇਥੇ ਉਹਨਾਂ ਨੇ ਆਪਣੇ ਸਕੂਲ ਨੂੰ ਸੁਆਰਨ ਤੇ ਸ਼ਿੰਗਾਰਨ ਦੇ ਨਾਲ ਬਾਕੀ ਦਸ ਸਕੂਲਾਂ ਦੀ ਬਿਹਤਰੀ ਲਈ ਵੀ ਕਾਰਜ ਕੀਤਾ। ਕੋਵਿਡ ਦੌਰਾਨ ਆਨ ਲਾਈਨ ਪੜ੍ਹਾਈ ਅਤੇ ਜ਼ਿ.ਲ੍ਹਾ ਪ੍ਰਸ਼ਾਸ਼ਨ ਨਾਲ ਮਿਲਕੇ ਕਈ ਮਹੱਤਵਪੂਰਨ ਜ਼ਿੰਮੇਾਰੀਆਂ ਨਿਭਾਈਆਂ।ਬਲਾਕ ਰਿਸੋਰਸ ਪਰਸਨ ਸਮੇਤ ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਵੀ ਆਪਣੀ ਕਲਾਤਮਿਕ ਨੀਤੀਆਂ ਨਾਲ ਬਾਖੂਬੀ ਸਿਰੇ ਚੜ੍ਹਾਇਆ।ਉਹ ਬਾਲ ਮਨੋਵਿਗਿਆਨ ਅਨੁਸਾਰ ਬੱਚੇ ਨਾਲ ਵਿਹਾਰ ਕਰਦਾ ਹੈ ਜਿਸ ਕਰਕੇ ਬੱਚੇ ਅੰਦਰਲੀ ਪ੍ਰਤਿਭਾ ਤੇ ਨਿਖਾਰ ਆਉਂਦਾ ਹੈ।ਬੱਚੇ ਖੇਡਾਂ ਦੇ ਨਾਲ ਨਾਲ ਸਹਿ-ਵਿਦਿਅਕ ਅਤੇ ਖੇਡ ਗਤੀਵਿਧੀਆਂ ਵਿਚ ਜ਼ਿਲ੍ਹਾ ਅਤੇ ਸਟੇਟ ਪੱਧਰ ਤਕ ਮੱਲਾਂ ਮਾਰਦੇ ਹਨ।ਉਹਨਾਂ ਦਾ ਭੰਗੜਾ ਡੀ.ਡੀ. ਪੰਜਾਬੀ ਤੇ ਨੰਨੇ ਉਸਤਾਦ ਪ੍ਰੋਗਰਾਮ ਵਿਚ ਪੇਸ਼ ਹੋ ਚੁੱਕਾ ਹੈ ।ਵਿਭਾਗ ਵਲੋਂ ਚਾਰ ਵਾਰ ਪ੍ਰਸੰਸਾ ਪੱਤਰ ਦਿੱਤੇ ਗਏ। ਜ਼ਿਲ੍ਹਾ ਪ੍ਰਸ਼ਾਸਨ ਵਲੋਂ ਆਜ਼ਾਦੀ ਦਿਵਸ ਤੇ 2022 ਨੂੰ ਸਨਮਾਨਿਤ ਕੀਤਾ ਗਿਆ। ਇਸ ਤਰ੍ਹਾਂ ਅਨੇਕਾਂ ਹੋਰ ਸਨਮਾਨਾਂ ਦੇ ਨਾਲ 5 ਸਤੰਬਰ ਨੂੰ ਉਹ ਰਾਜ ਅਧਿਆਪਕ ਪੁਰਸਕਾਰ ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਸ.ਹਰਜੋਤ ਸਿੰਘ ਬੈਂਸ ਤੋਂ ਹਾਸਲ ਕਰ ਗਿਆ। ਸਭ ਦਾ ਮਾਣ ਸਤਿਕਾਰ ਕਰਨ ਵਾਲੇ ਇਸ ਅਧਿਆਪਕ ਨੇ ਆਪਣੀਆਂ ਸ਼ਾਨਦਾਰ ਗਤੀਵਿਧੀਆਂ ਨਾਲ ਆਪਣੇ ਪਿਤਾ ਸ. ਅਜੀਤ ਸਿੰਘ ਅਤੇ ਬੀਬੀ ਮਹਿੰਦਰ ਕੌਰ ਦਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ ਹੈ। ਉਸਦੇ ਬੇਟੇ ਸੁਖਬੀਰ ਸਿੰਘ ਅਤੇ ਪ੍ਰਭਜੋਤ ਸਿੰਘ ਖਾਬੜਾ ਵੀ ਉਸਦੇ ਪਦ ਚਿੰਨ੍ਹਾਂ ਤੇ ਚੱਲਣ ਲਈ ਯਤਨਸ਼ੀਲ ਹਨ। ਸਰਕਾਰੀ ਸੈਕੰਡਰੀ ਸਕੂਲ ਰਾਮਪੁਰ ਝੰਜੋਵਾਲ ਤੋਂ ਦਸਵੀਂ ਅਤੇ ਖੁਆਸਪੁਰ ਹੀਰਾਂ ਤੋਂ 1995 ਵਿਚ ਈ ਟੀ ਟੀ ਕਰਨ ਉਪਰੰਤ 27 ਸਤੰਬਰ 1995 ਤੋਂ ਸਿੱਖਿਆ ਵਿਭਾਗ ਵਿਚ ਕਾਰਜਸ਼ੀਲ ਹੋ ਗਿਆ।ਹੁਣ ਤਕ ਆਏ ਸਾਲ ਨਵੇਂ ਤਜਰਬਿਆਂ ਨਾਲ ਸਿੱਖਿਆ ਸੰਸਾਰ ਨੂੰ ਆਪਣੀਆਂ ਛੋਹਾਂ ਨਾਲ ਸ਼ਿੰਗਾਰ ਰਿਹਾ ਹੈ।ਉਸਦਾ ਕਹਿਣਾ ਹੈ ਕਿ ਅਧਿਆਪਕ ਨੂੰ ਆਪਣੇ ਗਿਆਨ ਨੂੰ ਸਮੇਂ ਦਾ ਹਾਣੀ ਬਣਾਈ ਰੱਖਣ ਲਈ ਅਖ਼ਬਾਰਾਂ ਰਸਾਲਿਆਂ ਖਾਸ ਕਰ ਬਾਲ ਸਾਹਿਤ ਦਾ ਅਧਿਐਨ ਜ਼ਰੂਰ ਕਰਦੇ ਰਹਿਣਾ ਚਾਹੀਦਾ ਹੈ।2 ਮਈ 1971 ਨੂੰ ਪਿੰਡ ਕਹਾਰਪੁਰ ਵਿਚ ਜਨਮ ਲੈਣ ਵਾਲੇ ਇਸ ਸੈਂਟਰ ਹੈਡ ਟੀਚਰ ਨੇ ਮਾਹਿਲਪੁਰ ਬਲਾਕ 2 ਨੂੰ ਪਹਿਲਾ ਸਟੇਟ ਅਵਾਰਡ ਦਿਵਾ ਕੇ ਸਭ ਦਾ ਮਾਣ ਵਧਾਇਆ ਹੈ।



**ਬਲਜਿੰਦਰ ਮਾਨ**
91-98150-18947

# ਦੇਵ ਪੰਜਾਬੀ ਦੀ ਸਮਾਜਿਕ ਕੁਰੀਤੀਆਂ 'ਤੇ ਬਣ ਰਹੀ ਪੰਜਾਬੀ ਫਿਲਮ 'ਹਾਏ ਓਏ ਰੱਬਾ' ਖੂਬ ਤਰਥੱਲੀਆਂ ਮਚਾਏਗੀ

**ਚੰਡੀਗੜ, (ਪ੍ਰੀਤਮ ਲੁਧਿਆਣਵੀ)-** ਅਨੇਕਾਂ ਟੈਲੀ ਫਿਲਮਾਂ ਅਤੇ ਸੀਰੀਅਲਾਂ ਵਿਚ ਐਕਟਰ, ਡਾਇਰੈਕਟਰ, ਲੇਖਕ ਤੇ ਗਾਇਕ ਦੇ ਤੌਰ ਤੇ ਆਪਣੀਆਂ ਵੱਖ-ਵੱਖ ਕਲਾਵਾਂ ਦਾ ਲੋਹਾ ਮੰਨਵਾ ਚੁੱਕਾ ਦੇਵ ਪੰਜਾਬੀ ਸਮਾਜਿਕ ਕੁਰੀਤੀਆਂ 'ਤੇ ਬਣ ਰਹੀ ਪੰਜਾਬੀ ਫਿਲਮ 'ਹਾਏ ਓਏ ਰੱਬਾ' ਨੂੰ ਨੇਪਰੇ ਚਾੜਨ ਲਈ ਪੱਬਾਂ ਭਾਰ ਹੋ ਕੇ ਮਿਹਨਤ ਕਰ ਰਿਹਾ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੇਵ ਪੰਜਾਬੀ ਨੇ ਦੱਸਿਆ ਕਿ 'ਹਾਏ ਓਏ ਰੱਬਾ' ਵੱਖ-ਵੱਖ ਪਰਿਵਾਰਾਂ ਦੀ ਕਹਾਣੀ ਬਿਆਨ ਕਰਦੀ ਫਿਲਮ ਹੈ। ਇਸ ਫਿਲਮ ਦੇ ਬਹੁਤ ਹੀ ਨਾਮਵਰ ਲੇਖਕ ਗੁਰਦੇਵ ਸਿੰਘ ਘਾਰੂ ਥਾਦੇ ਵਾਲ ਜੀ ਹਨ, ਜਿਨਾਂ ਦੀਆਂ ਕਹਾਣੀਆਂ ਤੇ ਗੀਤ ਕਿਤਾਬਾਂ ਤੇ ਅਖਬਾਰਾਂ ਵਿੱਚ ਆਮ ਛਪਦੇ ਹੀ ਰਹਿੰਦੇ ਹਨ। ਜ਼ਿਕਰ ਯੋਗ ਹੈ ਕਿ ਕਰੋਨਾ ਵਰਗੀ ਬਿਮਾਰੀ ਸਮੇਂ ਦੀ ਇਹ ਸਟੋਰੀ ਵੱਖ-ਵੱਖ ਪਰਿਵਾਰਾਂ ਵਿੱਚ ਹੁੰਦੀ ਹੋਈ ਪੰਚਾਇਤਾਂ, ਦਲਾਲਾਂ, ਥਾਣਿਆਂ ਤੇ ਕਚਹਿਰੀਆਂ ਵੱਲ ਨੂੰ ਮੋੜ ਕੱਟਦੀ ਕੱਟਦੀ ਕਿਸੇ ਦੀ ਮੌਤ ਦਾ ਕਾਰਨ ਕਿਵੇਂ ਬਣਦੀ ਹੈ, ਬਾਰੇ ਬਿਆਨ ਕਰਦਿਆਂ ਡਾਇਰੈਕਟਰ ਦੇਵ ਪੰਜਾਬੀ ਨੇ ਬਹੁਤ ਹੀ ਸੋਹਣੇ ਤਰੀਕੇ ਨਾਲ ਇਸਦਾ ਫਿਲਮਾਂਕਣ ਕੀਤਾ ਹੈ। ਇਸ ਫਿਲਮ ਦੀ ਸ਼ੂਟਿੰਗ ਚੱਕ ਸਹੂਲੇ ਵਾਲਾ ਤੇ ਚੱਕ ਜਾਨੀਸਰ ਆਦਿ ਵੱਖ ਵੱਖ ਲੁਕੇਸ਼ਨਾ 'ਤੇ ਚੱਲ ਰਹੀ ਹੈ।





ਇਸ ਫਿਲਮ ਵਿੱਚ ਹੀਰੋਇਨ ਪਰੀਤ ਕੌਰ ਉਹਨਾਂ ਦੇ ਨਾਲ ਭੋਲਾ ਖਨੂਨ ਕਲਾਂ, ਦੇਵ ਪੰਜਾਬੀ, ਡਾ। ਗੁਰਵਿੰਦਰ ਕੌਰ ਪਰੀਤ ਵਧਾਈਆਂ, ਭੋਲਾ ਲਾਇਲਪੁਰੀਆ, ਬਿੰਦਰ ਚੱਕ ਸਹੂਲੇ ਵਾਲਾ, ਜਸਵਿੰਦਰ ਕੰਡਿਆਰਾ, ਪੱਪੀ ਲਹਿਰੀ, ਰਜਿੰਦਰ ਰਾਏ ਤੇ ਹੋਰ ਵੀ ਬਹੁਤ ਚਿਹਰੇ ਨਜ਼ਰ ਆਉਣਗੇ। ਇਸ ਵਿਚ ਕੈਮਰਾਮੈਨ ਚੋਪੜਾ ਸਾਦਿਕ, ਪ੍ਰੋਡਿਊਸਰ ਸੰਜੇ ਮਲਹੋਤਰਾ, ਮੇਕਅੱਪਮੈਨ ਆਸ਼ੂ ਕੋਟਕਪੂਰਾ ਦੀ ਭੂਮਿਕਾ ਵੀ ਸਲਾਹੁਣਯੋਗ ਰਹੀ ਹੈ, ਜਿਨਾਂ ਦਾ ਇਸ ਫਿਲਮ ਲਈ ਖਾਸ ਸਹਿਯੋਗ ਰਿਹਾ।

## ਕਵਿਤਾ

ਤੁਸੀ ਕਵਿਤਾ ਲਿਖਦੇ ਹੋ
ਅਸੀ ਪੜ੍ਹਦੇ ਹਾਂ
ਤੁਸੀ ਲਿਖੀ ਜਾਓ
ਅਸੀ ਪੜ੍ਹੀ ਜਾਵਾਂਗੇ
ਕਵਿਤਾਵਾਂ ਸਾਡੇ ਲਈ
ਦਿਸ਼ਾ ਸੂਚਕ ਹੁੰਦੀਆਂ ਹਨ
ਕਵਿਤਾਵਾਂ ਸਾਡੇ ਖ਼ਿਆਲਾਂ ਦੀ
ਖੜੋਤ ਤੋੜਦੀਆਂ ਹਨ
ਇਹ ਸਾਨੂੰ ਉਚਾ ਹੋਰ ਉਚਾ
ਉਡਾਉਂਦੀਆਂ ਹਨ
ਕਵਿਤਾਵਾਂ ਸਾਡੇ ਲਈ
ਚਾਨਣ ਮੁਨਾਰੇ ਹੁੰਦੀਆਂ ਹਨ
ਜਿਨਾ ਦੇ ਆਸਰੇ ਅਸੀ ਤੁਰਦੇ ਹਾਂ
ਕਵਿਤਾਵਾਂ ਸਾਡੇ ਦਿਲੋ ਦਿਮਾਗ ਨੂੰ
ਸਕੂਨ ਦਿੰਦੀਆਂ ਹਨ
ਭਟਕਦੇ ਮਨਾ ਨੂੰ ਸ਼ਾਂਤ ਕਰਦੀਆਂ ਹਨ
ਕਵਿਤਾਵਾਂ ਨਿੱਕੀ ਚੀਜ਼ ਨਹੀ ਹੁੰਦੀਆਂ
ਵੱਡੀਆਂ ਹੁੰਦੀਆਂ ਬਹੁਤ ਵੱਡੀਆਂ

**-ਰਘਵੀਰ ਸਿੰਘ ਟੇਰਕਿਆਨਾ ਐਡਵੋਕੇਟ**
91- 98141-73402


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com




## ਗੁਰੂ ਅਮਰਦਾਸ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

# 'ਪਹਿਲਾਂ ਪੰਗਤ ਤੇ ਫਿਰ ਸੰਗਤ'- ਮਨੁੱਖੀ ਸਮਾਜਿਕ ਬਰਾਬਰੀ ਦਾ ਪ੍ਰਤੀਕ

ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਐਤਵਾਰ 23 ਮਈ, 1479 ਈਸਵੀ ਨੂੰ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ 'ਚ ਹੋਇਆ। ਉਹ ਸ੍ਰੀ ਤੇਜ ਭਾਨ ਜੀ ਦੇ ਸਭ ਤੋਂ ਵੱਡੇ ਪੁੱਤਰ ਸਨ। ਉਹਨਾਂ ਦੇ ਪਿਤਾ ਜੀ ਖੇਤੀਬਾੜੀ ਕਰਨ ਦੇ ਨਾਲ ਵਿਉਪਾਰ ਵੀ ਕਰਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਜਦੋਂ ਵੱਡੇ ਹੋਏ ਤੇ ਉਹਨਾਂ ਦਾ ਵਿਆਹ ਬੀਬੀ ਮਨਸਾ ਦੇਵੀ ਜੀ ਨਾਲ ਕਰ ਦਿੱਤਾ। ਉਹਨਾਂ ਦੇ ਘਰ ਦੋ ਪੁੱਤਰਾਂ ਭਾਈ ਮੋਹਰੀ ਤੇ ਭਾਈ ਮੋਹਨ ਤੇ ਦੋ ਪੁੱਤਰੀਆਂ ਬੀਬੀ ਦਾਨੀ ਤੇ ਬੀਬੀ ਭਾਨੀ ਜੀ ਨੇ ਜਨਮ ਲਿਆ। ਇਹ ਸਾਰਾ ਪਰਿਵਾਰ ਹਿੰਦੂ ਵੈਸ਼ਨਵ ਧਰਮ 'ਚ ਅਟੁੱਟ ਵਿਸ਼ਵਾਸ ਰੱਖਦਾ ਸੀ। ਗੁਰੂ ਜੀ ਨੇ ਗੁਰਮਤਿ 'ਚ ਆਉਣ ਤੋਂ ਪਹਿਲਾਂ ਆਪਣੇ ਜੀਵਨ ਦਾ ਬਹੁਤ ਵੱਡਾ ਹਿੱਸਾ ਹਿੰਦੂ ਰੀਤੀ ਰਿਵਾਜਾਂ 'ਚ ਲੰਘਾਇਆ। ਉਹ ਪੂਰੇ ਕਰਮਕਾਂਡੀ, ਆਪਣੇ ਹਿੰਦੂ ਧਰਮ 'ਚ ਪੂਰੀ ਸ਼ਰਧਾ, ਹਿੰਦੂ ਧਾਰਮਿਕ ਸਥਾਨਾਂ ਦੀ ਯਾਤਰਾ 'ਤੇ ਜਾਣਾ, ਉਥੇ ਇਸ਼ਨਾਨ ਕਰਨਾ ਤੇ ਵਰਤ ਆਦਿ ਰੱਖਣ 'ਚ ਪੂਰੀ ਸ਼ਰਧਾ ਰੱਖਦੇ ਸਨ। ਇਹ ਕਰਮ ਉਹਨਾਂ ਨੇ ਉਦੋਂ ਤੱਕ ਜਾਰੀ ਰੱਖਿਆ, ਜਿੰਨਾ ਚਿਰ ਉਹ ਸਿੱਖ ਧਰਮ ਦੇ ਦੂਸਰੇ ਗੁਰੂ ਸ੍ਰੀ ਅੰਗਦ ਦੇਵ ਜੀ ਨੂੰ ਨਹੀਂ ਮਿਲੇ ਸਨ। ਸਿੱਖ ਧਰਮ ਦੇ ਦੂਸਰੇ ਗੁਰੂ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮਿਲਣ 'ਤੇ ਉਹ ਸਿੱਖ ਧਰਮ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਹਨਾਂ ਨੇ ਸਿੱਖ ਧਰਮ ਅਪਣਾ ਲਿਆ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੋਤੀ-ਜੋਤ ਸਮਾਉਣ ਉਪਰੰਤ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਤੀਸਰੇ ਜਾਨਸ਼ੀਨ ਬਣੇ ਤੇ ਉਸ ਸਮੇਂ ਉਹਨਾਂ ਦੀ ਉਮਰ 73 ਸਾਲ ਦੀ ਸੀ।

ਥੋੜ੍ਹੇ ਸਮੇਂ ਬਾਅਦ ਗੁਰਗੱਦੀ 'ਤੇ ਬਿਰਾਜਮਾਨ ਹੋਣ ਉਪਰੰਤ ਨਵੇਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਗੋਇੰਦਵਾਲ ਸਾਹਿਬ ਵਿਖੇ ਬੜੀ ਵੱਡੀ ਗਿਣਤੀ 'ਚ ਸ਼ਰਧਾਲੂਆਂ ਦੀ ਭੀੜ ਲੱਗਣ ਲੱਗ ਪਈ। ਭਾਈ ਦਾਤੂ ਜੀ ਜਿਹੜੇ ਕਿ ਦੂਸਰੇ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਸਨ, ਨੇ ਆਪਣੇ ਪਿਤਾ ਜੀ ਦੇ ਜੋਤੀ-ਜੋਤ ਸਮਾਉਣ ਉਪਰੰਤ ਖਡੂਰ ਸਾਹਿਬ ਵਿਖੇ ਆਪਣੇ ਆਪ ਨੂੰ, ਆਪਣੇ ਪਿਤਾ ਜੀ ਦੀ ਗੱਦੀ ਦੇ ਵਾਰਸ ਐਲਾਨ ਕਰ ਦਿੱਤਾ ਤੇ ਆਪਣੇ ਆਪ ਨੂੰ ਗੁਰੂ ਕਹਿਲਾਉਣ ਲੱਗ ਪਏ। ਉਸ ਨੂੰ ਗੁਰੂ ਅਮਰਦਾਸ ਜੀ ਨਾਲ ਬੜੀ ਈਰਖਾ ਸੀ ਕਿ ਉਹਨਾਂ ਨੂੰ ਗੁਰਗੱਦੀ ਕਿਉਂ ਦਿੱਤੀ ਗਈ ਹੈ, ਜਦੋਂ ਕਿ ਇਸ ਗੱਦੀ ਦਾ ਮੈਂ ਅਸਲੀ ਵਾਰਸ ਹਾਂ। ਉਹ ਗੁਰੂ ਅਮਰਦਾਸ ਜੀ ਦੀ ਵਿਰੋਧਤਾ ਤੇ ਉਹਨਾਂ ਨਾਲ ਟੱਕਰ ਲੈਣ ਲਈ ਗੋਇੰਦਵਾਲ ਸਾਹਿਬ ਵਿਖੇ ਆ ਗਏ। ਜਦੋਂ ਉਸ ਨੇ ਦੇਖਿਆ ਕਿ ਗੁਰੂ ਅਮਰਦਾਸ ਜੀ ਗੱਦੀ 'ਤੇ ਬਿਰਾਜਮਾਨ ਹਨ ਤੇ ਉਹਨਾਂ ਦੇ ਗਿਰਦ ਵੱਡੀ ਗਿਣਤੀ 'ਚ ਉਹਨਾਂ ਦੇ ਸ਼ਰਧਾਲੂ ਪਾਸ ਬੈਠੇ ਹਨ ਤਾਂ ਉਸ ਨੇ ਕਿਹਾ ''ਤੁਸੀਂ ਕੱਲ੍ਹ ਅਜੇ ਸਾਡੇ ਮਾਮੂਲੀ ਘਰੇਲੂ ਨੌਕਰ ਸੀ ਤੁਸੀਂ ਇਹ ਜੁੱਰਤ ਆਪਣੇ ਆਪ ਕਿਵੇਂ ਕਰ ਲਈ ਕਿ ਤੁਸੀਂ ਇਸ ਗੱਦੀ ਦੇ ਮਾਲਕ ਹੋ?'' ਇਹ ਸ਼ਬਦ ਕਹਿ ਕੇ ਉਹ ਅੱਗੇ ਵਧਿਆ ਤੇ ਉਸ ਨੇ ਬਜ਼ੁਰਗ ਅਵਸਥਾ 'ਚ ਬਣੇ ਗੁਰੂ ਅਮਰ ਦਾਸ ਜੀ ਦਾ ਸਨਮਾਨ ਕਰਨ ਦੀ ਥਾਂ ਉਹਨਾਂ ਦੇ ਆਪਣੇ ਪੈਰ ਦੀ ਬੜੇ ਜ਼ੋਰ ਨਾਲ ਠੁੱਡ ਮਾਰ ਦਿੱਤੀ ਅਤੇ ਉਹਨਾਂ ਨੂੰ ਗੁਰਗੱਦੀ ਤੋਂ ਨੀਚੇ ਸੁੱਟ ਦਿੱਤਾ। ਗੁਰੂ ਅਮਰ ਦਾਸ ਜੀ ਬਿਲਕੁਲ ਸ਼ਾਂਤਚਿੱਤ ਰਹੇ ਤੇ ਭਾਈ ਦਾਤੂ ਜੀ ਦੀ ਠੁੱਡ ਖਾਣ ਉਪਰੰਤ ਵੀ ਬੜੀ ਨਿਮਰਤਾ ਨਾਲ ਬੋਲੇ, 'ਮੈਂ ਬਜ਼ੁਰਗ ਅਵਸਥਾ 'ਚ ਹਾਂ, ਮੇਰੀਆਂ ਹੱਡੀਆਂ ਬੜੀਆਂ ਸਖ਼ਤ ਹਨ ਕਿਤੇ ਤੁਹਾਡੇ, ਮੇਰੇ ਠੁੱਡ ਮਾਰਨ ਨਾਲ ਸੱਟ ਤਾਂ ਨਹੀਂ ਲੱਗੀ?' ਭਾਈ ਦਾਤੂ ਨੇ ਅਗਲੇ ਸ਼ਬਦ ਫਿਰ ਗੁਰੂ ਅਮਰ ਦਾਸ ਜੀ ਨੂੰ ਸੰਬੋਧਨ ਕਰਕੇ ਕਹੇ ਕਿ 'ਤੁਸੀਂ ਗੋਇੰਦਵਾਲ ਸਾਹਿਬ ਤੋਂ ਚਲੇ ਜਾਵੋ।' ਗੁਰੂ ਅਮਰਦਾਸ ਜੀ ਉਸੇ ਦਿਨ ਸ਼ਾਮ ਨੂੰ ਗੋਇੰਦਵਾਲ ਛੱਡ ਕੇ ਆਪਣੇ ਜੱਦੀ ਪਿੰਡ ਬਾਸਰਕੇ ਆ ਗਏ।

ਇੱਥੇ ਆ ਕੇ ਗੁਰੂ ਅਮਰਦਾਸ ਜੀ ਇਕ ਛੋਟੇ ਜਿਹੇ ਮਕਾਨ 'ਚ ਰਹਿਣ ਲੱਗ ਪਏ ਤੇ ਉਸ ਮਕਾਨ ਦਾ ਮੁੱਖ ਦੁਆਰ ਅੰਦਰੋਂ ਬੰਦ ਕਰ ਲਿਆ ਤਾਂ ਕਿ ਉਹ ਇਕੱਲੇ ਸ਼ਾਂਤਚਿੱਤ ਹੋ ਕੇ ਪ੍ਰਭੂ ਭਗਤੀ ਕਰ ਸਕਣ। ਉਨ੍ਹਾਂ ਨੇ ਘਰ ਦੇ ਮੁੱਖ ਦੁਆਰ ਅੱਗੇ ਲਿਖ ਕੇ ਇਕ ਨੋਟਿਸ ਲਾ ਦਿੱਤਾ ਕਿ, "ਜਿਹੜਾ ਵੀ ਆਦਮੀ ਇਸ ਦਰਵਾਜੇ ਨੂੰ ਖੋਲ੍ਹੇਗਾ ਉਹ ਮੇਰਾ ਸਿੱਖ ਨਹੀਂ ਹੈ ਤੇ ਨਾ ਹੀ ਮੈਂ ਉਸ ਦਾ ਗੁਰੂ ਹਾਂ।'' ਗੋਇੰਦਵਾਲ ਸਾਹਿਬ ਤੋਂ ਬਾਬਾ ਬੁੱਢਾ ਜੀ ਦੀ ਅਗਵਾਈ 'ਚ ਗੁਰੂ ਜੀ ਦੇ ਕੁਝ ਪ੍ਰਮੁੱਖ ਸ਼ਰਧਾਲੂ ਤੇ ਵਫ਼ਾਦਾਰ ਸਿੱਖ ਉਨ੍ਹਾਂ ਨੂੰ ਮਿਲਣ ਲਈ ਆਏ ਤੇ ਉਨ੍ਹਾਂ ਨੇ ਉਹ ਘਰ ਲੱਭ ਲਿਆ, ਜਿੱਥੇ ਗੁਰੂ ਜੀ ਰਹਿੰਦੇ ਸਨ ਤੇ ਉਹਨਾਂ ਨੇ ਦੇਖਿਆ ਕਿ ਘਰ ਦੇ ਬਾਹਰ ਉਕਤ ਦੱਸੇ ਗਏ, ਗੁਰੂ ਸਾਹਿਬ ਦੇ ਸ਼ਬਦ ਇਕ ਨੋਟਿਸ ਦੇ ਰੂਪ 'ਚ ਲਿਖ ਕੇ ਚਿਪਕਾਏ ਹੋਏ ਸਨ। ਉਨ੍ਹਾਂ ਨੇ ਘਰ ਦਾ ਮੁੱਖ ਦੁਆਰ ਖੋਲ੍ਹਣ ਦੀ ਬਜਾਏ ਉਸ ਘਰ ਦੇ ਪਿਛਵਾੜਿਓਂ ਦੀਵਾਰ 'ਚ ਸੁਰਾਖ ਕਰਕੇ ਗੁਰੂ ਜੀ ਨੂੰ ਮਿਲਣ ਲਈ ਇਕ-ਇਕ ਕਰਕੇ ਅੰਦਰ ਚਲੇ ਗਏ। ਗੁਰੂ ਜੀ ਆਪਣੀ ਪ੍ਰਭੂ ਭਗਤੀ 'ਚ ਮਗਨ ਸਨ ਤੇ ਜਦੋਂ ਉਨ੍ਹਾਂ ਨੇ ਸਮਾਧੀ ਅਵਸਥਾ ਤੋਂ ਮੁਕਤ ਹੋ ਕੇ ਦੇਖਿਆ ਕਿ ਬਾਬਾ ਬੁੱਢਾ ਜੀ ਤੇ ਉਹਨਾਂ ਦੇ ਦੂਸਰੇ ਸ਼ਰਧਾਲੂ ਸਿੱਖ ਉਨ੍ਹਾਂ ਦੇ ਗਿਰਦ ਬੈਠੇ ਹਨ ਤਾਂ ਗੁਰੂ ਜੀ ਨੇ ਸੰਗਤ ਨੂੰ ਪ੍ਰਸ਼ਨ ਕੀਤਾ ਕਿ ਤੁਸੀਂ ਬਾਹਰ ਦਰਵਾਜ਼ੇ 'ਤੇ ਲਿਖਿਆ ਪੜ੍ਹਿਆ ਨਹੀਂ ਤਾਂ ਸੰਗਤ ਨੇ ਉੱਤਰ ਦਿੱਤਾ ਕਿ ਗੁਰੂ ਜੀ ਅਸੀਂ ਤਾਂ ਬਾਹਰ ਵਾਲੇ ਮੁੱਖ ਦਰਵਾਜ਼ੇ ਤੋਂ ਅੰਦਰ ਹੀ ਨਹੀਂ ਆਏ। ਅਸੀਂ ਤਾਂ ਘਰ ਦੀ ਪਿਛਲੀ ਦੀਵਾਰ 'ਚ ਛੇਕ ਕਰਕੇ ਅੰਦਰ ਆਏ ਹਾਂ। ਇਹ ਸੁਣ ਕੇ ਉਦਾਰਤਾ ਦੇ ਪੁੰਜ ਗੁਰੂ ਜੀ ਨੇ ਸਭ ਸੰਗਤ ਨੂੰ ਮੁਸਕਰਾ ਕੇ ਮੁਆਫ਼ ਕਰ ਦਿੱਤਾ ਤੇ ਸੰਗਤ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਉਹ ਫਿਰ ਗੋਇੰਦਵਾਲ ਸਾਹਿਬ ਵਿਖੇ ਆ ਗਏ। ਇੱਥੇ ਭਾਈ ਦਾਤੂ ਜੀ ਆਪਣੇ ਸ਼ਰਧਾਲੂਆਂ ਨੂੰ ਇਕੱਤਰ ਕਰਨ 'ਚ ਬਹੁਤ ਬੁਰੀ ਤਰ੍ਹਾਂ ਅਸਫਲ ਰਹੇ ਤੇ ਉਹ ਵਾਪਸ ਖਡੂਰ ਸਾਹਿਬ ਪਰਤ ਗਏ।

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਪਹੁੰਚ ਕੇ ਮੁਫ਼ਤ ਲੰਗਰ ਪ੍ਰਥਾ ਸ਼ੁਰੂ ਕੀਤੀ ਜਿਹੜੀ ਕਿ ਸੰਗਤ ਦੇ ਚੜ੍ਹਾਵੇ ਨਾਲ ਦਿਨ-ਰਾਤ ਚੱਲਦੀ ਸੀ। ਇਹ ਲੰਗਰ ਬਹੁਤ ਹੀ ਵਧੀਆ ਹੁੰਦਾ ਸੀ ਤੇ ਇਸ ਨੂੰ ਕਿਸੇ ਵੀ ਪੱਖੋਂ ਹਲਕਾ-ਫੁਲਕਾ ਜਾਂ ਨੀਵੇਂ ਪੱਧਰ ਦਾ ਲੰਗਰ ਨਹੀਂ ਆਖਿਆ ਜਾ ਸਕਦਾ ਸੀ, ਪ੍ਰੰਤੂ ਗੁਰੂ ਅਮਰਦਾਸ ਜੀ ਆਪ ਸਿਰਫ਼ ਬਿਲਕੁਲ ਸਾਦਾ ਭੋਜਨ ਹੀ ਖਾਂਦੇ ਸਨ। ਗੁਰੂ ਜੀ ਖੁਦ, ਨਿੱਜੀ ਤੌਰ 'ਤੇ ਦੁਖੀਆਂ, ਬਿਮਾਰਾਂ, ਬੁੱਢਿਆਂ ਤੇ ਗਰੀਬ ਲੋਕਾਂ ਨੂੰ ਮਿਲਣ ਲਈ ਜ਼ਿਆਦਾ ਸਮਾਂ ਦਿੰਦੇ ਸਨ ਤਾਂ ਕਿ ਉਹਨਾਂ ਦੀਆਂ ਤਕਲੀਫ਼ਾਂ ਨੂੰ ਦੂਰ ਕੀਤਾ ਜਾ ਸਕੇ। ਗੁਰੂ ਅਮਰਦਾਸ ਜੀ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਮੈਨੂੰ ਮਿਲਣ ਆਉਣ ਤੋਂ ਪਹਿਲਾਂ ਇੱਥੇ ਆਉਣ ਵਾਲਾ ਹਰ ਵਿਅਕਤੀ, ਪਹਿਲਾਂ ਲੰਗਰ ਛਕੇਗਾ ਤੇ ਉਸ ਤੋਂ ਬਾਅਦ ਉਹ ਸੰਗਤ ਵਿਚ ਆਏਗਾ ਭਾਵ 'ਪਹਿਲਾਂ ਪੰਗਤ ਤੇ ਫਿਰ ਸੰਗਤ'। ਇਕ ਵਾਰ ਹਰੀਪੁਰ ਦੇ ਰਾਜਾ ਆਪਣੇ ਪਰਿਵਾਰ ਸਮੇਤ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਉਹ ਬਿਨਾਂ ਜਾਤ-ਪਾਤ ਦੇ ਭਿੰਨ ਭੇਦ ਦੇ ਪਹਿਲਾਂ ਪੰਕਤ 'ਚ ਬੈਠ ਕੇ ਲੰਗਰ ਛਕੇ ਤੇ ਉਸ ਤੋਂ ਬਾਅਦ ਉਹ ਮੈਨੂੰ ਮਿਲੇ। ਰਾਜੇ ਨੇ ਆਪਣੇ ਦੂਸਰੇ ਸਾਥੀਆਂ ਸਮੇਤ ਪੰਗਤ 'ਚ ਬੈਠ ਕੇ ਭੋਜਨ ਛਕਿਆ ਤੇ ਉਸ ਤੋਂ ਬਾਅਦ ਉਹ ਗੁਰੂ ਜੀ ਦੇ ਦਰਸ਼ਨਾਂ ਨੂੰ ਗਏ ਪਰ ਉਸ ਦੀ ਪਤਨੀ ਨੇ ਆਪਣੇ ਚਿਹਰੇ ਤੋਂ ਘੁੰਗਟ ਹਟਾਉਣ ਤੋਂ ਇਨਕਾਰ ਕਰ ਦਿੱਤਾ ਤੇ ਗੁਰੂ ਅਮਰਦਾਸ ਜੀ ਨੇ ਉਸ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਗੁਰੂ ਜੀ ਨੇ ਸਿਰਫ਼ ਮਾਨਵ ਨੂੰ ਸਮਾਜਿਕ ਬਰਾਬਰੀ ਹੀ ਨਹੀਂ ਦਿੱਤੀ ਸਗੋਂ ਸਮਾਜ 'ਚ ਔਰਤ ਦੇ ਰੁਤਬੇ ਨੂੰ ਵੀ ਮਾਨਵ ਦੇ ਰੁਤਬੇ ਦੀ ਬਰਾਬਰ ਦਰਜਾ ਦਿੱਤਾ। ਗੁਰੂ ਜੀ ਨੇ ਔਰਤ ਦੇ ਮੂੰਹ 'ਤੇ ਪਰਦਾ ਕਰਨ ਨੂੰ ਇਕ ਸਮਾਜਿਕ ਕੁਰੀਤੀ ਦੱਸ ਕੇ ਔਰਤ ਦੇ ਪਤੀ ਦੀ ਮੌਤ ਹੋ ਜਾਣ 'ਤੇ ਉਸ ਦੇ ਸਤੀ ਹੋਣ ਦੀ ਰਸਮ ਨੂੰ ਬੰਦ ਕਰਨ ਦਾ ਆਦੇਸ਼ ਦਿੱਤਾ ਤੇ ਇਸ ਦੇ ਨਾਲ ਹੀ ਵਿਧਵਾ ਔਰਤ ਨੂੰ ਦੂਸਰੀ ਸ਼ਾਦੀ ਕਰਕੇ ਆਪਣਾ ਜੀਵਨ ਸਾਥੀ ਚੁਣ ਕੇ ਬਾਕੀ ਦੀ ਜ਼ਿੰਦਗੀ ਜਿਊਣ ਦਾ ਅਧਿਕਾਰ ਵੀ ਦਿੱਤਾ।

ਗੁਰੂ ਅਮਰਦਾਸ ਜੀ ਨੇ ਬੜੀ ਜੋਰ-ਸ਼ੋਰ ਨਾਲ ਗੋਇੰਦਵਾਲ ਸਾਹਿਬ ਵਿਖੇ ਸਿੱਖ ਧਰਮ ਦਾ ਪ੍ਰਚਾਰ ਕੀਤਾ ਤੇ ਉਨ੍ਹਾਂ ਕੋਲ ਕੀ ਹਿੰਦੂ ਤੇ ਕੀ ਮੁਸਲਮਾਨ ਸਭ ਧਰਮਾਂ ਦੇ ਲੋਕ ਉਹਨਾਂ ਦੇ ਸ਼ਰਧਾਲੂ ਬਣ ਗਏ ਤੇ ਗੁਰੂ ਸਾਹਿਬ ਤੋਂ ਰੂਹਾਨੀਅਤ ਦੀ ਸਿੱਖਿਆ ਲੈਣ ਲਈ ਹੁੰਮ-ਹੁੰਮਾ ਕੇ ਆਉਂਦੇ ਤੇ ਇਸ ਤਰ੍ਹਾਂ ਥੋੜ੍ਹੇ ਹੀ ਸਮੇਂ 'ਚ ਗੋਇੰਦਵਾਲ ਸਾਹਿਬ ਵਿਖੇ ਗੁਰੂ ਸਾਹਿਬ ਦੇ ਸ਼ਰਧਾਲੂਆਂ ਦਾ ਇਕ ਵਿਸ਼ਾਲ ਇਕੱਠ ਜੁੜਨ ਲੱਗ ਪਿਆ। ਇਕ ਵਾਰ ਜਦੋਂ ਮਜ਼ਹਬੀ ਆਧਾਰ 'ਤੇ ਉਥੇ ਦੇ ਲੋਕਾਂ ਦੇ ਤਿੰਨ ਧੜੇ ਬਣ ਗਏ ਤਾਂ ਉਹਨਾਂ ਦੇ ਆਪਸੀ ਟਕਰਾਅ ਦਾ ਖਤਰਾ ਬਣ ਗਿਆ ਸੀ ਤਾਂ ਗੁਰੂ ਸਾਹਿਬ ਨੇ ਆਪਣੇ ਸਿੱਖ ਸ਼ਰਧਾਲੂਆਂ ਨੂੰ ਹਦਾਇਤ ਕੀਤੀ ਕਿ, 'ਪ੍ਰਮਾਤਮਾ ਦੇ ਘਰ 'ਚ ਇਨਸਾਫ ਜ਼ਰੂਰ ਮਿਲਦਾ ਹੈ, ਇਹ ਸਿਰਫ਼ ਵਕਤੀ ਤੌਰ 'ਤੇ ਮੁਸੀਬਤ ਹੈ। ਭੋਲੇ-ਭਾਲੇ ਲੋਕਾਂ ਦਾ ਸਬਰ, ਸੰਤੋਖ ਤੇ ਸ਼ਾਂਤੀ ਦਾ ਹਥਿਆਰ ਹੀ ਸਦਾ ਉਹਨਾਂ ਦੀ ਸਫਲਤਾ ਪ੍ਰਾਪਤੀ 'ਚ ਕੰਮ ਆਉਂਦਾ ਹੈ ਤੇ ਇਹ ਹਥਿਆਰ ਕਦੇ ਫੇਲ੍ਹ ਨਹੀਂ ਹੁੰਦਾ।

ਸਿੱਖ ਧਰਮ 'ਚ ਨਾਮ, ਦਾਨ ਤੇ ਇਸ਼ਨਾਨ 'ਚ ਵਿਸ਼ਵਾਸ ਕੀਤਾ ਜਾਂਦਾ ਹੈ। ਗੁਰੂ ਸਾਹਿਬ ਨੇ ਨਾਮ ਤੇ ਇਸ਼ਨਾਨ ਦਾ ਸੁਮੇਲ ਕਰਕੇ ਆਪਣੀ ਰੱਬੀ ਲਗਨ ਨੂੰ ਪ੍ਰਮਾਤਮਾ ਨਾਲ ਜੋੜਨ ਲਈ ਗੋਇੰਦਵਾਲ ਸਾਹਿਬ ਵਿਖੇ ਇਕ ਪਵਿੱਤਰ ਬਾਉਲੀ ਬਣਵਾਈ ਤਾਂ ਕਿ ਲੋਕਾਂ ਨੂੰ ਗੰਗਾ ਵਿਖੇ ਇਸ਼ਨਾਨ ਕਰਨ ਲਈ ਨਾ ਜਾਣਾ ਪਵੇ, ਕਿਉਂਕਿ ਹਿੰਦੂ ਧਰਮ 'ਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੰਗਾ 'ਚ ਇਸ਼ਨਾਨ ਕਰਨ ਨਾਲ ਬੰਦੇ ਦੇ ਸਾਰੇ ਪਾਪ ਧੋਤੇ ਜਾਂਦੇ ਹਨ ਤੇ ਉਸਦੀ ਚੁਰਾਸੀ ਭਾਵ 84 ਲੱਖ ਜੂਨਾਂ ਭੋਗਣ ਦਾ ਜਨਮ ਤੇ ਮਰਨ ਦਾ ਚੱਕਰ ਕੱਟਿਆ ਜਾਂਦਾ ਹੈ। ਗੁਰੂ ਸਾਹਿਬ ਨੇ ਲੋਕਾਂ ਦਾ ਇਹ ਭਰਮ ਤੋੜਨ ਲਈ ਪਵਿੱਤਰ ਬਾਉਲੀ ਦੀਆਂ 84 ਪੌੜੀਆਂ ਦੀ ਰਚਨਾ ਕਰਵਾਈ ਤੇ ਇਸ਼ਨਾਨ ਨੂੰ ਨਾਮ ਨਾਲ ਜੋੜ ਕੇ ਸਿੱਖ ਸ਼ਰਧਾਲੂਆਂ ਨੂੰ ਆਦੇਸ਼ ਦਿੱਤਾ ਕਿ ਜਿਹੜਾ ਪ੍ਰਮਾਤਮਾ ਦਾ ਭਗਤ ਇਸ ਪਵਿੱਤਰ ਬਾਉਲੀ 'ਚ ਇਸ਼ਨਾਨ ਕਰਨ ਲਈ 'ਜਪੁ ਜੀ' ਸਾਹਿਬ ਦਾ ਪਾਠ ਕਰਦਾ ਹੋਇਆ 84 ਪੌੜੀਆਂ ਉਤਰੇਗਾ, ਉਸਦਾ ਮਨ ਪਵਿੱਤਰ ਹੋ ਕੇ ਪ੍ਰਮਾਤਮਾ ਨਾਲ ਜੁੜ ਜਾਏਗਾ ਤੇ ਉਹ ਜਨਮ ਤੇ ਮਰਨ ਦੇ ਚੱਕਰ 'ਚੋਂ ਮੁਕਤ ਹੋ ਜਾਏਗਾ। ਵੈਸੇ ਗੁਰੂ ਸਾਹਿਬ ਸਰੀਰਕ ਇਸ਼ਨਾਨ ਨੂੰ ਸਰੀਰ ਦੀ ਬਾਹਰੀ ਸਫਾਈ ਕਰਨਾ ਮੰਨਦੇ ਸਨ। ਉਨ੍ਹਾਂ ਦਾ ਮੱਤ ਸੀ ਕਿ ਮੰਨ ਦੀ ਗੰਦਗੀ ਭਾਵ ਬੁਰਾਈਆਂ ਨੂੰ ਪ੍ਰਮਾਤਮਾ ਦਾ ਨਾਮ ਜਪਣ ਨਾਲ ਹੀ ਧੋਇਆ ਜਾ ਸਕਦਾ ਹੈ।

ਜਦੋਂ ਗੁਰੂ ਅਮਰਦਾਸ ਜੀ ਦੀ ਲੜਕੀ ਬੀਬੀ ਭਾਨੀ ਜੀ ਦੇ ਵਿਆਹ ਦਾ ਸਮਾਂ ਆਇਆ ਤਾਂ ਉਨ੍ਹਾਂ ਨੇ ਆਪਣੇ ਹੀ ਇਕ ਬਹੁਤ ਪਿਆਰੇ ਸ਼ਰਧਾਲੂ ਲੜਕੇ ਭਾਈ ਜੇਠਾ ਜੀ ਦੀ ਚੋਣ ਕੀਤੀ, ਜਿਹੜਾ ਕਿ ਬਹੁਤ ਹੀ ਇਮਾਨਦਾਰ, ਮਿਹਨਤੀ ਤੇ ਧਰਮਾਤਮਾ ਕਿਸਮ ਦਾ ਆਦਮੀ ਸੀ। ਭਾਈ ਜੇਠਾ ਜੀ ਲਾਹੌਰ ਸ਼ਹਿਰ ਨਾਲ ਸਬੰਧ ਰੱਖਦੇ ਸਨ।

ਭਾਈ ਜੇਠਾ ਜੀ ਲਾਹੌਰ ਤੋਂ ਗੁਰੂ ਸਾਹਿਬ ਦੇ ਸ਼ਰਧਾਲੂਆਂ ਦੇ ਜਥੇ ਨਾਲ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਏ ਸਨ ਤੇ ਉਹ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੋਂ ਇੰਨੇ ਪ੍ਰਭਾਵਿਤ ਹੋਏ ਜਿਵੇਂ ਉਨ੍ਹਾਂ 'ਤੇ ਸਿੱਖਿਆਵਾਂ ਦਾ ਮਾਨੋਂ ਕੋਈ ਜਾਦੂ ਹੀ ਹੋ ਗਿਆ ਹੋਵੇ ਤੇ ਉਨ੍ਹਾਂ ਨੇ ਆਪਣਾ ਹੀ ਠਿਕਾਣਾ ਗੋਇੰਦਵਾਲ ਨੂੰ ਬਣਾ ਲਿਆ। ਭਾਈ ਜੇਠਾ ਜੀ ਨੇ ਆਪਣੀ ਉਪਜੀਵਕਾ ਵਜੋਂ ਘੁੰਗਣੀਆਂ ਵੇਚਣ ਦਾ ਕੰਮ ਵੀ ਕੀਤਾ ਤੇ ਇਸ 'ਚੋਂ ਸਮਾ ਨਿਕਾਲ ਕੇ ਉਹ ਗੁਰੂ ਸਾਹਿਬ ਦੀ ਸੇਵਾ 'ਚ ਵੀ ਰੋਜ਼ ਹਾਜ਼ਰ ਹੁੰਦੇ ਸਨ।

ਸੰਨ 1567 ਈਸਵੀ 'ਚ ਅਕਬਰ ਬਾਦਸ਼ਾਹ ਆਪਣੇ ਲਾਹੌਰ ਦੌਰੇ ਦੌਰਾਨ ਰਸਤੇ 'ਚ ਹੀ ਪੈਂਦੇ ਗੋਇੰਦਵਾਲ ਸਾਹਿਬ ਵਿਖੇ, ਸਮਾਂ ਕੱਢ ਕੇ ਗੁਰੂ ਅਮਰਦਾਸ ਜੀ ਨੂੰ ਉਚੇਚਿਆਂ ਤੌਰ 'ਤੇ ਮਿਲਣ ਲਈ ਗੋਇੰਦਵਾਲ ਸਾਹਿਬ ਵਿਖੇ ਰੁਕੇ ਕਿਉਂਕਿ ਉਨ੍ਹਾਂ ਨੇ ਸਿੱਖ ਧਰਮ ਦੀਆਂ ਸਿੱਖਿਆਵਾਂ ਤੇ ਗੁਰੂ ਅਮਰਦਾਸ ਜੀ ਦੀ ਮਹਿਮਾ ਬਾਰੇ ਬਹੁਤ ਸੁਣਿਆ ਹੋਇਆ ਸੀ। ਗੁਰੂ ਅਮਰਦਾਸ ਜੀ ਮੁਲਾਕਾਤ ਲਈ ਇਸ ਸ਼ਰਤ 'ਤੇ ਮੰਨੇ ਕਿ ਸਭ ਤੋਂ ਪਹਿਲਾਂ ਸਮਰਾਟ ਅਕਬਰ ਨੂੰ ਸੰਗਤ 'ਚ ਬੈਠ ਕੇ ਲੰਗਰ ਛਕਣਾ ਪਏਗਾ ਤੇ ਮੁਲਾਕਾਤ ਉਸ ਤੋਂ ਬਾਅਦ ਹੀ ਸੰਭਵ ਹੋ ਸਕਦੀ ਹੈ। ਸਮਰਾਟ ਅਕਬਰ ਇਹ ਸ਼ਰਤ ਮੰਨ ਗਿਆ ਤੇ ਉਹਨਾਂ ਨੇ ਪੰਗਤ 'ਚ ਬੈਠ ਕੇ ਆਮ ਸਧਾਰਨ ਤੇ ਗਰੀਬ ਸਿੱਖ ਸ਼ਰਧਾਲੂਆਂ ਨਾਲ ਪੰਗਤ 'ਚ ਬੈਠ ਕੇ ਲੰਗਰ ਛਕਿਆ। ਗੁਰੂ ਸਾਹਿਬ ਦੀ ਇਸ ਲੰਗਰ ਪ੍ਰਥਾ ਤੋਂ ਬਾਦਸ਼ਾਹ ਅਕਬਰ ਬਹੁਤ ਪ੍ਰਭਾਵਿਤ ਹੋਇਆ ਤੇ ਇਸ ਦੇ ਅਵਜਾਨੇ ਵਜੋਂ ਉਹ ਗੁਰੂ ਸਾਹਿਬ ਨੂੰ ਇਸ ਲੰਗਰ ਪ੍ਰਥਾ ਦੀ ਮਦਦ ਲਈ ਤੋਹਫੇ ਵਜੋਂ ਗੋਇੰਦਵਾਲ ਸਾਹਿਬ ਦੇ ਆਲੇ-ਦੁਆਲੇ ਵੱਸੇ ਕਈ ਪਿੰਡਾਂ ਦਾ ਇਕੱਠਾ ਹੁੰਦਾ ਲਗਾਨ ਤੋਹਫੇ ਵਜੋਂ ਦੇਣਾ ਚਾਹੁੰਦਾ ਸੀ ਪਰ ਗੁਰੂ ਸਾਹਿਬ ਨੇ ਇਹ ਕਹਿੰਦਿਆਂ ਇਹ ਤੋਹਫਾ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਲੰਗਰ ਪ੍ਰਥਾ ਸ਼ਰਧਾਲੂਆਂ ਦੇ ਆਪਸੀ ਸਹਿਯੋਗ ਨਾਲ ਇਕੱਤਰ ਹੋਈ ਥੋੜ੍ਹੀ-ਥੋੜ੍ਹੀ ਮਾਇਆ ਨਾਲ ਹੀ ਚਲਾਇਆ ਜਾਂਦਾ ਹੈ।



ਪ੍ਰੋ: ਐਚ.ਐਲ.ਕਪੂਰ

ਗੁਰੂ ਸਾਹਿਬਾਨ ਦੀਆਂ ਸਿੱਖ ਧਰਮ ਦੀਆਂ ਸਿੱਖਿਆਵਾਂ ਦਾ ਗੁਰੂ ਸਾਹਿਬ ਪ੍ਰਚਾਰ ਕਰਦੇ ਸਨ ਤੇ ਇਨ੍ਹਾਂ ਸਿੱਖਿਆਵਾਂ ਦਾ ਉੱਚ ਕੁਲੀਨ ਬ੍ਰਾਹਮਣ ਤੇ ਖੱਤਰੀ ਬਹੁਤ ਵਿਰੋਧ ਕਰਦੇ ਸਨ ਤੇ ਉਹ, ਇਸ ਕਰਕੇ ਤੇ ਦਿਨ ਦੂਣੀ ਤੇ ਰਾਤ ਚੌਗਣੀ ਸਿੱਖ ਧਰਮ ਦੀ ਤਰੱਕੀ ਤੇ ਹੋ ਰਹੇ ਫੈਲਾਅ ਤੋਂ ਗੁਰੂ ਸਾਹਿਬ ਨਾਲ ਬੜੀ ਈਰਖਾ ਕਰਦੇ ਸਨ। ਇਹਨਾਂ ਈਰਖਾਲੂ ਲੋਕਾਂ ਨੇ ਗੁਰੂ ਅਮਰਦਾਸ ਜੀ ਦੀ ਅਕਬਰ ਬਾਦਸ਼ਾਹ ਦੀ ਕਚਹਿਰੀ 'ਚ ਇਹ ਕਹਿ ਕੇ ਸ਼ਿਕਾਇਤ ਕਰ ਦਿੱਤੀ ਕਿ ਗੁਰੂ ਸਾਹਿਬ ਹਿੰਦੂ ਧਰਮ ਤੇ ਮੁਸਲਮਾਨ ਧਰਮ ਦੀਆਂ ਸਿੱਖਿਆਵਾਂ ਦੀ ਬਹੁਤ ਵਿਰੋਧਤਾ ਕਰਦੇ ਹਨ। ਅਕਬਰ ਬਾਦਸ਼ਾਹ ਨੇ ਗੁਰੂ ਸਾਹਿਬ ਦੇ ਸੰਮਨ ਜਾਰੀ ਕਰ ਦਿੱਤੇ ਕਿ ਉਹ ਅਕਬਰ ਬਾਦਸ਼ਾਹ ਦੇ ਦਰਬਾਰ 'ਚ ਪੇਸ਼ ਹੋ ਕੇ ਇਸ ਸ਼ਿਕਾਇਤ 'ਚ ਲਾਏ ਗਏ ਦੋਸ਼ਾਂ ਦੀ ਸਫਾਈ ਪੇਸ਼ ਕਰਨ। ਗੁਰੂ ਅਮਰਦਾਸ ਜੀ ਨੇ ਬੜੀ ਨਿਮਰਤਾ ਨਾਲ ਅਕਬਰ ਬਾਦਸ਼ਾਹ ਨੂੰ ਇਹ ਬੇਨਤੀ ਕੀਤੀ ਕਿ ਉਹ ਬਜ਼ੁਰਗ ਅਵਸਥਾ 'ਚ ਹੋਣ ਕਰਕੇ ਆਪ ਖੁਦ ਨਹੀਂ ਆ ਸਕਦੇ ਤੇ ਉਨ੍ਹਾਂ 'ਤੇ ਲੱਗੇ ਉਕਤ ਇਤਰਾਜ਼ਾਂ ਦੀ ਸਫਾਈ ਦੇਣ ਲਈ ਭਾਈ ਜੇਠਾ ਜੀ ਨੂੰ ਆਪਣੇ ਵੱਲੋਂ ਭੇਜ ਰਹੇ ਹਨ। ਭਾਈ ਜੇਠਾ ਜੀ ਨੇ ਅਕਬਰ ਬਾਦਸ਼ਾਹ ਦੀ ਕਚਹਿਰੀ 'ਚ ਸਿੱਖ ਧਰਮ ਦੀਆਂ ਸਿੱਖਿਆਵਾਂ ਦੀ ਇੰਨੀ ਜਬਰਦਸਤ ਤੇ ਵਧੀਆ ਢੰਗ ਨਾਲ ਵਿਆਖਿਆ ਕੀਤੀ, ਜਿਸ ਦਾ ਅਕਬਰ ਦੇ ਮਨ 'ਤੇ ਬਹੁਤ ਚੰਗਾ ਪ੍ਰਭਾਵ ਪਿਆ। ਅਕਬਰ ਬਾਦਸ਼ਾਹ ਬਹੁਤ ਹੀ ਉਦਾਰਵਾਦੀ ਸੁਭਾਅ ਦਾ ਮਾਲਕ ਸੀ ਤੇ ਉਸ ਨੂੰ ਸਿੱਖ ਧਰਮ ਦੀਆਂ ਸਿੱਖਿਆਵਾਂ ਤੇ ਸਿਧਾਂਤਾਂ 'ਚ ਹਿੰਦੂ ਤੇ ਮੁਸਲਮਾਨ ਧਰਮਾਂ ਬਾਰੇ ਕੋਈ ਵੀ ਸਿੱਖਿਆ ਬੁਰੀ ਨਾ ਲੱਗੀ ਤੇ ਉਸਨੇ ਗੁਰੂ ਅਮਰਦਾਸ ਜੀ ਖਿਲਾਫ ਦਿੱਤੀ ਗਈ ਦਰਖਾਸਤ ਨੂੰ ਰੱਦ ਕਰ ਦਿੱਤਾ।

ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ ਲਈ ਇਕ ਯੋਜਨਾ ਤਿਆਰ ਕੀਤੀ ਕਿ ਸਿੱਖ ਧਰਮ ਦੇ ਪ੍ਰਚਾਰ ਕੇਂਦਰ ਸਥਾਪਤ ਹੋਣੇ ਚਾਹੀਦੇ ਹਨ। ਉਨ੍ਹਾਂ ਨੇ 146 ਪ੍ਰਚਾਰਕ ਤਿਆਰ ਕੀਤੇ ਜੋ ਸਿੱਖ ਧਰਮ ਦੀਆਂ ਸਿੱਖਿਆਵਾਂ ਦੀ ਬਹੁਤ ਡੂੰਘੀ ਜਾਣਕਾਰੀ ਰੱਖਦੇ ਸਨ। ਇਹਨਾਂ ਪ੍ਰਚਾਰਕਾਂ 'ਚ 52 ਔਰਤਾਂ ਵੀ ਸ਼ਾਮਲ ਸਨ। ਇਨ੍ਹਾਂ ਸਭ ਨੂੰ ਮਸੰਦਾਂ ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਸੀ ਤੇ ਇਹਨਾਂ ਨੂੰ ਦੇਸ਼ ਦੇ ਵੱਖ-ਵੱਖ ਕੋਨਿਆਂ 'ਚ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਭੇਜ ਦਿੱਤਾ। ਉਨ੍ਹਾਂ ਨੇ 22 ਮੰਜੀਆਂ ਭਾਵ ਪ੍ਰਚਾਰ ਕੇਂਦਰ ਵੀ ਸਿੱਖ ਧਰਮ ਦੇ ਪ੍ਰਚਾਰ ਲਈ ਸਥਾਪਤ ਕੀਤੇ। ਪ੍ਰਚਾਰਕ ਆਪ ਮੰਜੀ 'ਤੇ ਬੈਠਦਾ ਤੇ ਸੰਗਤ ਪ੍ਰਚਾਰ ਸੁਣਨ ਲਈ ਉਸ ਮੰਜੀ ਦੇ ਗਿਰਦ ਬੈਠਦੀ। ਇਸ ਪ੍ਰਥਾ ਨੇ ਸਿੱਖ ਧਰਮ ਦਾ ਬੜਾ ਪਸਾਰ ਕੀਤਾ ਤੇ ਨਾਲ ਹੀ ਸੰਗਤ ਦੇ ਦਿੱਤੇ ਗਏ ਦਾਨ ਨਾਲ ਨਵੇਂ-ਨਵੇਂ ਬਣੇ ਸਿੱਖ ਧਰਮ ਦੀ ਮਾਇਕ ਹਾਲਤ ਬੜੀ ਮਜ਼ਬੂਤ ਹੋ ਗਈ। ਇਸ ਤੋਂ ਉਪਰੰਤ ਗੁਰੂ ਜੀ ਨੇ ਹਰ ਸਾਲ ਗੋਇੰਦਵਾਲ ਸਾਹਿਬ ਵਿਖੇ 13 ਅਪ੍ਰੈਲ ਨੂੰ ਵਿਸਾਖੀ ਦਾ ਪੁਰਬ, ਮਾਘੀ ਦੀ ਸੰਗਰਾਂਦ (ਜਿਹੜੀ ਕਿ ਜਨਵਰੀ ਮਹੀਨੇ ਦੇ ਤਕਰੀਬਨ ਅੱਧ 'ਚ ਆਉਂਦੀ ਹੈ) ਤੇ ਦੀਵਾਲੀ ਦਾ ਪੁਰਬ (ਰੌਸ਼ਨੀ ਦਾ ਤਿਉਹਾਰ) ਮਨਾਉਣ ਤੇ ਸਭ ਸਿੱਖ ਸੰਗਤ ਨੂੰ ਗੁਰੂ ਦੀਆਂ ਸਿੱਖਿਆਵਾਂ ਸੁਣਨ ਲਈ ਆਦੇਸ਼ ਦਿੱਤਾ।

ਇਹਨਾਂ ਆਦੇਸ਼ਾਂ ਤੋਂ ਕਈ ਸਾਲ ਪਹਿਲਾਂ ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਗੰਗਾ ਤੇ ਜਮਨਾ ਨਦੀਆਂ ਦੇ ਕਿਨਾਰਿਆਂ 'ਤੇ ਵੱਸੇ ਕਈ ਹਿੰਦੂ ਇਤਿਹਾਸਕ ਸਥਾਨਾਂ ਸਮੇਤ ਕੁਰੂਕਸ਼ੇਤਰ ਆਦਿ ਦੀ ਯਾਤਰਾ ਵੀ ਕੀਤੀ ਤੇ ਇਸ ਯਾਤਰਾ ਨਾਲ ਉਹਨਾਂ ਦੇ ਸ਼ਰਧਾਲੂਆਂ ਦੀ ਗਿਣਤੀ 'ਚ ਚੋਖਾ ਵਾਧਾ ਹੋਇਆ। ਇਸ ਤੋਂ ਉਪਰੰਤ ਗੁਰੂ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਤੇ ਕਈ ਹਿੰਦੂ ਸੰਤ ਮਹਾਂਪੁਰਸ਼ਾਂ ਦਾ ਲਿਖਿਆ ਧਾਰਮਿਕ ਕਾਵਿ ਸਾਹਿਤ ਜਿਹੜਾ ਕਿ ਸਿੱਖ ਧਰਮ ਦੇ ਆਸ਼ੇ ਨਾਲ ਮੇਲ ਖਾਂਦਾ ਸੀ ਤੇ ਉਸ ਵਿਚ ਆਪਣੀਆਂ ਰਚੀਆਂ 907 ਸ਼ਬਦ ਰਚਨਾਵਾਂ ਨੂੰ ਵੀ ਸ਼ਾਮਲ ਕਰਕੇ ਸਾਂਭਿਆ। ਇਹ ਸਭ ਰਚਨਾਵਾਂ ਪੰਜਾਬੀ ਭਾਸ਼ਾ 'ਚ ਸਨ ਤੇ ਆਮ ਸਧਾਰਨ ਆਦਮੀ ਦੀ ਸਮਝ 'ਚ ਬੜੀ ਆਸਾਨੀ ਨਾਲ ਆਉਂਦੀਆਂ ਸਨ। ਇਕ ਵਾਰ ਇਕ ਬ੍ਰਾਹਮਣ ਵਿਦਵਾਨ ਨੇ ਗੁਰੂ ਅਮਰਦਾਸ ਜੀ ਨੂੰ ਸਵਾਲ ਕੀਤਾ ਕਿ, "ਤੁਸੀਂ ਆਪਣੇ ਸ਼ਰਧਾਲੂਆਂ ਨੂੰ ਸਿੱਖ ਧਰਮ ਦੀਆਂ ਸਿੱਖਿਆਵਾਂ ਸੰਸਕ੍ਰਿਤ ਭਾਸ਼ਾ 'ਚ ਕਿਉਂ ਨਹੀਂ ਦੱਸਦੇ। ਇਹ ਪ੍ਰਮਾਤਮਾ ਦੀ ਭਾਸ਼ਾ ਹੈ। ਇਸ 'ਚ ਹਿੰਦੂ ਧਰਮ ਦੇ ਸਾਰੇ ਸਿਧਾਂਤ ਲਿਖੇ ਗਏ ਹਨ ਪ੍ਰੰਤੂ ਤੁਹਾਡੀਆਂ ਸਿੱਖਿਆਵਾਂ ਦੀ ਮਾਤ ਭਾਸ਼ਾ ਪੰਜਾਬੀ ਹੈ ਜੋ ਕਿ ਅਨਪੜ੍ਹਾਂ ਦੀ ਭਾਸ਼ਾ ਹੈ। ਇਸ ਦਾ ਗੁਰੂ ਅਮਰਦਾਸ ਜੀ ਨੇ ਉਤਰ ਦਿੱਤਾ ਕਿ, "ਸੰਸਕ੍ਰਿਤ ਭਾਸ਼ਾ ਇਕ ਖੂਹ ਵਾਂਗ ਡੂੰਘੀ ਹੈ ਜਿਹੜੀ ਕਿ ਆਮ ਜਨਜੀਵਨ ਦੀ ਸਮਝ 'ਚ ਨਹੀਂ ਪੈਂਦੀ ਤੇ ਇਸ ਨੂੰ ਪੜ੍ਹੇ-ਲਿਖੇ ਵਿਦਵਾਨ ਲੋਕ ਹੀ ਸਮਝ ਸਕਦੇ ਹਨ ਪ੍ਰੰਤੂ ਪੰਜਾਬੀ ਭਾਸ਼ਾ ਆਮ ਜਨ ਸਧਾਰਨ ਦੀ ਬੋਲੀ ਹੈ, ਜਿਹੜੀ ਇਕ ਬਾਰਸ਼ ਦੇ ਪਾਣੀ ਦੀ ਤਰ੍ਹਾਂ ਬੜੀ ਪਵਿੱਤਰ, ਤਾਜ਼ਾ ਤੇ ਸਰਲ ਹੈ ਜੋ ਸਭ ਨੂੰ ਜਲਦੀ ਸਮਝ ਆ ਜਾਂਦੀ ਹੈ। ਉਹਨਾਂ ਫਿਰ ਅੱਗੇ ਕਿਹਾ, ''ਮੈਂ ਚਾਹੁੰਦਾ ਹਾਂ ਕਿ ਸਾਡੀਆਂ ਸਿੱਖਿਆਵਾਂ ਤੇ ਸਿਧਾਂਤਾਂ ਦੀ ਵਿਆਖਿਆ ਹਰ ਉਸ ਭਾਸ਼ਾ 'ਚ ਹੋਵੇ, ਜਿਸ ਨੂੰ ਹਰ ਆਦਮੀ ਬੜੇ ਸਰਲ ਤੇ ਸਪਸ਼ਟ ਤਰੀਕੇ ਨਾਲ ਪੜ੍ਹ ਤੇ ਲਿਖ ਸਕੇ। ਗੁਰੂ ਅਮਰਦਾਸ ਜੀ ਨੇ ਆਪਣੇ ਜਵਾਈ ਤੇ ਬਹੁਤ ਹੀ ਪਿਆਰੇ ਸ਼ਰਧਾਲੂ ਭਾਈ ਜੇਠਾ ਜੀ ਨੂੰ ਕਿਹਾ ਕਿ ਕੋਈ ਹੋਰ ਸ਼ਹਿਰ ਜਾਂ ਠਿਕਾਣਾ ਲੱਭੋ, ਜਿੱਥੋਂ ਬੜੀ ਤੇਜ਼ੀ ਨਾਲ ਸਿੱਖ ਧਰਮ ਦਾ ਪ੍ਰਚਾਰ ਕੀਤਾ ਜਾ ਸਕੇ, ਜਿੱਥੇ ਇਕ ਵੱਡੇ ਸਰੋਵਰ ਦੀ ਖੁਦਾਈ ਦੇ ਨਾਲ-ਨਾਲ ਇਕ ਵਿਸ਼ਾਲ ਇਮਾਰਤ ਦੀ ਉਸਾਰੀ ਵੀ ਹੋ ਸਕੇ, ਜਿਸ ਨੂੰ ਸਿੱਖ ਧਰਮ ਦੇ ਮਹਾਨ ਕੇਂਦਰੀ ਸਥਾਨ ਦਾ ਰੂਪ ਦਿੱਤਾ ਜਾ ਸਕੇ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਭਾਈ ਜੇਠਾ ਜੀ ਨੇ ਤੁੰਗ ਪਿੰਡ ਦੇ ਇਕ ਜ਼ਿਮੀਂਦਾਰ ਪਾਸੋਂ 700 ਰੁਪਏ 'ਚ ਜ਼ਮੀਨ ਖਰੀਦੀ ਤੇ ਇਸ ਜ਼ਮੀਨ 'ਚ ਸਰੋਵਰ ਦੀ ਖੁਦਾਈ ਸ਼ੁਰੂ ਕਰਵਾ ਦਿੱਤੀ। ਇਸ ਲਈ ਉਸਾਰੀ ਵਾਲੇ ਕਸਬੇ ਦਾ ਨਾਮ 'ਰਾਮਦਾਸ ਪੁਰ' (ਭਾਵ ਪ੍ਰਮਾਤਮਾ ਦਾ ਘਰ) ਰੱਖਿਆ ਤੇ ਕਾਫੀ ਸਮਾਂ ਪਾ ਕੇ ਇਸ ਕਸਬੇ ਦਾ ਨਾਮ ਅੱਜ ਦਾ 'ਅੰਮ੍ਰਿਤਸਰ ਸਾਹਿਬ' ਸ਼ਹਿਰ ਹੋ ਗਿਆ। ਇਹ ਅੱਜ ਸਿੱਖ ਧਰਮ ਦਾ ਇਕ ਪਵਿੱਤਰ ਅਤੇ ਪ੍ਰਚਾਰ ਲਈ ਕੇਂਦਰੀ ਸ਼ਹਿਰ ਹੈ। ਇਸ ਧਾਰਮਿਕ ਕੇਂਦਰ ਦਾ ਨਾਮ 'ਸ੍ਰੀ ਹਰਿਮੰਦਰ ਸਾਹਿਬ' ਹੈ। ਮਿਤੀ ਸਤੰਬਰ 1, 1574 ਈਸਵੀ ਨੂੰ ਆਪਣੇ ਜੋਤੀ-ਜੋਤ ਸਮਾਉਣ ਤੋਂ ਥੋੜ੍ਹੇ ਦਿਨ ਪਹਿਲਾਂ ਗੁਰੂ ਸਾਹਿਬ ਨੇ ਮਹਿਸੂਸ ਕਰ ਲਿਆ ਸੀ ਕਿ ਹੁਣ ਉਨ੍ਹਾਂ ਦੀ ਜੀਵਨ ਯਾਤਰਾ ਸਮਾਪਤ ਹੋਣ ਵਾਲੀ ਹੈ ਤੇ ਉਨ੍ਹਾਂ ਬਾਬਾ ਬੁੱਢਾ ਜੀ, ਕੁਝ ਪ੍ਰਮੁੱਖ ਸਿੱਖ ਸ਼ਰਧਾਲੂਆਂ ਤੇ ਆਪਣੇ ਦੋਵੇਂ ਲੜਕਿਆਂ ਭਾਈ ਮੋਹਨ ਤੇ ਭਾਈ ਮੋਹਰੀ ਜੀ ਨੂੰ ਆਪਣੇ ਪਾਸ ਬੁਲਾਇਆ ਤੇ ਸਿੱਖ ਮਰਿਆਦਾ ਅਨੁਸਾਰ ਗੁਰੂ ਨਾਨਕ ਸਾਹਿਬ ਦੀ ਗੁਰਗੱਦੀ ਦੇ ਵਾਰਸ ਤੇ ਚੌਥੇ ਗੁਰੂ, ਆਪਣੇ ਜਵਾਈ ਭਾਈ ਜੇਠਾ ਜੀ ਦੇ ਮੱਥੇ 'ਤੇ ਬਾਬਾ ਬੁੱਢਾ ਜੀ ਤੋਂ ਕੇਸਰ ਦਾ ਤਿਲਕ ਲਵਾ ਕੇ ਨਿਯੁਕਤ ਕਰ ਦਿੱਤਾ ਤੇ ਉਹਨਾਂ ਨੂੰ ਨਵਾਂ ਨਾਮ 'ਰਾਮ ਦਾਸ' ਦੇ ਕੇ ਚੌਥੇ 'ਗੁਰੂ ਰਾਮਦਾਸ' ਜੀ ਬਣਾ ਦਿੱਤਾ। ਗੁਰੂ ਅਮਰਦਾਸ ਜੀ ਦੇ ਵੱਡੇ ਸਪੁੱਤਰ ਭਾਈ ਮੋਹਨ ਜੀ ਤੋਂ ਬਿਨਾਂ ਬਾਕੀ ਸਭ ਨੇ ਸਤਿਕਾਰ ਵਜੋਂ ਨਵੇਂ ਬਣੇ ਚੌਥੇ ਗੁਰੂ ਸ੍ਰੀ ਰਾਮਦਾਸ ਜੀ ਦੇ ਪੈਰੀਂ ਹੱਥ ਲਾ ਕੇ ਮੱਥਾ ਟੇਕਿਆ। ਛੇਤੀ ਹੀ ਕੁਝ ਦਿਨਾਂ ਬਾਅਦ ਗੁਰੂ ਅਮਰਦਾਸ ਜੀ ਨੇ ਆਪਣਾ ਆਖਰੀ ਸਵਾਸ ਲਿਆ ਤੇ ਪੂਰਨ ਚੰਦਰਮਾ ਵਾਲੇ ਦਿਨ ਵੀਰਵਾਰ 16 ਸਤੰਬਰ, 1574 ਈਸਵੀ ਨੂੰ 95 ਸਾਲ ਦੀ ਲੰਬੀ ਉਮਰ ਭੋਗ ਕੇ ਜੋਤੀ-ਜੋਤ ਸਮਾਅ ਗਏ।

ਗੁਰੂ ਅਮਰਦਾਸ ਜੀ ਦੀ ਸਿੱਖ ਧਰਮ ਨੂੰ ਬਹੁਤ ਵੱਡੀ ਦੇਣ ਹੈ। ਉਨ੍ਹਾਂ ਦੀਆਂ ਸਿੱਖਿਆਵਾਂ 'ਪਹਿਲਾ ਪੰਗਤ ਤੇ ਫਿਰ ਸੰਗਤ, ਜਾਤ-ਪਾਤ ਨੂੰ ਮੁੱਢੋਂ ਨਕਾਰ ਦਿੱਤਾ ਤੇ ਮਾਨਵ ਬਰਾਬਰੀ ਲਈ ਸਮਾਜਿਕ ਬਰਾਬਰੀ ਦੇ ਸਿਧਾਂਤ ਨੂੰ ਅਪਣਾਉਣ ਦਾ ਉਪਦੇਸ਼ ਦਿੱਤਾ, ਔਰਤ ਨੂੰ ਮਰਦ ਦੇ ਬਰਾਬਰ ਦਰਜਾ ਦੇ ਕੇ ਸਤੀ ਦੀ ਰਸਮ ਨੂੰ ਬੰਦ ਕਰ ਦਿੱਤਾ ਤੇ ਵਿਧਵਾ ਔਰਤ ਨੂੰ ਦੁਬਾਰਾ ਵਿਆਹ ਕਰਾਉਣ ਦੀ ਪ੍ਰਵਾਨਗੀ ਦਿੱਤੀ। ਸਿੱਖ ਧਰਮ ਦੇ ਪ੍ਰਚਾਰ ਲਈ 22 ਮੰਜੀਆਂ ਦੀ ਸਥਾਪਨਾ ਕੀਤੀ ਤੇ ਸਿੱਖ ਧਰਮ ਦੇ ਪ੍ਰਚਾਰ ਲਈ ਸਾਰੇ ਦੇਸ਼ ਵਿਚ ਪ੍ਰਚਾਰਕ ਭੇਜੇ। ਸਿੱਖ ਸ਼ਰਧਾਲੂਆਂ ਨੂੰ ਰੋਜ਼ ਪੰਜਾਂ ਬਾਣੀਆਂ (ਭਾਵ ਅਨੰਦ ਸਾਹਿਬ) ਦਾ ਪਾਠ ਕਰਨ ਦਾ ਆਦੇਸ਼ ਦਿੱਤਾ। ਬਿਆਸਾ ਦਰਿਆ ਦੇ ਕਿਨਾਰੇ 'ਤੇ ਗੋਇੰਦਵਾਲ ਸ਼ਹਿਰ ਵਸਾਇਆ। ਗੁਰਬਾਣੀ ਦੇ 907 ਸ਼ਬਦਾਂ ਦੀ ਰਚਨਾ ਕੀਤੀ ਜੋ 'ਸ੍ਰੀ ਗੁਰੂ ਗ੍ਰੰਥ ਸਾਹਿਬ' 'ਚ ਦਰਜ ਹਨ। ਗੁਰੂ ਰਾਮਦਾਸ ਜੀ (ਭਾਈ ਜੇਠਾ ਜੀ) ਦੀ ਚੌਥੇ ਗੁਰੂ ਵਜੋਂ ਗੱਦੀ ਨਸ਼ੀਨੀ ਕਰਨਾ। 'ਪਹਿਲਾ ਪੰਗਤ ਤੇ ਫਿਰ ਸੰਗਤ' ਦੇ ਸਿਧਾਂਤ ਨੇ ਮਨੁੱਖਤਾ 'ਚ 'ਸਮਾਜਿਕ ਬਰਾਬਰੀ' ਦੀ ਭਾਵਨਾ ਪੈਦਾ ਕੀਤੀ। ਗੁਰੂ ਅਮਰਦਾਸ ਜੀ ਦੀਆਂ ਭਾਰਤੀ ਸਮਾਜ ਖਾਸ ਤੌਰ 'ਤੇ ਪੰਜਾਬੀ ਸਮਾਜ ਲਈ ਦਿੱਤੀਆਂ ਸਿੱਖਿਆਵਾਂ ਤੇ ਸੇਵਾਵਾਂ ਅੱਜ ਵੀ ਸਾਰਥਕ ਹਨ ਤੇ ਸਿੱਖਿਆਵਾਂ ਮਨੁੱਖੀ ਕਲਿਆਣ ਲਈ, ਸਾਰੀ ਸ੍ਰਿਸ਼ਟੀ ਨੂੰ ਆਪਣੇ ਕਲਾਵੇ 'ਚ ਲੈਣ ਲਈ ਸਮਰੱਥ ਹਨ। ਗੁਰੂ ਜੀ ਦੇ ਗੁਰਗੱਦੀ ਦਿਵਸ ਤੇ ਸਮੂਹ ਸਿੱਖ ਜਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ।

# ਸੱਸੀ-ਪੁੰਨੂ ਪ੍ਰੀਤ ਕਥਾ- ਬਿਰਹੋਂ-ਵੇਦਨਾ



ਰਾਜਿੰਦਰ ਕੌਰ ਚੋਹਕਾ
91-98725-44738
001-403-285-4208

ਪੰਜਾਬ ਨੇ ਆਪਣੀਆਂ ਇਤਿਹਾਸਕ ਸੀਮਾਵਾਂ ਅੰਦਰ ਲੋਕ ਹਿਤ ਦੇ ਪੈਂਤੜੇ ਵਾਲੇ, ਲੁੱਟ-ਖਸੁਟ ਅਤੇ ਜ਼ਬਰ ਵਿਰੋਧੀ, ਸੰਗਠਤ, ਸਮਾਜਕ ਅਤੇ ਰਾਜਸੀ ਜਦੋ-ਜਹਿਦ, ਅਧਿਆਤਮਕਤਾ, ਸਰਬ-ਸਾਂਝੀਵਾਲਤਾ, ਨਿਆਪੁਰਣ ਮਨੁੱਖੀ ਸਮਾਨਤਾ ਅਤੇ ਮਨੁੱਖੀ ਆਚਰਣ ਦੀ ਉੱਚਤਾ ਤੇ ਕਿਰਤ ਦੀ ਮਹਿਮਾ ਵਿਚ ਉਠੀਆਂ ਲਹਿਰਾਂ ਵਿੱਚ ਬਾ-ਦਸਤੂਰ ਹਿਸਾ ਪਾਇਆ ਹੈ। ਪੰਜਾਬ ਲੋਕ-ਚੇਤਨਾ ਦਾ ਰੂਪਾਂਤਰਣ ਸਭਿਆਚਾਰਕ ਇਨਕਲਾਬ ਜਿਸ ਅਧੀਨ ਅਨੇਕਾਂ ਘੱਲੂ ਘਾਰਿਆ ਅਤੇ ਸੰਘਰਸ਼ਾਂ ਰਾਹੀ ਨਿਤ-ਨਵੀਆ ਵੰਗਾਰਾਂ ਨੂੰ ਆਪਣੇ ਸਰੀਰਾਂ 'ਤੇ ਹੰਢਾਉਦਿਆਂ ਪਿਆਰ ਦਾ ਹੀ ਉਪਦੇਸ਼ ਦਿੱਤਾ। ਸਿੱਖ-ਗੁਰੂਆਂ ਦੁਆਰਾ ਨਿਰੰਤਰ ਗੁਣਾਤਮਕ ਰੂਪਾਂਤਰਣ ਕਰਦੇ ਰਹਿ ਕੇ ਧਰਮ ਦੀ ਕਿਰਤ, ਵੰਡ ਕੇ ਛੱਕਣ ਅਤੇ ਨਿਆ ਤੇ ਸੱਚ ਲਈ ਪੈਹਰਾ ਦਿੰਦੇ ਰਹਿਣ ਦਾ ਅਮਲੀ ਉਪਦੇਸ਼ ਦੇ ਕੇ ਜਾਤ-ਪਾਤ ਦਾ ਖੰਡਨ ਅਤੇ ਸਹਿਣਸ਼ੀਲਤਾ ਦਾ ਢੰਡੋਰਾ ਪਿਟਿਆ। ਇਹੀ ਕਾਰਨ ਹੈ ਕਿ ਇਥੋਂ ਦੇ ਗੁਰੂਆਂ, ਸੂਫੀਆਂ, ਨਾਥਾਂ, ਸੰਤਾਂ ਤੇ ਫਕੀਰਾਂ ਨੇ ਮਿਲ ਕੇ ਪੰਜਾਬ ਦੇ ਪੰਜ ਦਰਿਆਵਾਂ ਅੰਦਰ ਮਾਂ ਬੋਲੀ ਪੰਜਾਬੀ ਰਾਹੀਂ ਮਿਸ਼ਰੀ ਘੋਲ ਕੇ ਸਾਡੇ ਪੰਜਾਬੀ ਵਿਰਸੇ, ਧਾਰਮਿਕ, ਰਾਜਨੀਤਕ ਅਤੇ ਸਾਹਿਤਕ ਸੱਭਿਆਚਾਰ ਨੂੰ ਇਕ ਇਤਿਹਾਸਕ ਵਿਲੱਖਣਤਾ ਦਾ ਧਾਰਣੀ ਬਣਾ ਦਿੱਤਾ।

ਸਦੀਆਂ ਤੋਂ ਪੰਜਾਬ ਅੰਦਰ ਲੋਕ-ਪ੍ਰੇਮੀ ਨਾਇਕਾਵਾਂ ਹੀਰ, ਸੋਹਣੀ, ਸਾਹਿਬਾ, ਸੱਸੀ ਅਤੇ ਹੋਰਨਾਂ ਦੀਆ ਪਿਆਰ ਕਥਾਵਾਂ ਨੂੰ ਅੱਜ ਵੀ ਯਾਦ ਕਰਦਿਆਂ ਅਸੀਂ ਪੀੜ੍ਹੀ ਦਰ ਪੀੜ੍ਹੀ ਇਕ ਵਿਰਸੇ ਵੱਜੋ ਇਤਿਹਾਸ ਦੇ ਜਿਉਂਦੇ-ਜਾਗਦੇ, ਅੰਗ ਮਹਿਸੂਸ ਕਰ ਰਹੇ ਹਾਂ। ਕਿਉਂਕਿ ਇਨ੍ਹਾਂ ਨਾਇਕਾਵਾਂ ਨੇ ਇਤਿਹਾਸ ਅੰਦਰ ਜਿਸਮਾਨੀ ਜਾਂ ਆਤਮਿਕ ਮੋਹ ਦੀ ਥਾਂ ਇਸ਼ਕ-ਹਕੀਕੀ (ਪਿਆਰ) ਲਈ ਸਭ ਕੁਝ ਕੁਰਬਾਨ ਕਰ ਦਿੱਤਾ।ਇਸ ਕਰਕੇ ਇਹ ਪ੍ਰੇਮ ਕਥਾਵਾਂ ਦਾ ਵਿਰਸਾ ਪੰਜਾਬ ਦੇ ਸਾਹਿਤ ਅੰਦਰ ਲੋਕ ਕਥਾਵਾਂ ਦਾ ਇਤਿਹਾਸ ਬਣ ਗਿਆ। ਇਹ ਕੋਈ ਅਤਿ-ਕਥਨੀ ਨਹੀਂ ਕਿ ਇਕ ਇਸਤਰੀ ਦੇ ਮਨ ਵਿੱਚੋ ਨਿਕਲੀ ਭਾਵਨਾ ਲੋਕ ਗੀਤਾਂ ਦੇ ਰੂਪ ਵਿੱਚ ਜਾਂ ਕਿੱਸਾਕਾਰਾਂ ਦੀਆਂ ਰਚਨਾਵਾਂ ਅੰਦਰ ਵਰਣਨ ਕੀਤੇ ਚਿੱਤਰਾਂ ਵਿੱਚ ਪੇਸ਼ ਕੀਤੇ ਸੀਨ ਅਮਰ ਹੋ ਗਏ ਹਨ। ਸੱਸੀ-ਪੁੰਨੂ ਕਿੱਸਾ ਪੰਰਪਰਾ ਅੰਦਰ ਇਹ ਪ੍ਰੀਤ-ਕਥਾ ਪੰਜਾਬੀ ਕਿੱਸਾ ਕਾਵਿ ਦੀ ਮਹੱਤਵਪੂਰਨ ਕਾਵਿ-ਕ੍ਰਿਤੀ ਹੈ ਜਿਹੜੀ ਪੰਜਾਬ ਜਨ-ਜੀਵਨ ਦਾ ਇਕ ਅਨਿੱਖੜਵਾਂ ਅੰਗ ਬਣ ਗਈ ਹੈ।

ਸੱਸੀ-ਪੁੰਨੂ ਦੀ ਪ੍ਰੀਤ ਕਥਾ ਪੰਜਾਬੀ ਕਿੱਸਾ ਕਾਵਿ ਦੀ ਇਕ ਮਹੱਤਵਪੂਰਨ ਕਾਵਿ-ਕ੍ਰਿਤੀ ਹੈ।ਇਹ ਪ੍ਰੀਤ ਕਹਾਣੀ ਚਾਹੇ ਕੱਛ (ਗੁਜਰਾਤ) ਦੇ ਇਲਾਕੇ ਵਿੱਚ ਪੁੰਗਰੀ ਅਤੇ ਪ੍ਰਵਾਨ ਚੜੀ ਪਰ ਇਸ ਪ੍ਰੀਤ ਕਹਾਣੀ ਦੀ ਮਹਿਕ ਸਿੰਧ ਦੇ ਇਲਾਕੇ ਰਾਹੀਂ ਪੰਜਾਬ ਵਿੱਚ ਪਹੁੰਚੀ ਅਤੇ ਪੰਜਾਬੀ ਸੱਭਿਆਚਾਰ ਦਾ ਅੰਗ ਬਣ ਗਈ। 1592 ਈ। ਵਿੱਚ ਅਕਬਰ ਬਾਦਸ਼ਾਹ ਨੇ ਠੱਟੇ ਦੇ ਰਾਜਾ ਮਿਰਜਾ ਬੇਗ ਨੂੰ ਹਰਾਇਆ ਤੇ ਸਿੰਧ 'ਤੇ ਕਬਜ਼ਾ ਕਰ ਲਿਆ ਅਤੇ ਇਸ ਨੂੰ ਮੁਲਤਾਨ ਸੂਬੇ ਦਾ ਹਿੱਸਾ ਬਣਾ ਦਿੱਤਾ, ਉਸ ਸਮੇਂ ਸੱਸੀ-ਪੁੰਨੂ ਦੀ ਪਿਆਰ ਕਹਾਣੀ ਸੰਬੰਧੀ ਬਹੁਤ ਸਾਰੇ ਲੇਖਕਾਂ ਤੇ ਕਿੱਸਾਕਾਰਾਂ ਨੇ ਉਰਦੂ, ਫਾਰਸੀ, ਸਿੰਧੀ, ਬਲੋਚ-ਸਤਾਨੀ ਅਤੇ ਰਾਜਸਥਾਨੀ ਭਾਸ਼ਾਵਾਂ ਵਿੱਚ ਇਸ ਨੂੰ ਉਕਰਿਆ ਹੈ। ਪੰਜਾਬੀ ਵਿੱਚ ਇਹ ਕਿੱਸਾ ਕਦੋਂ ਤੇ ਕਿਥੇ ਲਿਖਿਆ ਗਿਆ ਇਸ ਬਾਰੇ ਠੋਸ ਜਾਣਕਾਰੀ ਪ੍ਰਾਪਤ ਨਹੀਂ ਹੈ ? ਡਾ।ਹਰਨਾਮ ਸਿੰਘ ਸ਼ਾਨ ਮੁਤਾਬਕ ''ਸੱਸੀ ਹਾਸ਼ਮ'' ਵਿੱਚ ਸੱਸੀ-ਪੁੰਨੂ ਦੇ ਕਿੱਸੇ ਦਾ ਪਹਿਲਾ ਪੰਜਾਬੀ ਕਿੱਸਾਕਾਰ ਹਾਫ਼ਿਜ਼ ਬਰਖੁਰਦਾਰ ਨੂੰ ਮੰਨਿਆ ਹੈ। ਡਾ।ਮੋਹਨ ਸਿੰਘ ਦੀਵਾਨਾ ਨੇ ਪੁਸ਼ਯ ਨੂੰ ਪੰਜਾਬੀ ਦਾ ਪਹਿਲਾ ਕਿੱਸਾਕਾਰ ਦਰਸਾਇਆ ਹੈ ਜਿਸ ਨੇ ਸੱਸੀ-ਪੁੰਨੂ ਦਾ ਕਿੱਸਾ 770 ਬਿ-ਸੰਮਤ ਵਿੱਚ ਲਿਖਿਆ ਅਤੇ ਕਿੱਸਾਕਾਰ ਮਸਊਦ ਨੇ 1180 ਬਿ।-ਸੰਮਤ ਵਿੱਚ ਹਿੰਦਵੀ ਕਾਵਿ ਵਿੱਚ ਲਿਖਿਆ ਦੱਸਿਆ, ਪਰ ਕੋਈ ਲਿਖਤ ਨਹੀਂ ਮਿਲਦੀ ਹੈ।

ਸੱਸੀ-ਪੁੰਨੂ ਦੀ ਪ੍ਰੀਤ ਬਾਰੇ ਸਭ ਤੋਂ ਪਹਿਲਾ ਲਿਖਤੀ ਰੂਪ ਵਿੱਚ ਸੰਕੇਤ ਭਾਈ ਗੁਰਦਾਸ ਜੀ ਦੁਆਰਾ ਰਚਿਤ 27-ਵੀਂ ਵਾਰ ਦੀ ਪਹਿਲੀ ਪਉੜੀ ਵਿੱਚ ਮਿਲਦਾ ਹੈ;-

''ਲੈਲਾ ਮਜਨੂੰ ਆਸ਼ਕੀ ਚਹੁੰ ਚੱਕੀ ਜਾਤੀ। ਸੋਰਠ ਬੀਜਾ ਗਾਵੀਐ ਜਸ ਸੁਘੜਾ ਵਾਤੀ।
ਸੱਸੀ ਪੁੰਨੂ ਦੋਸਤੀ ਹੋਇ ਜਾਤ ਅਜਾਤੀ। ਮਹੀਵਾਲ ਨੇ ਸੋਹਣੀ ਨੈ ਤਰਦੀ ਰਾਤੀ।''
ਰਾਂਝਾ ਹੀਰ ਵਖਾਦੀਐ ਉਹ ਪਿਰਮ ਪਰਾਤੀ। ਪੀਰ ਮੁਰੀਦਾਂ ਪਿਰਹੜੀ ਗਾਵਨ ਪਾਰ ਭਾਤੀ।

ਪੰਜਾਬੀ ਦੇ ਸਭ ਤੋਂ ਪਹਿਲੇ ਕਿੱਸਾਕਾਰ ਦਮੋਦਰ ਦੁਆਰਾ ਰਚਿਤ ਕਿੱਸਾ ਹੀਰ ਵਿੱਚ ਸੱਸੀ ਪੁੰਨੂ ਦੀ ਪ੍ਰੀਤ ਕਥਾ ਬਾਰੇ ਸੰਕੇਤ ਕੁਝ ਮਿਲਦੇ ਹਨ-

''ਕੇ-ਤਕਸੀਰ ਮੈਂ ਬਖਤੋਂ ਤੱਤੀ, ਪਲਿਰ ਨਹੀਂ ਨਿਤੋਈ, ਔਂਸੀ ਨਿੱਤ ਪਈ ਆਰੀ ਕੇਚ ਮਿਲਾਵੇ ਕੋਈ''॥

ਦੰਦ-ਕਥਾਵਾਂ ਮੁਤਾਬਿਕ ਬੁਰਹਿਮਨਾਬਾਦ ਵਿੱਚ 'ਨਾਬੀਨਾ ਬ੍ਰਾਹਮਣ' ਦੇ ਘਰ ਉਸ ਦੇ ਵਿਆਹ ਦੇ ਚਾਰ ਸਾਲਾਂ ਬਾਅਦ ਇਕ ਲੜਕੀ ਨੇ ਜਨਮ ਲਿਆ। ਜੋਤਸ਼ੀਆਂ ਨੇ ਨਾਬੀਨਾ ਬ੍ਰਾਹਮਣ ਨੂੰ ਦੱਸਿਆ ਕਿ ਇਹ ਬੱਚੀ ਵੱਡੀ ਹੋ ਕੇ ਕਿਸੇ ਮੁਸਲਮਾਨ ਨਾਲ ਵਿਆਹ ਕਰਵਾਏਗੀ! ਨਾਬੀਨਾ ਬ੍ਰਾਹਮਣ ਨੇ ਡਰਦਿਆਂ ਉਸ ਬੱਚੀ ਨੂੰ ਸੰਦੂਕ ਵਿੱਚ ਬੰਦ ਕਰਕੇ ਦਰਿਆ ਸਿੰਧ ਵਿੱਚ ਰੁੜ੍ਹਵਾ ਦਿੱਤਾ। ਘਾਟ 'ਤੇ ਕਪੜੇ ਧੋਂਦੇ ਧੋਬੀ ਦੀ ਨਜ਼ਰੀ ਰੁੜਦਾ ਉਹ ਸੰਦੂਕ ਨਜ਼ਰੀ ਆਇਆ। ਉਸ ਨੇ ਸੰਦੂਕ ਫੜ ਲਿਆ ਤੇ ਦੇਖਿਆ ਕਿ ਉਸ ਵਿੱਚ ਇਕ ਛੋਟੀ ਬੱਚੀ ਸੀ। ਧੋਬੀ ਨੇ ਉਹ ਬੱਚੀ ਚੌਧਰੀ ਮੁਹੰਮਦ ਦੇ ਹਵਾਲੇ ਕਰ ਦਿੱਤੀ। ਨਿਰ-ਸੰਤਾਨ, ਚੌਧਰੀ ਨੂੰ ਉਹ ਬੱਚੀ ਚੰਗੀ ਲੱਗੀ ਤੇ ਉਨ੍ਹਾਂ ਨੇ ਬੱਚੀ ਦਾ ਨਾਂ ਸੱਸੀ ਰੱਖ ਕੇ ਉਸ ਦੀ ਬੜੀ ਚਾਵਾਂ-ਮਲ੍ਹਾਰਾਂ ਨਾਲ ਪਾਲਣਾ ਪੋਸ਼ਣਾ ਸ਼ੁਰੂ ਕਰ ਦਿੱਤੀ। ਵੱਡੀ ਹੋ ਕੇ ਸੱਸੀ ਇਕ ਗੁਲਾਬ ਦੇ ਫੁੱਲ ਵਾਂਗ ਖਿੜ ਗਈ। ਉਸ ਦੀ ਸੁੰਦਰਤਾ ਦੀ ਮਹਿਕ ਦੀਆਂ ਧੁੰਮਾਂ ਇਲਾਕੇ ਵਿੱਚ ਪੈ ਗਈਆਂ। ਮੁਹੰਮਦ ਦੇ ਸ਼ਹਿਰ 'ਭੰਬੋਰ' ਥਾਂਣੀ ਬਹੁਤ ਸਾਰੇ ਕਾਫ਼ਲੇ 'ਠੱਟੇ' ਨੂੰ ਜਾਂਦੇ ਹੁੰਦੇ ਸਨ। ਸੱਸੀ ਦੀ ਸੁੰਦਰਤਾ ਇਨ੍ਹਾਂ ਕਾਫਲਿਆਂ ਦੇ ਲੋਕਾਂ ਰਾਹੀ ਇਲਾਕਾ ਹੀ ਨਹੀਂ ਦੇਸ਼-ਵਿਦੇਸ਼ ਵਿੱਚ ਵੀ ਫੈਲ ਗਈ। ਮੁਨਸ਼ੀ ਸੁੰਦਰ ਦਾਸ ਆਰਾਮ ਨੇ 1758 ਈ। ਨੂੰ ਸੱਸੀ-ਪੁੰਨੂ ਕਿਸੇ ਵਿੱਚ ਲਿਖਿਆ ਹੈ-

ਸੱਸੀ ਦੇ ਅਹਿਵਾਲ ਨੂੰ ਕਹਿੰਦੇ ਨੇ ਸਭ ਗੁਣੀ, ਤੇਰਾ ਹੀ ਮੈਂ ਲਿਖਸਾਂ, ਜੇਹੀ ਇਕ ਗਲ ਸੁਣੀ।

ਇਸੇ ਤਰ੍ਹਾਂ ਹੀ ਮਿਲਖੀ ਰਾਮ ਨੇ ਬੈਂਤ ਛੰਦ ਵਿੱਚ ਸੱਸੀ-ਪੁੰਨੂੰ ਕਿੱਸੇ ਵਿੱਚ ਲਿਖਿਆ ਹੈ-

ਵਾਰਸ ਸ਼ਾਹ ਦੀ 'ਹੀਰ' ਤੇ ਫਜ਼ਲ ਸੋਹਣੀ; ਮਿਲਖੀ ਰਾਮ ਦੀ ਸੱਸੀ ਮਸ਼ਹੂਰ ਤਿੰਨੇ।
ਲੋਕੀ ਇਹਨਾਂ ਦੇ ਨਾਮ ਨੂੰ ਜਾਣਦੇ ਨੇ, ਰੌਸ਼ਨ ਚੰਦ ਵਾਂਗ ਦੂਰ ਦੂਰ ਤਿੰਨੇ।

ਕੇਚ ਮਕਰਾਨ ਦੇ ਰਾਜੇ ਦਾ ਸ਼ਹਿਜ਼ਾਦਾ 'ਪੁੰਨੂੰ ਵੀ ਆਪਣੀ ਸੁੰਦਰਤਾ ਅਤੇ ਹੁੰਦਲ ਹੇਲਤਾ ਕਾਰਨ ਪ੍ਰਸਿੱਧ ਸੀ। ਉਸ ਨੂੰ ਵੀ 'ਸੱਸੀ' ਦੀ ਸੁੰਦਰਤਾ ਬਾਰੇ ਜਦ ਕਨਸੋਆ ਮਿਲੀਆ ਤਾਂ ਉਹ ਸੱਸੀ ਨੂੰ ਪਾਉਣ ਲਈ ਵਿਆਕੁਲ ਹੋਇਆ। ਉਹ ਸੁਗੰ-ਧੀਆ ਦਾ ਸੌਦਾਗਰ ਬਣ ਕੇ ਭੰਬੋਰ ਪਹੁੰਚ ਗਿਆ। ਉਸ ਦੀ ਖਬਰ ਵੀ ਸਭ ਪਾਸੇ ਪਹੁੰਚ ਗਈ।ਸੱਸੀ ਵੀ ਸੁਗੰਧੀਆਂ ਖਰੀਦਣ ਲਈ ਪਹੁੰਚੀ ਅਤੇ ਪੁੰਨੂ ਨੂੰ ਵੇਖ ਕੇ ਇਕ ਦਮ ਉਸ ਵੱਲ ਮਿਕਨਾਤੀਸੀ ਕਸ਼ਿਸ਼ ਵਾਂਗ ਖਿਚੀ ਗਈ। ਸੱਸੀ ਦੀ ਇਸ ਸਥਿਤੀ ਬਾਰੇ ਸੱਸੀ ਦੀ ਇਕ ਸਹੇਲੀ ਨੇ ਉਸ ਦੇ ਬਾਪ ਮੁਹੰਮਦ ਨੂੰ ਜਾ ਦੱਸਿਆ। ਸੱਸੀ-ਪੁੰਨੂ ਦੀਆਂ ਇਨ੍ਹਾਂ ਨਵੀਆਂ ਪਿਆਰ ਗੰਢਾਂ ਅੰਦਰ ਕਈ ਕਹਾਣੀਆ ਲੁਕੀਆਂ ਹੋਈਆਂ ਹਨ। ਆਖਰ ਪਿਆਰ ਦੇ ਕਈ ਵਲ-ਵਲੇਵਿਆਂ ਬਾਦ ਮੁਹੰਮਦ ਧੋਬੀ ਨੇ ਸੱਸੀ ਦਾ ਪੁੰਨੂ ਨਾਲ ਨਿਕਾਹ ਕਰ ਦਿੱਤਾ। ਪੁੰਨੂ ਕੇਚ ਵਾਪਸ ਜਾਣ ਲਈ ਭੁਲ ਗਿਆ ਤਾਂ ਬਾਦਸ਼ਾਹ ਨੂੰ ਬਹੁਤ ਫਿਕਰ ਲੱਗੀ। ਕਈ ਸੁਨੇਹੇ ਭੇਜਣ ਬਾਅਦ ਪੁੰਨੂ ਕੇਚਮ ਵਾਪਿਸ ਨਾ ਆਇਆ ਤੇ ਉਸ ਦੇ ਬਾਪ ਨੇ ਦੁੱਖੀ ਹੋ ਕੇ ਪੁੰਨੂ ਦੇ ਤਿੰਨ ਸਕੇ ਭਰਾਵਾਂ ਨੂੰ ਭੰਬੋਰ ਭੇਜਿਆ। ਭੰਬੋਰ ਪੁੱਜ ਕੇ ਉਨ੍ਹਾਂ ਨੇ ਦੇਖਿਆ ਕਿ ਪੁੰਨੂ ਨੇ ਖੁਸ਼ੀ 'ਚ ਇਕ ਮਹਿਫ਼ਲ ਲਵਾਈ 'ਤੇ ਗੀਤ-ਸੰਗੀਤ ਚਲ ਰਿਹਾ ਸੀ। ਪੁੰਨੂ ਸ਼ਰਾਬ 'ਚ ਗੁਟ ਹੋਇਆ ਸੀ। ਉਸ ਦੇ ਭਰਾ 'ਚਨਰੇ' ਨੇ ਉਸ ਨੂੰ ਊਂਠ ਤੇ ਬੈਠਾਇਆ ਤੇ ਕੇਚ ਮਕਰਾਨ ਵੱਲ ਤੋਰੇ ਪਾ ਦਿੱਤੇ।

ਸਵੇਰ ਹੋਣ 'ਤੇ ਜਦੋਂ ਸੱਸੀ ਜਾਗੀ ਤਾਂ ਪੁੰਨੂ ਨੂੰ ਨਾ ਦੇਖ ਕੇ ਬਹੁਤ ਰੋਈ ਤੇ ਕੁਰਲਾਈ। ਪਰ ਉਸ ਦੀ ਸਹਾਇਤਾ ਲਈ ਕੋਈ ਨਾ ਬਹੁੜਿਆ। ਸੱਸੀ ਦੀ ਮਾਂ ਨੇ ਵੀ ਉਸ ਨੂੰ ਪੁੰਨੂ ਦਾ ਪਿਛਾ ਕਰਨ ਤੋਂ ਰੋਕਿਆ, ਪਰ ਉਹ ਬਾਉਲੀ ਹੋਈ ਪੁੰਨੂ-ਪੁੰਨੂ ਕਰਦੀ ਰੇਗਿਸਤਾਨ ਨੂੰ ਚੀਰਦੀ ਪਿਆਰ ਦੇ ਸਿਦਕ ਪਿਛੇ ਚਾਲੇ ਪੈ ਗਈ। ਉਸ ਦੇ ਮਲੂਕ ਪੈਰਾਂ ਵਿੱਚ ਛਾਲੇ ਪੈ ਗਏ। ਉਸ ਨੇ ਹੌਸਲਾ ਨਾ ਹਾਰਿਆ, ਤੱਪਦਿਆਂ ਥਲਾਂ ਵਿੱਚ ਉਹ ਪੁੰਨੂ ਨੂੰ ਪਾਉਣ ਲਈ ਵਾਹੋਦਾਹੀ ਅੱਗੇ ਹੀ ਅੱਗੇ ਤੁਰਦੀ ਗਈ। ਸ਼ਾਮ ਪੈਣ 'ਤੇ ਉਸ ਨੂੰ ਇਕ-ਵੱਗ ਦਿਸਿਆ। ਸੱਸੀ ਨੇ ਵੱਗ ਦੇ ਆਜੜੀ ਕੋਲੋਂ ਪੁੰਨੂ ਦੇ ਕਾਫਲੇ ਬਾਰੇ ਪੁਛਿਆ ਤੇ ਪਿਆਸੀ ਸੱਸੀ ਨੇ ਪਾਣੀ ਦੀ ਮੰਗ ਕੀਤੀ। ਆਜੜੀ ਦੀਆਂ ਅੱਖਾਂ ਇਕ ਨੌਜਵਾਨ ਲੜਕੀ ਨੂੰ ਦੇਖ ਕੇ ਲਲਚਾ ਗਈਆਂ। ਜਦੋਂ ਆਜੜੀ ਪਾਣੀ ਲੈਣ ਗਿਆ ਤਾਂ ਸੱਸੀ ਨੇ ਆਪਣੇ ਪਿਆਰ ਦੀ ਖਾਤਰ ਉਸ ਤੱਪੇ ਥਲ ਵਿੱਚ ਆਪਣੀ ਇੱਜਤ ਲਈ ਪ੍ਰਾਣ ਤਿਆਗ ਦਿੱਤੇ। ਜਦੋਂ ਆਜੜੀ ਵਾਪਸ ਆਇਆ ਸੱਸੀ ਆਪਣੇ ਪਿਆਰੇ ਪੁੰਨੂ ਦੀ ਖਾਤਰ ਦੁਨੀਆਂ ਤੋਂ ਜਾ ਚੁਕੀ ਸੀ।





ਦਸਮ ਗ੍ਰੰਥ ਦੇ ਚਰਿਤ 108 ਵਿੱਚ ਸੱਸੀ-ਪੁੰਨੂ ਦੇ ਪਿਆਰ ਦੀ ਕਹਾਣੀ ਅੰਦਰ ਰੰਭਾ ਦੀ ਕੁੱਖੋਂ ਪੈਦਾ ਹੋਈ ਲੜਕੀ ਦੀ ਵਰਤਾ ਅੰਦਰ ਇਹ ਲਿਖਿਆ ਹੈ, ਕਿ-

ਮਰਨ ਸਭਨ ਕੇ ਮੁੰਡ ਪੇ ਸਫਲ ਮਰਨ ਤੈ ਤਾਹਿ, ਤਨਕ ਬਿਖੈ ਤਨ ਕੋ ਤਜੈ ਪ੍ਰਿਯ ਸੋ ਪ੍ਰੀਤ ਬਨਾਇ।

ਹਾਫਿਜ਼ ਬਰਖੁਰਦਾਰ ਨੇ ਸੱਸੀ-ਪੁੰਨੂ ਕਿੱਸੇ ਅੰਦਰ ਸੱਸੀ ਦੇ ਬਿਰਹਾ ਵਿੱਚ ਪੁੰਨੂ ਆਜੜੀ ਕੋਲੋ ਪੁੱਛਦਾ ਹੈ, ਲਿਖਿਆ ਹੈ-

ਪੁੰਨੂ ਪੁਛੇ ਭਾਈ ਆਜੜੀ ਦਸ ਅਸਾਂ ਇਹ ਗਲ, ਇਹ ਗ਼ੋਰ ਨਵੀਂ ਇਸ ਰਾਹ ਤੇ ਅੱਜ ਹੋਈ ਕਿ ਕੱਲ।

ਆਜੜੀ ਪੁੰਨੂ ਨੂੰ ਉਤਰ ਦੇਂਦਾ ਹੈ-

ਮੀਆਂ ਉਚੀ ਲੰਮੀ ਪਤਲੀ ਨਿੱਕੇ ਲੱਕ ਜਵਾਨ, ਨਾਮ ਸੱਸੀ ਧੀ ਜਾਮ ਦੀ ਬ੍ਰਿਹੋ ਦੇ ਮਾਨ।
ਇਹ ਪੁੰਨੂ ਪੁੰਨੂ ਕਰ ਮਰ ਗਈ। ਅਸਾਂ ਖਲਿਆ ਦਿਤੀ ਜਾਨ।

ਹਾਫ਼ਿਜ ਬਰਖੁਰਦਾਰ ਨੇ ਸੱਸੀ ਨੂੰ ਥਲਾਂ ਵਿੱਚ ਪੁੰਨੂ ਦੇ ਵਿਯੋਗ ਵਿੱਚ ਪ੍ਰਾਣ ਦੇਂਦੀ ਵਿਖਾਇਆ ਹੈ ਅਤੇ ਆਜੜੀ ਨੇ ਉਸ ਦੀ ਕਬਰ ਬਣਵਾਈ ਦਰਸਾਈ ਹੈ। ਕਿੱਸੇ ਵਿਚਲੀ ਬੋਲੀ ਲਹਿੰਦੀ ਪੰਜਾਬੀ ਹੈ। ਕਈ ਥਾਵਾਂ 'ਤੇ ਫਾਰਸੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਸੱਸੀ-ਪੁੰਨੂ ਦੀ ਪ੍ਰੀਤ-ਕਥਾ ਨੂੰ ਪੰਜਾਬੀ ਵਿੱਚ ਬਹੁਤ ਸਾਰੇ ਕਵੀਆਂ ਨੇ ਸਮੇਂ ਸਮੇਂ ਆਪੋ ਆਪਣੇ ਸਾਹਿਤਕ ਲਹਿਜੇ ਨਾਲ ਵਰਨਣ ਕਰਣ ਦੇ ਯਤਨ ਕੀਤੇ ਹਨ। ਇਨ੍ਹਾਂ ਕਵੀਆਂ ਵਿੱਚ ਹਾਫ਼ਿਜ਼ ਬਰਖੁਰਦਾਰ, ਫਕੀਰ ਮੁਹੰਮਦ, ਸੁੰਦਰ ਦਾਸ, ਬੇਹਬਲ, ਹਾਸ਼ਮਸ਼ਾਹ ਅਹਿਮਦ ਯਾਰ, ਸ਼ਾਹ ਮੁਹੰਮਦ, ਸਾਧੂ ਸਦਾ ਰਾਮ, ਮੀਰ ਹੁਸੈਨ, ਪੰ:ਮੋਹਨ ਲਾਲ, ਕਰੀਮ ਬਖ਼ਸ਼, ਸ।ਹਰਨਾਮ ਸਿੰਘ, ਇੰਦਰ ਸਿੰਘ, ਚੰਨਣ ਸਿੰਘ, ਭਾਈ ਕਾਹਨ ਸਿੰਘ ਆਦਿ, ਆਦਿ 80-ਤੋਂ ਵੀ ਵੱਧ ਕਵੀ (ਡਾ।ਹਰਨਾਮ ਸਿੰਘ ਸ਼ਾਨ), ਜਿਨ੍ਹਾਂ ਰਚਿਤ ਸੱਸੀ-ਪੁੰਨੂ ਦੀ ਪ੍ਰੀਤ ਕਹਾਣੀ ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਅੰਦਰ ਅੱਜ ਵੀ ਪੰਜਾਬੀ ਜਨ-ਜੀਵਨ ਦਾ ਇਹ ਇਕ ਅਨਿੱਖੜਵਾਂ ਅੰਗ ਬਣ ਗਈ ਹੈ। ਪੰਜਾਬੀ ਅਤੇ ਪੰਜਾਬੀ ਸਾਹਿਤ ਅੰਦਰ ਸੱਸੀ-ਪੁੰਨੂ ਦੇ ਪਿਆਰ ਦੇ ਕਿੱਸੇ ਅਤੇ ਕਹਾਣੀਆਂ ਅਨੇਕਾਂ ਲੋਕ ਗੀਤਾਂ ਅੰਦਰ ਗਾਈਆਂ ਜਾਂਦੀਆਂ ਹਨ। ਪੰਜਾਬੀ ਔਰਤਾਂ ਇਹ ਗੀਤ ਬੜੇ ਲੈਅ ਤੇ ਮਨੋਵੇਗ ਅਤੇ ਭਾਵਨਾ ਭਰਪੂਰ ਰੌਅ ਵਿੱਚ ਗਾਉਂਦੀਆਂ ਹਨ। ਭਾਵੇ ਇਸ ਕਿੱਸੇ ਦੀ ਨਾਇਕ ਸੱਸੀ ਤੇ ਪੁੰਨੂ ਸਿੰਧ ਖੇਤਰ (ਕੱਛ) ਨਾਲ ਤੁਅੱਲਕ ਰੱਖਦੇ ਹਨ, ਪਰ ਪੰਜਾਬੀਆਂ ਨੇ ਉਸ ਨੂੰ ਅਪਣਾ ਕੇ ਆਪਣਾ ਹੀ ਬਣਾ ਲਿਆ ਹੈ। 'ਆਡਤ' ਨੇ ਸੱਸੀ-ਪੁੰਨੂ ਦਾ ਕਿੱਸਾ ਮਾਝਾਂ ਵਿੱਚ ਲਿਖਿਆ ਪਰ ਇਸ ਨੂੰ ਉਸ ਨੇ ਪੰਜਾਬੀ ਸੱਭਿਆਚਾਰ ਅੰਦਰ ਪੇਸ਼ ਕੀਤਾ।

ਫੁੱਲਾਂ ਸੇਜ ਵਿਛਾਈ ਸੱਸੀ, ਹੋਤ ਪਿਆਲੇ ਪੀਤੇ, ਅਹਿਮਦ ਯਾਰ ਨੇ
ਹਾਸ਼ਮ ਸੱਸੀ ਸੋਹਣੀ ਜੋੜੀ, ਸਦ ਰਹਿਮਤ ਉਸਤਾਦੋਂ ਕਹਿ ਕੇ ਵੱਡਿਆਇਆ।
ਜੇ ਜ਼ੋਰ ਕਰੇਂ ਸਗੋਂ ਸ਼ੋਰ ਪਾਵੇ; ਵਿੱਚ ਸ਼ਹਿਰ ਭੰਬੋਰ ਨਾ ਕਦੀ ਰਹਿਸਾਂ (ਸ਼ਾਹ ਮੁਹੰਮਦ)

80 ਤੋਂ ਵੱਧ ਕਿੱਸਾਕਾਰਾਂ ਨੇ ਸੱਸੀ-ਪੁੰਨੂ ਦੀ ਪਿਆਰ-ਕਹਾਣੀ ਦੀਆਂ ਪੰਜਾਬੀ ਵਿੱਚ ਰਚਨਾ ਕੀਤੀਆਂ ਹਨ। ਪਰ ਹਾਸ਼ਮ ਵਰਗਾ ਸੋਜ਼, ਦਰਦ, ਬਿਰਹਾ ਕੋਈ ਵੀ ਕਿੱਸਾਕਾਰ ਆਪਣੇ ਕਿੱਸੇ ਵਿੱਚ ਨਹੀਂ ਪੇਸ਼ ਕਰ ਸੱਕਿਆ। ਇਸ ਤੋਂ ਬਿਨਾਂ ਇਨ੍ਹਾਂ ਨਾਇਕਾ ਦੀ ਪ੍ਰੀਤ-ਕਥਾ ਬਾਰੇ ਸੰਕਤੇ ਪੰਜਾਬੀ ਲੋਕ ਗੀਤਾਂ ਵਿੱਚ ਵੀ ਮਿਲਦੇ ਹਨ-

ਉਠਾਂ ਵਾਲਿਆ ਰਾਹ ਰੋਕ ਲਏ, ਕੁੜੀਆਂ ਜੂਹਾ ਮਲੀਆਂ।
ਮੇਲੇ ਜੈਤੋਂ ਦੇ, ਸੋਹਣੀਆਂ ਤੇ ਸੱਸੀਆਂ ਚੱਲੀਆਂ।
ਸੱਸੀ ਤੇ ਪੁੰਨੂੰ ਦੋਵੇ ਰਲ ਸੁੱਤੇ, ਮੁਖ ਪਰ ਲੈ ਕੇ ਰੁਮਾਲ, ਮਾਹੀਆਂ ਹਾਣੀਆਂ ਵੇ !
ਸੱਸੀ ਨੇ ਪਾਸਾ ਮੋੜਿਆ, ਪੁੰਨੂ ਤੇ ਹੈ ਨਹੀਂ ਨਾਲ, ਮਾਹੀਆਂ ਹਾਣੀਆਂ ਵੇ।

ਸੱਸੀ-ਪੁੰਨੂ ਦੇ ਪਿਆਰ ਅੰਦਰ ਅੱਜ ਵੀ ਇਸਤਰੀਆਂ ਸੱਸੀ ਦੇ ਮਜ਼ਾਰ ਤੇ ਦੀਵੇ ਬਾਲ ਕੇ ਉਸ ਨੂੰ ਸ਼ਰਧਾ ਭੇਂਟ ਕਰ ਰਹੀਆਂ ਹੋਣ ਜਿਹੜਾ ਇਨ੍ਹਾਂ ਪ੍ਰੇਮੀਆਂ ਦੇ ਦਿਲਾਂ ਅੰਦਰ ਦ੍ਰਿੜਤਾ ਦਾ ਪ੍ਰਗਟਾਵਾ ਕਿਹਾ ਜਾ ਸਕਦਾ ਹੈ। ਇਹ ਪੰਜਾਬ ਦੀ ਧਰਤੀ ਨੂੰ ਪਿਆਰ ਦੀ ਬਖਸ਼ਿਸ਼ ਹੈ, ਜੋ ਪੰਜਾਬੀ ਸੱਭਿਆਚਾਰ ਦੀ ਇਕ ਉਚਮ ਪ੍ਰਕਿਰਿਆ ਹੈ। ਭਾਵੇ ਉਨ੍ਹਾਂ ਦੇ ਜੀਵਨ ਦਾ ਅੰਤ ਹੋ ਗਿਆ ਪਰ ਉਨ੍ਹਾਂ ਦੀ ਮੌਤ ਵੀ ਇਕ ਤਰ੍ਹਾਂ ਨਾਲ ਮਿਹਰ ਸਾਬਤ ਹੋਈ ਹੈ ਜਿਸ ਨੇ ਉਨ੍ਹਾਂ ਦੇ ਪਿਆਰ ਨੂੰ ਅਮਰ ਕਰ ਦਿੱਤਾ ਹੈ।

ਸੱਸੀ-ਪੁੰਨੂ ਦੀ ਪ੍ਰੀਤ ਕਹਾਣੀ ਨੂੰ ਬਹੁਤ ਸਾਰੇ ਕਿ-ੱਸਾਕਾਰਾਂ ਨੇ ਆਪੋ-ਆਪਣੇ ਢੰਗ ਨਾਲ ਪੇਸ਼ ਕੀਤਾ ਹੈ। ਕਈ ਪੇਸ਼ਕਾਰਾ ਨੇ ਸੱਸੀ ਦੀ ਤਰਸਮਈ ਸਥਿਤੀ ਦਾ ਵਰਣਨ ਕੀਤਾ ਹੈ ਤੇ ਕਈਆਂ ਨੇ ਪਿਆਰ, ਤਾਂਘਾ, ਸੱਸੀ ਦੇ ਕੀਰਣੇ, ਇਸ਼ਕ ਦਾ ਵਿਛੋੜਾ, ਬਿਰਹੋਂ ਵੇਦਨਾ, ਆਸ਼ਕਾ ਦੇ ਹਾੜੇ ਅਤੇ 'ਲੱਖੂ' ਨੇ ਬੈਂਤ ਛੰਦ ਵਿੱਚ ਸੱਸੀ-ਪੁੰਨੂ ਸਬੰਧੀ ਪਹਿਲੀ ਸੀਹਰਫ਼ੀ ਵਿੱਚ ਲਿਖਿਆ ਹੈ-

ਅਲਫ਼ ਅਜ ਗਏ, ਹੋਤ ਭਜ ਮੈਥੋਂ, ਕੋਈ ਰੱਜ ਨਹੀਂ; ਕੀਕੂੰ ਜੀਵਸਾਂ ਮੈਂ।
ਸੁੰਞੀ ਸੇਜ ਡਰਾਂਵਦੀ ਖਾਂਵਦੀ ਹੈ, ਦਿਲ ਆਂਵਦੀ ਜ਼ਹਿਰ ਲੈ ਪੀਵਸਾਂ ਮੈ।

ਸੱਸੀ-ਪੁੰਨੂ ਬਾਰੇ ਆਧੁਨਿਕ ਪੰਜਾਬੀ ਕਵੀਆਂ ਨੇ ਆਪਣੀਆਂ ਕਾਵਿ-ਰਚਨਾਵਾਂ ਵਿੱਚ ਵੀ ਸੰਕੇਤ ਦਿੱਤੇ ਹਨ। ਕੁਝ ਵੀ ਹੋਵੇ ਪਰ ਇਸ ਪ੍ਰੇਮ-ਕਥਾ ਅੰਦਰ ਭੂਤ ਤੇ ਵਰਤਮਾਨ ਕਿੱਸਾਕਾਰਾਂ, ਲੇਖਕਾਂ ਅਤੇ ਕਵੀਆਂ ਨੇ ਮਾਂ ਬੋਲੀ ਪੰਜਾਬੀ ਨੂੰ ਜਿਥੇ ਪ੍ਰਫੁਲਤ ਕੀਤਾ ਉਥੇ ਪੰਜਾਬੀ ਸਭਿਆਚਾਰ ਅਤੇ ਪੰਜਾਬੀ ਜਨ-ਜੀਵਨ ਨੂੰ ਇਸ ਦੇ ਗਾਇਨ ਰਾਹੀ ਇਕ ਸਦੀਵੀ ਮਨੋਰੰਜਨ ਵੀ ਦਿੱਤਾ। ਸੱਸੀ ਦਾ ਅੰਤਰ ਕੂਕਨੁਸ ਵਾਂਗ ਸੀ, ਜਿਵੇਂ ਕੂਕਨੁਸ ਅੱਗ ਵਿੱਚ ਦਮਨ ਹੋ ਜਾਂਦਾ ਹੈ, ਉਸੇ ਤਰ੍ਹਾਂ ਸੱਸੀ ਵੀ ਪੁੰਨੂ ਦੇ ਇਸ਼ਕ ਵਿੱਚ ਥਲਾਂ ਦੀ ਸੜਦੀ ਬਲਦੀ ਰੇਤਾਂ ਵਿੱਚ ਸੜ-ਭੁੱਜ ਕੇ ਮਰਕੇ ਅਮਰ ਹੋ ਗਈ ! ਸੱਸੀ-ਪੁੰਨੂ ਪ੍ਰੀਤ ਕਹਾਣੀ ਪੰਜਾਬੀ ਸੱਭਿਆਚਾਰ 'ਚ ਇਕ ਸ਼ਾਹਕਾਰ ਪ੍ਰੇਮ ਕਥਾ ਹੈ।

ਸੱਸੀ ਰੂਹ ਇਨਸਾਨ ਇਹੀ, ਜੋ ਗੋਹਰੂ ਹੈ ਨੂਰਾਨੀ।
ਦੁਨੀਆ ਹੈ ਦਰਿਆ; ਜਿਹਦੇ ਵਿੱਚ ਠਾਠ ਵਗੇ ਜ਼ੁਲਮਾਨੀ।
(ਬਾਗੇ ਮੁਹੱਬਤ-ਸੱਯਦ ਮੀਰ ਹੂਸੈਨ)

# ਇਸ ਗ੍ਰਹਿ ਤੇ ਸਪੱਸ਼ਟ ਬੋਲੀ ਜਾਣ ਇਕ ਮਾਤਰ -ਸੰਸਕ੍ਰਿਤ ਭਾਸ਼ਾ



ਪ੍ਰੋ ਰਵਿੰਦਰ ਕੁਮਾਰ

**ਵਿਸ਼ਵ ਸੰਸਕ੍ਰਿਤ ਦਿਵਸ ਦੀ ਮਹੱਤਤਾ**

ਸੰਸਾਰ ਦੀਆਂ ਸਾਰੀਆਂ ਭਾਸ਼ਾਵਾਂ ਵਿੱਚੋਂ ਸੰਸਕ੍ਰਿਤ ਭਾਸ਼ਾ ਨੂੰ ਹੀ ਸਰਵੋਤਮ ਭਾਸ਼ਾ ਮੰਨਿਆ ਜਾਂਦਾ ਹੈ। ਰਮਾਇਣ ਕਾਲ ਸਮੇਂ ਸੰਸਕ੍ਰਿਤ ਭਾਸ਼ਾ ਆਮ ਅਤੇ ਲੋਕ ਭਾਸ਼ਾ ਹੁੰਦੀ ਸੀ, ਇਸੇ ਕਰਕੇ ਸੰਸਕ੍ਰਿਤ ਭਾਸ਼ਾ ਨੂੰ ਸੰਸਾਰ ਦੀ ਪ੍ਰਾਚੀਨ ਭਾਸ਼ਾ ਅਤੇ ਸਾਰੀਆਂ ਭਾਸ਼ਾਵਾਂ ਦੀ ਮਾਂ ਵੀ ਕਿਹਾ ਜਾਂਦਾ ਹੈ। ਭਾਰਤ ਵਿੱਚ ਅੱਜ ਦੇ ਆਧੁਨਿਕ ਯੁੱਗ ਵਿੱਚ ਸੰਸਕ੍ਰਿਤ ਭਾਸ਼ਾ ਸਿਰਫ਼ ਪੂਜਾ-ਪਾਠ ਆਦਿ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਇਸ ਪੂਜਾ-ਪਾਠ ਵਿਚ ਹੀ ਮੰਤਰਾਂ ਦਾ ਜਾਪ ਹੋ ਰਿਹਾ ਹੈ, ਮੰਤਰਾਂ ਦੇ ਜਾਪ ਲਈ ਬੋਲੀ ਜਾਣ ਵਾਲੀ ਭਾਸ਼ਾ ਨੂੰ ਹੀ ਸੰਸਕ੍ਰਿਤ ਭਾਸ਼ਾ ਕਿਹਾ ਜਾਂਦਾ ਹੈ।

ਸੰਸਕ੍ਰਿਤ ਭਾਸ਼ਾ ਨੂੰ ਬੋਲਚਾਲ ਦੀ ਭਾਸ਼ਾ ਵਿੱਚ ਨਹੀਂ ਵਰਤਿਆ ਜਾ ਰਿਹਾ ਹੈ। ਇਸੇ ਕਰਕੇ ਭਾਰਤ ਵਿੱਚ ਭਾਸ਼ਾ ਪਿੱਛੇ ਰਹਿ ਗਈ। ਸੰਸਕ੍ਰਿਤ ਭਾਸ਼ਾ ਅੱਜ ਵੀ ਬਹੁਤ ਅਮੀਰ ਭਾਸ਼ਾ ਹੈ, ਅੱਜ ਸਾਨੂੰ ਆਪਣੇ ਬੱਚਿਆਂ ਅਤੇ ਨੌਜਵਾਨਾਂ ਨੂੰ ਸੰਸਕ੍ਰਿਤ ਭਾਸ਼ਾ ਦੀ ਮਹੱਤਤਾ ਤੋਂ ਜਾਣੂ ਕਰਵਾਉਣ ਦੀ ਲੋੜ ਹੈ ਅਤੇ ਸੰਸਕ੍ਰਿਤ ਭਾਸ਼ਾ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਸਾਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਇਸ ਦੇ ਵਿਸਥਾਰ ਲਈ ਕੰਮ ਕਰਨਾ ਚਾਹੀਦਾ ਹੈ। ਸਾਡੇ ਪੁਰਾਣੇ ਸੰਸਕ੍ਰਿਤ ਸਕੂਲ ਅਤੇ ਕਾਲਜ ਜੋ ਅੱਜ ਪੂਰੇ ਭਾਰਤ ਵਿੱਚ ਬੰਦ ਪਏ ਹਨ, ਨੂੰ ਖੋਲ੍ਹ ਕੇ ਭਾਸ਼ਾ ਦਾ ਗਿਆਨ ਕਰਵਾਉਣਾ ਚਾਹੀਦਾ ਹੈ। ਸਾਨੂੰ ਆਪਣੇ ਦੇਸ਼ ਦੀ ਭਾਸ਼ਾ ਤੇ ਮਾਣ ਹੋਣਾ ਚਾਹੀਦਾ ਹੈ, ਇਸ ਦੇਵਭਾਸ਼ਾ ਦੀ ਮਹੱਤਤਾ ਨੂੰ ਸਮਝਣਾ ਚਾਹੀਦਾ ਹੈ।

**ਸੰਸਕ੍ਰਿਤ ਦਿਵਸ ਕਦੋਂ ਮਨਾਇਆ ਜਾਂਦਾ ਹੈ :**

ਸੰਸਕ੍ਰਿਤ ਦਿਵਸ ਪਹਿਲੀ ਵਾਰ 1969 ਈ: ਵਿੱਚ ਕੇਂਦਰੀ ਅਤੇ ਰਾਜ ਪੱਧਰ `ਤੇ ਮਨਾਉਣ ਲਈ ਭਾਰਤ ਦੇ ਸਿੱਖਿਆ ਮੰਤਰਾਲੇ ਦੇ ਆਦੇਸ਼ ਦੁਆਰਾ ਜਾਰੀ ਕੀਤਾ ਗਿਆ ਸੀ। ਵਿਸ਼ਵ ਸੰਸਕ੍ਰਿਤ ਦਿਵਸ ਦੇ ਤਿਉਹਾਰ ਨੂੰ ਮਨਾਉਣ ਦਾ ਮਹੱਤਵ ਨਵੀਂ ਪੀੜ੍ਹੀ ਨੂੰ ਆਪਣੇ ਸੱਭਿਆਚਾਰ ਤੋਂ ਜਾਣੂ ਕਰਵਾਉਣਾ ਸੀ, ਜਿਸ ਨੂੰ ਅਸੀਂ ਆਪਣੇ ਪੁਰਾਤਨ ਸੰਸਕਾਰਾਂ ਨੂੰ ਭੁੱਲ ਗਏ ਹਾਂ। ਜਿਸ ਵਿੱਚ ਸੰਸਕ੍ਰਿਤ ਭਾਸ਼ਾ ਦੀ ਮਹੱਤਤਾ ਬਾਰੇ ਚਰਚਾ ਕੀਤੀ ਜਾਵੇ। ਸੰਸਕ੍ਰਿਤ ਦਿਵਸ ਹਰ ਸਾਲ ਸ਼ਰਵਣ ਮਹੀਨੇ ਦੀ ਪੂਰਨੀਮਾ ਨੂੰ ਮਨਾਇਆ ਜਾਂਦਾ ਹੈ।

ਭਗਵਾਨ ਨੇ ਆਪਣੇ ਗਿਆਨ ਅੰਮ੍ਰਿਤ ਨੂੰ ਸੂਤਰਾਂ ਨਾਲ ਬੰਨ੍ਹ ਕੇ ਜਿਸ ਨੂੰ ਅਸੀਂ ਅਨੁਸਟੂਪਛੰਦ ਦੇ ਨਾਮ ਨਾਲ ਜਾਣਦੇ ਹਾਂ, ਸੂਤਰਬੱਧ ਢੰਗ ਨਾਲ ਕਹਾਣੀਆਂ, ਆਖਿਆਨਾਂ, ਦ੍ਰਿਸ਼ਟਾਤਾਂ ਦੇ ਦੁਆਰਾ ਕਠੋਰ ਤੋਂ ਅਸਾਨ ਉਦਾਹਰਣਾਂ ਨਾਲ ਸਮਝਾਇਆ ਹੈ। ਉਨ੍ਹਾਂ ਨੂੰ ਕੇਵਲ ਪੜ੍ਹਨ, ਸੁਣਨ ਤੇ ਵਿਚਾਰਣ ਨਾਲ ਹੀ ਮੋਕਸ਼ ਦੀ ਪ੍ਰਾਪਤੀ ਹੋ ਜਾਂਦੀ ਹੈ।ਇਸ ਵਿੱਚ ਕੋਈ ਸ਼ੱਕ ਨਹੀਂ।

The Ethnologue Catalogue of World Language ਦੇ ਅਨੁਸਾਰ ਵਿਸ਼ਵ ਵਿੱਚ 7099 ਭਾਸ਼ਾਵਾਂ ਹਨ। ਦੁਨੀਆਂ ਵਿੱਚ ਕੋਈ ਵੀ ਭਾਸ਼ਾ ਸੰਸਕ੍ਰਿਤ ਤੋਂ ਵੱਧ ਕੇ ਹੋਰ ਨਹੀਂ ਹੋ ਸਕਦੀ। ਸੰਸਕ੍ਰਿਤ ਭਾਸ਼ਾ ਵਿੱਚ (107,78,50,00,000) ਇਕ ਸੋ ਸੱਤ ਅਰਬ ਅਠੱਤਰ ਕਰੋੜ ਪੰਜਾਹ ਲੱਖ ਸ਼ਬਦਾਂ ਦਾ ਪ੍ਰਯੋਗ ਹੋ ਚੁੱਕਿਆ ਹੈ। Computer or Advance technology ਵਿੱਚ ਜੇ ਇਸ ਦਾ ਪ੍ਰਯੋਗ ਹੋ ਜਾਵੇ ਤਾਂ ਆਉਣ ਵਾਲੇ 10 ਸਾਲਾਂ ਵਿੱਚ ਸੰਸਕ੍ਰਿਤ ਹੋਰ ਵੀ ਇਸਤੇਮਾਲ ਹੋਣ ਵਾਲੀ ਭਾਸ਼ਾ ਬਣ ਜਾਵੇਗੀ। Comperative to other language ਹੋਰ ਭਾਸ਼ਾਵਾਂ ਦੇ ਮੁਕਾਬਲੇ ਸੰਸਕ੍ਰਿਤ ਘੱਟ ਸਮੇਂ ਵਿੱਚ ਸਾਡੇ ਵਾਕ ਨੂੰ ਪੂਰਾ ਕਰ ਦਿੰਦੀ ਹੈ। The University of Chicago or MIT Massachnsetts Institude of technology ਹੋਰ ਕਈ ਪ੍ਰਮੁੱਖ University America ਵਿੱਚ ਸੰਸਕ੍ਰਿਤ ਸਿਖਾ ਰਹੇ ਹਨ। NASA ਵਿੱਚ ਇਕ ਦਫਤਰ ਹੈ ਜੋ ਪ੍ਰਾਚੀਨ ਸੰਸਕ੍ਰਿਤ ਵਿੱਚ ਲਿਖੀ ਗਈ ਹਸਤਲਿੱਪੀ ਉਤੇ ਰਿਸਚਰਚ ਕਰ ਰਿਹਾ ਹੈ।

ਜੁਲਾਈ 1987, ਦੇ FORBES MAGAZINE ਵਿੱਚ ਲਿਖਿਆ ਸੀ ਕਿ "Sanskrit is most Computer Friendly Langauge" ਯਾਨੀ ਕਿ ਕੰਪਿਊਟਰ ਦੇ ਇਸਤੇਮਾਲ ਲਈ ਸਭ ਤੋਂ ਵਧੀਆਂ ਭਾਸ਼ਾ ਸੰਸਕ੍ਰਿਤ ਹੈ, ਸੰਸਕ੍ਰਿਤ ਸਰਲ, ਮਨੋਹਰ ਅਤੇ ਨਿਮਿਤ ਭਾਸ਼ਾ ਹੈ। NASA ਨੇ ਸੰਸਕ੍ਰਿਤ ਨੂੰ ਇਸ ਗ੍ਰਹਿ ਤੇ ਸਭ ਤੋਂ ਸਪੱਸ਼ਟ ਬੋਲੀ ਜਾਣ ਵਾਲੀ ਇੱਕਮਾਤਰ ਭਾਸ਼ਾ ਕਿਹਾ ਹੈ। NASA Scientist ਦੀ ਰਿਪੋਰਟ ਦੇ ਅਨੁਸਾਰ ਇਹ 6th or 7th Generation ਕੰਪਿਊਟਰ ਤੇ ਕੰਮ ਕਰ ਰਹੀ ਹੈ। ਜੋ ਕਿ ਸੰਸਕ੍ਰਿਤ ਤੇ ਆਧਾਰਿਤ ਹੈ। NASA ਦੇ ਕੋਲ 60 ਹਜ਼ਾਰ ਹਸਤਲਿਪੀ ਤੇ ਪਾਂਡੂਲਿਪੀ ਹੈ, ਜਿਸ ਉਤੇ ਰਿਸਰਚ ਕਰ ਰਹੇ ਹਨ।

ਸੰਸਕ੍ਰਿਤ ਸਿੱਖਣ ਨਾਲ ਸਾਡਾ ਗਿਆਨ ਵੱਧ ਜਾਂਦਾ ਹੈ। Math or Science ਵਰਗੇ ਵਿਸ਼ੇ ਜੋ ਲੋਕ ਬਹੁਤ ਮੁਸ਼ਕਿਲ ਸਮਝਦੇ ਹਨ, ਜਰਮਨੀ ਤੇ ਯੂਰਪ ਵਿਚ ਸੰਸਕ੍ਰਿਤ ਦਾ ਗਿਆਨ ਹੋਣ ਨਾਲ ਵਿਦਿਆਰਥੀ ਬਹੁਤ ਚੰਗਾ Performance ਕਰ ਰਹੇ ਹਨ, ਜੋ ਵਿਦਿਆਰਥੀ ਇਸਨੂੰ ਸਿੱਖ ਰਹੇ ਹਨ। ਉਸ ਨਾਲ ਉਹਨਾਂ ਦੀ Memory Power ਵੱਧ ਰਹੀ ਹੈ। London or Ireland ਦੇ ਬਹੁਤ ਸਾਰੇ ਸਕੂਲਾਂ ਵਿੱਚ ਸੰਸਕ੍ਰਿਤ ਨੂੰ Compulsory Subject ਕਰ ਦਿੱਤਾ ਹੈ। ਇਥੋਂ ਦੇ ਵਿਦਿਆਰਥੀ ਹਮੇਸ਼ਾਂ ਓਰਬਕਗ ਦੀ ਲਿਸਟ ਵਿੱਚ ਹੁੰਦੇ ਹਨ।

ਰਿਸਰਚ ਨੇ ਸਾਬਿਤ ਕਰ ਦਿੱਤਾ ਹੈ ਕਿ ਸੰਸਕ੍ਰਿਤ ਦੇ Fonastic ਦਾ ਸੰਬੰਧ ਸਾਡੇ ਸਰੀਰ ਦੇ Energy Point ਨਾਲ ਹੁੰਦਾ ਹੈ। ਜਦੋਂ ਅਸੀਂ ਸੰਸਕ੍ਰਿਤ ਬੋਲਦੇ ਜਾਂ ਪੜ੍ਹਦੇ ਹਾਂ ਤਾਂ ਇਹ Energy Point Activate ਹੋ ਜਾਂਦੇ ਹਨ ਅਤੇ ਸਾਡਾ Energy Level ਵੱਧ ਜਾਂਦਾ ਹੈ ਅਤੇ ਸਾਡਾ ਰੋਧ-ਪ੍ਰਤੀਰੋਧ ਵੀ ਵੱਧਦਾ ਹੈ। ਦਿਮਾਗ ਨੂੰ ਆਰਾਮ ਮਿਲਦਾ ਹੈ ਅਤੇ ਤਨਾਵ ਤੋਂ ਮੁਕਤੀ ਮਿਲਦੀ ਹੈ। ਸੰਸਕ੍ਰਿਤ ਸਾਡੇ ਦੇਸ਼ ਦੀ ਭਾਸ਼ਾ ਹੈ। ਸਾਡਾ ਪੁਰਾਣਾ ਗਿਆਨ, ਵਿਗਿਆਨ, ਭਗਵਾਨ ਵਾਲਮੀਕ ਜੀ ਦੀ ਸੰਸਕ੍ਰਿਤ ਭਾਸ਼ਾ ਵਿੱਚ ਹੀ ਸੁਰੱਖਿਅਤ ਹੈ।ਸਾਡੇ ਭਾਰਤ ਦੀ ਪ੍ਰਤੀਸ਼ਠਾ ਰਾਮਾਇਣ, ਮੋਕੋਸ਼ਪਾਯ (ਯੋਗਵਸਿਸ਼ਠ) ਅਤੇ ਅੱਕਸ਼ਰਲੱਛਣ, ਵਿਆਕਰਣ ਗ੍ਰੰਥਾਂ ਨਾਲ ਹੀ ਹੈ। ਸੰਸਕ੍ਰਿਤ ਭਾਸ਼ਾ ਵਿਗਿਆਨਕ ਹੈ।ਕੰਪਿਊਟਰ ਦੇ ਲਈ ਉਤਮ ਭਾਸ਼ਾ ਹੈ। ਸੰਸਕ੍ਰਿਤ ਭਾਸ਼ਾ ਸਰਲ, ਸਰਸ, ਮਧੁਰ, ਦੇਵਭਾਸ਼ਾ ਅਤੇ ਮਨੋਹਰ ਜਾਂ ਅੰਮ੍ਰਿਤ ਤੁਲਯ ਭਾਸ਼ਾ ਹੈ, ਅਨੁਸਟੂਪਛੰਦ ਦੇ ਪ੍ਰਭਾਵ ਤੋਂ ਵਿਦੇਸੀ ਵਿਦਵਾਨ ਵੀ ਬਹੁਤ ਪ੍ਰਭਾਵਿਤ ਹੋਏ ਉਨ੍ਹਾਂ ਨੇ ਵੀ ਅਪਣੀ ਭਾਸ਼ਾ ਦਾ ਨਿਰਮਾਣ ਭਗਵਾਨ ਵਾਲਮੀਕ ਜੀ ਦੇ ਸਿਧਾਂਤਾ ਅਨੁਸਾਰ ਬਣਾਇਆ,ਅਮਰੀਕਾ ਦੀ ਨਾਸਾ ਕੰਪਨੀ ਇਸ ਉਤੇ ਕਾਰਜ ਕਰ ਰਹੀ ਹੈ। ਇਸ ਲਈ ਸ਼੍ਰੀ ਗੁਰੂ ਵਾਲਮੀਕ ਜੀ ਨੂੰ ਸੰਸਕ੍ਰਿਤ ਦੇ ਪਿਤਾਮਾ ਦੀ ਉਪਾਧੀ ਪ੍ਰਪਾਤ ਹੈ।

**ਸੰਸਕ੍ਰਿਤ ਭਾਸ਼ਾ ਦਾ ਜਨਮ**

ਸੰਸਕ੍ਰਿਤ ਭਾਸ਼ਾ ਦਾ ਜਨਮ ਭਗਵਾਨ ਵਾਲਮੀਕ ਜੀ ਦੇ ਮੂੰਹ ਤੋਂ ਨਿਕਲੇ ਸ਼ਬਦਾਂ ਤੋਂ ਹੋਇਆ ਸੀ। ਸੰਸਕ੍ਰਿਤ ਦੇ ਵਿਅੰਜਨਾਂ ਦਾ ਪਹਿਲਾ ਅੱਖਰ 'ਕ' ਦਾ ਹੋਣਾ ਕੋਈ ਸੰਯੋਗ ਨਹੀਂ, ਬਲਕਿ ਕਰੋਂਚ ਤੋਂ ਹੀ ਭਗਵਾਨ ਵਾਲਮੀਕ ਨੇ ਕਰੁਣਾ ਭਾਵ ਨਾਲ ਭਾਸ਼ਾ ਦਾ ਨਿਰਮਾਣ ਕੀਤਾ ਸੀ। ਕਿਉਂਕਿ ਭਗਵਾਨ ਵਾਲਮੀਕਿ



ਜੀ ਦੇ ਮੂੰਹ ਤੋਂ ਨਿਕਲੇ ਸ਼ਬਦਾਂ ਨਾਲ ਹੀ ਸੰਸਕ੍ਰਿਤ ਦੇ ਸਵਰ ਅਤੇ ਵਿਅੰਜਨ ਹਨ। ਗੱਲ ਉਸ ਸਮੇਂ ਦੀ ਹੈ ਜਦੋਂ ਇਕ ਦਿਨ ਪ੍ਰਭੂ ਵਾਲਮੀਕ ਜੀ ਆਪਣੇ ਚੇਲੇ ਰਿਸ਼ੀ ਭਾਰਦਵਾਜ ਦੇ ਨਾਲ ਤਮਸਾ ਨਦੀ ਤੇ ਇਸ਼ਨਾਨ ਕਰਕੇ ਵਾਪਿਸ ਆਸ਼ਰਮ ਵੱਲ ਆ ਰਹੇ ਸਨ। ਉਦੋਂ ਉਨ੍ਹਾਂ ਨੇ ਨਦੀ ਦੇ ਤਟ ਦੇ ਕੋਲ ਇਕ ਨਿਸ਼ਾਦ ਨੂੰ ਦੇਖਿਆ, ਜਿਸਨੇ ਆਪਣੇ ਤੀਰ ਨਾਲ ਕ੍ਰੌਂਚ ਅਤੇ ਕ੍ਰੌਂਚੀ ਜੋੜੇ ਵਿੱਚੋਂ ਕ੍ਰੌਂਚ (ਨਰ) ਨੂੰ ਮਾਰ ਦਿੱਤਾ। ਇਹ ਨਜ਼ਾਰਾ ਦੇਖਕੇ ਉਨ੍ਹਾਂ ਦੇ ਮੁੱਖ ਤੋਂ ਜੋ ਸ਼ਬਦ ਨਿਕਲੇ ਉਹ ਇਸ ਪ੍ਰਕਾਰ ਹਨ :-

'ਮਾ ਨਿਸ਼ਾਦ ਪ੍ਰਤੀਸ਼ਠਾਮ ਤਵਮ ਆਗਮ: ਸ਼ਾਸ਼ਵਤੀ ਸ਼ਮਾ:।
ਯਤਰਦੇਖ ਕ੍ਰੌਂਚ ਮਿਥੁਨਾਦ ਏਕਮ ਅਵਧੀ ਕਾਮ ਮੋਹਿਤਮ।।'

ਇਸ ਸ਼ਲੋਕ ਤੋਂ ਹੀ ਸੰਸਕ੍ਰਿਤ ਭਾਸ਼ਾ ਦਾ ਜਨਮ ਹੋਇਆ। ਆਸ਼ਰਮ ਆਕੇ ਪ੍ਰਭੂ ਵਾਲਮੀਕ ਜੀ ਚੈਨ ਨਾਲ ਨਹੀਂ ਬੈਠੇ। ਉਨ੍ਹਾਂ ਨੇ ਦੇਖਿਆ ਕਿ ਜੀਵ ਕਿਵੇਂ ਆਪਣੇ ਮਤਲਬ ਦੇ ਲਈ ਇਕ ਦੂਜੇ ਪ੍ਰਾਣੀ ਦੀ ਹੱਤਿਆ ਕਰ ਦਿੰਦਾ ਹੈ ਜਦੋਂ ਕਿ ਪ੍ਰਕ੍ਰਿਤੀ ਨੇ ਇਕੋ ਜਿਹੀ ਪ੍ਰਾਣਵਾਯੂ ਸਾਰੇ ਜੀਵਾਂ ਨੂੰ ਦਿੱਤੀ ਹੈ। ਭਗਵਾਨ ਵਾਲਮੀਕ ਜੀ ਨੇ ਜੀਵ ਨੂੰ ਇਕ ਸੂਤਰ ਵਿੱਚ ਬੰਨਣ ਦੇ ਲਈ ਸਿਧਾਂਤ ਬਣਾਏ ਅਤੇ ਜੀਵ ਨੂੰ ਉਸਦਾ ਪਾਲਣ ਕਰਨ ਦਾ ਉਪਦੇਸ਼ ਦਿੱਤਾ ਉਦੋਂ ਤੋਂ ਹੀ ਜੀਵ ਇਸ ਸੰਸਾਰ ਤੋਂ ਮੁਕਤੀ ਜਾਂ ਮੋਕਸ਼ ਦੀ ਪ੍ਰਾਪਤੀ ਕਰਣ ਵਿਚ ਹੀ ਜੁਟਿਆ ਪਿਆ ਹੈ।

ਸੰਸਕ੍ਰਿਤ ਭਾਸ਼ਾ ਸਮ-ਉਪ-ਸਰਗ ਕ੍ਰਿ ਧਾਤੂ ਅਤੇ ਕਤਵ ਪ੍ਰਤਯ ਦੇ ਪ੍ਰਯੋਗ ਨਾਲ ਬਣਿਆ ਹੈ। ਸਮਯਕ, ਕ੍ਰਿਤਮ ਪਰਿਸ਼ਕ੍ਰਤ ਸੰਸਕ੍ਰਿਤਮ। ਇਸ ਭਾਸ਼ਾ ਨੂੰ ਪ੍ਰਭੂ ਵਾਲਮੀਕਿ ਜੀ ਨੇ ਸੰਸਕਾਰਾਂ ਨਾਲ ਬੰਨਕੇ ਅਤੇ ਅਤਿਅੰਤ ਪੂਰਣ ਰੂਪ ਨਾਲ ਪਰਿਮਾਰਜਿਤ ਕਰਕੇ ਭਾਸ਼ਾ ਨੂੰ ਸੂਤਰਾਂ ਨਾਲ ਬੰਨਿਆ ਸੀ। ਇਸ ਸ਼ਲੋਕ ਨੂੰ ਸਮਯਕ ਰੂਪ ਨਾਲ ਪਰਿਸ਼ਕ੍ਰਤ ਭਾਸ਼ਾ ਨੂੰ ਦੇਵ ਭਾਸ਼ਾ ਦੀ ਉਪਾਧੀ ਪ੍ਰਾਪਤ ਹੈ।

ਸੰਸਕ੍ਰਿਤ ਭਾਸ਼ਾ ਵਿਸ਼ਵ ਦੀ ਪ੍ਰਾਚੀਨਤਮ ਭਾਸ਼ਾਵਾਂ ਵਿੱਚੋਂ ਇਕ ਹੈ। ਵਿਸ਼ਵ ਦੀ 12 ਭਾਸ਼ਾ ਪਰਿਵਾਰਾਂ ਵਿਚੋਂ ਸਭਤੋਂ ਵੱਡਾ ਭਾਰੋਪੀਯ ਭਾਸ਼ਾ ਪਰਿਵਾਰ ਹੈ, ਦੂਜਾ ਦ੍ਰਵਿੜ ਭਾਸ਼ਾ ਪਰਿਵਾਰ ਦੀ ਭਾਸ਼ਾਵਾਂ ਦਾ ਜਨਮ ਸ਼੍ਰੀ ਗੁਰੂ ਵਾਲਮੀਕਿ ਜੀ ਦੀ ਸੰਸਕ੍ਰਿਤ ਭਾਸ਼ਾ ਤੋਂ ਹੀ ਹੋਇਆ ਹੈ। ਇਸ ਨੂੰ ਸਵਦੇਸੀ ਤੇ ਵਿਦੇਸ਼ੀ ਵਿਦਵਾਨ ਇਕ ਮੱਤ ਹੋਕੇ ਸਵੀਕਾਰ ਕਰਦੇ ਹਨ ਅਤੇ ਸ਼੍ਰੀ ਗੁਰੂ ਵਾਲਮੀਕਿ ਨੂੰ ਆਦਿ ਕਵੀ, ਅਜਰ ਅਮਰ ਅਤੇ ਤ੍ਰਿਕ-ਾਲਦਰਸ਼ੀ, ਭਗਵਾਨ, ਮੰਤਰਦ੍ਰਸ਼ਟਾ, ਯੋਗਦ੍ਰਸ਼ਟਾ ਆਦਿ ਨਾਮਾਂ ਨਾਲ ਸੰਬੋਧਨ ਵੀ ਕਰਦੇ ਹਨ।

ਭਗਵਾਨ ਵਾਲਮੀਕਿ ਜੀ ਨੇ ਵਿਆਕਰਣ ਬਣਾਕੇ ਛੰਦ ਸੂਤਰਾਂ ਨਾਲ ਰਾਮਾਇਣ ਦਾ ਨਿਰਮਾਣ ਕੀਤਾ, ਉਸ ਵਿੱਚ ਧਰਮ, ਅਰਥ ਅਤੇ ਕਾਮ ਤਿੰਨ ਪ੍ਰਕਾਰ ਦੀ ਵਿਧਿਆ ਦਾ ਗਿਆਨ ਦਿੱਤਾ ਅਤੇ ਫਿਰ 'ਮੋਕਸ਼ੋਪਾਯੇ' ਗ੍ਰੰਥ ਜਿਸ ਵਿੱਚ ਧਰਮ, ਅਰਥ, ਕਾਮ ਅਤੇ ਮੋਕਸ਼ ਚਾਰ ਪ੍ਰਕਾਰ ਦੀ ਵਿਧਿਆ ਦਾ ਗਿਆਨ ਦਿੱਤਾ। ਇਹ ਸਾਰਾ ਗਿਆਨ ਆਪਣੇ ਪ੍ਰਿਯ ਚੇਲੇ ਰਿਸ਼ੀ ਭਾਰਦਵਾਜ ਨੂੰ ਕਰਵਾਇਆ ਅਤੇ ਪ੍ਰਚਾਰ ਦੇ ਲਈ ਵੀ ਪ੍ਰੇਰਿਤ ਕੀਤਾ ਸੀ।

ਭਗਵਾਨ ਵਾਲਮੀਕਿ ਜੀ ਨੇ ਆਪਣੀ ਗੱਲ ਨੂੰ ਆਸਾਨੀ ਨਾਲ ਸਮਝਾਉਣ ਦੇ ਲਈ ਇਕ, ਦੋ ਤਿੰਨ ਉਦਾਹਰਣਾਂ ਦੇ ਕੇ ਬਹੁਤ ਹੀ ਆਸਾਨੀ ਨਾਲ ਗਿਆਨ ਨੂੰ ਸਮਝਾਇਆ ਹੈ। ਇਸਦੇ ਉਪਰਾਂਤ ਉਨ੍ਹਾਂ ਨੇ 'ਅੱਕਸ਼ਰਲੱਛਣ' ਗ੍ਰੰਥ ਲਿਖਿਆ ਸੀ, ਜਿਸ ਵਿੱਚ ਪੰਜਾਹ ਅਧਿਆਇ ਸਨ। ਇਹ ਵੀ ਵਿਸ਼ਾਲ ਗ੍ਰੰਥ ਸੀ। ਇਸ ਵਿੱਚ ਗਣਿਤ, ਜਿਸਨੂੰ ਅੱਜ ਕਲ "Mathematics including Modern Geometary" ਕਹਿੰਦੇ ਹਨ। ਇਹ ਗ੍ਰੰਥ ਮਾਰਕੀਟ ਵਿੱਚ ਉਪਲੱਬਧ ਨਹੀਂ ਹਨ। ਇਸਦਾ ਉਲੇਖ ਬਹੁਤ ਸਾਰੇ ਪੁਰਾਤਨ ਗ੍ਰੰਥਾਂ ਵਿੱਚ ਹੈ। ਇਸਦਾ ਇਕ (Reference) ਜਾਣਕਾਰੀ, 1970 ਵਿੱਚ ਛਪੀ ਪੁਸਤਕ 'ਹਿੰਦੂ ਸ਼ਾਸ਼ਤਰ ਅਤੇ ਸੰਸਕਾਰ' ਵਿਚ ਮਿਲਦਾ ਹੈ। ਜਿਸ ਵਿੱਚ A.K. Ayer ਜੋ ਬਹੁਤ ਵੱਡੇ ਵਿਦਵਾਨ ਹਨ। ਉਨ੍ਹਾਂ ਨੇ ਦੱਸਿਆ ਕਿ 'ਦਿ ਇਨਸਾਈਕਲੋਪੀਡਿਆ' "The Encyclopaedic Sastra which goes by the name of "AKSHARALAKSHA" the authorhsip of Science is attributed to sage Valmiki. All kindly (325 to be exact) of Mathematics, including, Modern Geometry, Algebra, Trigonometary, Physics or Applied Mathematics, Minerology, hydals, The Methad of measuring Air, Heat and even electricity, Geography etc."

ਸ੍ਰਿਸ਼ਟੀ ਦੇ ਆਰੰਭ ਤੋਂ ਹੀ ਸ਼੍ਰੀ ਗੁਰੂ ਵਾਲਮੀਕ ਜੀ ਨੂੰ ਭਗਵਨ, ਮੋਕਸ਼ਦਾਤਾ, ਤਪੱਸਵੀ, ਪਰਮਦੇਵਮ, ਅਜਰ-ਅਮਰ-ਤ੍ਰਿਕਾਲਦਰਸ਼ੀ, ਆਦਿ ਦੇ ਦੁਆਰਾ ਸੰਬੋਧਿਤ ਕੀਤਾ ਜਾਂਦਾ ਹੈ। ਸਿੱਖਾ ਦੇ ਦਸਵੇਂ ਗੁਰੂ 'ਸ਼੍ਰੀ ਗੁਰੂ ਗੋਬਿੰਦ ਸਿੰਘ' ਜੀ ਨੇ ਸ਼੍ਰੀ ਭਗਵਾਨ ਵਾਲਮੀਕ ਜੀ ਨੂੰ ਬ੍ਰਹਮਾ ਦਾ ਅਵਤਾਰ ਆਪਣੀ ਪੁਸਤਕ 'ਰਾਮ ਅਵਤਾਰ' ਵਿੱਚ ਕਿਹਾ ਹੈ। ਰਾਮਾਇਣ ਮੰਜਰੀ ਵਿੱਚ ਭਗਵਾਨ ਵਾਲਮੀਕ ਦੀ ਸਤੁਤੀ ਇਸ ਪ੍ਰਕਾਰ ਕੀਤੀ ਹੈ:-

'ਸ ਵ: ਪੁਨਾਤੁ ਵਾਲਮੀਕੇ: ਸੁਕਤਾਮ੍ਰਤ ਮਹੋਦਧਿ:।
ਔਂਕਾਰ ਇਵ ਵਰਣਨਾਂ ਕਵੀਨਾਂ ਪ੍ਰਥਮੋ ਮੁਨਿ:।।'
(ਰਾਮਾਇਣ ਮੰਜਰੀ)

ਇਸ ਸ਼ਲੋਕ ਤੋਂ ਪਤਾ ਲੱਗਦਾ ਹੈ ਕਿ ਪ੍ਰਭੂ ਵਾਲਮੀਕ ਜੀ ਨੇ 'ਔਂਕਾਰ ਅਤੇ ਓਮ' ਉਚਾਰਣ ਦੇ ਲਾਭ ਦਾ ਵਰਣਨ ਆਪਣੇ ਗ੍ਰੰਥਾਂ ਵਿੱਚ ਕੀਤਾ ਹੈ।ਵਿਸ਼ਵ ਦੇ ਪਹਿਲੇ ਮੁਨੀ ਪ੍ਰਭੁ ਵਾਲਮੀਕ ਜੀ ਹਨ। ਜਿਨ੍ਹਾਂ ਨੇ ਓਮਕਾਰ ਦਾ ਗਿਆਨ ਦਿੱਤਾ ਹੈ।ਪੂਰਾ ਵਿਸ਼ਵ ਇਸ 'ਓਮਕਾਰ (Aum) ਤੋਂ ਲਾਭ ਲੇ ਰਿਹਾ ਹੈ। ਯੋਗਵਸਿਸ਼ਠ ਵਿੱਚ 'ਓਮ' ਦੇ ਉਚਾਰਣ ਅਤੇ ਉਸਤੋਂ ਹੋਣ ਵਾਲੇ ਲਾਭਾਂ ਦਾ ਜ਼ਿਕਰ ਮਿਲਦਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ 'ਓਮ' ਦੇ ਦ੍ਰਸ਼ਟਾ ਪ੍ਰਭੂ ਵਾਲਮੀਕ ਭਗਵਾਨ ਜੀ ਹਨ।

'ਮੋਕਸ਼ੋਪਾਯੇ' ਗ੍ਰੰਥ ਨੂੰ ਪੜਣ, ਸੁਣਨ ਤੇ ਵਿਚਾਰਣ ਨਾਲ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ। ਸਾਰਾ ਗਿਆਨ ਆਪਣੇ ਪਿਆਰੇ ਚੇਲੇ ਰਿਸ਼ੀ ਭਾਰਦਵਾਜ ਨੂੰ ਭਗਵਾਨ ਜੀ ਨੇ ਕਰਵਾਇਆ ਅਤੇ ਪ੍ਰਚਾਰ ਦੇ ਲਈ ਵੀ ਪ੍ਰੇਰਿਤ ਕੀਤਾ। ਇਹ ਸਾਰਾ ਗਿਆਨ ਲਿਖਣ ਤੋਂ ਬਾਅਦ ਪ੍ਰਭੂ ਨੇ ਮੌਖਿਕ ਰੂਪ ਨਾਲ ਪ੍ਰਚਾਰ ਕਰਵਾਇਆ। ਇਸ ਪ੍ਰਕਾਰ ਇਹ ਪਰੰਪਰਾ ਹਾਲੇ ਵੀ ਮੌਜੂਦ ਹੈ। ਪੂਰੇ ਵਿਸ਼ਵ ਵਿੱਚ ਅਜਿਹਾ ਕੋਈ ਦੇਸ਼ ਨਹੀਂ ਜਿੱਥੇ ਸ਼੍ਰੀ ਭਗਵਾਨ ਵਾਲਮੀਕ ਜੀ ਦੀ ਰਾਮਾਇਣ ਦਾ ਗਿਆਨ ਨਾ ਹੋਵੇ।

ਇਸਦਾ ਪੂਰਾ ਸ਼੍ਰੇਯ ਸ਼੍ਰੀ ਵਿਆਸ ਜੀ ਨੂੰ ਜਾਂਦਾ ਹੈ। ਉਨ੍ਹਾਂ ਨੇ ਬਹੁਤ ਪ੍ਰਚਾਰ ਕੀਤਾ। ਉਨ੍ਹਾਂ ਨੂੰ ਵੀ ਦੇਵ ਵੀ ਉਪਾਧੀ ਪ੍ਰਾਪਤ ਹੋਈ ਸੀ। ਸ਼੍ਰੀ ਵਿਆਸ ਦੇਵ ਜੀ ਨੇ 18 ਪੁਰਾਣ, ਮਹਾਪੁਰਾਣ ਅਤੇ ਮਹਾਭਾਰਤ ਦੀ ਰਚਨਾ ਕੀਤੀ ਸੀ। ਇਸ ਗੱਲ ਦੀ ਪੁਸ਼ਟੀ ਸਾਨੂੰ ਬ੍ਰਿਹਦਪੁਰਾਣ ਤੋਂ ਹੁੰਦੀ ਹੈ। ਉਸ ਵਿੱਚ ਇਸ ਗੱਲ ਨੂੰ ਸਪੱਸ਼ਟ ਕੀਤਾ ਗਿਆ ਹੈ। ਸ਼ਲੋਕ ਇਸ ਪ੍ਰਕਾਰ ਹੈ :-

'ਪਠ ਰਾਮਾਇਣੰ ਵਿਆਸ ਕਾਵਯਬੀਜਮ ਸਨਾਤਨਮ।
ਯਤਰ ਰਾਮ-ਚਰਿਤੰ ਸਯਾਤ ਤਦਹੰ ਤਤਰ ਸ਼ਕਤੀਮਾਨ'।।
ਬ੍ਰਹਦਪੁਰਾਣ (1-30-47)
'ਰਾਮਇਣੰ ਪਾਠਿਤੰ ਮੇਂ ਪ੍ਰਸੰਨੋਸਿਮ ਕ੍ਰਿਤਸਤਵਯਾ।
ਕਰਿਸਯਾਮਿ ਪੁਰਾਣਮ ਇਤਿ ਮਹਾਭਾਰਤ ਮੇਵ ਚ।।'
(ਬ੍ਰਹਮਪੁਰਾਣ 1-30-65)

ਸ਼੍ਰੀ ਵਿਆਸ ਜੀ ਨੇ ਸ਼ਿਵ ਪੁਰਾਣ, ਵਿਸ਼ਨੂੰ ਪੁਰਾਣ, ਸੂਰਯ ਪੁਰਾਣ, ਗਣੇਸ਼ਪੁਰਾਣ, ਦੇਵੀਪੁਰਾਣ, ਮਤਸਯ ਪੁਰਾਣ, ਕੁਰਮ੍ ਰਾਣ, ਵਾਰਾਹ ਪੁਰਾਣ, ਨਰਸਿੰਹ ਪੁਰਾਣ, ਪਦਮ ਪੁਰਾਣ ਅਤੇ ਅਧਿਆਤਮ ਰਾਮ ਕਥਾ ਆਦਿ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਵਿਆਸ ਜੀ ਦਾ ਪ੍ਰਚਾਰ ਸਾਰਿਆਂ ਤੋਂ ਜ਼ਿਆਦਾ ਹੋਇਆ ਹੈ। ਇਸ ਲਈ ਉਨ੍ਹਾਂ ਨੂੰ ਵੇਦ ਵਿਆਸ ਦੀ ਉਪਾਧੀ ਨਾਲ ਸੰਬੋਧਿਤ ਕੀਤਾ ਜਾਂਦਾ ਹੈ।

ਰਾਮਾਇਣ ਵਿੱਚ ਧਰਮ, ਅਰਥ ਅਤੇ ਕਾਮ ਵਾਸਨਾ, ਗ੍ਰਹਿਸਥ ਜੀਵਨ ਦੇ ਸੰਸਕਾਰਾਂ ਵਿੱਚ ਬੰਨ ਕੇ ਜੀਵਨ ਜੀਉਣ ਦੀ ਵਿਧੀ ਦਾ ਪੂਰਣ ਵਰਣਨ ਮਿਲਦਾ ਹੈ। ਪਰੰਤੂ 'ਮੋਕਸ਼ਪਾਯੇ' ਗ੍ਰੰਥ ਜਿਸਨੂੰ ਅਸੀਂ ਯੋਗਵਸਿਸ਼ਠ ਦੇ ਨਾਮ ਨਾਲ ਵੀ ਜਾਣਦੇ ਹਾਂ। ਪਰੰਤੂ 'ਮੋਕਸ਼ਪਾਯੇ' ਗ੍ਰੰਥ ਵਿੱਚ ਸੰਸਾਰਿਕ ਵਸਤੂਆਂ ਦਾ ਤਿਆਗ ਕਰਕੇ ਵੈਰਾਗ ਹੋਕੇ ਮੁਮੁਕਸ਼ੁ ਪਦ ਨੂੰ ਪ੍ਰਾਪਤ ਹੋਣ ਦੇ ਸਾਰੇ ਉਪਾਅ ਆਸਾਨ ਉਪਾਖਾਯਾਨਾਂ (ਸੰਵਾਦਰੂਪ) ਵਿੱਚ ਪ੍ਰਾਪਤ ਹੁੰਦੇ ਹਨ। ਰਾਮਾਇਣ ਵਿੱਚ ਭਗਵਾਨ ਵਾਲਮੀਕਿ ਅਤੇ ਰਾਜਾ ਅਰਿਯਟਨੇਮਿ ਦੇ ਨਾਲ ਸੰਵਾਦ ਰੂਪ ਦਾ ਵਰਣਨ ਅਤੇ ਹੋਰ ਰਾਜਿਆਂ ਰਿਸ਼ਿਆਂ ਦਾ ਸੰਵਾਦ ਰੂਪ ਵਿੱਚ ਵਰਣਿਤ ਹੈ। ਭਗਵਾਨ ਵਾਲਮੀਕਿ ਜੀ ਨੇ ਆਪਣੀ ਗੱਲ ਨੂੰ ਆਸਾਨੀ ਨਾਲ ਸਮਝਾਉਣ ਦੇ ਲਈ ਇਕ, ਦੋ, ਤਿੰਨ, ਉਦਾਹਰਣ ਦੇ ਕੇ ਬਹੁਤ ਹੀ ਆਸਾਨੀ ਨਾਲ ਗਿਆਨ ਨੂੰ ਸਮਝਾਇਆ ਗਿਆ ਹੈ। ਇਸਦੇ ਉਪਰਾਂਤ ਉਨ੍ਹਾਂ ਨੇ 'ਅਕਸ਼ਰਲੱਛਣ' ਗ੍ਰੰਥ ਲਿਖਿਆ ਸੀ, ਜਿਸ ਵਿੱਚ ਪੰਜਾਹ ਅਧਿਆਇ ਸਨ। ਇਹ ਵੀ ਵਿਸ਼ਾਲ ਗ੍ਰੰਥ ਸੀ। ਇਸ ਵਿੱਚ ਗਣਿਤ, ਜਿਸਨੂੰ ਅੱਜ ਕੱਲ Mathematics including Modern Geometary" ਕਹਿੰਦੇ ਹਨ। ਇਹ ਗ੍ਰੰਥ ਮਾਰਕੀਟ ਵਿੱਚ ਉਪਲੱਬਧ ਨਹੀ ਹੈ। ਇਸਦਾ ਉਲੇਖ ਬਹੁਤ ਸਾਰੇ ਪੁਰਾਤਨ ਗ੍ਰੰਥਾਂ ਵਿੱਚ ਹੈ। ਇਸਦਾ ਇਕ (Reference) ਜਾਣਕਾਰੀ, 1970 ਵਿੱਚ ਛਪੀ ਪੁਸਤਕ 'ਹਿੰਦੂ ਸਾਸ਼ਤਰ ਅਤੇ ਸੰਸਕਾਰ' ਮਿਲਦਾ ਹੈ। ਜਿਸ ਵਿੱਚ A.K. Ayer ਬਹੁਤ ਵਿਦਵਾਨ ਹਨ। ਉਨ੍ਹਾਂ ਨੇ ਦੱਸਿਆ ਕਿ 'ਦਿ ਇਨਸਾਈਕਲੋਪੀ-ਡਿਆ''The encycolpaedic sastra which goes by the name of "AKSHARALAKSHA" the authorship of Science is atlributed to sage Valmiki. All kindly (325 to be exact) of Mathematics, including, modern geometry, Algabra, trigonometary physics or applied mathematics, Minerology, hyclals, The Methad of measuring air, heat and even electricity, geography etc."

ਭਗਵਾਨ ਵਾਲਮੀਕਿ ਜੀ ਦੇ ਜੀਵਨ ਦੇ ਵਿਸ਼ੇ ਵਿੱਚ ਭਿੰਨ-ਭਿੰਨ ਅਵਧਾਰਣਾਵਾਂ ਲਗਾਈਆਂ ਗਈਆਂ ਹਨ। ਵਾਸਤਵ ਵਿੱਚ ਨਾ ਉਨ੍ਹਾਂ ਦੀ ਸ਼ਾਦੀ ਦਾ ਅਤੇ ਨਾ ਬੱਚਿਆਂ ਦਾ ਜ਼ਿਕਰ ਮਿੱਲਦਾ ਹੈ। ਸ੍ਰਿਸ਼ਟੀ ਦੇ ਆਰੰਭ ਤੋਂ ਹੀ ਉਨ੍ਹਾਂ ਨੂੰ ਭਗਵਾਨ ਮੋਕਸ਼ਦਾਤਾ, ਤਪੱਸਵੀ, ਪਰਮਦੇਵਮ, ਅਜਰ-ਅਮਰ, ਤ੍ਰਿਕ-ਾਲਦਰਸ਼ੀ ਆਦਿ ਦੇ ਦੁਆਰਾ ਸੰਬੋਧਿਤ ਕੀਤਾ ਜਾਂਦਾ ਹੈ। ਸਿੱਖਾਂ ਦੇ ਪਹਿਲੇ ਗੁਰੂ 'ਸ਼੍ਰੀ ਗੁਰੂ ਨਾਨਕ ਦੇਵ ਜੀ' ਵੀ ਭਗਵਾਨ ਵਾਲਮੀਕਿ ਜੀ ਨੂੰ ਬ੍ਰਹਮਾ ਦਾ ਅਵਤਾਰ ਮੰਨਦੇ ਸਨ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਗੁਰੂ ਨੇ ਵੀ ਭਗਵਾਨ ਵਾਲਮੀਕਿ ਨੂੰ ਬ੍ਰਹਮਾ ਦਾ ਅਵਤਾਰ ਆਪਣੀ ਪੁਸਤਕ 'ਰਾਮ ਅਵਤਾਰ' ਵਿੱਚ ਕਿਹਾ ਹੈ।

ਰਾਮਾਇਣ ਮੰਜਰੀ ਵਿੱਚ ਭਗਵਾਨ ਵਾਲਮੀਕਿ ਦੀ ਸਤੁਤੀ ਇਸ ਪ੍ਰਕਾਰ ਕੀਤੀ ਹੈ :-

'ਸ ਵ: ਪੁਨਾਤੁ ਵਾਲਮੀਕੇ: ਸੁਕਤਾਮ੍ਰਤ ਮਹੋਦਧਿ:
ਔਂਕਾਰ ਇਵ ਵਰਣਨਾਂ ਕਵੀਨਾਂ ਪ੍ਰਥਮੋ ਮੁਨੀ।।'
(ਰਾਮਾਇਣ ਮੰਜਰੀ)

ਇਸ ਸ਼ਲੋਕ ਤੋਂ ਪਤਾ ਲੱਗਦਾ ਹੈ ਕਿ ਪ੍ਰਭੁ ਵਾਲਮੀਕਿ ਜੀ ਨੇ ਔਂਕਾਰ ਅਤੇ ਓਮ ਉਚਾਰਣ ਦੇ ਲਾਭ ਦਾ ਵਰਣਨ ਆਪਣੇ ਗ੍ਰੰਥਾਂ ਵਿੱਚ ਕੀਤਾ ਹੈ। ਵਿਸ਼ਵ ਦੇ ਪਹਿਲੇ ਮੁਨੀ ਪ੍ਰਭੁ ਵਾਲਮੀਕਿ ਜੀ ਹਨ। ਜਿਨ੍ਹਾਂ ਨੇ ਓਮਕਾਰ ਦਾ ਗਿਆਨ ਦਿੱਤਾ ਹੈ। ਯੋਗਵਸਿਸ਼ਠ ਵਿੱਚ 'ਓਮ' ਦੇ ਉਚਾਰਣ ਅਤੇ ਉਸਤੋਂ ਹੋਣ ਵਾਲੇ ਲਾਭਾਂ ਦਾ ਬਹੁਤ ਜ਼ਿਕਰ ਕੀਤਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ 'ਓਮ' ਦੇ ਦ੍ਰਸ਼ਟਾ ਪ੍ਰਭੁ ਵਾਲਮੀਕਿ ਜੀ ਹਨ।

ਜੈ ਗੁਰੁਦੇਵ ਸੋਹੰ ਧੰਨ ਗੁਰੁਦੇਵ

# Ad-Dharam the way of Guru Ravidass Ji




ਸਦੀਆਂ ਤੋਂ ਕੌਮ ਨੂੰ ਦੁਰਕਾਰਿਆ ਗਿਆ ਹੈ। ਅਛੂਤ ਕਹਿ ਕੇ ਸਾਨੂੰ ਫਿਟਕਾਰਿਆ ਗਿਆ ਹੈ
ਆਦਿ ਧਰਮ ਜਦੋਂ ਦਾ ਬਣਿਆ ਹੈ ਸਾਡੀ ਕੌਮ ਨੂੰ ਉਦੋਂ ਦਾ ਸਤਿਕਾਰਿਆ ਗਿਆ ਹੈ ।
"ਆਦਿ ਗੁਰੂ" ਮਨ ਕੇ ਬਣ ਜਾ ਆਦਿ ਧਰਮੀ ਨਾਲ ਭਾਰਾ ਇਤਫਾਕ ਦਾ ਧੜਾ ਹੋ ਜਾ,
ਤੈਥੋਂ ਫੇਰ ਨਾ ਕੋਈ ਕਰੂ ਨਫਰਤ 'ਆਲਮ' ਆਪਣੇ ਪੈਰਾਂ ਤੇ ਖੜਾ ਹੋ ਜਾ ।




ਸਤਿਕਾਰਯੋਗ ਆਦਿ-ਧਰਮੀ ਭੈਣੋਂ ਅਤੇ ਭਰਾਵੋ ।

ਆਪ ਜੀ ਨੂੰ ਇਹ ਜਾਣ ਕਿ ਅਤਿਅੰਤ ਖੁਸ਼ੀ ਹੋਵੇਗੀ ਕਿ ਬੇਗਮਪੁਰਾ ਟਾਈਮਜ਼ ਯੂ.ਕੇ. ਵਲੋਂ 1 ਅਕਤੂਬਰ 2022 ਨੂੰ ਵਰਲਡ ਆਦਿ-ਧਰਮ ਕਾਨਫਰੰਸ 2022 ਰਿਲੇਸ਼ਨ ਟੂ ਆਦਿ ਧਰਮ ਸਥਾਪਨਾ ਦਿਵਸ 11-12 ਜੂਨ 1926 ਮੁੱਗੋਵਾਲ ਪੰਜਾਬ ਇੰਡੀਆ ਦੇ ਸਹਿਯੋਗ ਨਾਲ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ, ਫਗਵਾੜਾ (ਪੰਜਾਬ) ਵਿਖੇ ਇੱਕ ਵਿਸ਼ਾਲ ਕਾਨਫਰੰਸ ਹੋਣ ਜਾ ਰਹੀ ਹੈ। ਆਪ ਸਭ ਭਲੀ ਭਾਂਤ ਜਾਣਦੇ ਹੋ ਕਿ 11-12 ਜੂਨ 1926 ਨੂੰ ਪਿੰਡ ਮੁੱਗੋਵਾਲ ਤਹਿ: ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ) ਵਿੱਚ ਬਾਬੂ ਮੰਗੂ ਰਾਮ ਜੀ ਦੀ ਅਗਵਾਈ ਹੇਠ 36 ਕੌਮਾਂ ਦੀ ਇੱਕ ਵਿਸ਼ਾਲ ਕਾਨਫਰੰਸ ਹੋਈ ਸੀ ਜਿਸ ਵਿੱਚ ਸਰਬ ਸੰਮਤੀ ਨਾਲ ਇਹ ਪਾਸ ਕੀਤਾ ਗਿਆ ਸੀ ਕਿ ਅੱਜ ਤੋਂ ਸਾਡਾ ਧਰਮ "ਆਦਿ-ਧਰਮ" ਹੈ ਅਤੇ ਅਸੀਂ ਸਾਰਿਆਂ ਨੇ ਮਰਦਮਸ਼ੁਮਾਰੀ ਵਿੱਚ "ਆਦਿ ਧਰਮ" ਅਖਵਾਉਣਾ ਅਤੇ ਲਿਖਵਾਉਣਾ ਹੈ। ਸਤਿਗੁਰੂ ਰਵਿਦਾਸ ਜੀ, ਭਗਵਾਨ ਬਾਲਮੀਕਿ ਜੀ, ਸਤਿਗੁਰੂ ਕਬੀਰ ਜੀ ਅਤੇ ਸਤਿਗੁਰੂ ਨਾਮਦੇਵ ਜੀ ਸਾਡੇ ਰਹਿਬਰ ਹਨ, ਅਸੀਂ ਇੱਕ ਦੂਜੇ ਨੂੰ 'ਜੈ ਗੁਰੂਦੇਵ' ਕਹਿ ਕੇ ਪੁਕਾਰਾਂਗੇ ਅਤੇ ਸਾਡਾ ਪਵਿੱਤਰ ਸ਼ਬਦ ਅਤੇ ਨਿਸ਼ਾਨ "ਸੋਹੰ"ਹੋਵੇਗਾ ।

ਇਸ ਤੋਂ ਉਪਰੰਤ 26-02-1930 ਨੂੰ ਭਾਰਤ ਵਿੱਚ ਬ੍ਰਿਟਿਸ਼ ਸਰਕਾਰ ਵਲੋਂ ਆਦਿ ਧਰਮ ਨੂੰ ਵੱਖਰੇ ਧਰਮ ਵਜੋਂ ਮਾਨਤਾ ਮਿਲ ਗਈ ਅਤੇ 1931 ਦੀ ਮਰਦੁਸ਼ਮਾਰੀ ਵਿੱਚ ਆਪਣੇ ਸਮਾਜ ਦੇ ਲਗਭਗ ਪੰਜ ਲੱਖ ਲੋਕਾਂ ਨੇ ਆਪਣਾ ਧਰਮ ਅਦਿ ਧਰਮ ਲਿਖਵਾਇਆ ।

ਇਸੇ ਸੰਦਰਵ ਵਿੱਚ ਸਾਲ 1973 ਤੋਂ "ਆਦਿ-ਧਰਮ ਬਰਦਰਹੁੱਡ, ਵੁਲਵਰਹੈਂਪਟਨ ਯੂ.ਕੇ" ਹਰ ਸਾਲ ਆਦਿ-ਧਰਮ ਦਿਵਸ ਮਨਾ ਰਹੀ ਹੈ ਤੇ ਸਾਲ 1977 ਨੂੰ ਆਦਿ-ਧਰਮ ਬਰਦਰਹੁੱਡ, ਵੁਲਵਰਹੈਂਪਟਨ ਹੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਇੰਗਲੈਂਡ ਲੈ ਕੇ ਆਏ ਤਕਰੀਬਨ 6 ਮਹੀਨੇ ਬਾਬੂ ਜੀ ਇੱਥੇ ਰਹੇ । ਬਾਬੂ ਜੀ ਨੂੰ ਆਦਿ-ਧਰਮ ਬਰਦਰਹੁੱਡ ਵਲੋਂ ਮਾਸਿਕ ਪੈਂਸ਼ਨ ਬਾਬੂ ਜੀ ਦੇ ਆਖਰੀ ਸਮੇਂ ਤੱਕ ਸਨਮਾਨ ਵਜੋਂ ਲਾਈ ਗਈ। ਇਹ ਸਾਰੇ ਕਾਰਜ ਸ਼੍ਰੀ ਹਰਬੰਸ ਸਿੰਘ ਹੀਰਾ ਪ੍ਰਧਾਨ, ਸ਼੍ਰੀ ਨਿਰਮਲ ਦਾਸ ਮਹੇ ਸਾਗਰ ਪੁਰੀਆ, ਸ਼੍ਰੀ ਮਹਿੰਦਰਪਾਲ ਰੰਧਾਵਾ, ਸ਼੍ਰੀ ਨਿਰਮਲ ਸੁਮਨ ਅਤੇ ਸਾਥੀਆਂ ਵਲੋਂ ਕੀਤੇ ਗਏ । ਇਸ ਤਰ੍ਹਾਂ ਹੀ ਆਦਿ ਧਰਮ ਬਰਦਰਹੁੱਡ ਯੂ.ਕੇ. , ਵਲੋਂ ਇੱਕ ਤ੍ਰੈ ਮਾਸਿਕ ਮੈਗਜ਼ੀਨ 1999 ਵਿੱਚ ਸ਼ੁਰੂ ਕੀਤਾ ਗਿਆ ਸੀ ਜਿਸਦੇ ਚੀਫ ਐਡੀਟਰ ਸ਼੍ਰੀ ਐਚ.ਪੀ. ਰੰਧਾਵਾ ਹਨ ।

ਬੇਗਮਪੁਰਾ ਟਾਈਮਜ਼ ਯੂ. ਕੇ. ਦੇ ਬੋਰਡ ਵਲੋਂ ਇਹ ਬਹਤ ਵਧੀਆ ਉਪਰਾਲਾ ਕੀਤਾ ਗਿਆ, ਸਾਰੇ ਸੰਸਾਰ ਦੀਆਂ ਆਦਿ ਧਰਮ ਸੰਸਥਾਵਾਂ ਨੂੰ ਸੱਦਾ ਪੱਤਰ ਭੇਜਿਆ ਗਿਆ । ਸੋ ਆਓ ਸਾਰੇ ਰਲ ਮਿਲ ਕੇ ਇਸ ਕਾਨਫਰੰਸ 1 ਅਕਤੂਬਰ 2022 ਦੀ ਕਾਨਫਰੰਸ ਸਾਰੇ ਸ਼ਾਮਿਲ ਹੋ ਕੇ ਸਫਲ ਬਣਾਈਏ ਅਤੇ ਆਉਣ ਵਾਲੀ ਮਰਦੁਮਸ਼ੁਮਾਰੀ ਵਿੱਚ ਵੱਧ ਚੜ੍ਹ ਕੇ ਆਦਿ ਧਰਮ ਨੂੰ ਆਪਣਾ ਧਰਮ ਲਿਖਵਾਈਏ ।

ਧੰਨਵਾਦ ਸਾਹਿਤ,
ਬੇਗਮਪੁਰਾ ਟਾਈਮਜ਼ ਯੂ.ਕੇ.

# WORLD AD-DHARAM CONFERENCE 2022

# ਵਿਸ਼ਵ ਆਦਿ ਧਰਮ ਸੰਮੇਲਨ 2022

## ਪ੍ਰੋਗਰਾਮ: 1 ਅਕਤੂਬਰ 2022, ਸਮਾਂ: ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ

## ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ, ਫਗਵਾੜਾ, ਪੰਜਾਬ, ਇੰਡੀਆ

*ਵਧੇਰੇ ਜਾਣਕਾਰੀ ਲਈ ਸੰਪਰਕ ਕਰੋ*

| ਹਰਬੰਸ ਸਿੰਘ ਹੀਰਾ | ਨਿਰਮਲ ਦਾਸ ਮਹੇ (ਸਾਗਰਪੁਰੀਆ) | ਐਚ.ਪੀ.ਰੰਧਾਵਾ |
|---|---|---|
| Founder (President) | Sr. Presenter of Kanshi Radio, U.K. | (ਚੀਫ ਐਡੀਟਰ ਬੇਗਮਪੁਰਾ ਟਾਈਮਜ਼) |
| 0044-7779 271 356 | 0044-7882 322 812 | 0044-7947 363 777 |



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop